ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ

# Nawi Dunia

Free




16 ਨਵੰਬਰ 1915 : ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਹਾੜਾ


ਸਾਲ : 4 ਅੰਕ : 11 Phone : 780 465 9118, 403 830 7007, 204 510 6284 : Fax: 780 465 0661, e-mail: info@nawidunia.com ਨਵੰਬਰ 2013




..... ਡਰੱਗ ਲੈਣ ਵਾਲੀ ਵੀਡੀਓ ਮਿਲੀ ਪੰਨਾ-3


ਮਾਲ ਵਿਭਾਗ ਤੇ ਪੰਚਾਇਤ ਵਿਭਾਗ ਦੇ ਉਦਾਸੀਨ ਵਤੀਰੇ... ਪੰਨਾ-9


ਕੋਈ ਵੀ ਲਹਿਰ ਮਾਨਵੀ ਧਰਾਤਲ ਤੋਂ ਬਿਨਾਂ .... : ਪਾਸ਼ ਪੰਨਾ-27



ਪੰਜਾਬੀ ਸਿਨੇਮਾ ਦਸ਼ਾ ਤੇ ਦਿਸ਼ਾ ਪੰਨਾ-46


## ਇਤਿਹਾਸਕ ਫ਼ੈਸਲਾ : ਬੰਗਲਾਦੇਸ਼ ਦੇ 152 ਬਾਗ਼ੀ ਸੈਨਿਕਾਂ ਨੂੰ ਮੌਤ ਦੀ ਸਜ਼ਾ



ਢਾਕਾ (ਨਦਬ) : ਬੰਗਲਾਦੇਸ਼ ਦੀ ਇਕ ਵਿਸ਼ੇਸ਼ ਅਦਾਲਤ ਨੇ 152 ਬੰਗਲਾਦੇਸ਼ੀ ਸੈਨਿਕਾਂ ਨੂੰ ਮੌਤ ਦੀ ਸਜ਼ਾ ਸੁਣਾਈ। 2009 ਦੀ ਫੌਜੀ ਬਗ਼ਾਵਤ ਤੇ ਫੌਜ ਦੇ ਸੀਨੀਅਰ ਅਫਸਰਾਂ ਸਮੇਤ 74 ਲੋਕਾਂ ਦੀਆਂ ਹੱਤਿਆਵਾਂ ਦੇ ਦੋਸ਼ਾਂ ਤਹਿਤ ਸਮੂਹਕ ਫੌਜਦਾਰੀ ਮੁਕੱਦਮੇ ਦੀ ਇਹ ਵਿਸ਼ਵ ਭਰ 'ਚ ਹੁਣ ਤੱਕ ਸਭ ਤੋਂ ਵੱਡੀ ਕਾਰਵਾਈ ਹੈ। ਮੌਤ ਦੀ ਸਜ਼ਾ ਵਾਲਿਆਂ ਵਿਚ ਬੰਗਲਾਦੇਸ਼ ਰਾਈਫਲਜ਼ ਦਾ ਸਾਬਕਾ ਡਿਪਟੀ ਅਸਿਸਟੈਂਟ ਡਾਇਰੈਕਟਰ ਵੀ ਸ਼ਾਮਲ ਹੈ। ਢਾਕਾ ਮੈਟਰੋਪਾਲੇਟਿਨ ਸੈਸ਼ਨਜ਼ ਕੋਰਟ ਵਿਚ ਅਰਧ ਸੈਨਿਕ ਬਲਾਂ ਦੀ ਕੁੱਲ 820 ਸੈਨਿਕਾਂ ਤੇ 26 ਨਾਗਰਿਕਾਂ ਵਿਰੁੱਧ ਮੁਕੱਦਮਾ ਚੱਲਿਆ ਸੀ। ਜੱਜ ਮੁਹੰਮਦ ਅਖ਼ਤਰ ਉਜ਼ਮਾਨ ਨੇ 158 ਬਾਗ਼ੀ ਸੈਨਿਕਾਂ ਨੂੰ ਉਮਰ ਕੈਦ, 251 ਨੂੰ 3-10 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਜਦਕਿ 271 ਨੂੰ ਬਰੀ ਕਰ ਦਿੱਤਾ ਗਿਆ। ਬੀਜੀਬੀ ਦੇ ਡਾਇਰੈਕਟਰ ਜਨਰਲ ਮੇਜਰ ਜਨਰਲ ਅਜ਼ੀਜ਼ ਅਹਿਮਦ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ 2009 'ਚ ਬਗ਼ਾਵਤ ਕਰਨ ਵਾਲਿਆਂ ਨੂੰ ਲੰਮੇ ਮੁਕੱਦਮੇ ਮਗਰੋਂ ਉੱਚਿਤ ਤੇ ਮਿਸਾਲੀ ਸਜ਼ਾ ਸੁਣਾਈ ਗਈ ਹੈ। ਜਿਹੜੇ ਆਮ ਸ਼ਹਿਰੀਆਂ ਨੂੰ ਉਮਰ ਕੈਦ ਮਿਲੀ ਹੈ ਉਨ੍ਹਾਂ ਵਿਚ ਬੀਐਨਪੀ ਦੇ ਸਾਬਕਾ ਸੰਸਦ ਮੈਂਬਰ ਨਸੀਰੂਦੀਨ ਪਿੰਟੂ, ਅਵਾਮੀ ਲੀਗ ਦੇ ਆਗੂ ਤੇ ਬੀਡੀਆਰ ਦੇ ਸਾਬਕਾ ਸੈਨਿਕ ਤੋਰਾਬ ਅਲੀ ਸ਼ਾਮਲ ਹਨ। ਸਰਕਾਰੀ ਵਕੀਲਾਂ ਨੇ ਕਿਹਾ ਕਿ 242 ਸੈਨਿਕਾਂ ਨੂੰ ਬਰੀ ਕੀਤੇ ਜਾਣ ਨੂੰ ਉੱਚ ਅਦਾਲਤ 'ਚ ਚੁਣੌਤੀ ਦਿੱਤੀ ਜਾਏਗੀ। ਬਚਾਓ ਪੱਖ ਦੇ ਵਕੀਲ ਸ਼ਮੀਮ ਸਰਦਾਰ ਨੇ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਉਨ੍ਹਾਂ ਨੂੰ ਇਨਸਾਫ ਨਹੀਂ ਮਿਲਿਆ।

## ਦੇਸ਼ 'ਚ ਖੋਲ੍ਹੇ ਗਏ ਦੋ ਤਾਲਿਆਂ ਨੇ ਦੇਸ਼ ਨੂੰ ਵੇਚ ਦਿੱਤਾ : ਅਰੁੰਧਤੀ ਰਾਏ



ਜਲੰਧਰ (ਨਦਬ) : ਬੁੱਕਰਜ਼ ਇਨਾਮ ਜੇਤੂ ਨਾਮਵਰ ਲੇਖਿਕਾ ਅਰੁੰਧਤੀ ਰਾਏ ਨੇ ਕਿਹਾ ਕਿ ਭਾਜਪਾ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਐਲਾਨੇ ਉਮੀਦਵਾਰ ਨਰਿੰਦਰ ਮੋਦੀ ਅਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਿੱਚ ਕੋਈ ਫਰਕ ਨਹੀਂ। ਉਨ੍ਹਾਂ ਕਿਹਾ ਕਿ ਦੋਵਾਂ ਦੀਆਂ ਨੀਤੀਆਂ ਇਕੋ ਜਿਹੀਆਂ ਹੀ ਹਨ।

**ਗ਼ਦਰੀ ਬਾਬਿਆਂ ਦਾ ਮੇਲਾ ਪੂਰੇ ਜਲੌਅ ਨਾਲ ਸਮਾਪਤ**

ਅਰੁੰਧਤੀ ਰਾਏ ਇੱਥੇ ਦੇਸ਼ ਭਗਤ ਯਾਦਗਾਰ ਹਾਲ ਵਿੱਚ ਗ਼ਦਰੀ ਬਾਬਿਆਂ ਦੇ ਮੇਲੇ 'ਚ ਸ਼ਾਮਲ ਹੋਣ ਆਈ ਹੋਈ ਸੀ। ਲੇਖਿਕਾ ਨੇ ਕਿਹਾ ਕਿ ਮੋਦੀ ਪਿੱਛੇ ਵੱਡੇ-ਵੱਡੇ ਸਨਅਤਕਾਰ ਘੁੰਮ ਰਹੇ ਹਨ। ਇਹ ਸਨਅਤਕਾਰ, ਅਜਿਹੇ ਆਗੂ ਦੀ ਭਾਲ ਕਰ ਰਹੇ ਹਨ ਜਿਹੜਾ ਉਨ੍ਹਾਂ ਦੀਆਂ ਹੀ ਨੀਤੀਆਂ ਲਾਗੂ ਕਰ ਸਕੇ ਤੇ ਅਜਿਹਾ ਆਗੂ ਉਨ੍ਹਾਂ ਨੂੰ ਮੋਦੀ ਵਿੱਚੋਂ ਨਜ਼ਰ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਵੀ ਵਿੱਤ ਮੰਤਰੀ ਹੁੰਦਿਆਂ 'ਬਾਜ਼ਾਰ' ਦੇ ਤਾਲੇ ਖੋਲ੍ਹੇ ਸਨ।


**ਗ਼ਦਰ ਮੇਲੇ ਸਬੰਧੀ ਵਿਸ਼ੇਸ਼ ਰਿਪੋਰਟ ਅਤੇ ਖ਼ਬਰ ਦੀ ਬਾਕੀ ਸਫ਼ਾ 32 'ਤੇ**


## ਅਮਰੀਕੀ ਪਾਬੰਦੀਆਂ ਖ਼ਿਲਾਫ਼ ਕਿਊਬਾ ਦੇ ਹੱਕ 'ਚ ਡਟੇ 188 ਦੇਸ਼

ਸੰਯੁਕਤ ਰਾਸ਼ਟਰ (ਨਦਬ) : ਕਿਊਬਾ 'ਤੇ ਅਮਰੀਕਾ ਵਲੋਂ 50 ਸਾਲ ਤੋਂ ਲਾਈਆਂ ਗਈਆਂ ਕਾਰੋਬਾਰੀ ਪਾਬੰਦੀਆਂ ਵਿਰੁੱਧ ਸੰਯੁਕਤ ਰਾਸ਼ਟਰ ਦੇ ਸਾਲਾਨਾ ਆਮ ਇਜਲਾਸ ਵਿਚ ਪੇਸ਼ ਮਤੇ 'ਤੇ ਕੋਈ 188 ਮੁਲਕਾਂ ਨੇ ਸਹਿਮਤੀ ਪ੍ਰਗਟਾਈ ਹੈ। ਅਮਰੀਕਾ ਵਲੋਂ ਲਾਈਆਂ ਗਈਆਂ ਇਨ੍ਹਾਂ ਪਾਬੰਦੀਆਂ ਦੇ ਹੱਕ 'ਚ ਕੇਵਲ ਇਕੋ-ਇਕ ਮੁਲਕ ਇਸਰਾਈਲ ਹੀ ਖੜ੍ਹਿਆ। ਪਿਛਲੀ ਵਾਰ ਦੋ ਮੁਲਕ ਅਮਰੀਕੀ ਪਾਬੰਦੀਆਂ ਦੇ ਹੱਕ ਵਿਚ ਸਨ। ਤਿੰਨ ਨਿੱਕੇ ਮੁਲਕ ਇਸ ਮੌਕੇ ਗ਼ੈਰਹਾਜ਼ਰ ਰਹੇ। ਚੀਨ ਤੇ ਇਰਾਨ ਨੇ ਜਨਤਕ ਤੌਰ 'ਤੇ ਅਮਰੀਕਾ ਦੀ ਕਿਊਬਾ 'ਤੇ ਪਾਬੰਦੀਆਂ ਲਾਉਣ ਦੀ ਨਿੰਦਾ ਕੀਤੀ। ਅਮਰੀਕਾ ਦੇ ਵਿਦੇਸ਼ ਮੰਤਰੀ ਬਰੂਨੋ ਰੌਡਰਿਗਜ਼ ਪੈਰਿਲਾ ਨੇ ਮੀਟਿੰਗ 'ਚ ਦੱਸਿਆ ਕਿ ਇਨ੍ਹਾਂ ਪਾਬੰਦੀਆਂ ਕਾਰਨ ਕਿਊਬਾ ਨੂੰ ਬੱਚਿਆਂ ਲਈ ਹਿਰਦੇ ਰੋਗਾਂ ਤੇ ਏਡਜ਼ ਰੋਕੂ ਦਵਾਈਆਂ ਪ੍ਰਾਪਤ ਕਰਨ 'ਚ ਦਿੱਕਤ ਆ ਰਹੀ ਹੈ। ਉਂਜ ਦੁਨੀਆ ਭਰ ਵਿਚ ਕਿਊਬਾ 'ਤੇ ਲਾਈਆਂ ਗਈਆਂ ਪਾਬੰਦੀਆਂ ਦੀ ਨਿੰਦਾ ਹੁੰਦੀ ਰਹੀ ਹੈ ਪਰ ਅਮਰੀਕੀ ਪਾਬੰਦੀਆਂ ਖ਼ਿਲਾਫ਼ ਇਕ ਬੱਝਵੀਂ ਵਿਰੋਧਤਾ ਹਾਲੇ ਤਕ ਸਾਹਮਣੇ ਨਹੀਂ ਆ ਸਕੀ।

## ਗ਼ਦਰ ਸ਼ਤਾਬਦੀ ਜਨਤਕ ਸਮਾਗਮ 16 ਨੂੰ

ਐਡਮਿੰਟਨ (ਨਦਬ) : ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਵਲੋਂ ਆਯੋਜਤ ਗ਼ਦਰ ਸ਼ਤਾਬਦੀ ਸਮਾਗਮ ਸ਼ਨੀਵਾਰ 16 ਨਵੰਬਰ 2013 ਨੂੰ ਮਹਾਰਾਜਾ ਪੈਲੇਸ, 9257-34ਏ ਐਡਮਿੰਟਨ ਵਿਖੇ ਹੋਵੇਗਾ। ਸ੍ਰੀ ਮੰਗਤ ਰਾਮ ਪਾਸਲਾ, ਟਰੱਸਟੀ ਦੇਸ਼ ਭਗਤ ਯਾਦਗਾਰ ਜਲੰਧਰ ਇਸ ਦੇ ਮੁੱਖ ਬੁਲਾਰੇ ਹੋਣਗੇ। ਡਾ. ਸੁਖਦੇਵ ਸਿੰਘ ਸਿਰਸਾ, ਮੁਖੀ ਪੰਜਾਬੀ ਅਧਿਐਨ ਸਕੂਲ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਤੇ ਡਾ. ਰਾਜ ਪੰਨੂੰ ਸਾਬਕਾ ਐਮ.ਐਲ.ਏ. ਅਤੇ ਸੇਵਾ ਮੁਕਤ ਪ੍ਰੋਫ਼ੈਸਰ ਯੂਨੀਵਰਸਿਟੀ ਆਫ਼ ਅਲਬਰਟਾ ਵਿਸ਼ੇਸ਼ ਭਾਸ਼ਣ ਦੇਣਗੇ। ਸਮਾਗਮ ਠੀਕ 6 ਵਜੇ ਸ਼ਾਮ ਸ਼ੁਰੂ ਹੋਵੇਗਾ। ਇਸ ਵਿਚ ਗ਼ਦਰ ਇਤਿਹਾਸ ਨਾਲ ਸਬੰਧਤ ਸਲਾਈਡ ਸ਼ੋਅ ਅਤੇ ਇਕ ਕਿਤਾਬ ਰਿਲੀਜ਼ ਕੀਤੀ ਜਾਵੇਗੀ। ਸਮਾਗਮ ਦੀ ਟਿਕਟ 25.00 ਡਾਲਰ ਰੱਖੀ ਗਈ ਹੈ ਅਤੇ ਇਥੇ ਚਾਹ-ਪਾਣੀ, ਸਨੈਕਸ ਅਤੇ ਡਿਨਰ (ਰਾਤ ਦੇ ਖਾਣ) ਦਾ ਪ੍ਰਬੰਧ ਹੋਵੇਗਾ। ਸੰਸਥਾ ਸਮੂਹ ਭਾਈਚਾਰ ਨੂੰ ਪਰਿਵਾਰਾਂ ਸਮੇਤ ਇਸ ਵਿਚ ਸ਼ਾਮਲ ਹੋਣ ਦੀ ਅਪੀਲ ਕਰਦੀ ਹੈ। ਹੋਰ ਜਾਣਕਾਰੀ ਲਈ ਫ਼ੋਨ ਕਰੋ : ਦਲਬੀਰ ਸਾਂਗਿਆਣ - 780-995-5475, ਨਵਤੇਜ ਬੈਂਸ - 780-200-2872, ਸੋਨੀ ਗਿੱਲ - 780-491-8801, ਗੁਰਚਰਨ ਬਰਾੜ - 780-265-3752


3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"

Please call for all your Commercial Real Estate Needs in Hotel, Motel, Apartments & Shopping Centers
Land Parcels Available in throughout Alberta
A.L.L. Stars Realty Ltd., 312 Saddleback Road, T6J 4R7
Cell: (780) 951-9873 Bus: (780) 434-4700

ALL INDIA RESTAURANT & SWEETS

Full service customized catering for Event Planning/Weddings/ Birthdays/ Anniversaries for upto 800 persons.
Special rates for temples or churches Reunions
4249-23 Ave. Edmonton, AB. Canada
Tel: 780-463-7770 www.allindiarestaurant.ca

Super Visa Medical Insurance
- ਸੁਪਰਵੀਜ਼ਾ ਐਪਲੀਕੇਸ਼ਨ ਲਈ ਮੈਡੀਕੈਲ ਇੰਸ਼ੋਰੈਂਸ ਲੈਣਾ ਜਰੂਰੀ।
- ਅਸੀਂ ਤੁਹਾਡੀ ਜਰੂਰਤ ਮੁਤਾਬਕ ਵਧੀਆ ਅਤੇ ਸਸਤੀ ਇਸ਼ੋਰੈਂਸ ਲੈ ਕੇ ਦਿੰਦੇ ਹਾਂ।

For more information please call
780-465-6900 Jasvir Deol
403-830-7007 Jessie Singh


REALTY EXECUTIVES
ਕਿਸੇ ਵੀ ਤਰ੍ਹਾਂ ਦੀ ਪ੍ਰਾਪਟੀ ਵੇਚਣ ਜਾਂ ਖ਼ੀਦਣ ਲਈ ਨੁਸਰਤ ਅਲੀ ਅਖ਼ਤਰ ਨੂੰ ਸੰਪਰਕ ਕਰੋ
780-994-1600 (Cell)
780-450-6300 (24 Hrs)
Fax: 780-450-6670
NUSRAT ALI AKHTAR ASSOCIATE
aakhtar@realtyexecutives.com
www.aliakhtar.com
MULTIPLE LISTING SERVICE REALTOR
4107-99 St NW, Edmonton


Sohail Quadri, MLA
Edmonton Mill Woods
I am accessible anytime at
edmonton.millwoods@assembly.ab.ca
http://quadri.mypcmla.ca
101 9807 -34 Ave Edmonton AB T6E 5X9
(780)414-1000 (780)850- 4080

Roof Trusses
Floor Systems
Lumber - Stairs
ZyTech BUILDING SYSTEMS INC.
High Quality Materials, Best Prices, On Time Delivery, Complete Framing Package, Full Range Of I Joists, Fully Automated - Roof Truss Manufacturing Facility
One Call - Award Winning Service, Effective On Site, Engineering & Design Friendly, Multi-Cultural, Solution Oriented Staff, Community Supporter
ਰਘੁਬੀਰ ਸਿੰਘ ਭੰਡਾਲ 780 554 9192
ਜਸਪਾਲ ਸਿੰਘ ਭੰਡਾਲ 403 226 7136


LUTHRA LAW GROUP
FREE CASE EVALUTION
Personal Injuries Representation
Real Estate Transactions
Immigration Law
Residential Real Estate Transactions
Criminal Case
Family Law Dispute & Mediation Service
Commercial Litigation
Sarjan Luthra B.Sc, L.LB
SARJAN LUTHRA TEAM
Barrister, Solicitor & Notary Public
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿੱਚ ਸੇਵਾਵਾਂ ਲਈ ਮਿਲੋ
Services in Hindi, Punjabi, Urdu & Arabic
780 466 4660 Fax: 780 463 4205



# Supreme Pizza

ਸੁਪਰੀਮ ਪੀਜ਼ਾ

Chicken Wings Hot, Honey Garlic

Menisa Plaza (on Millwood Road) 1079 Knottwood Road East NW Edmonton

780 485 1213 or 780 485 1231

Try Us Tonight For Best Deal In Town
3 For 1
Any 3 Toppings 12" Medium - 14" Large

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਤੇ ਸਵਾਦੀ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਧਿਆਨ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

Paneer Pizza • Vegetarian • Supreme Special • Chicken Special • The Pasta Niche



Kuldip S. Powar

# POWAR HOMES LTD.

Quality Custom Home Builder

ਪਾਵਰ ਹੋਮਜ਼ ਕੋਲ ਸ਼ਹਿਰ ਦੇ ਹਰ ਖੇਤਰ ਵਿੱਚ ਲਾਟਾਂ ਉਪਲਬਧ, ਰਹਿਣ ਲਈ ਘਰ ਬਣਾਉਣਾ ਚਾਹੁੰਦੇ ਹੋ ਜਾਂ ਘਰ ਬਣਾ ਕੇ ਵੇਚਣਾ ਚਾਹੁੰਦੇ ਹੋ, ਚੋਖਾ ਫਾਇਦਾ ਦਿਵਾਉਣ ਦਾ ਵਾਅਦਾ, ਬੇਸਮੈਂਟ ਵਿਚ ਛੋਟੇ ਅਤੇ ਵੱਡੇ ਘਰ ਬਣਾਉਣ ਲਈ ਲਾਟਾਂ ਤਿਆਰ ਬਰ ਤਿਆਰ ਹਨ.

ਘਰ ਬਣਾ ਕੇ ਵੇਚਣ ਤੱਕ ਦੀਆਂ ਸੇਵਾਵਾਂ ਦਿੰਦੇ ਹਾਂ, ਵਾਜਬ ਕੀਮਤਾਂ, ਤਸੱਲੀ ਬਖ਼ਸ਼ ਕੰਮ ਅਤੇ ਭਰੋਸੇਯੋਗ ਸੇਵਾਵਾਂ ਲਈ ਰਣਜੀਤ ਸਿੰਘ ਪਵਾਰ ਅਤੇ ਕੁਲਦੀਪ ਸਿੰਘ ਪਵਾਰ ਨਾਲ ਸੰਪਰਕ ਕਰੋ.



Ranjit S. Powar

Fax: 780-406-6797
Email: ranjit_pawar@hotmail.com

Contact At:
Ph: 780-695-6595

# A & K INSULATION & DRYWALL LTD.

Best Quailty at Reasonable Rates





ਹੋਟਲ, ਮੋਟਲ, ਬਿਜ਼ਨਿਸ, ਰਿਹਾਇਸ਼ੀ ਜਾਂ ਕਿਸੇ ਵੀ ਤਰ੍ਹਾਂ ਦੀ ਬਿੱਲਡਿੰਗ ਲਈ ਡਰਾਈਵਾਲ, ਇੰਸੁਲੇਸ਼ਨ, ਟੇਪਿੰਗ ਜਾਂ ਟੈਕਸਚਰ ਦੇ ਕੰਮ ਲਈ ਸੰਪਰਕ ਕਰੋ

Rana : 780-245-5191 Joga : 780-245-5192

# EXCEL TAX & BUSINESS SOLUTIONS

Our Goal : Client Satisfaction | Net Filling, Quick Refund

Specializing:
Trucking, Real Estate, Gas Station, Hotel, Motel & Franchise Business Accounting



- Corporate Tax Returns
- Personal & Self Employed Tax Returns
- GST Returns - WCB Returns - T4 Returns - ROE
- Small Business Set Up & Tax Planning
- Year End Processing
- Canada Revenue Agency (CRA) Audit Representation
- Computerized Bookkeeping & Payroll Services
- Financial Statement Preparation (Notice to Readers)

Call: Pritpal Kooner

PLEASE NOTE NEW ADDRESS
Unit# 218-4218A 97 St, Edmonton AB T6E 5Y6

Ph: 780-469-4985 Fax: 780-469-4926 Cell: 780-952-2860
exceltax@yahoo.ca
Evening & Weekend with Appointments only

# EAGLEROCK GOLF COURSE

50549, RANGE ROAD 234 EDMONTON, AB

ਜਨਮ ਦਿਨ , ਲੇਡੀਜ਼ ਸੰਗੀਤ ਵਿਆਹ-ਸ਼ਾਦੀਆਂ ਪਾਰਟੀਆਂ 50 ਤੋਂ ਲੈ ਕੇ 200 ਆਦਮੀਆਂ ਤੱਕ ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ

Birthday Parties,
Ladies Sangeet,
Golf Tournaments,
Catering,Wedding
Banquet





ਵਧੇਰੇ ਜਾਣਕਾਰੀ ਲਈ ਫੋਨ ਕਰੋ:

Linda :
780-464-4653 Ext: 2
Cell: 780-720-6895

# ADVANCE DRIVING SCHOOL LTD.

www.advancedrivingschool.ca



- Lady Instructor Available
- Defensive Classes to Restore Demerits
- Free Pick up & Drop off
- Government Approved Courses For Insurance Discount
- 10 Hours on road & 15 Hours in classroom
- Training for Driving Instructor

2 Locations to Serve You!

9253-34A Ave
Edmonton, AB

10211-100 Ave
Fort Saskatchewan, AB

780 660 4090



# ALPHA

Tent Rentals

All Events Big or Small

We are in this Business Since 2001



Ladies Sangeet Jago Equipment

**Tents** All Size and Different Colours
**Tables** Rectangular & Round **Chairs** All Colours
**Lights**, Dance Floor, Heaters, Fans,
**Catering Equipment**, Coffee Brewers,
Big Burners, Big Pots (Patila), Cutlery and Plates,
**Portable Bars** Beer Tubs Ice Boxes
**Carpet, Stantions, Linens and Clips.**

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ

Guaranteed Low Prices Open Seven Days a Week

Umrao Ghinger: 780 237 5556
www.alphatentrentals.com
Office: 780 490 5354





# ਬਰਨਬੀ ਸਿਟੀ ਕੌਂਸਲ ਨੇ ਗ਼ਦਰ ਲਹਿਰ ਨੂੰ ਵਡਿਆਇਆ

ਸਰ੍ਹੀ (ਨਦਬ) : ਬਰਨਬੀ ਸ਼ਹਿਰ ਦੀ ਮਿਉਂਸਪਲਟੀ ਵੱਲੋਂ ਗ਼ਦਰ ਲਹਿਰ ਨੂੰ ਹੱਕਾਂ ਦੀ ਰਾਖੀ ਵਾਲੀ ਲਹਿਰ ਕਹਿ ਕੇ ਵਡਿਆਇਆ ਗਿਆ ਹੈ। ਜ਼ਿਕਰਯੋਗ ਹੈ ਕਿ ਬਰਨਬੀ ਸਿਟੀ ਕੌਂਸਲ ਵੱਲੋਂ ਇੱਕ ਵਿਸ਼ੇਸ਼ ਐਲਾਨਨਾਮਾ ਜਾਰੀ ਕੀਤਾ ਗਿਆ, ਜਿਸ ਤਹਿਤ ਗ਼ਦਰ ਲਹਿਰ ਨੂੰ ਮਾਨਤਾ ਦਿੰਦਿਆਂ ਕਿਹਾ ਗਿਆ ਹੈ ਕਿ ਕਨੇਡਾ ਵਾਸੀਆਂ ਵਾਂਗ ਗ਼ਦਰ ਪਾਰਟੀ ਦੇ ਮੈਂਬਰ ਵੀ ਆਪਣੇ ਉੱਤੇ ਆਪ ਰਾਜ ਕਰਨ ਦੇ ਇਰਾਦਿਆਂ ਨੂੰ ਪ੍ਰਣਾਏ ਹੋਏ ਸਨ ਤੇ ਉਹ ਸਮਾਜ ਵਿੱਚ ਕਿਸੇ ਵੀ ਤਰ੍ਹਾਂ ਦੇ ਭੇਦਭਾਵ ਦੇ ਖ਼ਿਲਾਫ਼ ਸਨ। ਇਹ ਐਲਾਨਨਾਮਾ ਸਿਟੀ ਕੌਂਸਲ ਦੇ ਮੇਅਰ ਡਰਿਕ ਕੋਰੀਅਨ ਵਲੋਂ ਜਾਰੀ ਕੀਤਾ ਗਿਆ ਹੈ। ਬੀਤੇ ਦਿਨੀਂ ਇਹ ਐਲਾਨਨਾਮਾ ਸਿਟੀ ਕੌਂਸਲ ਦੀ ਮੀਟਿੰਗ ਵਿੱਚ ਵੀ ਪੜ੍ਹ ਕੇ ਸੁਣਾਇਆ ਗਿਆ। ਜ਼ਿਕਰਯੋਗ ਹੈ ਕਿ ਹਿੰਦੁਸਤਾਨ ਵਿੱਚ ਹੀ ਨਹੀਂ ਸਗੋਂ ਦੁਨੀਆ ਵਿੱਚ ਜਿੱਥੇ ਵੀ ਹਿੰਦੁਸਤਾਨੀ ਹਨ, ਗ਼ਦਰ ਸ਼ਤਾਬਦੀ ਨੂੰ ਮਨਾਉਣ ਸਬੰਧੀ ਜਸ਼ਨ ਮਨਾਏ ਜਾ ਰਹੇ ਹਨ। ਇੱਥੇ ਇਹ ਵੀ ਦੱਸਣਯੋਗ ਹੈ ਕਿ 2007 ਵਿੱਚ ਇਸ ਸ਼ਹਿਰ ਵਲੋਂ ਸ਼ਹੀਦ ਭਗਤ ਸਿੰਘ ਨੂੰ ਸਰਧਾਂਜਲੀ ਭੇਂਟ ਕਰਦਿਆਂ ਉਨ੍ਹਾਂ ਦੀ ਜਨਮ ਸ਼ਤਾਬਦੀ ਮੌਕੇ ਵੀ ਐਲਾਨਾਮਾ ਜਾਰੀ ਕੀਤਾ ਗਿਆ ਸੀ। ਜਿਸ ਵਿੱਚ ਸ਼ਹੀਦ ਭਗਤ ਸਿੰਘ ਵਲੋਂ ਦਿੱਤੀ ਗਈ ਕੁਰਬਾਨੀ ਨੂੰ ਸਰਾਹਿਆ ਗਿਆ ਸੀ। ਦੱਸਣਾ ਬਣਦਾ ਹੈ ਕਿ ਬਰਨਬੀ ਮਿਉਂਸਪਲਟੀ 'ਤੇ ਨਿਊ ਡੈਮੋਕਰੇਟਿਕ ਪਾਰਟੀ ਦਾ ਬੋਲਬਾਲਾ ਰਿਹਾ ਹੈ, ਜੋ ਕਿ ਪਿਛੋਕੜ ਵਿੱਚ ਸਮਾਜਕ ਪ੍ਰਗਤੀਵਾਦ ਦੀ ਹਾਮੀ ਭਰਦੀ ਰਹੀ ਹੈ।

# ਮੇਅਰ ਰੌਬ ਫੋਰਡ ਦੀ ਡਰੱਗ ਲੈਣ ਵਾਲੀ ਵੀਡੀਓ ਮਿਲੀ

## ਮੇਅਰ ਪਹਿਲਾਂ ਮੁੱਕਰਿਆ ਫਿਰ ਕੀਤਾ ਕਬੂਲ

ਟੋਰਾਂਟੋ (ਨਦਬ) : ਟੋਰਾਂਟੋ ਪੁਲੀਸ ਮੁਖੀ ਬਿੱਲ ਬਲੇਅਰ ਨੇ ਪ੍ਰੈਸ ਕਾਨਫ਼ਰੰਸ ਦੌਰਾਨ ਇਹ ਐਲਾਨ ਕਰਕੇ ਸਨਸਨੀ ਫੈਲਾ ਦਿਤੀ ਹੈ ਕਿ ਟੋਰਾਂਟੋ ਦੇ ਮੇਅਰ ਰੌਬ ਫੋਰਡ ਦੀ ਕਥਿਤ ਡਰੱਗ ਲੈਣ ਵਾਲੀ ਵੀਡੀਓ ਪੁਲੀਸ ਨੇ ਬਰਾਮਦ ਕਰ ਲਈ ਹੈ। ਬਲੇਅਰ ਦਾ ਕਹਿਣਾ ਹੈ ਕਿ ਇਸ ਵੀਡੀਓ ਨੂੰ ਡਲੀਟਡ ਫਾਈਲਾਂ ਵਿਚੋਂ ਪ੍ਰਾਪਤ ਕੀਤਾ ਗਿਆ ਹੈ। ਮਈ ਵਿਚ ਇਸ ਵੀਡੀਓ ਬਾਰੇ ਖ਼ਬਰ ਟੋਰਾਂਟੋ ਸਟਾਰ ਅਤੇ ਯੂ ਐਸ ਵੈਬਸਾਈਟ ਗਾਕਰ ਵਿਚ ਆਈ ਸੀ ਜਿਸ ਵਿਚ ਮੇਅਰ ਫ਼ੋਰਡ ਕੋਕੀਨ ਪੀਂਦੇ ਨਜ਼ਰ ਆ ਰਹੇ ਸਨ।

ਬਿੱਲ ਬਲੇਅਰ ਨੇ ਕਿਹਾ ਕਿ ਉਸ ਨੂੰ ਇਸ ਨਾਲ ਬਹੁਤ ਨਿਰਾਸ਼ਾ ਹੋਈ ਹੈ। ਬਲੇਅਰ ਨੇ ਕਿਹਾ ਕਿ ਮੇਅਰ ਦੇ ਦੋਸਤ ਸੈਂਡਰੋ ਲਿਜ਼ੀ ਦੀ ਗ੍ਰਿਫਤਾਰੀ ਤੋਂ ਬਾਅਦ ਇਨ੍ਹਾਂ ਦਸਤਾਵੇਜ਼ਾਂ ਨੂੰ ਸਬੂਤ ਵਜੋਂ ਵਰਤਿਆ ਜਾਵੇਗਾ ਅਤੇ ਇਸ ਦੀ ਬਰਾਮਦੀ ਨਾਲ ਲਿਜੀ 'ਤੇ ਲਾਏ ਗਏ ਚਾਰਜ ਅੱਪਗਰੇਡ ਹੋ ਸਕਦੇ ਹਨ। ਕਰਾਊਂਨ ਨੇ ਜਾਂਚ ਵਿਚ ਵਰਤੇ ਗਏ 300 ਸਫ਼ਿਆਂ ਦੇ ਡਾਕੂਮੈਂਟ ਜਾਰੀ ਕੀਤੇ ਹਨ। ਇਨ੍ਹਾਂ ਦਸਤਾਵੇਜ਼ਾਂ ਵਿਚ ਸਪੱਸ਼ਟ ਹੈ ਕਿ ਟੋਰਾਂਟੋ ਸਟਾਰ ਵਿਚ ਵੀਡੀਓ ਬਾਰੇ ਖ਼ਬਰ ਛਪਣ ਤੋਂ ਬਾਅਦ ਹੀ ਟੋਰਾਂਟੋ ਪੁਲੀਸ ਵਲੋਂ ਇਹ ਜਾਂਚ ਸ਼ੁਰੂ ਕੀਤੀ ਗਈ ਸੀ ਅਤੇ ਪੁਲੀਸ ਦੇ ਦਸਤਾਵੇਜ਼ਾਂ ਅਨੁਸਾਰ ਲਿਜੀ ਵੱਖ-ਵੱਖ ਫੋਨਾਂ ਰਾਹੀਂ ਫੋਰਡ ਨਾਲ ਰਾਬਤਾ ਰੱਖਦਾ ਸੀ ਅਤੇ ਵੱਖ-ਵੱਖ ਥਾਵਾਂ 'ਤੇ ਉਸ ਨੂੰ ਮਿਲਦਾ ਸੀ। ਕਈ ਵਾਰ ਉਹ ਕੁਝ ਪੈਕਟ ਵੀ ਛੱਡ ਕੇ ਚਲਾ ਜਾਂਦਾ ਸੀ। ਅਜੇ ਤੱਕ ਇਨ੍ਹਾਂ ਵਿਚੋਂ ਕੋਈ ਵੀ ਚਾਰਜ ਕੋਰਟ ਵਿਚ ਸਿੱਧ ਨਹੀਂ ਹੋਏ ਹਨ।



ਇਸ ਦੇ ਨਾਲ ਹੀ ਪੱਤਰਕਾਰਾਂ ਦੇ ਸਾਹਮਣੇ ਮੇਅਰ ਫੋਰਡ ਨੇ ਕਬੂਲ ਕਰਦਿਆਂ ਕਿਹਾ ਕਿ ਉਨ੍ਹਾਂ ਕੋਕੀਨ ਦਾ ਨਸ਼ਾ ਕੀਤਾ ਸੀ। ਟੋਰਾਂਟੋ ਦੇ ਸਿਟੀ ਹਾਲ ਪਹੁੰਚਣ 'ਤੇ ਫੋਰਡ ਨੇ ਕਿਹਾ, "ਹਾਂ, ਮੈਂ ਕੋਕੀਨ ਦਾ ਨਸ਼ਾ ਕੀਤਾ ਸੀ।"

ਇਹ ਖੁਲਾਸਾ ਕਈ ਮਹੀਨੇ ਤੱਕ ਕੋਕੀਨ ਦਾ ਨਸ਼ਾ ਕਰਨ ਤੋਂ ਮੁੱਨਕਰ ਰਹੇ ਰੌਬ ਫੋਰਡ ਨੇ ਪੁਲੀਸ ਮੁਖੀ ਬਿਲ ਬਲੇਅਰ ਵਲੋਂ ਕੀਤੇ ਗਏ ਖੁਲਾਸੇ ਤੋਂ ਬਾਅਦ ਕੀਤਾ ਹੈ ਜਿਸ ਵਿਚ ਕਥਿਤ ਵੀਡੀਓ ਦੀ ਬਰਾਮਦੀ ਬਾਰੇ ਕਿਹਾ ਗਿਆ ਸੀ ਜਿਸ ਵਿਚ ਰੌਬ ਫੌਰਡ ਕੋਕੀਨ ਦਾ ਨਸ਼ਾ ਕਰ ਰਹੇ ਹਨ। ਸਿਟੀ ਕੌਂਲਸਰਾਂ ਵਲੋਂ ਰੌਡ ਫੋਰਡ 'ਤੇ ਦਬਾ ਪਾਇਆ ਜਾ ਰਿਹਾ ਹੈ ਕਿ ਉਹ ਅਹੁਦੇ ਛੱਡ ਦੇਵੇ ਅਤੇ ਆਪਣੀ ਇਸ ਆਦਤ ਦਾ ਇਲਾਜ ਕਰਵਾਉਣ। ਕੌਂਸਲਰ ਪੌਲਾ ਫਲੈਚਰ ਦਾ ਕਹਿਣਾ ਹੈ ਕਿ ਰੌਬ ਦੀ ਆਦਤ ਉਸ ਤੋਂ ਵੀ ਮਾੜੀ ਹੈ ਜਿੰਨੀ ਉਹ ਦੱਸਦਾ ਹੈ।

# ਅਮਰੀਕਾ-ਆਸਟਰੇਲੀਆ ਨੇ ਮਿਲ ਕੇ ਕੀਤੀ ਸੀ ਬਾਲੀ ਸਰਾਂ ਸੰਮੇਲਨ ਦੀ ਜਾਸੂਸੀ

ਵਾਸ਼ਿੰਗਟਨ (ਨਦਬ) : ਅਮਰੀਕਾ ਆਪਣੇ ਜਾਸੂਸੀ ਪ੍ਰੋਗਰਾਮਾਂ 'ਚ ਹੋਰ ਦੇਸ਼ਾਂ ਨੂੰ ਵੀ ਸ਼ਾਮਲ ਕਰਦਾ ਸੀ। ਇਸ ਦਾ ਖੁਲਾਸਾ ਇਸ ਗੱਲ ਤੋਂ ਹੋਇਆ ਹੈ ਕਿ ਉਸ ਨੇ 2007 'ਚ ਇੰਡੋਨੇਸ਼ੀਆ ਦੇ ਬਾਲੀ ਦੀਪ 'ਚ ਹੋਏ ਸੰਯੁਕਤ ਰਾਸ਼ਟਰ ਦੇ ਸੰਮੇਲਨ 'ਚ ਆਸਟਰੇਲੀਆ ਨਾਲ ਮਿਲ ਕੇ ਜਾਸੂਸੀ ਕੀਤੀ ਸੀ। ਬਰਤਾਨੀਆ ਦੇ ਅਖ਼ਬਾਰ 'ਦਿ ਗਾਰਡੀਅਨ' ਦੀ ਰਿਪੋਰਟ 'ਚ ਰੂਸ ਵਿੱਚ ਆਸਰਾ ਲੈਣ ਵਾਲੇ ਅਮਰੀਕੀ ਵ੍ਹੀਲਜ਼ ਬਲੋਅਰ ਐਡਵਰਡ ਸਨੋਡਨ ਵਲੋਂ ਜਾਰੀ ਕੀਤੇ ਗਏ ਇਕ ਦਸਤਾਵੇਜ਼ 'ਚ ਇਸ ਗੱਲ ਦਾ ਖੁਲਾਸਾ ਹੋਇਆ ਹੈ ਕਿ ਆਸਟਰੇਲੀਆ ਦੇ ਖੁਫੀਆ ਵਿਭਾਗ ਨੇ ਅਮਰੀਕੀ ਕੌਮੀ ਸੁਰੱਖਿਆ ਏਜੰਸੀ (ਐਨ.ਐਸ.ਏ.) ਨਾਲ ਮਿਲ ਕੇ ਇੰਡੋਨੇਸ਼ੀਆ ਦੇ ਸੁਰੱਖਿਆ ਅਧਿਕਾਰੀਆਂ ਦੇ ਫੋਨ ਨੰਬਰ ਇਕੱਠੇ ਕੀਤੇ ਸਨ। ਇੰਡੋਨੇਸ਼ੀਆ 'ਚ ਜਲਵਾਯੂ ਬਦਲਾਅ ਨੂੰ ਲੈ ਕੇ 2007 'ਚ ਸੰਯੁਕਤ ਰਾਸ਼ਟਰ ਦਾ ਸੰਮੇਲਨ ਹੋਇਆ ਸੀ। ਪਿਛਲੇ ਹਫਤੇ ਇਹ ਖੁਲਾਸਾ ਹੋਇਆ ਸੀ ਕਿ ਆਸਟਰੇਲੀਆ ਦੇ ਰਾਜਸੀ ਆਗੂ ਇੰਡੋਨੇਸ਼ੀਆ 'ਚ ਆਪਣੇ ਅਹੁਦੇ ਦਾ ਗ਼ਲਤ ਇਸਤੇਮਾਲ ਕਰਕੇ ਅਮਰੀਕਾ ਦੇ ਜਾਸੂਸੀ ਪ੍ਰੋਗਰਾਮਾਂ 'ਚ ਭਾਗੀਦਾਰੀ ਨਿਭਾਅ ਰਹੇ ਹਨ। ਇਸ ਖੁਲਾਸੇ ਨਾਲ ਇੰਡੋਨੇਸ਼ੀਆ 'ਚ ਪਹਿਲਾਂ ਹੀ ਰੋਸ ਸੀ। ਇਸ ਨਵੇਂ ਖੁਲਾਸੇ ਤੋਂ ਬਾਅਦ ਆਸਟਰੇਲੀਆ ਨਾਲ ਉਸ ਦੇ ਸਬੰਧ ਹੋਰ ਵਿਗੜ ਸਕਦੇ ਹਨ। ਸਨੋਡਨ ਦੇ ਦਸਤਾਵੇਜ਼ਾਂ ਮੁਤਾਬਕ ਇੰਡੋਨੇਸ਼ੀਆ 'ਚ ਆਸਟਰੇਲਿਆਈ ਮਿਸ਼ਨ ਤੇ ਚੀਨ 'ਚ ਸਥਿਤ ਅੰਬੈਸੀ ਅਤੇ ਕਾਮਰਸ ਅੰਬੈਸੀ 'ਚ ਫੋਨ ਕਾਲ ਦੇ ਅੰਕੜੇ ਇਕੱਠਾ ਕਰਨ 'ਚ ਜੁਟੇ ਹਨ। ਗਾਰਡੀਅਨ ਦੀ ਰਿਪੋਰਟ ਮੁਤਾਬਕ 2007 'ਚ ਅੰਜ਼ਾਮ ਦਿੱਤਾ ਗਿਆ ਇਹ ਸਾਂਝਾ ਜਾਸੂਸੀ ਪ੍ਰੋਗਰਾਮ ਸਫ਼ਲ ਨਹੀਂ ਸੀ ਹੋ ਸਕਿਆ।

# ਅੱਠ ਲੱਖ ਕਨੇਡੀਅਨ ਹਾਲੇ ਵੀ ਫੂਡ ਬੈਂਕਾਂ 'ਤੇ ਨਿਰਭਰ

ਟੋਰਾਂਟੋ (ਨਦਬ) : ਆਰਥਕ ਮੰਦਵਾੜਾ ਖ਼ਤਮ ਹੋਣ ਤੋਂ ਚਾਰ ਸਾਲ ਬਾਅਦ ਵੀ ਫੂਡ ਬੈਂਕਾਂ ਦੀ ਵਰਤੋਂ ਕਰ ਰਹੇ ਕਨੇਡੀਅਨਾਂ ਦੀ ਇਸ 'ਤੇ ਨਿਰਭਰਤਾ ਘਟੀ ਤਾਂ ਹੈ ਪਰ ਬਿਲਕੁਲ ਹੀ ਖ਼ਤਮ ਨਹੀਂ ਹੋਈ। ਅਜੇ ਵੀ ਇਹ ਕਾਫੀ ਉੱਚੀ ਹੈ। ਫੂਡ ਬੈਂਕ ਕਨੇਡਾ ਵਲੋਂ ਸਲਾਨਾ ਅਧਿਐਨ ਵਿਚ ਦਰਸਾਇਆ ਗਿਆ ਕਿ ਇਸ ਸਾਲ ਵੀ 833,000 ਲੋਕ ਫੂਡ ਬੈਂਕਾਂ 'ਤੇ ਹੀ ਨਿਰਭਰ ਰਹੇ ਜਦਕਿ ਫੂਡ ਬੈਂਕਾਂ 'ਤੇ ਨਿਰਭਰ ਰਹਿਣ ਵਾਲਿਆਂ ਦੀ ਪਿਛਲੇ ਸਾਲ ਮਾਰਚ ਵਿਚ ਗਿਣਤੀ 872,379 ਸੀ। ਇਨ੍ਹਾਂ ਵਿਚੋਂ ਵੀ ਇੱਕ ਤਿਹਾਈ ਬੱਚੇ ਸਨ। ਰਿਪੋਰਟ ਵਿਚ ਪਾਇਆ ਗਿਆ ਕਿ ਇਸ ਲਈ ਘੱਟ ਆਮਦਨ ਵਾਲੀਆਂ ਨੌਕਰੀਆਂ ਜ਼ਿੰਮੇਵਾਰ ਹਨ ਤੇ ਕਨੇਡਾ ਵਿੱਚ ਤਾਂ ਇਨ੍ਹਾਂ ਦੀ ਭਰਮਾਰ ਹੈ। ਪਿਛਲੇ ਤਿੰਨ ਦਹਾਕਿਆਂ ਤੋਂ ਕਨੇਡਾ ਭਰ ਵਿਚ ਉਤਪਾਦਨ ਦਾ ਕੰਮ ਮੱਠਾ ਚੱਲ ਰਿਹਾ ਹੈ ਜਿਸ ਕਾਰਨ ਇਹ ਨੌਬਤ ਹੋਰ ਵੱਧ ਗਈ ਹੈ। ਇੰਪਲਾਇਮੈਂਟ ਇੰਸ਼ੋਰੈਂਸ ਤੇ ਸੋਸ਼ਲ ਅਸਿਸਟੈਂਸ ਦੇ ਰਾਹ ਵਿਚ ਰੋੜਿਆਂ ਦੇ ਨਾਲ-ਨਾਲ ਇਨ੍ਹਾਂ ਪ੍ਰੋਗਰਾਮਾਂ ਵਲੋਂ ਮੁਹੱਈਆ ਕਰਵਾਈ ਜਾਣ ਵਾਲੀ ਆਮਦਨ ਵੀ ਕਨੇਡੀਅਨਾਂ ਲਈ ਨੁਕਸਾਨਦਾਇਕ ਹੈ।

SAHARA INSURANCE GROUP
PERFECT BLEND FOR YOUR INSURANCE & INVESTMENT

CALL US TODAY FOR SUPER VISA INSURANCE
SUPER VISA INSURANCE AT VERY LOW PRICE
Life Insurance
Mortgage Insurance
Disability Insurance
Visitor Insurance
RESP, RRSP
Open Investment
Retirement Planning
Dental Insurance
Associated with all major Life Insurance Companies
DEEP GREWAL
204-996-2571
Associated with all major Life Insurance Companies
Unit # F-10, 1833 INKSTER BLVD, WINNIPEG, MB R2X 1R3
Fax : (204) 480-8708
info@saharainsurancegroup .ca www.saharainsurancegroup.ca

Maple DENTAL CLINIC
ਦੰਦਾਂ ਸਬੰਧੀ ਹਰ ਬਿਮਾਰੀ ਦਾ ਇਲਾਜ
Dr. Sandeep Dhaliwal
DMD
Take Home Whitening Kits
with new patient exams & cleaning !
Services Provided
Cosmetic and preventive Dentistry including:
» Cleaning » Crowns & Bridges
» Invisalign » Partial & Full Dentures
» Fillings » Sports & Night Guards
» Root Canals » Teeth Whitening
» TMJ » Extractions
Clinic Hours:
Monday & Friday: 9 am to 5 pm
Tuesday, Wednesday & Thursday: 11 am to 7 pm
Saturday: 9 am to 4 pm
Accepting New Patients
Appointments @780-440-5001
4444-36 Ave NW Edmonton, AB T6L 3S1

# ਐਡਮਿੰਟਨ ਸਿਟੀ ਕੌਂਸਲ ਚੋਣਾਂ 2013

| ਵਾਰਡ | ਜੇਤੂ | ਵੋਟਾਂ | ਹਾਰੇ | ਵੋਟਾਂ |
|---|---|---|---|---|
| ਸਿਟੀ ਮੇਅਰ | ਡਾਨ ਆਈਵਸਨ | 132162 / 61.88% | ਕੈਰਨ | 41182 / 19.28% |
| ਵਾਰਡ ਨੰ. 1 | ਐਂਡਰਿਊ ਨਾਕ | 7492 / 43.25% | ਬਰਾਇਨ ਸੈਂਡੀਲੈਂਡਜ਼ | 3374 / 19.48% |
| ਵਾਰਡ ਨੰ. 2 | ਬੇਵ ਏਸਲਿੰਗਰ | 4553 / 28.54% | ਡਾਨ ਕੋਜ਼ੀਕ | 3316 / 20.79% |
| ਵਾਰਡ ਨੰ. 3 | ਡੇਵ ਲੋਕੇਸਨ | 6564 / 44.21% | ਡੇਵਿਡ ਡੌਡਗੇ | 6063 / 40.83% |
| ਵਾਰਡ ਨੰ. 4 | ਏਡ ਗਿਬਨਸ | 10752 / 75.12% | ਸੈਮ ਹੈਚਮ | 3181 / 22.22% |
| ਵਾਰਡ ਨੰ. 5 | ਮਾਈਕਲ ਓਸਰੇ | 5433 / 28.32% | ਜਿਮ ਗਿਬਨ | 4805 / 25.05% |
| ਵਾਰਡ ਨੰ. 6 | ਸਕੌਟ ਮੈਕੀਨ | 6352 / 34.38% | ਹੀਥਰ ਮੈਕਨਜ਼ੀ | 4698 / 25.43% |
| ਵਾਰਡ ਨੰ. 7 | ਟੋਨੀ ਕੈਟਰੀਨਾ | 6064 / 41.02% | ਡੇਵ ਕੋਲਬਰਨ | 4892 / 33.09% |
| ਵਾਰਡ ਨੰ. 8 | ਬੇਨ ਹੈਂਡਰਸਨ | 14651 / 70.63% | ਹੀਥਰ ਵਰਕਮੈਨ | 2603 / 12.55% |
| ਵਾਰਡ ਨੰ. 9 | ਬਰਾਇਨ ਐਂਡਰੀਸਨ | 18735 / 79.6% | ਐਂਡਰਿਓ ਗੋਰਮੈਨ | 3952 / 16.79% |
| ਵਾਰਡ ਨੰ. 10 | ਮਾਈਕਲ ਵਾਲਟਰਜ਼ | 11807 / 62.1% | ਰਿਚਰਡ ਜੌਨ ਫ਼ੀਹਾਨ | 3818 / 20.08% |
| ਵਾਰਡ ਨੰ. 11 | ਮਾਈਕ ਨਿਕਲ | 8235 / 46.78% | ਸੋਨੀਆ ਬਿਟਰ | 2488 / 14.13% |
| ਵਾਰਡ ਨੰ. 12 | ਅਮਰਜੀਤ ਸੋਹੀ | 13427 / 75.37% | ਚੀਨਵੀ ਓਕੇਲੂ | 3572 / 20.05% |

## ਐਡਮਿੰਟਨ ਕੈਥਲਿਕ ਅਤੇ ਪਬਲਿਕ ਸਕੂਲ ਬੋਰਡ ਟਰੱਸਟੀ ਚੋਣਾਂ 2013

| ਵਾਰਡ | ਜੇਤੂ | ਵੋਟਾਂ | ਹਾਰੇ | ਵੋਟਾਂ |
|---|---|---|---|---|
| ਵਾਰਡ ਨੰ. 71 | ਪੈਟਰੀਕਾ ਗਰੇਲ | 2709 / 41.53% | ਟੈਰੀ ਹੈਰੀਸ | 1779 / 27.27% |
| ਵਾਰਡ ਨੰ. 72 | ਲੈਰੀ ਕੋਵਾਲਕਜ਼ਾਕ | 4551 / 58.68% | ਡੈਨ ਪੋਸਾ | 2748 / 35.44% |
| ਵਾਰਡ ਨੰ. 73 | ਸਿੰਡੀ ਓਲਸਨ | 4246 / 55.55% | ਮਾਈਕਲ ਡੇਵਿਸ | 1551 / 20.29% |
| ਵਾਰਡ ਨੰ. 74 | ਡੇਬੀ ਏਂਜਲ | 5535 / 64.68% | ਬਰੇਡ ਲੋਹਨਰ | 2641 / 30.86% |
| ਵਾਰਡ ਨੰ. 75 | ਜੌਨ ਅਚੀਸਨ | 4107 / 45.65% | ਐਂਡਰੀਆ ਕਲੋਟਜ਼ | 4037 / 44.88% |
| ਵਾਰਡ ਨੰ. 76 | ਮੈਰੀਲੇਨ ਬਰਗਸਟਰਾ | 5409 / 53.82% | ਟੈਮ ਸੋਲੋਓਮ | 4132 / 41.11% |
| ਵਾਰਡ ਨੰ. 77 | ਲੌਰਾ ਥੀਬਰਟ | 3650 / 44.71% | ਕਾਰਾ ਪੇਲੀਚ | 1998 / 24.48% |
| ਵਾਰਡ ਨੰ. A | ਚੈਰੀਲ ਆਰ ਜੋਹਨਰ | ਬਿਨਾ ਮੁਕਾਬਲਾ ਜੇਤੂ | | |
| ਵਾਰਡ ਨੰ. B | ਮਾਈਕਲ ਡਰਾਪਰ | 6271 / 47.68% | ਕਾਰਲ ਕਾਮਨਸਕੀ | 3413 / 25.95% |
| ਵਾਰਡ ਨੰ. C | ਓਰੀਵਲ ਚੁੱਬ | 3876 / 23.51% | ਸੂਸਨ ਕੈਟਰੀਨਘਮ | 3714 / 22.52% |
| ਵਾਰਡ ਨੰ. D | ਰੇ ਮਾਰਟਿਨ | 6306 / 54.98% | ਐਲੀਜ਼ਾਬੇਥ ਜੋਹਨਸਨ | 4059 / 35.39% |
| ਵਾਰਡ ਨੰ. E | ਕੇਨ ਗਿਬਸਨ | 6959 / 43.27% | ਬਰਿਜਟ ਸਟਰਲਿੰਗ | 4469 / 27.79% |
| ਵਾਰਡ ਨੰ. F | ਮਾਈਕਲ ਜਾਨਜ਼ | 14709 / 69.73% | ਨੋਹ ਸ਼ਿਲੰਗਟਨ | 3670 / 16.65% |
| ਵਾਰਡ ਨੰ. G | ਸਾਰਾ ਹੋਫ਼ਮੈਨ | ਬਿਨਾ ਮੁਕਾਬਲਾ ਜੇਤੂ | | |
| ਵਾਰਡ ਨੰ. H | ਨਾਥਨ ਆਈ.ਪੀ. | 6475 / 28.37% | ਵਸਲੇਨ ਮਾਥਰ | 5992 / 26.25% |
| ਵਾਰਡ ਨੰ. I | ਸ਼ੈਰੀ ਐਡਮਸ | 9795 / 58.26% | ਲੈਸਲੀ ਐਨ ਕਲੇਰੀ | 5421 / 32.24% |



ANJALI AGARWAL

With my 15 years of experience in Residential Mortgage Industry, I would like to, once again, help you with mortgage approvals, construction draw mortgage and line of credits.

Please Contact:
**ANJALI AGARWAL** AMP, BA
Senior Mortgage Advisor

*Now I have access to almost all banks and more than 25 lenders.*

ਮੈਂ ਪੰਜਾਬੀ ਅਤੇ ਹਿੰਦੀ ਵਿੱਚ ਗੱਲਬਾਤ ਕਰ ਸਕਦੀ ਹਾਂ

call @ 780-934-7217 (Cell) or Email anjali.agarwal@mortgagegroup.com

TMG

# ਡਾਨ ਆਈਵਸਨ ਬਣੇ ਐਡਮਿੰਟਨ ਸ਼ਹਿਰ ਦੇ ਮੇਅਰ

## 61 ਫੀਸਦੀ ਤੋਂ ਵੱਧ ਵੋਟਾਂ ਹਾਸਲ ਕੀਤੀਆਂ



ਐਡਮਿੰਟਨ (ਨਦਬ) : ਸਿਟੀ ਕੌਂਸਲ ਦੀਆਂ ਬੀਤੇ ਦਿਨੀਂ ਹੋਈਆਂ ਚੋਣਾਂ ਵਿਚ ਮੇਅਰ ਦੇ ਅਹੁਦੇ ਲਈ ਖੜੇ ਛੇ ਉਮੀਦਵਾਰਾਂ ਵਿਚੋਂ ਸਭ ਤੋਂ ਵੱਧ 1,32,162 ਵੋਟਾਂ ਲੈ ਕੇ ਡਾਨ ਆਈਵਸਨ ਐਡਮਿੰਟਨ ਸਿਟੀ ਕੌਂਸਲ ਦੇ ਨਵੇਂ ਮੇਅਰ ਚੁਣੇ ਗਏ ਹਨ। ਮੇਅਰ ਦੀ ਚੋਣ ਵਿਚ ਨੇੜਲੀ ਵਿਰੋਧੀ ਉਮੀਦਵਾਰ ਕੈਰਨ ਨੂੰ 41,182 ਵੋਟਾਂ ਹਾਸਲ ਹੋਈਆਂ। ਡਾਨ ਆਈਵਸਨ ਇਕ ਸਦੀ ਤੋਂ ਵੀ ਵੱਧ ਸਮੇਂ ਬਾਅਦ ਐਡਮਿੰਟਨ ਦੇ ਸਭ ਤੋਂ ਵੱਧ ਨੌਜਵਾਨ ਮੇਅਰ ਬਣੇ ਹਨ। ਇਨ੍ਹਾਂ ਚੋਣਾਂ ਵਿਚ ਪੰਜਾਬੀ ਮੂਲ ਦੇ ਉਮੀਦਵਾਰਾਂ ਵਿਚੋਂ ਵਾਰਡ ਨੰ. 12 ਤੋਂ ਤੀਜੀ ਵਾਰ ਚੋਣ ਲੜ ਰਹੇ ਅਮਰਜੀਤ ਸੋਹੀ ਨੇ ਆਪਣੇ ਪੁਰਾਣੇ ਵਿਰੋਧੀ ਨੂੰ ਮੁੜ ਹਰਾ ਕੇ ਇਹ ਚੋਣ ਜਿੱਤ ਲਈ ਹੈ। ਵਾਰਡ ਨੰ. 11 ਤੋਂ ਪਹਿਲੀ ਵਾਰ ਚੋਣ ਮੈਦਾਨ ਵਿਚ ਉਤਰੇ ਹਾਰਵੀ ਪਨੇਸਰ ਆਪਣੇ ਵਿਰੋਧੀ ਮਾਇਕ ਨਿਕਲ ਤੋਂ ਵੱਡੇ ਫ਼ਰਕ ਨਾਲ ਚੋਣ ਹਾਰ ਗਏ। 21 ਅਕਤੂਬਰ ਨੂੰ ਪਈਆਂ ਵੋਟਾਂ ਵਿਚ 34.5 ਫ਼ੀਸਦੀ ਵੋਟਿੰਗ ਹੋਈ ਜਿਸ ਵਿਚ ਸ਼ਹਿਰ ਦੇ 619,138 ਵੋਟਰਾਂ ਨੇ 213,585 ਵੋਟਰਾਂ ਨੇ ਵੋਟਾਂ ਪਾਈਆਂ।

# ਨਾਹੀਦ ਨੈਂਸ਼ੀ ਦੁਬਾਰਾ ਕੈਲਗਰੀ ਦੇ ਮੇਅਰ ਚੁਣੇ ਗਏ

## 74 ਫੀਸਦੀ ਤੋਂ ਵੱਧ ਵੋਟਾਂ ਹਾਸਲ ਕੀਤੀਆਂ



ਕੈਲਗਰੀ (ਨਦਬ) : ਕੈਲਗਰੀ ਦੇ ਵੋਟਰਾਂ ਨੇ ਇੱਕ ਵਾਰ ਫਿਰ ਨਾਹੀਦ ਨੈਂਸ਼ੀ ਦੇ ਹੱਕ ਵਿੱਚ ਵੋਟਾਂ ਪਾਈਆਂ ਹਨ ਅਤੇ ਉਹ ਲਗਾਤਾਰ ਦੂਸਰੀ ਵਾਰ ਮੇਅਰ ਚੁਣੇ ਗਏ ਹਨ। ਸਿਟੀ ਕਾਊਂਸਿਲ ਵਿੱਚ ਉਨ੍ਹਾਂ ਦੇ ਬਹੁਤੇ ਪੁਰਾਣੇ ਸਾਥੀ ਵੀ ਚੋਣ ਜਿੱਤ ਗਏ ਹਨ। ਤਿੰਨ ਸਾਲ ਪਹਿਲਾਂ ਨਾਹੀਦ ਨੈਂਸ਼ੀ ਨੇ ਸਾਰਿਆਂ ਨੂੰ ਹੈਰਾਨ ਕਰਦੇ ਹੋਏ ਕੈਲਗਰੀ ਦੇ ਮੇਅਰ ਦੀ ਕੁਰਸੀ 'ਤੇ ਕਬਜ਼ਾ ਕਰ ਲਿਆ ਸੀ ਪਰ ਇਸ ਵਾਰੀ ਉਨ੍ਹਾਂ ਨੇ ਇੱਕ ਤਜਰਬੇਕਾਰ ਸਿਆਸਤਦਾਨ ਵਾਂਗ ਮੁਹਿੰਮ ਚਲਾਈ ਅਤੇ ਜਿੱਤ ਪ੍ਰਾਪਤ ਕੀਤੀ। ਜ਼ਿਕਰਯੋਗ ਹੈ ਕਿ ਨੈਂਸ਼ੀ ਦੁਆਰਾ ਕੈਲਗਰੀ ਵਿੱਚ ਆਏ ਹੜਾਂ ਦੌਰਾਨ ਨਿਭਾਈ ਗਈ ਬੇਮਿਸਾਲ ਭੂਮਿਕਾ ਦੀ ਚੁਫੇਰਿਓਂ ਤਾਰੀਫ ਹੋਈ ਸੀ। ਜਿੱਤ ਤੋਂ ਬਾਅਦ ਆਪਣੇ ਸਮਰਥਕਾਂ ਨੂੰ ਸੰਬੋਧਨ ਕਰਦੇ ਹੋਏ ਆਖਿਆ ਕਿ ਉਹ ਨਵੀਂ ਕਾਊਂਸਿਲ ਨੂੰ ਵਧਾਈ ਦਿੰਦੇ ਹਨ ਪਰ ਅਜੇ ਬਹੁਤ ਕੰਮ ਕਰਨੇ ਬਾਕੀ ਹਨ। ਚੁਣੇ ਗਏ ਬਾਕੀ ਕਾਊਂਸਿਲ ਮੈਂਬਰਾਂ ਵਿੱਚ ਜਿੰਮ ਸਟੀਵਨਸਨ ਵਾਰਡ 3 ਤੋਂ ਰੇਅ ਜੋਨਜ਼, ਵਾਰਡ 5 ਤੋਂ, ਰਿਚਰਡ ਪੂਟਮੈਨਜ਼ ਵਾਰਡ 6 ਤੋਂ, ਡਰੂਹ ਫਾਰੈਲ ਵਾਰਡ 7 ਤੋਂ, ਗਿਆਨ ਕਰਲੋ ਵਾਰਡ 9 ਤੋਂ, ਐਡਰੇ ਚੈਬੌਟ ਵਾਰਡ 10 ਤੋਂ, ਬਰਾਇਨ ਪਿਨਕੌਟ ਵਾਰਡ 11 ਤੋਂ, ਸ਼ੇਨ ਕੀਟਿੰਗ ਵਾਰਡ 12 ਤੋਂ ਡਿਆਨ ਕੋਲੇ ਵਾਰਡ 13 ਤੋਂ ਅਤੇ ਪੀਟਰ ਡੈਮੌਂਗ ਵਾਰਡ 14 ਤੋਂ ਸ਼ਾਮਲ ਹਨ। ਇਸ ਵਾਰੀ ਕਾਊਂਸਿਲ ਵਿੱਚ ਕੁਝ ਨਵੇਂ ਚਿਹਰੇ ਵੀ ਹੋਣਗੇ, ਵਾਰਡ 4 ਤੋਂ ਸੀਨ ਚੂ ,ਵਾਰਡ 8 ਤੋਂ ਇਵਾਨ ਵੌਲੀ ਅਤੇ ਵਾਰਡ 2 ਵਿੱਚ ਜੋਅ ਮੈਗਲੀਉਕਾ ਚੋਣ ਜਿੱਤੇ ਹਨ। ਨਾਹੀਦ ਨੈਂਸ਼ੀ ਨੇ ਕੁੱਲ ਭੁਗਤਣ ਵਾਲੀਆਂ ਵੋਟਾਂ ਵਿੱਚੋਂ 74 ਫੀਸਦੀ ਵੋਟਾਂ ਹਾਸਲ ਕੀਤੀਆਂ।

# ਅਮਰਜੀਤ ਸੋਹੀ ਤੀਸਰੀ ਵਾਰ ਬਣੇ ਕੌਂਸਲਰ




ਐਡਮਿੰਟਨ (ਨਦਬ) : ਵਾਰਡ ਨੰਬਰ 12 ਤੋਂ ਪੰਜਾਬੀ ਮੂਲ ਦੇ ਅਮਰਜੀਤ ਸੋਹੀ ਆਪਣੇ ਨੇੜਲੇ ਉਮੀਦਵਾਰ ਚਿਨਵੀ ਓਕੇਲੂ ਨੂੰ ਹਰਾ ਕੇ ਤੀਸਰੀ ਵਾਰ ਕੌਂਸਲਰ ਚੁਣੇ ਗਏ ਹਨ। ਸੋਹੀ ਨੇ ਪਹਿਲੀ ਵਾਰ 2007 ਵਿਚ ਚੋਣ ਜਿੱਤੀ ਸੀ ਅਤੇ ਉਦੋਂ ਵੀ 200 ਵੋਟਾਂ ਦੇ ਫ਼ਰਕ ਨਾਲ ਚਿਨਵੀ ਨੂੰ ਹਰਾ ਦਿੱਤਾ ਸੀ। 2010 ਵਿਚ ਵੀ ਉਨ੍ਹਾਂ ਨੇ ਇਥੋਂ ਹੀ ਚੋਣ ਜਿੱਤੀ ਸੀ। ਇਸ ਚੋਣ ਵਿਚ ਰਾਜਾ ਅੱਬਾਸ ਨੂੰ ਤੀਸਰਾ ਸਥਾਨ ਹਾਸਲ ਹੋਇਆ। ਆਪਣੀ ਜਿੱਤ ਤੋਂ ਬਾਅਦ ਪ੍ਰਸ਼ੰਸਕਾਂ ਨਾਲ ਗੱਲਬਾਤ ਕਰਦਿਆਂ ਸੋਹੀ ਨੇ ਕਿਹਾ ਕਿ ਉਹ ਆਪਣੀ ਵਾਰਡ ਦੇ ਵਸਨੀਕਾਂ ਦੇ ਤਹਿ ਦਿਲ ਤੋਂ ਧੰਨਵਾਦੀ ਹਨ ਜਿਨ੍ਹਾਂ ਨੇ ਵੋਟਾਂ ਪਾ ਕੇ ਉਨ੍ਹਾਂ ਨੂੰ ਤੀਸਰੀ ਵਾਰ ਕੌਂਸਲਰ ਬਣਨ ਦਾ ਮੌਕਾ ਦਿੱਤਾ। ਸੋਹੀ ਨੇ ਅੱਗੇ ਕਿਹਾ ਕਿ ਉਹ ਅਧੂਰੇ ਰਹਿ ਗਏ ਕੰਮਾਂ ਨੂੰ ਆਪਣੀ ਪੂਰੀ ਸਮਰਥਾ ਨਾਲ ਨੇਪਰੇ ਚਾੜ੍ਹਨ ਦਾ ਯਤਨ ਕਰਨਗੇ। ਪਹਿਲਾਂ ਇਹ ਮੰਨਿਆ ਜਾ ਰਿਹਾ ਸੀ ਕਿ ਸੋਹੀ ਵੀ ਮੇਅਰ ਦੀ ਦੌੜ ਵਿਚ ਸ਼ਾਮਲ ਹੋਣਗੇ ਪਰ ਮਈ ਦੌਰਾਨ ਉਨ੍ਹਾਂ ਨੇ ਕੌਂਸਲਰ ਵਜੋਂ ਚੋਣ ਲੜਨ ਦਾ ਐਲਾਨ ਕਰ ਦਿੱਤਾ ਸੀ। ਉਨ੍ਹਾਂ ਦੀ ਜਿੱਤ ਦੀ ਖ਼ੁਸ਼ੀ ਵਿਚ ਵੱਡੀ ਗਿਣਤੀ ਵਿਚ ਵਾਰਡ ਦੇ ਵੋਟਰ ਸ਼ਾਮਲ ਹੋਏ।






ਇਸਤਰੀਆਂ ਅਤੇ ਮਰਦਾਂ ਦੇ ਹਰ ਕਿਸਮ ਦੇ ਕਪੜਿਆਂ ਨੂੰ ਠੀਕ ਕਰਵਾਉਣ (Alternation) ਲਈ ਸੰਪਰਕ ਕਰੋ। ਮਰਦਾਂ ਦੇ ਪਜਾਮੇ ਕੁੜਤੇ, ਪਠਾਣੀ ਸੂਟ, ਨਾਈਟ ਸੂਟ ਸਿਲਾਉਣ ਲਈ ਮਿਲੋ

ਰਵੀ ਵਰਮਾ

780-995-4461

DOUBLE G HAIR SALON

MEN'S HAIR CUT $10

LADIES HAIR CUT $12

EYEBROW THREADING - FACIALWAX

78 Mandalay Drive, PH 204-633-2525

Emergency Service 24x7

Free Estimate with Treatment

GOLDEN ARROW PEST CONTROL INC.



CALL @ 780 462 6669

Specializing in:

Ants, Bees, Birds, Bedbugs, Flies,Bugs, Spiders, Flea, Mice/Rats, Cock-Roaches, Wasp, Squirrels, Gophers, Pigeons etc.

PROFESSIONAL CERTIFIED SERVICE PROVIDER FOR:
&

* Air-Guard And Konk- Fly Control Machines.
* Unwanted pests any kind 100% guarantee.
* Hanta Virus Clean-up & Disinfecting
* Exclusion work for Bird & Rodents.
* Special Gophers Poison
* bee's,Wasp,Hornet Control
* Home Protection Programs
* Residential and Commercial Experts

ਘਰਾਂ ਤੇ ਵਪਾਰਕ ਥਾਵਾਂ ਨੂੰ ਮੱਖੀਆਂ, ਕਾਕਰੋਚ, ਚੂਹਿਆਂ, ਕੀੜੀਆਂ ਅਤੇ ਹੋਰ ਅਣਚਾਹੇ ਜਾਨਵਰਾਂ ਤੋਂ ਮੁਕਤੀ ਲਈ ਅੱਜ ਹੀ ਕਾਲ ਕਰੋ **ਗੋਲਡਨ ਐਰੋ ਪੈਸਟ ਕੰਟਰੋਲ** ਨੂੰ।

M.S. (Sunny)
Expert Certified Service Technician
780 243 6705

908-77 AVE NW, Edmonton AB T6P 1M2
info@goldenarrowpestcontrol.com www.goldenarrowpestcontrol.com

# ਐਡਮਿੰਟਨ ਸਿਟੀ ਕੌਂਸਲ ਦਾ ਇਤਿਹਾਸ

*ਫਰਵਰੀ 1892 ਵਿਚ ਪਹਿਲੀ ਵਾਰ ਐਡਮਿੰਟਨ ਵਿਚ ਮਿਉਂਸੀਪਲ ਚੋਣਾਂ ਹੋਈਆਂ। ਮਿਉਂਸੀਪਲ ਲਈ ਪਹਿਲੀ ਵਾਰੀ ਹੋਈਆਂ ਚੋਣਾਂ ਵਿਚ ਛੇ ਮੈਂਬਰ ਚੁਣੇ ਗਏ। ਉਦੋਂ ਮੈਂਬਰਾਂ ਨੂੰ ਐਲਡਰਮੈਨ ਕਿਹਾ ਜਾਂਦਾ ਸੀ, ਕੌਂਸਲਰ ਸ਼ਬਦ ਇਨ੍ਹਾਂ ਲਈ ਬਾਅਦ ਵਿਚ ਵਰਤਿਆ ਜਾਣ ਲੱਗਿਆ। ਇਨ੍ਹਾਂ ਚੋਣਾਂ ਨੂੰ ਲੈ ਕੇ ਲੋਕਾਂ 'ਚ ਇੰਨਾ ਉਤਸ਼ਾਹ ਸੀ ਕਿ ਸੌ ਪ੍ਰਤੀਸ਼ਤ ਤੋਂ ਵੀ ਉੱਪਰ ਵੋਟ ਭੁਗਤੀ। ਉਦੋਂ ਇਹ ਚੋਣ ਇਕ ਸਾਲ ਲਈ ਹੋਈ ਸੀ ਤੇ ਮਗਰੋਂ ਵੀ ਕਾਫ਼ੀ ਸਾਲ ਮਿਉਂਸੀਪਲ ਚੋਣਾਂ ਸਾਲਾਨਾ ਹੁੰਦੀਆਂ ਰਹੀਆਂ। 1892 ਦੀਆਂ ਮਿਉਂਸੀਪਲ ਚੋਣਾਂ ਵਿਚ ਐਡਮਿੰਟਨ ਦਾ ਪਹਿਲੀ ਵਾਰ ਮੇਅਰ ਬਣਨ ਦਾ ਮਾਣ ਮੈਕੈਲੇ ਨੂੰ ਹਾਸਲ ਹੋਇਆ। ਪਹਿਲੀ ਵਾਰ ਹੋਈਆਂ ਚੋਣਾਂ ਵਿਚ 200 ਯੋਗ ਵੋਟਰਾਂ ਦੀ ਨਿਸ਼ਾਨਦੇਹੀ ਕੀਤੀ ਗਈ। ਇਨ੍ਹਾਂ ਪਹਿਲੀਆਂ ਚੋਣਾਂ ਦੀ ਖ਼ਾਸ ਗੱਲ ਇਹ ਰਹੀ ਕਿ ਇਨ੍ਹਾਂ ਚੋਣਾਂ ਵਿਚ ਚਾਰ ਔਰਤਾਂ ਨੇ ਵੀ ਆਪਣੇ ਮਤ ਦੀ ਵਰਤੋਂ ਕੀਤੀ। ਇਸ ਤੋਂ ਬਾਅਦ ਇਸ ਸੰਸਥਾ ਨੇ ਕਿਵੇਂ ਇਤਿਹਾਸਕ ਪੜਾਵਾਂ ਵਿਚੋਂ ਲੰਘਦਿਆਂ ਆਧੁਨਿਕ ਰੂਪ ਅਖ਼ਤਿਆਰ ਕੀਤਾ, ਇਸ ਸਬੰਧੀ 'ਨਵੀਂ ਦੁਨੀਆ' ਦੇ ਪਾਠਕਾਂ ਲਈ ਵਿਸ਼ੇਸ਼ ਰਿਪੋਰਟ ਪੇਸ਼ ਕੀਤੀ ਜਾ ਰਹੀ ਹੈ।*

ਜਮਹੂਰੀ ਢਾਂਚੇ ਦੀ ਲੋਕਪ੍ਰਿਯਤਾ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਇਸ ਪ੍ਰਣਾਲੀ ਵਿਚ ਸੱਤਾ ਦੇ ਵਿਕੇਂਦਰੀਕਰਨ ਦਾ ਪ੍ਰਬੰਧ ਹੈ। ਇਸ ਰਾਜਪ੍ਰਣਾਲੀ ਵਿਚ ਬਹੁਤ ਸਾਰੀਆਂ ਅਜਿਹੀਆਂ ਸੰਸਥਾਵਾਂ ਹਨ ਜੋ ਆਜ਼ਾਦਾਨਾ ਢੰਗ ਨਾਲ ਕੰਮ ਕਰਦੀਆਂ ਹਨ ਤੇ ਉਨ੍ਹਾਂ ਸੰਸਥਾਵਾਂ ਦਾ ਵਿਸ਼ੇਸ਼ ਅਧਿਕਾਰ ਖੇਤਰ ਹੁੰਦਾ ਹੈ। ਅਜਿਹੀਆਂ ਸੰਸਥਾਵਾਂ ਨੇ ਬਹੁਤ ਸਾਰੀਆਂ ਜਮਹੂਰੀ ਪਰੰਪਰਾਵਾਂ ਨੂੰ ਜਨਮ ਦਿੱਤਾ ਹੈ, ਜਿਨ੍ਹਾਂ ਕਰ ਕੇ ਨਾ ਸਿਰਫ਼ ਲੋਕਤੰਤਰ ਮਜ਼ਬੂਤ ਹੋਇਆ ਹੈ ਸਗੋਂ ਜਮਹੂਰੀ ਰਾਜ ਵਿਚ ਭਾਗੀਦਾਰ ਸੰਸਥਾਵਾਂ ਦਾ ਅਧਿਕਾਰ ਖੇਤਰ ਵੀ ਵਿਸ਼ਾਲ ਹੋਇਆ ਹੈ। ਜਮਹੂਰੀ ਪ੍ਰਣਾਲੀ ਵਿਚ ਬਹੁਤ ਸਾਰੀਆਂ ਅਜਿਹੀਆਂ ਸੰਸਥਾਵਾਂ ਹਨ, ਜਿਨ੍ਹਾਂ ਦਾ ਆਧੁਨਿਕ ਕਿਸਮ ਦੀ ਜਮਹੂਰੀ ਰਾਜਪ੍ਰਣਾਲੀ ਨੂੰ ਮਜ਼ਬੂਤ ਕਰਨ ਵਿਚ ਅਹਿਮ ਯੋਗਦਾਨ ਹੈ। ਇਨ੍ਹਾਂ ਸੰਸਥਾਵਾਂ ਵਿਚੋਂ ਇਕ ਸੰਸਥਾ ਸਿਟੀ ਕੌਂਸਲ ਹੈ। ਜਿਸ ਦੇਸ਼ ਵਿਚ ਵੀ ਜਮਹੂਰੀ ਢਾਂਚਾ ਹੋਂਦ ਵਿਚ ਆਇਆ ਹੈ, ਉੱਥੇ ਸਿਟੀ ਕੌਂਸਲ ਜਾਂ ਨਗਰ ਨਿਗਮ ਦਾ ਮਾਡਲ ਵੀ ਸਾਹਮਣੇ ਆਇਆ ਹੈ। ਇਹ ਖ਼ਾਸ ਸ਼ਹਿਰ ਦੀ ਅਜਿਹੀ ਸਥਾਨਕ ਸਰਕਾਰ ਹੁੰਦੀ ਹੈ, ਜਿਸ ਨੇ ਸ਼ਹਿਰ ਦੇ ਸਾਰੇ ਪ੍ਰਬੰਧਾਂ ਨੂੰ ਦੇਖਣਾ ਹੁੰਦਾ ਹੈ ਤੇ ਸ਼ਹਿਰ ਦੇ ਵਿਕਾਸ ਲਈ ਯੋਜਨਾਵਾਂ ਉਲੀਕਣੀਆਂ ਹੁੰਦੀਆਂ ਹਨ। ਇਸ ਕਾਰਜ ਲਈ ਸੂਬਾ ਸਰਕਾਰ ਨਾਲ ਇਹ ਸਿੱਧੇ ਤੌਰ 'ਤੇ ਜੁੜੀ ਹੁੰਦੀ ਹੈ। ਪਰ ਇਸ ਦਾ ਮਤਲਬ ਇਹ ਨਹੀਂ ਕਿ ਸੂਬਾ ਸਰਕਾਰ ਇਸ 'ਤੇ ਹੁਕਮ ਚਲਾ ਸਕਦੀ ਹੈ, ਸਗੋਂ ਇਸ ਸੰਸਥਾ ਦਾ ਖ਼ਾਸ ਵਿਧਾਨ ਹੁੰਦਾ ਹੈ, ਜਿਸ ਅਨੁਸਾਰ ਇਹ ਕੰਮ ਕਰਦੀ ਹੈ। ਇਹ ਗੱਲ ਜ਼ਰੂਰ ਹੈ ਕਿ ਲੋਕਾਂ ਦੀ ਮੰਗ ਨੂੰ ਦੇਖਦਿਆਂ ਸੂਬਾ ਸਰਕਾਰ ਇਸ ਦੇ ਵਿਧਾਨ ਵਿਚ ਸੁਧਾਰ ਕਰਨ ਦਾ ਹੱਕ ਰੱਖਦੀ ਹੈ ਪਰ ਅਜਿਹਾ ਲੋਕਾਂ ਦੀ ਸਹਿਮਤੀ ਤੋਂ ਬਿਨਾਂ ਸੰਭਵ ਨਹੀਂ। ਆਧੁਨਿਕ ਸਮਿਆਂ ਵਿਚ ਇਸ ਸੰਸਥਾ ਦੀ ਮਹੱਤਤਾ ਬਹੁਤ ਜ਼ਿਆਦਾ ਵੱਧ ਗਈ ਹੈ। ਇਹ ਲੋਕਤੰਤਰ ਦੀ ਪ੍ਰਤੀਨਿਧਤਾ ਕਰਨ ਵਾਲੀਆਂ ਸਭ ਤੋਂ ਵੱਡੀਆਂ ਸੰਸਥਾਵਾਂ 'ਚੋਂ ਇਕ ਬਣ ਗਈ ਹੈ। ਹੁਣ ਇਸ ਦਾ ਅਧਿਕਾਰ ਖੇਤਰ ਏਨਾ ਵਿਸ਼ਾਲ ਹੈ ਕਿ ਸ਼ਹਿਰ ਦੇ ਵਿਕਾਸ ਕਾਰਜਾਂ ਲਈ ਬਜਟ ਇਸ ਸੰਸਥਾ ਨੇ ਹੀ ਉਲੀਕਣਾ ਹੁੰਦਾ ਹੈ। ਸਮੁੱਚੇ ਤੌਰ 'ਤੇ ਸ਼ਹਿਰ ਦੇ ਪ੍ਰਬੰਧ ਲਈ ਹੁਣ ਇਹ ਸੰਸਥਾ ਜ਼ਿੰਮੇਵਾਰ ਹੁੰਦੀ ਹੈ। ਜੇ ਇਸ ਸੰਸਥਾ ਦੇ ਇਤਿਹਾਸਕ ਪਿਛੋਕੜ ਵਿਚ ਹੋਏ ਵਿਕਾਸ ਦੀ ਗੱਲ ਕਰੀਏ ਤਾਂ ਸਪਸ਼ਟ ਹੁੰਦਾ ਹੈ ਕਿ ਸ਼ੁਰੂ ਵਿਚ ਸਿਟੀ ਕੌਂਸਲ ਜਾਂ ਨਗਰ ਨਿਗਮ ਸੰਸਥਾਵਾਂ ਅੱਜ ਵਾਲੀਆਂ ਨਹੀਂ ਸਨ। ਉਦੋਂ ਇਨ੍ਹਾਂ ਕੋਲ ਇੰਨੀਆਂ ਸ਼ਕਤੀਆਂ ਨਹੀਂ ਹੁੰਦੀਆਂ ਸਨ। ਪਰ ਕਿਸੇ ਵੀ ਦੇਸ਼ ਵਿਚ ਜਿਉਂ-ਜਿਉਂ ਲੋਕਤੰਤਰ ਮਜ਼ਬੂਤ ਹੁੰਦਾ ਗਿਆ ਤਾਂ ਉਸ ਦੇਸ਼ ਵਿਚ ਸਿਟੀ ਕੌਂਸਲ ਜਾਂ ਨਗਰ ਨਿਗਮ ਦਾ ਅਧਿਕਾਰ ਖੇਤਰ ਵੀ ਵਿਸ਼ਾਲ ਹੁੰਦਾ ਗਿਆ। ਅੱਜ ਦੇ ਸਮੇਂ ਦੀ ਗੱਲ ਕਰੀਏ ਤਾਂ ਹੁਣ ਇਹ ਸੰਸਥਾ ਜਮਹੂਰੀ ਪ੍ਰਣਾਲੀ ਦਾ ਅਹਿਮ ਅੰਗ ਬਣ ਗਈ ਹੈ, ਇਸ ਤੋਂ ਬਗੈਰ ਲੋਕਤੰਤਰ ਦੀ ਕਲਪਨਾ ਕਰਨਾ ਅਸੰਭਵ ਹੈ।

ਦੁਨੀਆ ਭਰ ਦੇ ਜਮਹੂਰੀ ਦੇਸ਼ਾਂ ਵਿਚ ਸਿਟੀ ਕੌਂਸਲ ਜਾਂ ਨਗਰ ਨਿਗਮ ਦਾ ਮਾਡਲ ਵਿਕਸਤ ਹੋ ਚੁੱਕਿਆ ਹੈ। ਇਨ੍ਹਾਂ ਸਾਰੇ ਦੇਸ਼ਾਂ ਵਿਚ ਸਿਟੀ ਕੌਂਸਲ ਜਾਂ ਨਗਰ ਨਿਗਮ ਦੇ ਰੂਪ ਨੂੰ ਲੈ ਕੇ ਥੋੜ੍ਹੀ ਬਹੁਤ ਵੱਖਰਤਾ ਹੋ ਸਕਦੀ ਹੈ ਪਰ ਮੂਲ ਰੂਪ ਵਿਚ ਦੁਨੀਆ ਭਰ ਵਿਚ ਇਨ੍ਹਾਂ ਸੰਸਥਾਵਾਂ ਦਾ ਉਦੇਸ਼ ਇਕੋ ਹੀ ਹੈ। ਉਹ ਉਦੇਸ਼ ਹੈ ਸ਼ਹਿਰ ਦੇ ਲੋਕਾਂ ਦੇ ਹਿੱਤਾਂ ਦੀ ਰੱਖਿਆ ਕਰਨਾ ਅਤੇ ਸ਼ਹਿਰ ਦਾ ਸਮੁੱਚੇ ਰੂਪ ਵਿਚ ਵਿਕਾਸ ਕਰਨਾ। ਦੁਨੀਆ ਦੇ ਸਾਰੇ ਜਮਹੂਰੀ ਦੇਸ਼ਾਂ ਵਿਚ ਇਸ ਸੰਸਥਾ ਦੇ ਮੈਂਬਰਾਂ ਅਤੇ ਮੁਖੀ ਨੂੰ ਜਮਹੂਰੀ ਢੰਗ ਦੀ ਵੋਟ ਪ੍ਰਣਾਲੀ ਨਾਲ ਚੁਣਿਆ ਜਾਂਦਾ ਹੈ।

ਇੱਥੇ ਅਸੀਂ ਵਿਸ਼ੇਸ਼ ਤੌਰ 'ਤੇ ਐਡਮਿੰਟਨ ਦੀ ਸਿਟੀ ਕੌਂਸਲ ਦੇ ਇਤਿਹਾਸਕ ਪਿਛੋਕੜ 'ਤੇ ਸੰਪੇਖ ਝਾਤ ਪਾਵਾਂਗੇ ਤਾਂ ਜੋ ਸ਼ਹਿਰ ਦੇ ਵਿਕਾਸ ਵਿਚ ਇਸ ਸੰਸਥਾ ਦੇ ਮਹੱਤਵ ਨੂੰ ਸਮਝ ਸਕੀਏ ਤੇ ਨਾਲ ਹੀ ਇਹ ਜਾਣ ਸਕੀਏ ਕਿ ਸਿਟੀ ਕੌਂਸਲ ਨੇ ਆਧੁਨਿਕ ਰੂਪ ਕਿਹੜੇ-ਕਿਹੜੇ ਵਿਕਾਸ ਪੜਾਵਾਂ ਵਿਚੋਂ ਲੰਘ ਕੇ ਅਖ਼ਤਿਆਰ ਕੀਤਾ ਹੈ।



ਜੇ ਅਸੀਂ ਇਸ ਸੰਸਥਾ ਦੇ ਹੋਂਦ ਵਿਚ ਆਉਣ ਵਾਲੇ ਸਮੇਂ ਦੀ ਗੱਲ ਕਰੀਏ ਤਾਂ ਫਰਵਰੀ 1892 ਵਿਚ ਪਹਿਲੀ ਵਾਰ ਐਡਮਿੰਟਨ ਵਿਚ ਮਿਉਂਸੀਪਲ ਚੋਣਾਂ ਹੋਈਆਂ। ਮਿਉਂਸੀਪਲ ਲਈ ਪਹਿਲੀ ਵਾਰੀ ਹੋਈਆਂ ਚੋਣਾਂ ਵਿਚ ਛੇ ਮੈਂਬਰ ਚੁਣੇ ਗਏ। ਉਦੋਂ ਮੈਂਬਰਾਂ ਨੂੰ ਐਲਡਰਮੈਨ ਕਿਹਾ ਜਾਂਦਾ ਸੀ, ਕੌਂਸਲਰ ਸ਼ਬਦ ਇਨ੍ਹਾਂ ਲਈ ਬਾਅਦ ਵਿਚ ਵਰਤਿਆ ਜਾਣ ਲੱਗਿਆ। ਇਨ੍ਹਾਂ ਚੋਣਾਂ ਨੂੰ ਲੈ ਕੇ ਲੋਕਾਂ 'ਚ ਇੰਨਾ ਉਤਸ਼ਾਹ ਸੀ ਕਿ ਸੌ ਪ੍ਰਤੀਸ਼ਤ ਤੋਂ ਵੀ ਉੱਪਰ ਵੋਟ ਭੁਗਤੀ। ਉਦੋਂ ਇਹ ਚੋਣ ਇਕ ਸਾਲ ਲਈ ਹੋਈ ਸੀ ਤੇ ਮਗਰੋਂ ਵੀ ਕਾਫ਼ੀ ਸਾਲ ਮਿਉਂਸੀਪਲ ਚੋਣਾਂ ਸਾਲਾਨਾ ਹੁੰਦੀਆਂ ਰਹੀਆਂ। 1892 ਦੀਆਂ ਮਿਉਂਸੀਪਲ ਚੋਣਾਂ ਵਿਚ ਐਡਮਿੰਟਨ ਦਾ ਪਹਿਲੀ ਵਾਰ ਮੇਅਰ ਬਣਨ ਦਾ ਮਾਣ ਮੈਕੈਲੇ ਨੂੰ ਹਾਸਲ ਹੋਇਆ। ਪਹਿਲੀ ਵਾਰ ਹੋਈਆਂ ਚੋਣਾਂ ਵਿਚ 200 ਯੋਗ ਵੋਟਰਾਂ ਦੀ ਨਿਸ਼ਾਨਦੇਹੀ ਕੀਤੀ ਗਈ। ਇਨ੍ਹਾਂ ਪਹਿਲੀਆਂ ਚੋਣਾਂ ਦੀ ਖ਼ਾਸ ਗੱਲ ਇਹ ਰਹੀ ਕਿ ਇਨ੍ਹਾਂ ਚੋਣਾਂ ਵਿਚ ਚਾਰ ਔਰਤਾਂ ਨੇ ਵੀ ਆਪਣੇ ਮਤ ਦੀ ਵਰਤੋਂ ਕੀਤੀ। ਇਸ ਤੋਂ ਬਾਅਦ ਇਸ ਸੰਸਥਾ ਨੇ ਕਿਵੇਂ ਇਤਿਹਾਸਕ ਪੜਾਵਾਂ ਵਿਚੋਂ ਲੰਘਦਿਆਂ ਆਧੁਨਿਕ ਰੂਪ ਅਖ਼ਤਿਆਰ ਕੀਤਾ, ਇਸ ਵਿਚਕਾਰਲੇ ਸਮੇਂ ਦੌਰਾਨ ਵਾਪਰੇ ਮਹੱਤਵਪੂਰਨ ਵਰਤਾਰਿਆਂ ਅਤੇ ਤੱਥਾਂ 'ਤੇ ਅਸੀਂ ਇੱਥੇ ਚਾਨਣਾ ਪਾਉਣਾ ਹੈ।

1895 ਦੀਆਂ ਮਿਉਂਸੀਪਲ ਚੋਣਾਂ 'ਚ ਇਹ ਪਹਿਲੀ ਵਾਰ ਹੋਇਆ ਕਿ ਸਿਵਲ ਚੋਣਾਂ ਵਾਲੇ ਦਿਨ ਹੀ ਸਕੂਲ ਦੇ ਟਰੱਸਟੀਆਂ ਦੀਆਂ ਚੋਣਾਂ ਵੀ ਨਾਲ ਹੋਈਆਂ। ਇਨ੍ਹਾਂ ਚੋਣਾਂ ਵਿਚ ਮੇਅਰ ਵਿਲਸਨ ਨੂੰ ਚੁਣਿਆ ਗਿਆ। 1896 ਵਿਚ ਮੇਅਰ ਵਿਲਸਨ 'ਤੇ ਸਿਟੀ ਫੰਡ ਵਿਚ ਵਿੱਤੀ ਬੇਨਿਯਮੀਆਂ ਕਰਨ ਦੇ ਦੋਸ਼ ਲੱਗੇ, ਜਿਸ ਦੇ ਚੱਲਦਿਆਂ ਉਨ੍ਹਾਂ ਨੂੰ ਨੌਂ ਅਕਤੂਬਰ 1896 ਨੂੰ ਅਸਤੀਫ਼ਾ ਦੇਣਾ ਪਿਆ। ਇਸ ਤਰ੍ਹਾਂ ਇਤਿਹਾਸ ਵਿਚ ਵਿਲਸਨ ਐਡਮਿੰਟਨ ਸ਼ਹਿਰ ਦਾ ਪਹਿਲਾ ਅਜਿਹਾ ਮੇਅਰ ਬਣ ਗਿਆ, ਜਿਸ 'ਤੇ ਵਿੱਤੀ ਬੇਨਿਯਮੀਆਂ ਦੇ ਦੋਸ਼ ਲੱਗੇ ਤੇ ਇਨ੍ਹਾਂ ਦੋਸ਼ਾਂ ਤਹਿਤ ਉਨ੍ਹਾਂ ਨੂੰ ਅਸਤੀਫ਼ਾ ਦੇਣਾ ਪਿਆ। ਇਸ ਤਰ੍ਹਾਂ ਸਿਟੀ ਕੌਂਸਲ ਦੇ ਇਤਿਹਾਸ ਵਿਚ ਵਿਲਸਨ ਨੂੰ ਅਸੀਂ ਵਿੱਤੀ ਬੇਨਿਯਮੀਆਂ ਦਾ ਜਨਮਦਾਤਾ ਕਹਿ ਸਕਦੇ ਹਾਂ। ਇਸ ਤੋਂ ਬਾਅਦ 1904 ਵਧਦੀ ਜਨਸੰਖਿਆ ਨੂੰ ਦੇਖਦਿਆਂ ਕੌਂਸਲ ਵਿਚ ਸੰਤੁਲਨ ਕਾਇਮ ਕਰਨ ਲਈ ਐਲਡਰਮੈਨ ਭਾਵ ਮੈਂਬਰਾਂ ਦੀ ਗਿਣਤੀ ਛੇ ਤੋਂ ਵਧਾ ਕੇ ਅੱਠ ਕੀਤੀ ਗਈ ਤੇ 1912 ਵਿਚ ਅੱਠ ਤੋਂ ਦਸ ਕਰ ਦਿੱਤੀ ਗਈ।

ਕੌਂਸਲ ਵੱਲੋਂ ਸਿਹਤ ਅਤੇ ਸਿੱਖਿਆ ਨਾਲ ਸਬੰਧਤ ਸਮੱਸਿਆਵਾਂ ਨੂੰ ਦੇਖਦਿਆਂ 1933 ਵਿਚ ਪਹਿਲੀ ਵਾਰ ਹੈਲਥ ਬੋਰਡ ਦਾ ਗਠਨ ਕਰ ਕੇ ਸਕੂਲ ਬੋਰਡਾਂ ਨੂੰ ਇਸ ਵਿਚ ਸ਼ਾਮਲ ਕਰ ਦਿੱਤਾ ਗਿਆ, ਜਿਸ ਦੇ ਚਲਦਿਆਂ ਸਕੂਲ ਬੋਰਡ ਹੈਲਥ ਬੋਰਡਾਂ ਦੇ ਕੰਟਰੋਲ ਹੇਠ ਆ ਗਏ।

ਇਸ ਗੱਲ ਨੂੰ ਲੈ ਕੇ ਅਕਸਰ ਬਹਿਸ ਚੱਲਦੀ ਰਹਿੰਦੀ ਸੀ ਕਿ ਮੇਅਰ ਦਾ ਕਾਰਜਕਾਲ ਕਿੰਨਾ ਹੋਣਾ ਚਾਹੀਦਾ ਹੈ। ਬਹੁਤ ਸਾਰਿਆਂ ਦਾ ਕਹਿਣਾ ਸੀ ਕਿ ਮੇਅਰ ਦਾ ਕਾਰਜਕਾਲ ਦੋ ਸਾਲਾਂ ਲਈ ਹੋਣਾ ਚਾਹੀਦਾ ਹੈ। 1936 ਵਿਚ ਇਸ ਸਵਾਲ ਨੂੰ ਲੈ ਕੇ ਮਤਦਾਨ ਕਰਵਇਆ ਗਿਆ, ਇਸ ਦੇ ਹੱਕ ਵਿਚ 12511 ਅਤੇ ਵਿਰੋਧ ਵਿਚ 15320 ਵੋਟਾਂ ਪਈਆਂ। ਫਿਰ 1937 ਵਿਚ ਕੌਂਸਲ ਦੇ ਮੈਂਬਰਾਂ ਦੁਆਰਾ ਮੇਅਰ ਨੂੰ ਸਾਲਾਨਾ ਚੁਣਨ ਦੇ ਸਵਾਲ 'ਤੇ ਮਤਦਾਨ ਕਰਵਾਇਆ ਗਿਆ, ਇਸ ਦੇ ਹੱਕ 4444 ਅਤੇ ਵਿਰੋਧ ਵਿਚ 18383 ਵੋਟਾਂ ਭੁਗਤੀਆਂ। ਇਸ ਤੋਂ ਸਾਫ਼ ਹੋ ਗਿਆ ਕਿ ਲੋਕਾਂ ਦਾ ਜ਼ਿਆਦਾ ਹੁੰਗਾਰਾ ਇਸ ਗੱਲ ਵੱਲ ਹੈ ਕਿ ਮੇਅਰ ਨੂੰ ਸਾਲਾਨਾ ਦੀ ਥਾਂ ਦੋ ਸਾਲਾਂ ਲਈ ਚੁਣਿਆ ਜਾਵੇ। ਇਸ ਦੇ ਚਲਦਿਆਂ 5 ਨਵੰਬਰ 1947 ਨੂੰ ਹੋਈਆਂ ਚੋਣਾਂ 'ਚ ਲੋਕਾਂ ਨੇ ਇਸ ਗੱਲ ਦੇ ਹੱਕ ਵਿਚ ਫਤਵਾ ਦਿੱਤਾ ਕਿ ਮੇਅਰ ਨੂੰ ਦੋ ਸਾਲਾਂ ਲਈ ਚੁਣਨਾ ਚਾਹੀਦਾ ਹੈ। ਅਗਲੀਆਂ ਚੋਣਾਂ ਵਿਚ ਮੇਅਰ ਐਨਲੇ ਨੂੰ ਦੋ ਸਾਲਾਂ ਦੇ ਕਾਰਜਕਾਲ ਲਈ ਚੁਣਿਆ ਗਿਆ। 1962 ਵਿਚ ਵੋਟਰਾਂ ਵੱਲੋਂ ਇਸ ਗੱਲ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਕਿ ਚੋਣਾਂ ਹਰ ਦੋ ਸਾਲਾਂ ਲਈ ਹੋਣੀਆਂ ਚਾਹੀਦੀਆਂ ਹਨ। ਪਰ ਅਮਲੀ ਰੂਪ ਵਿਚ ਇਸ ਨੂੰ ਲਾਗੂ ਕਰਨ ਲਈ ਸੂਬਾ ਸਰਕਾਰ ਤੋਂ ਪ੍ਰਵਾਨਗੀ ਲੈਣੀ ਜ਼ਰੂਰੀ ਸੀ। ਸਿਟੀ ਐਕਟ ਵਿਚ ਸੁਧਾਰ ਨਾ ਹੋਣ ਕਰ ਕੇ ਇਹ ਪ੍ਰਸਤਾਵ 1964 ਤਕ ਕਾਨੂੰਨ ਦਾ ਰੂਪ ਨਾ ਧਾਰ ਸਕਿਆ। 1964 ਤੋਂ ਬਾਅਦ ਹੋਈਆਂ ਚੋਣਾਂ ਵਿਚ ਮੈਂਬਰਾਂ ਨੂੰ ਦੋ ਸਾਲਾਂ ਲਈ ਚੁਣਿਆ ਗਿਆ ਤੇ ਨਾਲ ਹੀ ਮੈਂਬਰਾਂ ਦੀ ਗਿਣਤੀ ਦਸ ਤੋਂ ਵਧਾ ਕੇ ਬਾਰ੍ਹਾਂ ਕਰ ਦਿੱਤੀ।

1968 ਵਿਚ ਨਵੀਂ ਵਾਰਡ ਪ੍ਰਣਾਲੀ ਦਾ ਪ੍ਰਸਤਾਵ ਲੋਕਾਂ ਸਾਹਮਣੇ ਰੱਖਿਆ ਗਿਆ। ਇਸ ਦੇ ਹੱਕ ਵਿਚ 61 ਪ੍ਰਤੀਸ਼ਤ ਵੋਟਾਂ ਭੁਗਤੀਆਂ। 1971 ਵਿਚ ਇਸ ਪ੍ਰਸਤਾਵ ਨੂੰ ਅਮਲੀ ਜਾਮਾ ਪਹਿਨਾ ਦਿੱਤਾ ਗਿਆ, ਇਸ ਸਾਲ ਵਾਰਡ ਪ੍ਰਣਾਲੀ ਤਹਿਤ ਚੋਣਾਂ ਹੋਈਆਂ। ਸ਼ੁਰੂ ਵਿਚ ਬਾਰ੍ਹਾਂ ਦੀ ਥਾਂ ਤਿੰਨ ਵਾਰਡ ਹੀ ਬਣਾਏ ਗਏ ਸਨ, ਇਸ ਤਰ੍ਹਾਂ ਇਸ ਸਾਲ ਤਿੰਨ ਮੈਂਬਰ ਵਾਰਡਾਂ ਰਾਹੀਂ ਚੁਣੇ ਗਏ। ਇਸੇ ਸਾਲ ਸੂਬਾ ਸਰਕਾਰ ਵੱਲੋਂ ਮਿਉਂਸੀਪਲ ਚੋਣ ਐਕਟ ਪਾਸ ਕੀਤਾ ਗਿਆ, ਇਸ ਤੋਂ ਅਗਲੇ ਪੜਾਅ ਵਿਚ ਲੋਕਲ ਅਥੌਰਟੀਜ਼ ਚੋਣ ਐਕਟ ਹੋਂਦ ਵਿਚ ਆਇਆ। ਇਸ ਐਕਟ ਵਿਚ ਕੌਂਸਲ ਦੇ ਮੈਂਬਰਾਂ ਦਾ ਕਾਰਜਕਾਲ ਤਿੰਨ ਸਾਲਾ ਮਿਥਿਆ ਗਿਆ ਸੀ। ਫਰਵਰੀ 1980 ਵਿਚ ਸਿਟੀ ਕੌਂਸਲ ਵੱਲੋਂ ਤਿੰਨ ਹੋਰ ਨਵੇਂ ਵਾਰਡਾਂ ਦਾ ਗਠਨ ਕੀਤਾ ਗਿਆ। ਇਸ ਸਾਲ ਵਾਰਡਾਂ ਦੀ ਗਿਣਤੀ ਛੇ ਹੋ ਗਈ। ਇਸ ਤਰ੍ਹਾਂ ਦੋ ਐਲਡਰਮੈਨ ਭਾਵ ਮੈਂਬਰਾਂ ਦੁਆਰਾ ਇਕ ਵਾਰਡ ਦੀ ਪ੍ਰਤੀਨਿਧਤਾ ਕੀਤੀ ਗਈ। ਲਿੰਗ ਭੇਦਭਾਵ ਨੂੰ ਖ਼ਤਮ ਕਰਨ ਹਿਤ 1995 ਵਿਚ ਕਾਨੂੰਨੀ ਤੌਰ 'ਤੇ ਐਲਡਰਮੈਨ ਦੀ ਥਾਂ ਕੌਂਸਲਰ ਸ਼ਬਦ ਦੀ ਵਰਤੋਂ ਹੋਣੀ ਸ਼ੁਰੂ ਹੋਈ। ਲਗਾਤਾਰ ਵੱਧ ਰਹੀ ਆਬਾਦੀ ਨੂੰ ਦੇਖਦਿਆਂ ਸਤੁੰਲਤ ਪ੍ਰਤੀਨਿਧਤਾ ਦੇਣ ਲਈ ਸਿਟੀ ਕੌਂਸਲ ਵੱਲੋਂ ਜੁਲਾਈ 2009 ਵਿਚ ਬਾਰ੍ਹਾਂ ਵਾਰਡਾਂ ਦੀ ਯੋਜਨਾ ਨੂੰ ਪ੍ਰਵਾਨਗੀ ਦਿੱਤੀ ਗਈ, ਜਿਸ ਨੂੰ ਅਕਤੂਬਰ 2010 ਨੂੰ ਅਮਲੀ ਜਾਮਾ ਪਹਿਨਾਇਆ ਗਿਆ।

ਇਸ ਤਰ੍ਹਾਂ ਵੱਖ-ਵੱਖ ਪੜਾਵਾਂ ਤੋਂ ਲੰਘਦਿਆਂ ਸਮਾਜਕ, ਸਿਆਸੀ ਤੇ ਆਰਥਕ ਸਰੋਕਾਰਾਂ ਤੇ ਵੱਖ-ਵੱਖ ਖੇਤਰਾਂ ਨਾਲ ਜੁੜੇ ਵਰਤਾਰਿਆਂ/ਰੁਝਾਨਾਂ ਦਾ ਪ੍ਰਭਾਵ ਕਬੂਲਦਿਆਂ ਸਿਟੀ ਕੌਂਸਲ ਦਾ ਇਹ ਆਧੁਨਿਕ ਰੂਪ ਸਾਡੇ ਸਾਹਮਣੇ ਆਇਆ ਹੈ। ਇਸ ਜਮਹੂਰੀ ਸੰਸਥਾ ਨੂੰ ਮਜ਼ਬੂਤ ਕਰਨ ਵਿਚ ਐਡਮਿੰਟਨ ਵਾਸੀਆਂ ਦਾ ਭਾਰੀ ਯੋਗਦਾਨ ਹੈ। ਅਸੀਂ ਉਮੀਦ ਕਰਦੇ ਹਾਂ ਕਿ ਭਵਿੱਖ ਵਿਚ ਸਿਟੀ ਕੌਂਸਲ ਅਤੇ ਸ਼ਹਿਰ ਵਾਸੀਆਂ ਵਿਚਕਾਰ ਰਾਬਤਾ ਹੋਰ ਮਜ਼ਬੂਤ ਹੋਵੇਗਾ।

J. Oza & Associates
Immigration Services
Office : 204-480-1891, 204-227-0720
Unit 10 – 998 Keewatin Street, Winnipeg
- PNP
- Family & Spouse Sponsership
- Super/ Vistor Visa
- Study & Work Permit
- Affidavits
- Free Passport Photo with all secvices
- ਇੰਮੀਗਰੇਸ਼ਨ ਅਤੇ ਪਾਸਪੋਰਟ ਫੋਟੋ ਲਈ ਮਿਲੋ
Email : info@thecicg.com
Licensed Immigration Advocate & Practitioner
Member of ICCRC & Commis-sioner for Oaths.

# ਕਾਮਰੇਡ ਗੁਰਦਿਆਲ ਹੰਸਰਾ ਨੂੰ ਯਾਦ ਕਰਦਿਆਂ

## ਮੇਰੇ ਬੱਚਿਓ ਸਾਥੀਓ ਹਮਸਫ਼ਰੋ, ਮੇਰੇ ਮਰਨ 'ਤੇ ਨਹੀਂ ਅਫ਼ਸੋਸ ਕਰਨਾ

ਆਪਣਾ ਸਮੁੱਚਾ ਜੀਵਨ ਸੰਘਰਸ਼ਸ਼ੀਲ ਲਹਿਰ ਦੇ ਲੇਖੇ ਲਾਉਣ ਵਾਲੇ ਅਤੇ ਖੇਤ ਮਜ਼ਦੂਰਾਂ-ਕਿਸਾਨਾਂ ਤੇ ਸਮਾਜ ਦੇ ਦੱਬੇ ਕੁਚਲੇ ਦੁਖੀ ਲੋਕਾਂ ਲਈ ਲਗਾਤਾਰ ਜਦੋ-ਜਹਿਦ ਨੂੰ ਸਮਰਪਤ ਲਹਿਰ ਨੂੰ ਪ੍ਰਣਾਏ ਹੋਏ ਸਾਥੀ ਗੁਰਦਿਆਲ ਸਿੰਘ ਹੰਸਰਾ ਉਰਫ਼ ਕਾਮਰੇਡ ਦਿਆਲ 27 ਅਕਤੂਬਰ 2013 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। 8 ਸਤੰਬਰ 1910 ਨੂੰ ਜਨਮੇ ਸਾਥੀ ਹੰਸਰਾ ਇਸ ਵਕਤ 103 ਵਰ੍ਹਿਆਂ ਦੇ ਸਨ। ਦੁਬਲੇ-ਪਤਲੇ ਸਰੀਰ ਵਾਲਾ ਸੁਰਖ ਸੋਚ ਦਾ ਮਾਲਕ ਤਾਉਮਰ ਕਦੇ ਬੀਮਾਰ ਹੋਇਆ ਕਿਸੇ ਨਹੀਂ ਵੇਖਿਆ। ਨਾ ਮਾਨਸਿਕ ਦੁਚਿੱਤੀ ਦਾ ਕੋਈ ਰੋਗ ਨਾ ਕੋਈ ਸਰੀਰਕ। ਲੁਧਿਆਣਾ ਜ਼ਿਲ੍ਹੇ ਦੀ ਜਗਰਾਉਂ ਤਹਿਸੀਲ ਦੇ ਪਿੰਡ ਕਮਾਲਪੁਰਾ ਵਿਚ ਮਾਤਾ ਹਰ ਕੌਰ ਤੇ ਸ. ਕਿਸ਼ਨ ਸਿੰਘ ਦੇ ਘਰ ਜਨਮਿਆ ਗੁਰਦਿਆਲ ਸਿੰਘ ਆਪਣੇ ਸੱਤ ਭੈਣ ਭਰਾਵਾਂ 'ਚੋਂ ਇਕ ਸੀ। 1930 ਵਿਚ ਉਨ੍ਹਾਂ ਦੀ ਸ਼ਾਦੀ ਬਚਨ ਕੌਰ ਨਾਲ ਹੋਈ ਜੋ ਇਸ ਵਕਤ 96 ਸਾਲ ਦੇ ਕਰੀਬ ਹਨ। 1990 ਤੋਂ ਉਹ ਕਨੇਡਾ ਦੇ ਸ਼ਹਿਰ ਐਡਮਿੰਟਨ ਵਿਖੇ ਹੀ ਰਹਿ ਰਹੇ ਸਨ। ਉਹ ਆਪਣੇ ਪਿਛੇ ਤਿੰਨ ਪੁੱਤਰ, ਨਾਹਰ ਸਿੰਘ, ਕੁਲਦੀਪ ਸਿੰਘ ਤੇ ਪਰਮਿੰਦਰ ਸਿੰਘ ਅਤੇ ਪੋਤਰੇ, ਪੋਤਰੀਆਂ, ਦੋਹਤੇ, ਦੋਹਤਰੀਆਂ ਤੇ ਪੜਪੋਤਰੇ, ਪੜਪੋਤਰੀਆਂ, ਪੜਦੋਹਤਰੇ, ਪੜਦੋਹਤਰੀਆਂ ਦਾ ਹੱਸਦਾ ਵਸਦਾ ਖਿੜਿਆ ਬਾਗ ਛੱਡ ਕੇ ਗਏ ਹਨ। ਸਾਥੀ ਹੰਸਰਾ 1928 ਤੋਂ ਰੋਜ਼ੀ ਰੋਟੀ ਲਈ ਕਲਕੱਤੇ ਚਲੇ ਗਏ ਸਨ। ਕਦੇ ਬੱਸ ਡਰਾਈਵਰ, ਕਦੇ ਟੈਕਸੀ ਡਰਾਈਵਰ ਰਹੇ। ਕਲਕੱਤੇ ਰਹਿਣ ਦੇ 47 ਸਾਲ ਦੇ ਅਰਸੇ ਵਿਚ ਆਪ ਨੇ ਟੈਕਸੀ ਡਰਾਈਵਰਾਂ ਤੇ ਬੱਸ ਡਰਾਈਵਰਾਂ ਦੀਆਂ ਯੂਨੀਅਨਾਂ ਬਣਾਉਣ, ਉਨ੍ਹਾਂ ਨੂੰ ਲੜਾਈ ਦੇ ਰਾਹ ਪਾ ਕੇ ਲਗਾਤਾਰ ਧਰਨੇ ਮੁਜਾਹਰੇ, ਹੜਤਾਲਾਂ ਕਰਨੇ, ਹੱਕ ਦਿਵਾਉਣ ਅਤੇ ਸੂਹੀ ਸੋਚ ਅਪਨਾਉਣ ਦੀ ਜਮਾਤੀ ਚੇਤਨਾ ਦੀ ਚਿਣਗ ਲਗਾਉਣ ਵਿਚ ਸਰਗਰਮ ਰਹੇ। 1941 ਦੀ ਬੱਸਾਂ ਦੀ ਇਤਿਹਾਸਕ ਹੜਤਾਲ ਦੌਰਾਨ ਕਾਮਰੇਡ ਮੁਹੰਮਦ ਇਸਮਾਈਲ ਰਾਹੀਂ ਉਨ੍ਹਾਂ ਦੀ ਜਮਾਤੀ ਚੇਤਨਾ ਦੀ ਚਿਣਗ ਹੋਰ ਪ੍ਰਚੰਡ ਹੋ ਗਈ ਅਤੇ ਉਦੋਂ ਤੋਂ ਆਪ ਹੋਰ ਵੀ ਸ਼ਿੱਦਤ ਨਾਲ ਜਮਾਤੀ ਸੰਘਰਸ਼ ਵਿਚ ਸਿੱਧੇ ਤੌਰ 'ਤੇ ਕੁੱਦ ਪਏ। ਆਪਣੇ ਮਾਤਾ ਪਿਤਾ ਵਲੋਂ ਭਾਵੇਂ ਜਾਤ-ਪਾਤ ਤੇ ਧਾਰਮਕ ਬਿਖੇੜਿਆਂ ਤੋਂ ਉਪਰ ਉਠ ਕੇ ਲੋਕ ਹਿਤੈਸ਼ੀ ਕਾਰਜ ਕਰਨ ਦੀ ਚੇਟਕ ਪਹਿਲਾਂ ਹੀ ਲੱਗ ਚੁੱਕੀ ਸੀ ਪਰ ਕਲਕੱਤੇ ਆ ਕੇ ਮਜ਼ਦੂਰ ਜਥੇਬੰਦੀਆਂ 'ਚ ਕੰਮ ਕਰਕੇ ਉਹ ਇਸ ਸੋਚ ਦੇ ਪੱਕੇ ਧਾਰਨੀ ਬਣ ਗਏ ਕਿ ਹੱਕ ਨਾ ਮੰਗਿਆਂ ਕਦੇ ਮਿਲਦੇ ਹਨ ਤੇ ਨਾ ਧਾਰਮਕ ਅਰਦਾਸਾਂ ਕੀਤਿਆਂ, ਸਿਰਫ਼ ਜਥੇਬੰਦ ਸੰਘਰਸ਼ ਕੀਤਿਆਂ ਹੀ ਹੱਕ ਖੋਹੇ ਜਾਂਦੇ ਹਨ। ਆਪ ਕਈ ਚਿਰ ਕਮਿਊਨਿਸਟ ਪਾਰਟੀ ਦੇ ਅਹਿਮ ਕਾਰਕੁੰਨ ਦੇ ਤੌਰ 'ਤੇ ਵੀ ਕੰਮ ਕਰਦੇ ਰਹੇ। ਆਖ਼ਰੀ ਸਾਹ ਤੀਕ ਵੀ ਉਨ੍ਹਾਂ ਇਕ ਸੱਚੇ ਕਮਿਊਨਿਸਟ ਦੇ ਤੌਰ 'ਤੇ ਮਾਸਕਵਾਦੀ ਵਿਚਾਰਧਾਰਾ ਨੂੰ ਅਪਣਾਈ ਰੱਖਿਆ ਅਤੇ ਲਗਾਤਾਰ ਹੇਠਲੀ ਜਮਾਤ ਦੇ ਲੋਕਾਂ ਲਈ ਕੰਮ ਕਰਦੇ ਰਹੇ। ਸਾਮਰਾਜ ਵਿਰੋਧੀ ਲੜਾਈ ਲੜਦਿਆਂ ਆਪ ਦੇਸ਼ ਨੂੰ ਆਜ਼ਾਦ ਕਰਾਉਣ ਅਤੇ ਉਸ ਤੋਂ ਬਾਅਦ ਦੇ ਆਰਥਕ ਆਜ਼ਾਦੀ ਦੇ ਘੋਲਾਂ ਵਿਚ ਵੀ ਵੱਧ ਚੜ੍ਹ ਕੇ ਹਿੱਸਾ ਲਿਆ। 1947 ਦੀ ਵੰਡ ਸਮੇਂ ਚੱਲੀ ਫਿਰਕੂ ਹਨੇਰੀ ਵਿਚ ਆਮ ਚਟਾਨ ਬਣ ਕੇ ਖੜੇ ਰਹੇ ਤੇ ਅਨੇਕਾ ਮੁਸਲਿਮ ਪਰਿਵਾਰਾਂ ਨੂੰ ਬਚਾਇਆ।



ਕਾਮਰੇਡ ਗੁਰਦਿਆਲ ਸਿੰਘ ਹੰਸਰਾ ਭਾਵੇਂ ਸਿਰਫ਼ ਪੰਜ ਜਮਾਤਾਂ ਹੀ ਪੜ੍ਹੇ ਹੋਏ ਸਨ ਪਰ ਆਮ ਪੰਜਾਬੀ ਦੇ ਇਕ ਵਧੀਆ ਕਵੀ ਸਨ। ਸਰਲ ਤੇ ਠੇਠ ਭਾਸ਼ਾ ਵਿਚ ਆਪ ਕਵਿਤਾ ਰਾਹੀਂ ਵਧੀਆ ਗੱਲ ਕਹਿ ਦੇਂਦੇ ਸਨ। ਉਨ੍ਹਾਂ 'ਅਲੂਣੀ ਸਿੱਲ' ਤੇ ਹੋਰ ਵੀ ਕਈ ਪੁਸਤਕਾਂ ਲਿਖੀਆਂ। ਆਪ ਦੀਆਂ ਕਵਿਤਾਵਾਂ ਕਲੱਕਤੇ ਰਹਿੰਦਿਆਂ ਉਸ ਸਮੇਂ ਦੇ ਪੰਜਾਬੀ ਅਖ਼ਬਾਰਾਂ ਅਤੇ ਕਨੇਡਾ ਆਉਣ ਤੇ ਏਥੋਂ ਦੀਆਂ ਅਖ਼ਬਾਰਾਂ ਰਸਾਲਿਆਂ ਵਿਚ ਵੀ ਲਗਾਤਾਰ ਛਪਦੀਆਂ ਰਹੀਆਂ। ਕਨੇਡਾ ਦੀਆਂ ਸਾਹਿਤਕ ਤੇ ਹੋਰ ਸੰਗਠਨਾਂ ਵਿਚ ਆਪ ਦੀ ਅਹਿਮ ਭੂਮਿਕਾ ਰਹੀ। ਆਪ ਸੁਭਾਅ ਦੇ ਬਹੁਤ ਹੀ ਸ਼ਾਂਤ, ਮਿੱਠ ਬੋਲੜੇ, ਅਗਲੇ ਦੀ ਗੱਲ ਧਿਆਨ ਨਾਲ ਸੁਣਨ ਵਾਲੇ, ਸਹਿਨਸ਼ੀਲ ਤੇ ਆਪਣੀ ਗੱਲ ਦਲੀਲ ਤੇ ਸਹਿਜ ਨਾਲ ਸੁਭਾਅ ਨਾਲ ਕਰਨ ਵਾਲੇ ਸ਼ਖ਼ਸ ਸਨ।

ਹੰਸਰਾ ਜੀ ਨੇ ਲਗਾਤਾਰ ਮਾਰਕਸਵਾਦੀ ਵਿਚਾਰਧਾਰਾਂ ਨਾਲ ਪੱਕੀ ਸਾਂਝ ਬਣਾਈ ਰੱਖੀ। ਇਸ ਵਿਚਾਰਧਾਰਾ ਨੂੰ ਉਨ੍ਹਾਂ ਆਪਣੀ ਕਵਿਤਾ ਤੇ ਅਮਲਾਂ ਰਾਹੀਂ ਲਗਾਤਾਰ ਜਿਉਂਦੇ ਰੱਖਿਆ। ਉਹ ਦਸਦੇ ਹੁੰਦੇ ਸਨ ਕਿ ਕਲਕੱਤੇ ਵਿਚ ਇਕ ਵਿਸ਼ਾਲ ਇਕੱਠ ਜਿਥੇ ਭਗਤ ਸਿੰਘ ਹੋਰਾਂ ਵੀ ਆਪਣੇ ਵਿਚਾਰ ਰੱਖੇ, ਉਸ ਮੌਕੇ ਵੀ ਆਪ ਹਾਜ਼ਰ ਸਨ। ਬਾਅਦ ਵਿਚ ਵੀ ਉਹ ਇਨਕਲਾਬੀ ਅਤੇ ਗ਼ਦਰੀ ਲਹਿਰ ਦੇ ਆਗੂਆਂ ਦੇ ਅੰਗ ਸੰਗ ਰਹੇ। ਅੱਜ ਕਾਮਰੇਡ ਗੁਰਦਿਆਲ ਸਿੰਘ ਹੰਸਰਾ ਸਾਡੇ ਵਿਚ ਨਹੀਂ ਰਹੇ ਪਰ ਉਹ ਮਾਰਕਸਵਾਦੀ ਵਿਚਾਰਧਾਰਾ ਨੂੰ ਪ੍ਰਣਾਏ ਹੋਏ, ਲੋਕ ਹਿੱਤਾਂ ਲਈ ਜੂਝਣ ਹਾਰੇ ਅਤੇ ਇਕ ਸੁਹਿਰਦ ਅਗਾਂਹਵਧੂ ਕਵੀ ਦੇ ਤੌਰ 'ਤੇ ਹਮੇਸ਼ਾ ਜਾਣੇ ਜਾਂਦੇ ਰਹਿਣਗੇ। ਅਦਾਰਾ 'ਨਵੀਂ ਦੁਨੀਆ' ਸੂਹੀ ਸੋਚ ਦੇ ਧਾਰਨੀ ਉਸ ਜੁਝਾਰੂ ਸਾਥੀ ਨੂੰ 'ਲਾਲ ਸਲਾਮ' ਆਖਦਿਆਂ ਉਸ ਦੀ ਸੋਚ 'ਤੇ ਲਗਾਤਾਰ ਪਹਿਰਾ ਦੇਣ ਦਾ ਅਹਿਦ ਕਰਦਾ ਹੈ।

ਦਲਬੀਰ ਸਾਂਗਿਆਣ ਦੀ ਪ੍ਰਧਾਨਗੀ ਹੇਠ ਹੋਈ ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ ਦੀ ਮੀਟਿੰਗ ਵਿਚ ਇਕ ਸੋਗ ਮਤੇ ਰਾਹੀਂ ਕਾਮਰੇਡ ਗੁਰਦਿਆਲ ਸਿੰਘ ਹੰਸਰਾ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਪਰਿਵਾਰ ਨਾਲ ਹਮਦਰਦੀ ਦਾ ਇਜ਼ਹਾਰ ਕੀਤਾ ਗਿਆ। ਕਾਮਰੇਡ ਹੰਸਰਾ ਦਾ ਸਾਰਾ ਜੀਵਨ ਕਮਿਊਨਿਸਟ ਵਿਚਾਰਧਾਰਾ ਨੂੰ ਪਰਨਾਇਆ ਰਿਹਾ। ਉਨ੍ਹਾਂ ਆਪਣੇ ਆਖ਼ਰੀ ਸਾਹ ਤਕ ਜ਼ਿੰਦਗੀ ਨੂੰ ਜਿਊਣ ਜੋਗੀ ਬਣਾਉਣ ਲਈ ਸੰਘਰਸ਼ ਕੀਤਾ। ਕਾਮਰੇਡ ਹੰਸਰਾ ਦੇ ਤੁਰ ਜਾਣ ਨਾਲ ਜਿਥੇ ਸਮਾਜਕ ਘਾਟਾ ਪਿਆ ਹੈ ਉਥੇ ਹੀ ਖੱਬੀ ਲਹਿਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

## ਗੁਰਦਿਆਲ ਸਿੰਘ ਹੰਸਰਾ ਦੀਆਂ ਕਵਿਤਾਵਾਂ

### ਜਾਗ ਮਜ਼ਦੂਰਾ

ਜਾਗ ਮਜ਼ਦੂਰਾ ਸੁੱਤਿਆ,
ਉਠ ਕੇ ਸੁਰਤ ਸੰਭਾਲ।
ਚਾਰੇ ਪਾਸੇ ਦੇਖ ਕੇ,
ਤੂੰ ਆਪਣਾ ਵੀ ਦੇਖ ਹਾਲ।
ਤੇਰੇ ਝੱਗੇ ਨੂੰ ਲੱਗੀਆਂ ਟਾਕੀਆਂ,
ਤੇਰੇ ਟੁੱਟੇ ਕਿਉਂ ਛਿਤਰਾਲ ?
ਤੇਰੇ ਘਰ ਵਾਲੀ ਗੋਹਾ ਚੁੱਕਦੀ,
ਸਿਰ 'ਤੇ ਪਵੇ ਮੁਤਰਾਲ।
ਡੱਬੂ ਕੁੱਤਿਆਂ ਪਿੱਛੇ ਭਜਦੇ,
ਤੇਰੇ ਸੋਹਣੇ ਜਿਹੇ ਲਾਲ।
ਕੀ ਕਿਤਾਬਾਂ ਲਈ ਪੈਸੇ ਨਹੀਂ,
ਤਾਂ ਵਿਦਿਆ ਖੁਣੋਂ ਨੇ ਬਾਲ ?
ਕਿਉਂ ਕਰਜ਼ੇ ਦੇ ਹੇਠਾਂ ਦੱਬਿਆ,
ਕੀ ਏਡੇ ਨੇ ਜੰਜਾਲ ?
ਕਰੜੀ ਮਿਹਨਤ ਕਰੇ ਤੂੰ,
ਕਿਉਂ ਫਿਰ ਵੀ ਰਹੇਂ ਕੰਗਾਲ ?
ਔਹ ਤੂੰ ਦੇਖ ਵੱਡੀਆਂ ਕੋਠੀਆਂ,
ਲੱਗੇ ਏਅਰ ਕੰਡੀਸ਼ਨਰ ਬਾਰ।
ਗੱਦਿਆਂ ਉਤੇ ਬੈਠੇ ਨੇ,
ਲਾਲੇ ਤੇ ਸਰਦਾਰ।
ਫੂਨਾਂ ਉਤੇ ਚਲਦੇ,
ਇਨ੍ਹਾਂ ਦੇ ਕਾਰੋਬਾਰ।
ਬੱਚੇ ਪੜ੍ਹਨ ਅੰਗਰੇਜ਼ੀ ਸਕੂਲਾਂ,
ਬਹਿ ਕੇ ਜਾਂਦੇ ਵਿਚ ਕਾਰ।
ਲੋਕੀ ਕਰਨ ਸਲਾਮਾਂ ਝੁੱਕ ਕੇ,
ਕਿਉਂ ਚਲਦੀ ਵਿਚ ਸਰਕਾਰ ?
ਇਹ ਆਥਣ ਨੂੰ ਘੁੱਟ ਪੀਣ ਲਈ,
ਜਾਂਦੇ ਨੇ ਵਿਚ ਬਾਰ।
ਵਿਸਕੀ ਪੀਂਦੇ ਤੇ ਚੂਸਣ ਹੱਡੀਆਂ,
ਨਾਲੇ ਟੋਲਣ ਪਏ ਸ਼ਿਕਾਰ।
ਰਾਤੀਂ ਐਸ਼ ਕਰਨ ਲਈ ਜਾਂਵਦੇ,
ਸੋਨਾ ਗਾਚੀ ਦਵਾਰ।
ਵਿਸਕੀ ਪੀਂਦੇ ਕੋਕ ਪਾ,
ਹੱਡੀਆਂ ਚੂਸਣ ਚੁਸਕੀਆਂ ਮਾਰ।
ਹੁਣ ਤੈਥੋਂ ਪੁੱਛਾਂ ਕਿਰਤੀਆ,
ਇਕ ਮੋਟਾ ਜਿਹਾ ਸਵਾਲ।
ਕੀ ਇਹ ਰੱਬ ਦੀ ਦੇਣ ਹੈ,
ਜਾਂ ਹੁੰਦੀ ਤੇਰੇ ਨਾਲ ਚਾਲ ?
ਏਕਾ ਕਰ ਤੂੰ ਕਿਰਤੀਆ,
ਤੇਰੇ ਹੋਣਗੇ ਹੱਲ ਸਵਾਲ।
ਏਕੇ ਦੇ ਮੁੱਕੇ ਨਾਲ ਤੂੰ ਲਵੇਂਗਾ,
ਸੱਤਾ ਸੰਭਾਲ।
ਇਹ ਚੋਰ ਉਚੱਕੇ ਭਜਣਗੇ,
ਨਾਲੇ ਕੁੱਲ ਦਲਾਲ।
ਸਭ ਖ਼ੁਸ਼ੀਆਂ ਦੇ ਨਾਲ ਕਹਿਣਗੇ,
ਕੋਈ ਲੁਟੂ ਨਾ ਕਿਸੇ ਦਾ ਮਾਲ।
ਤੇਰੀ ਜੈ ਜੈ ਹਊ ਜੱਗ ਵਿਚ,
ਜਦ ਚੁੱਕੇਂਗਾ ਝੰਡਾ ਲਾਲ।
ਰਹੀ ਚੁਕੰਨਾ ਕਿਰਤੀਆ,
ਤੇਰਾ ਸਾਥੀ ਨਾਲ ਦਿਆਲ।

---

### ਮਰਨ ਤੋਂ ਮਗਰੋਂ

ਮੇਰੇ ਬੱਚਿਓ ਸਾਥੀਓ ਹਮਸਫ਼ਰੋ,
ਮੇਰੇ ਮਰਨ ਤੇ ਨਹੀਂ ਅਫ਼ਸੋਸ ਕਰਨਾ।
ਲਾਲ ਝੰਡੇ 'ਚ ਲਪੇਟ ਕੇ ਦੇਹ ਮੇਰੀ,
ਵਿਚ ਸਿਵਿਆਂ ਸਸਕਾਰ ਕਰਨਾ।
ਰੱਸੀਆਂ, ਕੀਲੀਆਂ, ਘੜੇ ਨੂੰ ਨਹੀਂ ਲੈਣਾ,
ਨਾ ਵਹਿਮ ਨਾ ਕੋਈ ਵਿਹਾਰ ਕਰਨਾ।
ਨਾ ਹੀ ਸੱਦ ਗ੍ਰੰਥੀ ਅਰਦਾਸ ਕਰਨੀ,
ਨਾ ਕੋਈ ਪਾਠ ਦਾ ਸੰਸਕਾਰ ਕਰਨਾ।
ਸਣੇ ਹੱਡੀਆਂ ਚੁੱਕ ਸੁਆਹ ਮੇਰੀ,
ਚਲਦੇ ਪਾਣੀ ਵਿਚ ਪਰਵਾਹ ਕਰਨਾ।
ਨਾ ਹੀ ਸੱਦਣਾ ਸਾਕ ਸਬੰਧੀਆਂ ਨੂੰ,
ਨਾ ਹੀ ਪੱਗ ਦਾ ਕੋਈ ਵਿਹਾਰ ਕਰਨਾ।
ਹੰਗਾਮੇ ਵਗੈਰਾ ਲਈ ਸੋਚਣਾ ਨਹੀਂ,
ਪਿਛਲੀਆਂ ਰਸਮਾਂ ਦਾ ਤ੍ਰਿਸਕਾਰ ਕਰਨਾ।
ਸੱਚ ਬੋਲਣਾ ਸਦਾ ਦਿਆਲ ਸਿੰਘਾ,
ਸੱਚੇ ਬੰਦਿਆਂ ਨਾਲ ਵਿਹਾਰ ਕਰਨਾ।

---

### ਕਿੱਸਾ ਕੁਰਸੀ ਦਾ

'ਸਾਰੇ ਜਹਾਂ ਸੇ ਅੱਛਾ',
ਹਿੰਦੁਸਤਾਨ ਹਮਾਰਾ ਦਾ ਸ਼ੋਰ ਬਹੁਤਾ।
ਪੱਬਾਂ ਭਾਰ ਹੋ ਕੇ ਲੀਡਰ ਬੋਲਦੇ ਨੇ,
"ਅਸੀਂ ਸੋਹਣਾ ਬਣਾਵਾਂਗੇ ਹੋਰ ਬਹੁਤਾ।
ਕਰਜ਼ਾ ਲੈ ਅਮਰੀਕਾ ਜਪਾਨ ਕੋਲੋਂ,
ਅਸੀਂ ਵਪਾਰ ਵਧਾਵਾਂਗੇ ਹੋਰ ਬਹੁਤ।
ਅਸੀਂ ਹੋਰ ਕਾਲਜ ਤੇ ਲਵਾਂਗੇ ਕਾਰਖ਼ਾਨੇ,
ਨਾਲ ਛਕ-ਛਕਾਵਾਂਗੇ ਹੋਰ ਬਹੁਤਾ।
ਸਸਤੇ ਮਿਲਣ ਕਾਮੇ ਇਹ ਸੋਚ ਕੇ ਤੇ,
ਬੇਕਾਰੀ ਤਾਈਂ ਵਧਾਵਾਂਗੇ ਹੋਰ ਬਹੁਤਾ"।
ਰਾਮ ਰਾਜ ਦੇ ਲਾਰੇ ਇਹ ਸਦਾ ਲਾਉਂਦੇ,
ਲੋਕਾਂ ਤਾਈਂ ਸਮਝਦੇ ਢੋਰ ਬਹੁਤਾ।
ਕਲਾਕਾਰ ਗਾਉਣ ਲੱਗੇ ਇਉਂ ਨੱਚਦੇ ਨੇ,
ਸਾਉਣ ਵਿਚ ਜਿਉਂ ਨੱਚਦਾ ਮੋਰ ਬਹੁਤਾ।
ਭੜਕੀਲੇ ਗੀਤ ਗਾਉਂਦੇ ਇਸ਼ਕ ਵਾਲੇ,
ਲੋਕਾਂ ਤਾਈਂ ਇਹ ਕਰਦੇ ਨੇ ਬੋਰ ਬਹੁਤਾ।
ਰੱਬ ਇਕ ਸਾਰੇ ਮਜ਼੍ਹਬ ਕਹਿੰਦੇ,
ਆਪੋ ਵਿਚ ਇਹ ਰੱਖਦੇ ਖ਼ੋਰ ਬਹੁਤਾ।
ਕਿੱਸਾ ਕੁਰਸੀ ਦਾ ਧਰਮ ਦਾ ਨਾਂ ਵੇਚਣ,
ਲੋਕਾਂ ਤਾਈਂ ਬਣਾਂਵਦੇ ਢੋਰ ਬਹੁਤਾ।
ਨਾਂ ਰੱਬ ਦਾ, ਰੱਬ ਦੇ ਘਰ ਢਾਹੁੰਦੇ,
ਇਹ ਪਾਪ ਕਮਾਂਵਦੇ ਘੋਰ ਬਹੁਤਾ।
ਇਕ ਨੂਰ ਦਾ ਸਬਕ ਲੈ ਦਿਆਲ ਸਿੰਘਾ,
ਐਵੇਂ ਵਾਧੂ ਮਚਾ ਨਾ ਸ਼ੋਰ ਬਹੁਤਾ।

---

### 'ਅਬ ਤੁਮਰੀ ਪਰਤੀਤਿ ਨ ਹੋਈ'

ਸੁਣ ਓ ਰਜਿੰਦਰਾ, ਸੁਣ ਓ ਜਵਾਹਰ,
ਸਿਆਸਤ ਦੇ ਵਿਚ ਤੁਸੀਂ ਹੋ ਮਾਹਰ।
ਇਕ ਡਾਕਟਰ, ਦੂਜਾ ਬੈਰਿਸਟਰ,
ਗਾਂਧੀ ਜੀ ਦੀ ਕਰਦੇ ਪੂਜਾ।
ਇਕ ਸੁਣਿਓ ਮੇਰੀ ਅਰਜੋਈ,
'ਅਬ ਤੁਮਰੀ ਪਰਤੀਤਿ ਨ ਹੋਈ'।

ਰੇਲ ਕਿਰਾਏ ਦੂਣੇ ਤੀਣੇ,
ਮਾਲੀਏ ਟੈਕਸ ਤੀਣੇ ਚੌਣੇ।
ਅੱਤ ਦਾ ਮਹਿੰਗਾ ਹੋ ਗਿਆ ਤੇਲ,
ਮਹਿੰਗਾਈ ਅੱਜ ਬਣ ਗਈ ਖੇਲ।
ਤੁਸੀਂ ਲਾਹੁਣ ਲੱਗੇ ਜਨਤਾ ਦੀ ਲੋਈ,
'ਅਬ ਤੁਮਰੀ ਪਰਤੀਤਿ ਨ ਹੋਈ'।

ਦੇਸ਼ 'ਚ ਹੁੰਦੇ ਥਾਂ ਥਾਂ ਦੰਗੇ,
ਆਗੂ ਚੌਧਰੀ ਬਣੇ ਲਫ਼ੰਗੇ।
ਲੁੱਟਣ ਖਾਣ ਨੂੰ ਬੜੇ ਸਿਆਣੇ,
ਬੁੱਚੜਖ਼ਾਨੇ ਬਣ ਗਏ ਠਾਣੇ।
ਲੋਕੀ ਥੋਡੀ ਕਰਨ ਬਦਖੋਈ,
'ਅਬ ਤੁਮਰੀ ਪਰਤੀਤਿ ਨ ਹੋਈ'।

ਦੇਸ਼ ਪੈਂਦੇ ਥਾਂ ਥਾਂ ਕਾਲ,
ਲੋਕਾਂ ਦਾ ਹੋਇਆ ਮੰਦਾ ਹਾਲ।
ਐਸ਼ਾਂ ਕਰਦੇ ਖੱਦਰਪੋਸ਼,
ਲੋਕਾਂ ਕੋਲੇ ਰਹਿ ਗਿਆ ਰੋਸ।
ਥੋਨੂੰ ਇਥੇ ਓਥੇ ਮਿਲੇ ਨਾ ਢੋਈ,
'ਅਬ ਤੁਮਰੀ ਪਰਤੀਤਿ ਨ ਹੋਈ'।

ਸੁਣੋ ਅਕਾਲੀਓ, ਸੁਣੋ ਮਹੰਤੋ,
ਚਿੱਟ-ਕਪੜੀਓ ਸਭ ਸੁਣ ਲਓ ਸੰਤੋ।
ਤੁਸੀਂ ਲੋਕਾਂ ਨੂੰ ਰੱਖਦੇ ਧੋਖੇ 'ਚ ਪਾ ਕੇ,
ਅਗਲੇ ਜੁੱਗ ਦੇ ਲਾਰੇ ਲਾ ਕੇ।
ਸਾਨੂੰ ਸੁੱਕੀ ਖੰਨੀ, ਥੋਨੂੰ ਖੀਰ ਤੇ ਗੋਈ,
'ਅਬ ਤੁਮਰੀ ਪਰਤੀਤਿ ਨ ਹੋਈ'।

ਮਾਰਕਸ ਲਿਖਿਆ ਸੱਚੋ ਸੱਚ,
ਕਾਮਰੇਡਾਂ ਉਹਦਾ ਕਰਤਾ ਕੱਚ।
ਨਾਨਕ ਕਰੀ ਸੱਚ ਦੀ ਵਡਿਆਈ,
ਸੱਚ ਬੋਲੋ, ਸੱਚ ਕਰੋ ਕਮਾਈ।
ਦਿਆਲ ਲਵੇ ਸੱਚ ਦੀ ਖ਼ੁਸ਼ਬੋਈ,
ਸੱਚ ਦੀ ਹੀ ਪਰਤੀਤ ਹੈ ਹੋਈ।

---

### ਰੱਬ ਨਾਲ ਗੱਲਾਂ

ਭਗਤ ਕਹਿਣ ਤੇਰੇ ਸ਼ਕਤੀਮਾਨ ਹੈਂ ਤੂੰ,
ਮੈਨੂੰ ਉਲਟੀ ਦਿਸੇ ਤਸਵੀਰ ਕਾਹਤੋਂ ?
ਪਿੱਠ ਕਰ ਲਵੇਂ ਜ਼ੁਲਮ ਦੇਖ ਕੇ ਤੂੰ,
ਤੇਰੀ ਦੱਸ ਇਹ ਬਣੀ ਤਾਸੀਰ ਕਾਹਤੋਂ ?
ਅੱਖਾਂ ਖੋਲ੍ਹ ਸੰਸਾਰ ਵਿਚ ਦੇਖ ਰੱਬਾ,
ਫੜੀ ਜ਼ਾਲਮਾਂ ਹੱਥ ਸ਼ਮਸ਼ੀਰ ਕਾਹਤੋਂ ?
ਦਿੱਲੀ ਦੇਖ ਗੁਜਰਾਤ ਦਿਆਂ ਦੰਗਿਆਂ ਨੂੰ,
ਤੇਰਾ ਕਾਲਜਾ ਨਾ ਹੋਇਆ ਮਨੂਰ ਕਾਹਤੋਂ ?
ਅੱਜ ਦੇਖ ਰਵਾਂਡਾ ਵਿਚ ਕੀ ਹੁੰਦਾ,
ਤੂੰ ਹੋਇਆ ਨੀ ਦਿਲਗੀਰ ਕਾਹਤੋਂ ?
ਸੰਨ ਸੰਤਾਲੀ ਵਿਚ ਲੰਮੀਆਂ ਤਾਣ ਸੁੱਤਾ,
ਤੇਰੀਆਂ ਅੱਖੀਆਂ 'ਚੋਂ ਵਗਿਆ ਨਾ ਨੀਰ ਕਾਹਤੋਂ ?
ਹਜ਼ਾਰਾਂ ਪੁੱਤ ਚੰਗੇਜ਼ ਦੇ ਅੱਜ ਵੀ ਨੇ,
ਇਹ ਜੰਮੇ ਤੈਂ ਜੰਡ ਕਰੀਰ ਕਾਹਤੋਂ ?
ਕਹਿੰਦੇ ਪੱਥਰਾਂ ਵਿਚ ਤੂੰ ਅੰਨ ਦੇਵੇਂ,
ਫਿਰ ਭੁੱਖੇ ਬਣੇ ਸਰੀਰ ਕਾਹਤੋਂ ?
ਏਥੇ ਧਨੀਆਂ ਦੇ ਕੁੱਤੇ ਨੇ ਮੀਟ ਖਾਂਦੇ,
ਫੁੱਟੀ ਕਾਮਿਆਂ ਦੀ ਤਕਦੀਰ ਕਾਹਤੋਂ ?
ਅੱਲਾ, ਰਾਮ, ਨਾਨਕ, ਗੌਡ, ਬੁੱਧ ਇੱਕੋ,
ਫੇਰ ਮਜ਼੍ਹਬਾਂ ਦੀ ਪਾਈ ਲਕੀਰ ਕਾਹਤੋਂ ?
ਕੀ ਕੀ ਪੁੱਛਣਾ ਰੱਬ ਨੂੰ ਦਿਆਲ ਸਿੰਘਾ,
ਇਹ ਨੂੰ ਦਿਸਦਾ ਨਹੀਂ ਕਸ਼ਮੀਰ ਕਾਹਤੋਂ ?

---

# Teen Talks Back

**Jagbir**

Parents often notice a resurgence of the "terrible twos" when their child enters adolescence, complete with the assertions of independence, the frustration of not having the language needed to express the complexity of their emotions, and the seemingly automatic response of, "No!" or "That's not fair!" when asked to do anything by parents. Even tantrums seem to rear their ugly heads during the teen years. It seems as if our current society both reflects and encourages these behaviors, as media often shows sassy teenage stars who get a laugh from their rude remarks aimed at adults, who are often portrayed as unreasonable and/or less intelligent than the teenagers. Parents who are concerned about quashing their teen's independence, worried about engaging in a power struggle that they might not be able to win, or just feeling helpless in the face of the teen's strongly expressed emotions, may simply give up when their child refuses to do what is asked of him.

It's important for parents to understand that teenagers do not have the same control of their impulses that adults do, since the part of the brain that helps one think ahead and adjust behavior based on potential consequences, is still developing. However, even though your teenager's brain development is still in progress, she still needs to learn how to control impulsive and rude behavior, not only to make life more pleasant for those surrounding her at the time, but also because the experiences that one has during adolescence helps to wire the brain to effectively deal with emotions and impulses throughout life. Parents need to provide support and guidance that will enable such effective responses to eventually become hard-wired in the brain. Part of providing such support and guidance is setting clear boundaries about what kind of behavior will be tolerated, and what consequences exist for engaging in behavior that is not allowed.

Both teenagers and parents need to know that it is developmentally appropriate and healthy to question what is being asked of them, as long as they are not doing it in a rude or offensive manner. We do want to teach our teenager that it's important to stand up for what they believe in, and that some ways of getting what they want are more effective than others, but that sometimes standing up for oneself may include an unpleasant consequence. Here are some ways to deal with teenagers that talk back and show disrespect:

Make sure that the rules of the house are very clear and specific. You may need to say to your child (at a time when you are both calm), "We have been fighting a lot lately, so we need to sit down and clarify what my/our expectations for your behavior are, and what the consequences will be for breaking the rules. When your child talks back to you or refuses to do something you have asked, take a few seconds to remind yourself to stay calm, and think about what you are about to say. Do not threaten your child or yell at her, as these behaviors can cause the interaction to escalate. Simply state the behavior and remind your child of the consequences. If your child seems to be out of control (or you feel that you are getting out of control), let her know that you will continue the conversation later, and walk away.Be confident, firm, and consistent. Do not negotiate with your child, back down, or let her draw your into an argument about the consequence that you are enforcing. Consequences are consequences and shouldn't be up for discussion or argument. If your child feels like she can argue or negotiate a consequence, she'll be more likely to continue an undesired behavior and moreover, more likely to argue even more the next time around. Do not lecture or give long-winded speeches, as your teen will simply tune out, which will in turn make you more likely to get worked up. Think about how you speak to your child and to others around you. How often are you sarcastic or rude? Is your child picking up on your tone and the way you treat others? Try to adjust your own behavior and remember that whether she knows it or not, you are your child's greatest influence in terms of nurturing the right kinds of behavior in her. Consider telling your child that you have noticed that you can be rude to others sometimes, and that you're going to try to modify your own behavior. Sometimes, parents admitting that they too can make mistakes or have things that they need to work on, makes all the difference in terms of communication. Your child will feel less like she's under attack and more open to making adjustments of her own.

If your child seems to be out of control or defying you in ways that endanger her safety or that of others, seek professional assistance immediately. Ultimately, helping your child break habits of backtalk and disrespect will help her not only in her not only at home, but will make all the difference in her ability relate to others and be successful in life.

# Family meals

**Harpreet**

Having family meals together is important for several reasons:

Family meals foster a sense of connectedness in the family. They provide a daily time for the whole family to be together. Having routines like regular family meals also helps children feel secure. Family meals are times when family members can catch up with each other and find out what is going on in each family member's life. Also, family meals are an ideal setting for adults to model and reinforce appropriate communication skills for children, such as listening while others are talking, waiting one's turn to talk, and expressing one's opinion in a respectful manner. Family mealtimes are a natural setting for children to learn social skills such as using table manners and basic skills such as setting the table and preparing food.

Focus on being together rather than creating an elaborate meal. The meal can be as simple as ordering pizza and salad or preparing spaghetti and a jar of spaghetti sauce. Try to find time to have one or two meals a week together at first. Once these mealtimes are established routines, the family can expand the number of meals if possible. Choose a meal that will fit with everyone's schedule and that occurs at a time when children are calm and in a good mood. If evenings are the most difficult time of day for your family, try establishing breakfast, lunch, or brunch on the weekends as a regular family meal time. Have each family member be responsible for a task, for example, one person sets the table, one person cooks, one person prepares beverages, one person clears the table, etc. That way it is not too much work for one person and all family members will be more invested in the mealtime.

To Eliminate distractions - turn off the TV and let the answering machine answer the phone during the meal time. If the family is used to watching TV every night during dinner, this change should be implemented gradually, or it will probably be met with resistance. Start with one TV-free meal per week, then increase the number of meals without TV. Try to limit discussion to positive or neutral topics. Save discussions of negative topics, such as poor grades, or problem behaviors, for another time. Children will be more positive about eating together as a family if they do not view meals as a time when they will be criticized. Create an environment that is conducive to a positive dining experience. Lighting candles, putting flowers on the table, or playing soft music can make the mood more special and positive.

# Cheating

**Harjot**

These days, it seems like cheating is everywhere, from the baseball diamond to the classroom. With stories of professional dishonesty and performance-enhancing drugs permeating the adult world, it's no wonder that studies show academic cheating among children and teens on the rise. But while cheating on a test or plagiarizing an essay may seem a quick way to get a leg up, students are actually holding themselves back from the type of meaningful learning that will serve them best in life. So how can parents keep kids from cheating in a society that seems to stress winning at any cost, the trick is to diminish the motivations that drive cheating in the first place? Kids cheat when they become stressed, the pressure to get good grades and high test scores increases, so does the incidence of cheating, although children who cheat in school do not fit any defined profile, they're usually students "who are much more focused on getting good grades and extrinsically motivated rather than intrinsically motivated by a desire to learn.

That means that the more pressure students feel, the more likely they are to resort to cheating. And although pen-and-paper notes and other familiar methods are still very much in use, cell phones and PDAs have opened up new opportunities for students gunning for top grades. "Obviously with more technology there are more methods kids use to cheat, Using technology as a cheating aid may be new, but cheating has been around a long time, and it probably won't go away anytime soon. However, there are things that parents can do to help make sure their children get the most out of their education by getting past the impulse to cheat. Kids often cheat because they see it as the only way to measure up to high expectations. Although it's good to expect the most from your kids, make it clear that you expect them to do their best, not be the best. Praising your child every time he comes home with a good grade is standard parenting procedure, but make sure that you're sending the right message. Avoid punishing your child for low grades and rewarding him for high ones. Instead, emphasize the concept of effort by recognizing the hard work he put into his work, and encouraging better effort in problem areas. One of the most important things parents can do is talk to kids about how they are feeling academically and whether they are feeling stressed. Opening up a dialogue about tough classes does more than inform you about where your child is struggling: he'll know that you're on his side when it comes to that killer math test or demanding paper, and be more likely to come to you with problems rather than dealing with them the wrong way. Whether your child is involved in cheating or not, she will feel pressure to participate from peers at school, from friends asking to copy a last minute lab report to students' passing notes across her desk during a test. Make sure she knows that by saying "No" now, she's not only helping herself, but helping others in the long run. Be sure to share personal stories about cheating and lying with your child, too: it's important to show that you're not so perfect after all.

Although pressure to perform is an increasing focus for students, your child shouldn't feel that cheating is the only way to get ahead. Through hard work, good communication, and a desire to learn, your child will become a better learner and a better citizen for life.

# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ

## ਮਾਲ ਵਿਭਾਗ ਤੇ ਪੰਚਾਇਤ ਵਿਭਾਗ ਦੇ ਉਦਾਸੀਨ ਵਤੀਰੇ ਕਾਰਨ ਜ਼ਮੀਨਾਂ ਉੱਤੇ ਕਬਜ਼ੇ



ਇਹ ਮਾਮਲਾ ਪਿੰਡ ਜਗੀਰ ਪੱਟੀ ਦੀ 900 ਏਕੜ ਜ਼ਮੀਨ ਦਾ ਹੈ, ਜਿਸ ਦੀ ਕੀਮਤ 250 ਕਰੋੜ ਰੁਪਏ ਤੋਂ ਵੀ ਵੱਧ ਹੈ। ਇਹ ਜ਼ਮੀਨ 1954 ਦੀ ਚੱਕਬੰਦੀ ਦੌਰਾਨ ਵਾਧੂ ਐਲਾਨ ਦਿੱਤੀ ਗਈ ਤੇ ਮੋਗਾ ਜ਼ਿਲ੍ਹੇ ਦੇ ਚੜਿੱਕ ਪਿੰਡ ਨੂੰ ਤਬਦੀਲ ਕਰ ਦਿੱਤੀ ਗਈ ਸੀ। ਇਸ ਅਰਸੇ ਦੌਰਾਨ ਮਾਲ ਵਿਭਾਗ ਤੇ ਪੰਚਾਇਤ ਵਿਭਾਗ ਦੇ ਉਦਾਸੀਨ ਵਤੀਰੇ ਦੇ ਚੱਲਦਿਆਂ ਇਸ ’ਤੇ ਲੋਕਾਂ ਨੇ ਕਬਜ਼ੇ ਕਰ ਲਏ।

ਇਨ੍ਹਾਂ ਕਬਜ਼ਿਆਂ ਦਾ ਨਤੀਜਾ ਇਹ ਨਿਕਲਿਆ ਕਿ ਪੰਚਾਇਤਾਂ ਦੀ ਮਾਲਕੀ ਬਿਲਕੁਲ ਘੱਟ ਗਈ ਤੇ ਸਿਰਫ 8 ਏਕੜ 4 ਕਨਾਲ 10 ਮਰਲੇ ਜ਼ਮੀਨ ਸ਼ਾਮਲਾਟ ਰਹਿ ਗਈ। ਇਸ ਜ਼ਮੀਨ ਤੋਂ ਪੰਚਾਇਤ ਨੂੰ ਪਿਛਲੇ ਸਾਲ ਸਿਰਫ 1,59,500 ਰੁਪਏ ਠੇਕੇ ਵਜੋਂ ਹਾਸਲ ਹੋਏ। ਜੇ ਪੰਚਾਇਤ ਕੋਲ 900 ਏਕੜ ਦਾ ਕਬਜ਼ਾ ਹੁੰਦਾ ਤਾਂ ਪੰਚਾਇਤ ਜੇ ਮਾਰਕੀਟ ਰੇਟ ਅਨੁਸਾਰ ਇਸ ਨੂੰ ਠੇਕੇ ਉਤੇ ਦਿੰਦੀ ਤਾਂ ਉਸ ਨੂੰ 25 ਕਰੋੜ ਰੁਪਏ ਦੀ ਕਮਾਈ ਹੋਣੀ ਸੀ। ਬਿਨਾਂ ਸ਼ੱਕ ਇਸ ਮਾਮਲੇ ਵਿਚ ਵਿਜੀਲੈਂਸ ਬਿਊਰੋ ਨੇ ਜਾਂਚ ਆਰੰਭੀ ਸੀ ਤੇ ਪੰਚਾਇਤ ਨੂੰ ਇਸ ਜ਼ਮੀਨ ਦਾ ਕਬਜ਼ਾ ਮਿਲਣ ਦੀ ਉਮੀਦ ਵੀ ਪੈਦਾ ਹੋਈ ਪਰ ਇਹ ਉਮੀਦ ਦੀ ਕਿਰਨ ਉਦੋਂ ਖਤਮ ਹੋ ਗਈ ਜਦੋਂ ਅਨੇਕਾਂ ਅੜਿੱਕਿਆਂ ਨੂੰ ਧਿਆਨ ਵਿਚ ਰੱਖਦਿਆਂ ਵਿਜੀਲੈਂਸ ਬਿਊਰੋ ਨੇ ਜਾਂਚ ਬੰਦ ਕਰ ਦਿੱਤੀ।

ਪਿੰਡ ਦੇ ਇਕ ਸਾਬਕਾ ਪਟਵਾਰੀ ਪਰਮਜੀਤ ਸਿੰਘ ਨੇ ਦੱਸਿਆ ਕਿ ਚੱਕਬੰਦੀ ਦੌਰਾਨ ਇਸ ਜ਼ਮੀਨ ਦੀ ਮਾਲਕੀ ਦਾ ਹੱਕ ਜਗੀਰਦਾਰ ਤੋਂ ਪੰਚਾਇਤ ਦੇ ਨਾਂ ਤਬਦੀਲ ਨਹੀਂ ਹੋਇਆ ਤੇ ਇਸ ਦੌਰਾਨ ਲੋਕਾਂ ਨੇ ਇਸ ਜ਼ਮੀਨ ਉਤੇ ਕਬਜ਼ੇ ਕਰਨੇ ਸ਼ੁਰੂ ਕਰ ਦਿੱਤੇ। ਕੁੱਝ ਨੇ ਇਹ ਜ਼ਮੀਨ ਆਪਣੇ ਨਾਂ ਵੀ ਕਰਵਾ ਲਈ ਪਰ ਬਹੁਤੀ ਜ਼ਮੀਨ ਦਾ ਟਾਈਟਲ ਅਜੇ ਤਕ ਜਗੀਰਦਾਰ ਤੇ ਉਸ ਦੇ ਸਕੇ-ਸਬੰਧੀਆਂ ਦੇ ਨਾਂ ਹੀ ਚੱਲਦਾ ਹੈ ਪਰ ਹਕੀਕਤ ਇਹ ਹੈ ਕਿ ਉਹ ਜ਼ਮੀਨ ਦੇ ਕਿਸੇ ਵੀ ਟੁਕੜੇ ਉਤੇ ਕਾਬਜ਼ ਨਹੀਂ ਹਨ। ਜ਼ਮੀਨ ਦੀ ਗਿਰਦਾਵਰੀ ਹਲਵਾਹਕਾਂ ਦੇ ਨਾਂ ਤਬਦੀਲ ਹੋ ਚੁੱਕੀ ਹੈ। ਕੁੱਝ ਸਾਲ ਪਹਿਲਾਂ ਪਿੰਡ ਦੇ ਇਕ ਵਿਅਕਤੀ ਨੇ ਇਸ ਜ਼ਮੀਨ ਸਬੰਧੀ ਕੇਸ ਡਿਪਟੀ ਕਮਿਸ਼ਨ-ਕਮ-ਜ਼ਿਲ੍ਹਾ ਕੁਲੈਕਟਰ ਨੂੰ ਭੇਜ ਦਿੱਤਾ ਪਰ ਉਨ੍ਹਾਂ ਇਸ ਜ਼ਮੀਨ ਦੇ ਮਾਮਲੇ ਨੂੰ ਨਿਬੇੜਨ ਵਿਚ ਔਖ ਮਹਿਸੂਸ ਕਰਦਿਆਂ ਮਾਮਲਾ ਸਿਵਲ ਅਦਾਲਤ ਵਿਚ ਭੇਜ ਦਿੱਤਾ। ਰਾਜ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਅਜੇ ਤਕ ਇਨ੍ਹਾਂ ਕੇਸਾਂ ਨੂੰ ਹੱਲ ਕਰਨ ਵਿਚ ਸਫਲਤਾ ਨਹੀਂ ਮਿਲੀ। ਅਜਿਹਾ ਹੀ ਇਕ ਹੋਰ ਮਾਮਲਾ ਜ਼ਿਲ੍ਹੇ ਦੇ ਪਿੰਡ ਸਲੀਬ ਦਾ ਹੈ। ਤਤਕਾਲੀ ਜ਼ਿਲ੍ਹਾ ਵਿਕਾਸ ਪੰਚਾਇਤ ਅਫਸਰ ਨੇ ਆਪਣੀ ਰਿਪੋਰਟ ਵਿਚ ਇਹ ਲਿਖਿਆ ਹੈ ਕਿ ਮੋਗਾ ਬਲਾਕ-99 ਦਾ ਬਲਾਕ ਵਿਕਾਸ ਪੰਚਾਇਤ ਅਧਿਕਾਰੀ ਪਿੰਡ ਦੀ 108 ਏਕੜ ਚਰਾਂਦ ਦੀ ਜ਼ਮੀਨ ਨੂੰ ਬਚਾਉਣ ਵਿਚ ਅਸਫਲ ਰਿਹਾ ਹੈ ਤੇ ਪਿਛਲੇ 60 ਸਾਲ ਵਿਚ ਇਹ ਜ਼ਮੀਨ ਪ੍ਰਭਾਵਸ਼ਾਲੀ ਲੋਕ ਅੱਗੇ ਵੇਚਦੇ ਰਹੇ ਹਨ ਪਰ ਉਹ ਜ਼ਮੀਨ ਦਾ ਟਾਈਟਲ ਪੰਚਾਇਤ ਦੇ ਨਾਂ ਤੋਂ ਤਬਦੀਲ ਨਹੀਂ ਕਰਵਾ ਸਕੇ ਤੇ ਇਸ ਤਰ੍ਹਾਂ ਕਬਜ਼ੇ ਹੋ ਗਏ। ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਧਿਕਾਰੀ ਨੇ ਤਤਕਾਲੀ ਬੀ.ਡੀ.ਪੀ.ਓ. ਵਿਰੁੱਧ ਕਾਰਵਾਈ ਲਈ ਡਾਇਰੈਕਟੋਰੇਟ ਆਫ ਪੰਚਾਇਤ ਵਿਭਾਗ ਨੂੰ ਲਿਖਿਆ ਸੀ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅਦਾਲਤੀ ਜਾਂਚ ਦੌਰਾਨ ਇਹ ਤੱਥ ਸਾਹਮਣੇ ਆਇਆ ਕਿ ਵਿਵਾਦਗ੍ਰਸਤ ਜ਼ਮੀਨ ਦਾ ਟਾਈਟਲ ਪੰਚਾਇਤ ਦੇ ਨਾਂ ਹੀ ਨਹੀਂ ਚਾੜ੍ਹਿਆ ਗਿਆ ਤੇ ਇਸ ਕਰ ਕੇ ਇਸ ਨੂੰ ਸ਼ਾਮਲਾਟ ਨਹੀਂ ਮੰਨਿਆ ਜਾ ਸਕਦਾ। ਇਸ ਦੇ ਨਾਲ ਹੀ ਮੈਜਿਸਟਰੇਟੀ ਜਾਂਚ ਵਿਚ ਇਹ ਸੁਝਾਅ ਵੀ ਦੇ ਦਿੱਤਾ ਗਿਆ ਕਿ ਪੰਚਾਇਤ ਵਿਭਾਗ ਹਾਈ ਕੋਰਟ ਦੇ ਹੁਕਮਾਂ ਵਿਰੁੱਧ ਸੁਪਰੀਮ ਕੋਰਟ ਵਿਚ ਵੀ ਜਾ ਸਕਦਾ ਹੈ। ਰਿਪੋਰਟ ਮੁਤਾਬਕ ਇਸ ਸਮੇਂ ਇਸ ਜ਼ਮੀਨ ਨੂੰ ਕਾਂਗਰਸੀ ਆਗੂ ਅਵਤਾਰ ਹੈਨਰੀ, ਸਾਬਕਾ ਸੰਸਦ ਮੈਂਬਰ ਕੇਵਲ ਸਿੰਘ ਤੇ ਹੋਰ ਅਨੇਕਾਂ ਸੇਵਾਮੁਕਤ ਉੱਚ ਅਧਿਕਾਰੀ ਤੇ ਸਥਾਨਕ ਆਗੂ ਵਾਹ-ਬੀਜ ਰਹੇ ਹਨ। ਇਸ ਦੌਰਾਨ ਜ਼ਿਲ੍ਹਾ ਕੁਲੈਕਟਰ ਦੀ ਅਦਾਲਤ ਵਿਚ ਪੰਜ ਏਕੜ ਪੰਜ ਕਨਾਲ ਜ਼ਮੀਨ ਨਾਲ ਸਬੰਧਤ ਸੱਤ ਕੇਸ ਸੁਣਵਾਈ ਅਧੀਨ ਪਏ ਹਨ।

## ਸਸਤੇ ਅਨਾਜ ਨਾਲ ਪੰਜਾਬ ਦੇ ਖਜ਼ਾਨੇ ’ਤੇ ਦੁੱਗਣਾ ਭਾਰ

ਪੰਜਾਬ ਸਰਕਾਰ ਵੱਲੋਂ ਕੇਂਦਰ ਦੀ ‘ਅੰਨ ਸੁਰੱਖਿਆ ਯੋਜਨਾ’ ਉਪਰ ਆਪਣੀ ਮੋਹਰ ਲਾਉਣ ਨਾਲ ਸਰਕਾਰੀ ਖ਼ਜ਼ਾਨੇ ’ਤੇ ਸਾਲਾਨਾ ਤਕਰੀਬਨ 500 ਕਰੋੜ ਰੁਪਏ ਦਾ ਬੋਝ ਪਵੇਗਾ। ਖੁਰਾਕ ਤੇ ਸਿਵਲ ਸਪਲਾਈ ਵਿਭਾਗ ਵੱਲੋਂ ਤਿਆਰ ਕੀਤੀ ਯੋਜਨਾ ਮੁਤਾਬਕ ਇਕ ਰੁਪਏ ਪ੍ਰਤੀ ਕਿਲੋ ਕਣਕ, ਚਾਰ ਰੁਪਏ ਪ੍ਰਤੀ ਕਿਲੋ ਦਾਲ ਤੇ ਹੋਰ ਖਰਚਿਆਂ ਦਾ ਭਾਰ ਪਹਿਲਾਂ ਨਾਲੋਂ ਦੁਗਣਾ ਹੋ ਜਾਵੇਗਾ।

ਇਸ ਯੋਜਨਾ ਤਹਿਤ 33 ਲੱਖ ਪਰਿਵਾਰਾਂ ਨੂੰ ਸਸਤੇ ਭਾਅ ’ਤੇ ਕਣਕ ਤੇ ਦਾਲ ਦਿੱਤੀ ਜਾਣੀ ਹੈ। ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਲਾਭਪਾਤਰੀਆਂ ਦੀ ਸ਼ਨਾਖ਼ਤ ਦਾ ਕੰਮ ਆਰੰਭ ਦਿੱਤਾ ਹੈ। ਕੇਂਦਰ ਸਰਕਾਰ ਨੇ ਕਣਕ ਦੋ ਰੁਪਏ ਪ੍ਰਤੀ ਕਿਲੋ ਦੇਣ ਦਾ ਐਲਾਨ ਕੀਤਾ ਹੈ। ਅਕਾਲੀ-ਭਾਜਪਾ ਸਰਕਾਰ ਨੇ ਕੇਂਦਰ ਸਰਕਾਰ ਦੀ ਯੋਜਨਾ ’ਤੇ ਆਪਣੀ ਮੋਹਰ ਲਾਉਣ ਲਈ ਕਣਕ ਦਾ ਭਾਅ ਇਕ ਰੁਪਏ ਮਿੱਥ ਦਿੱਤਾ ਹੈ ਤੇ ਦਾਲ ਪਹਿਲਾਂ ਦੀ ਤਰ੍ਹਾਂ ਹੀ ਜਾਰੀ ਰੱਖੀ ਜਾਵੇਗੀ। ਵਿੱਤੀ ਸੰਕਟ ਨਾਲ ਜੂਝ ਰਹੀ ਰਾਜ ਸਰਕਾਰ ਲਈ 500 ਕਰੋੜ ਰੁਪਏ ਦਾ ਵਾਧੂ ਭਾਰ ਝੱਲਣਾ ਵੱਡੀ ਵੰਗਾਰ ਹੈ। ਪੰਜਾਬ ਸਰਕਾਰ ਵੱਲੋਂ ਇਸ ਯੋਜਨਾ ਦੇ ਤਿਆਰ ਪ੍ਰਸਤਾਵ ਮੁਤਾਬਕ 90 ਲੱਖ ਟਨ ਕਣਕ ਦਿੱਤੀ ਜਾਣੀ ਹੈ। ਇਸ ਦੇ ਸਰਕਾਰ ਨੂੰ 90 ਕਰੋੜ ਰੁਪਏ ਅਦਾ ਕਰਨੇ ਪੈਣਗੇ। ਇਸ ਯੋਜਨਾ ਤਹਿਤ ਦਾਲਾਂ ਦੀ ਖਪਤ 850 ਟਨ ਦੇ ਕਰੀਬ ਹੋਣ ਦਾ ਅਨੁਮਾਨ ਲਾਇਆ ਗਿਆ ਹੈ। ਇਸ ਨਾਲ ਸਰਕਾਰੀ ਖ਼ਜ਼ਾਨੇ ਨੂੰ 250 ਕਰੋੜ ਰੁਪਏ ਦਾ ਭਾਰ ਝੱਲਣਾ ਪਵੇਗਾ। ਢੋਆ ਢੁਆਈ ਤੇ ਡਿਪੂ ਹੋਲਡਰਾਂ ਨੂੰ ਦਿੱਤੇ ਜਾਣ ਵਾਲੇ ਕਮਿਸ਼ਨ ਦੇ ਖ਼ਰਚੇ 145 ਕਰੋੜ ਰੁਪਏ ਦੇ ਕਰੀਬ ਹਨ। ਇਸ ਤਰ੍ਹਾਂ ਇਸ ਯੋਜਨਾ ਦਾ ਸਾਲਾਨਾ ਬੋਝ 485 ਕਰੋੜ ਬਣ ਜਾਂਦਾ ਹੈ। ਪੰਜਾਬ ਦੇ ਇਕ ਮੰਤਰੀ ਦਾ ਮੰਨਣਾ ਹੈ ਕਿ ਜੇਕਰ ਕੇਂਦਰ ਦੀ ਅੰਨ ਸੁਰੱਖਿਆ ਯੋਜਨਾ ਨੂੰ ਇੰਨ-ਬਿੰਨ ਲਾਗੂ ਕਰ ਦਿੱਤਾ ਜਾਂਦਾ ਤਾਂ ਕਾਂਗਰਸ ਨੂੰ ਵੱਡਾ ਹਥਿਆਰ ਮਿਲ ਜਾਣਾ ਸੀ। ਵਿੱਤ ਵਿਭਾਗ ਨੇ 500 ਕਰੋੜ ਦਾ ਜੁਗਾੜ ਕਰਨ ਤੋਂ ਅਸਮਰਥਾ ਜਤਾਈ ਪਰ ਸਰਕਾਰ ਦੀਆਂ ਸਿਆਸੀ ਲੋੜਾਂ ਅੱਗੇ ਵਿੱਤ ਵਿਭਾਗ ਦੀਆਂ ਮਜਬੂਰੀਆਂ ਟਿਕ ਨਹੀਂ ਸਕੀਆਂ।

ਵਿੱਤੀ ਸੰਕਟ ਨਾਲ ਜੂਝ ਰਹੀ ਰਾਜ ਸਰਕਾਰ ਨੇ ਪਿਛਲੇ ਛੇ ਸਾਲਾਂ ਦੇ ਸਮੇਂ ਦੌਰਾਨ ਆਟਾ ਦਾਲ ਯੋਜਨਾ ਬੜੀ ਮੁਸ਼ਕਲ ਨਾਲ ਚਲਾਈ ਹੈ। ਇਸ ਯੋਜਨਾ ਨੇ ਜਨਤਕ ਖੇਤਰ ਦੇ ਚਾਰ ਅਦਾਰਿਆਂ ਪਨਸਪ, ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ, ਮਾਰਕਫੈੱਡ ਤੇ ਪੰਜਾਬ ਵੇਅਰਹਾਊਸਿੰਗ ਕਾਰਪੋਰੇਸ਼ਨ ਨੂੰ ਤਕਰੀਬਨ 1500 ਕਰੋੜ ਰੁਪਏ ਦਾ ਕਰਜ਼ਾਈ ਬਣਾ ਦਿੱਤਾ ਹੈ। ਰਾਜ ਸਰਕਾਰ ਵੱਲੋਂ ਕਣਕ ਦੀ ਸਪਲਾਈ ਤਾਂ ਕੇਂਦਰ ਤੋਂ ਆਉਂਦੀ ਏਪੀਐਲ ਯੋਜਨਾ ਦੀ ਕਣਕ ਵਿਚੋਂ ਕੀਤੀ ਜਾਂਦੀ ਰਹੀ ਹੈ ਪਰ ਦਾਲਾਂ ਦੀ ਸਪਲਾਈ ਮਹੀਨਿਆਂਬੱਧੀ ਠੱਪ ਹੀ ਰਹੀ ਹੈ। ਪਿਛਲੇ ਡੇਢ ਸਾਲ ਦੇ ਸਮੇਂ ਦੌਰਾਨ 15 ਲੱਖ ਪਰਿਵਾਰਾਂ ਨੂੰ ਮੁਸ਼ਕਲ ਨਾਲ ਛੇ ਮਹੀਨਿਆਂ ਦੇ ਸਮੇਂ ਤਕ ਹੀ ਦਾਲਾਂ ਦੀ ਸਪਲਾਈ ਦਿੱਤੀ ਜਾ ਸਕੀ ਹੈ। ਵਿੱਤ ਵਿਭਾਗ ਵੱਲੋਂ ਦਾਲਾਂ ਦੀ ਖ਼ਰੀਦ ਲਈ ਪੈਸਾ ਨਾ ਦਿੱਤੇ ਜਾਣ ਕਾਰਨ ਪਨਸਪ ਨੇ ਦਾਲਾਂ ਖ਼ਰੀਦਣ ਤੋਂ ਹੱਥ ਖੜ੍ਹੇ ਕਰ ਦਿੱਤੇ ਸਨ।

## ਹੱਸਦੇ ਵਸਦੇ ਘਰਾਂ ਦੇ ਪਲਾਂ ’ਚ ਗੁੰਮ ਗਏ ਸਿਰਨਾਵੇਂ



ਬਿਆਸ ਦਰਿਆ ਦੇ ਅੰਦਰ ਵਸੇ ਮੰਡ ਇਲਾਕੇ ਦੇ ਪਿੰਡਾਂ ਦੇ ਲੋਕ ਰੋਜ਼ ਮੌਤ ਦੀਆਂ ਅੱਖਾਂ ’ਚ ਅੱਖਾਂ ਪਾ ਕੇ ਹੀ ਆਪਣੇ ਦਿਨ ਦੀ ਸ਼ੁਰੂਆਤ ਕਰਦੇ ਆ ਰਹੇ ਹਨ। ਮੌਤ ਨਾਲ ਨਿੱਤ ਟਾਕਰਾ ਹੋਣ ਦੀ ਤਰਾਸਦੀ ਨੂੰ ਉਹ ਦਹਾਕਿਆਂ ਤੋਂ ਆਪਣੇ ਪਿੰਡੇ ਉੱਤੇ ਆ ਹੰਢਾਉਂਦੇ ਆ ਰਹੇ ਹਨ। ਮੰਡ ਵਿਚ ਵੱਸਣ ਵਾਲੇ ਪਿੰਡਾਂ ਦੀ ਹੋਣੀ ਸ਼ੂਕਦੇ ਬਿਆਸ ਦਰਿਆ ’ਤੇ ਪੂਰੀ ਤਰ੍ਹਾਂ ਨਿਰਭਰ ਹੈ। ਇਨ੍ਹਾਂ ਲੋਕਾਂ ਨੂੰ ਆਪਣੀ ਮਿੱਟੀ ਨਾਲ ਏਨਾ ਮੋਹ ਹੈ ਕਿ ਸਾਹਮਣੇ ਮੌਤ ਦੇਖ ਕੇ ਵੀ ਉਹ ਮੰਡ ਛੱਡਣਾ ਨਹੀਂ ਚਾਹੁੰਦੇ। ਮੰਡ ਦੇ ਲੋਕ ਪੁੱਤਾਂ ਨਾਲੋਂ ਪਿਆਰੀ ਜ਼ਮੀਨ ਨੂੰ ਦਰਿਆ ਦੀ ਭੇਟ ਚੜ੍ਹਦਿਆਂ ਦੇਖ ਕੇ ਆਪਣੀ ਜਾਨ ਵੀ ਦਰਿਆ ਦੇ ਹਵਾਲੇ ਕਰਨ ਲਈ ਮਜਬੂਰ ਹਨ। ਮੰਡ ਦੇ ਕਿਸਾਨ ਪ੍ਰਸ਼ਾਸਨਿਕ ਅਧਿਕਾਰੀਆਂ ਕੋਲ ਦੋ ਸਾਲਾਂ ਤੋਂ ਆਪਣੀ ਜ਼ਮੀਨ ਬਚਾਉਣ ਲਈ ਹਾੜ੍ਹੇ ਕੱਢਦੇ ਰਹੇ ਪਰ ਕਿਸੇ ਨੇ ਇਨ੍ਹਾਂ ਦੀ ਨਹੀਂ ਸੁਣੀ। ਅਜਿਹੇ ਕਈ ਘਰ ਹਨ ਜਿਹੜੇ ਪੂਰੀ ਤਰ੍ਹਾਂ ਉੱਜੜ ਚੁੱਕੇ ਹਨ। ਪਿਛਲੇ ਦੋ ਸਾਲਾਂ ਤੋਂ ਆਪਣੀ 20 ਏਕੜ ਜ਼ਮੀਨ ਨੂੰ ਬਿਆਸ ਦੇ ਸ਼ੂਕਦੇ ਪਾਣੀਆਂ ਤੋਂ ਬਚਾਉਣ ਲਈ ਪਿੰਡ ਰਾਮਪੁਰ ਗਾਉਰਾ ਦੇ ਗੁਰਬਖਸ਼ ਨੇ ਬੜੇ ਹਾੜ੍ਹੇ ਕੱਢੇ ਪਰ ਉਸ ਦੀ ਕਿਸੇ ਨੇ ਨਾ ਸੁਣੀ ਤੇ ਆਖਰ ਦੇਖਦਿਆਂ ਹੀ ਉਸ ਦੀਆਂ ਅੱਖਾਂ ਦੇ ਸਾਹਮਣੇ ਉਨ੍ਹਾਂ ਦੀ 17 ਏਕੜ ਜ਼ਮੀਨ ਬਿਆਸ ਦਰਿਆ ਨਿਗਲ ਗਿਆ। ਬਾਕੀ ਦੇ ਤਿੰਨ ਏਕੜ ’ਚ ਵੀ ਦਰਿਆ ਨੇ ਐਸੀ ਢਾਹ ਲਾਈ ਕਿ ਉਨ੍ਹਾਂ ਤਿੰਨ ਏਕੜਾਂ ’ਚ ਕਿਧਰੇ ਚਾਰ-ਚਾਰ ਫੁੱਟ ਰੇਤਾ ਚੜ੍ਹ ਗਿਆ ਤੇ ਕਿਧਰੇ 10-10 ਫੁੱਟ ਡੂੰਘੇ ਟੋਏ ਪੈ ਗਏ ਹਨ। 20 ਏਕੜ ਜ਼ਮੀਨ ਦਾ ਮਾਲਕ ਹੁਣ ਖਾਲੀ ਹੱਥ ਬੈਠਾ ਹੈ। ਉਹਦੇ ਬੱਚੇ ਤੇ ਮਾਪੇ ਕਿਸੇ ਦੇ ਘਰ ਵਿਚ ‘ਪਨਾਹ’ ਲਈ ਬੈਠੇ ਹਨ। ਖਾਣ ਜੋਗੇ ਦਾਣੇ ਵੀ ਨਹੀਂ ਬਚੇ।

ਗੁਰਬਖਸ਼ ਨੇ ਹਉਕਾ ਲੈਂਦਿਆਂ ਪਹਿਲਾਂ ਤਾਂ ਦਰਿਆ ਦੇ ਠਾਠਾਂ ਮਾਰਦੇ ਪਾਣੀ ਵੱਲ ਦੇਖਿਆ ਤੇ ਫਿਰ ਆਪਣੀਆਂ ਅੱਖਾਂ ’ਚ ਵਗੀ ਹੰਝੂਆਂ ਦੀ ਨਦੀ ਨੂੰ ਪੂੰਝਦਿਆਂ ਕਿਹਾ ਕਿ ਸਾਡਾ ਤਾਂ ਸਭ ਕੁੱਝ ਉਜੜ ਗਿਆ। ਕਿਸੇ ਦੇ ਘਰ ’ਚ ਸ਼ਰਨਾਰਥੀਆਂ ਵਾਂਗ ਰਹਿ ਰਹੇ ਹਾਂ। ਗੁਰਬਖਸ਼ ਦੱਸਦਾ ਹੈ ਕਿ ਉਸ ਦੀ ਪਤਨੀ, ਦੋ ਬੱਚੇ ਤੇ ਮਾਂ-ਬਾਪ ਹਨ ਜੋ ਹੁਣ ਕਿਸੇ ਦੇ ਘਰ ’ਚ ਦਿਨ ਕਟੀ ਕਰ ਰਹੇ ਹਨ। ਉਨ੍ਹਾਂ ਕੋਲ ਇਹੋ ਹੀ ਜ਼ਮੀਨ ਸੀ ਜਿਹੜੀ ਦਰਿਆ ਦੀ ਭੇਟ ਚੜ੍ਹ ਗਈ ਹੈ। ਹੁਣ ਉਨ੍ਹਾਂ ਕੋਲ ਇਹ ਅੱਧ ਪਚੱਦਾ ਘਰ ਬਚਿਆ ਹੈ ਪਰ ਇਸ ਦੇ ਵੀ ਬਚਣ ਦੀ ਬਹੁਤੀ ਉਮੀਦ ਨਹੀਂ ਰਹੀ। ਜ਼ਮੀਨ ’ਚ ਲੱਗੀਆ ਮੋਟਰਾਂ ਵੀ ਹੁਣ ਕੱਢ ਨਹੀਂ ਹੋਣੀਆਂ। ਕਿਸਾਨ ਜੋਗਿੰਦਰ ਸਿੰਘ ਦੀ ਹਾਲਤ ਤਾਂ ਗੁਰਬਖਸ਼ ਨਾਲੋਂ ਵੀ ਮਾੜੀ ਹੈ। ਉਸ ਕੋਲ ਦੱਸਣ ਲਈ ਕੋਈ ਨਿਸ਼ਾਨੀ ਵੀ ਨਹੀਂ ਬਚੀ। ਦਰਿਆ ਦੇ ਅੱਥਰੇ ਹੋਏ ਸੁਭਾਅ ਨੂੰ ਭਾਂਪਦਿਆ ਜੋਗਿੰਦਰ ਸਿੰਘ ਨੇ ਰੀਝਾਂ ਨਾਲ ਬਣਾਇਆ ਘਰ ਜਦੋਂ ਹੱਥੀਂ ਢਾਹੁਣਾ ਸ਼ੁਰੂ ਕੀਤਾ ਸੀ ਤਾਂ ਉਸ ਦੀਆਂ ਧਾਹਾਂ ਨਿਕਲ ਗਈਆਂ ਸਨ। ਤੀਲ੍ਹਾ-ਤੀਲ੍ਹਾ ਜੋੜ ਕੇ ਬਣਾਏ ਘਰ ਦਾ ਸਾਮਾਨ ਜਦੋਂ ਚੁੱਕਣ ਦਾ ਵੇਲਾ ਆਇਆ ਤਾਂ ਦਰਿਆ ਨੇ ਇਸ ਦਾ ਵੀ ਕੋਈ ਮੌਕਾ ਨਹੀਂ ਦਿੱਤਾ ਤੇ ਸਾਰਾ ਕੁੱਝ ਹੀ ਸਣੇ ਜ਼ਮੀਨ ਤੇ ਸਾਮਾਨ ਰੋੜ੍ਹ ਕੇ ਲੈ ਗਿਆ। ਜੋਗਿੰਦਰ ਸਿੰਘ ਦੱਸਦਾ ਹੈ ਕਿ ਉਸ ਦੀ 16 ਏਕੜ ਜ਼ਮੀਨ ਸੀ ਜਿਹੜੀ ਸਾਰੀ ਦੀ ਸਾਰੀ ਦਰਿਆ ਨਿਗਲ ਗਿਆ। ਘਰ ਬਚਾਉਣ ਦੀ ਕੋਸ਼ਿਸ ਵੀ ਕੀਤੀ ਪਰ ਉਹ ਵੀ ਸਫਲ ਨਾ ਹੋਈ। ਦਰਿਆ ਦੇ ਅੱਥਰੇ ਪਾਣੀ ਨੇ ਤਨ ਉੱਤੇ ਪਾਏ ਕੱਪੜਿਆਂ ਤੋਂ ਬਿਨਾਂ ਕੁੱਝ ਨਹੀਂ ਛੱਡਿਆ।

## ਸਿਆਸੀ ਸ਼ਹਿ ’ਤੇ ਸ਼ਾਮਲਾਟਾਂ ਉਪਰ ਕਬਜ਼ੇ

ਇਸ ਜ਼ਿਲ੍ਹੇ ਵਿਚ ਜਦੋਂ ਵੀ ਸ਼ਾਮਲਾਟ ਜ਼ਮੀਨਾਂ ਉਤੇ ਨਾਜਾਇਜ਼ ਕਬਜ਼ਿਆਂ ਦਾ ਜ਼ਿਕਰ ਛਿੜਦਾ ਹੈ ਤਾਂ ਚਰਚਾ ਦਾ ਰੁੱਖ ਰਣਬੀਰ ਸਿੰਘ ਮੁਦਾਲ ਵੱਲ ਮੁੜ ਜਾਂਦਾ ਹੈ, ਜੋ ਚਾਰ ਸਾਲ ਪਹਿਲਾਂ ਗੁਰਦਾਸਪੁਰ ਵਿਚ ਡੀ.ਡੀ.ਪੀ.ਓ. ਸੀ। ਜਦੋਂ ਵੀ ਪ੍ਰਸ਼ਾਸਨਿਕ ਅਧਿਕਾਰੀ, ਮਾਲੀਆ ਅਫਸਰਾਂ ਨੂੰ ਸਿਆਸਤਦਾਨਾਂ ਜਾਂ ਉਨ੍ਹਾਂ ਦੇ ਪਿੱਠੂਆਂ ਵੱਲੋਂ ਨਾਜਾਇਜ਼ ਤੌਰ ’ਤੇ ਕਬਜ਼ੇ ਵਿਚ ਲਈਆਂ ਜ਼ਮੀਨਾਂ ਛੁਡਾਉਣ ਲਈ ਆਖਦੇ ਹਨ ਤਾਂ ਉਹ ਉਸ ਡੀ.ਡੀ.ਪੀ.ਓ. ਦੇ ਦੁੱਖ ਤੇ ਤਰਾਸਦੀ ਚੇਤੇ ਕਰਦੇ ਹਨ। ਮੁਦਾਲ ਦਾ ਦੋਸ਼ ਸਿਰਫ਼ ਇਹ ਸੀ ਕਿ ਉਹ ਆਪਣੀ ਡਿਊਟੀ ਨਿਭਾ ਰਿਹਾ ਸੀ ਤੇ ਫਤਹਿਗੜ੍ਹ ਚੂੜੀਆਂ ਅਸੰਬਲੀ ਹਲਕੇ ’ਚ ਪੈਂਦੀ 100 ਏਕੜ ਦੇ ਕਰੀਬ ਪੰਚਾਇਤੀ ਜ਼ਮੀਨ ਤੋਂ ਨਾਜਾਇਜ਼ ਕਬਜ਼ੇ ਹਟਵਾਉਣ ਦੇ ਯਤਨ ਕਰ ਰਿਹਾ ਸੀ। ਮੁੱਖ ਮੰਤਰੀ ਦੇ ਨੇੜਲੇ ਸਮਝੇ ਜਾਂਦੇ ਇਕ ਸ਼ਕਤੀਸ਼ਾਲੀ ਸਿਆਸਤਦਾਨ ਦੇ ਆਦਮੀਆਂ ਨੇ ਇਸ ਅਫਸਰ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਸੀ। ਇਸੇ ਤਰ੍ਹਾਂ ਕੇਸੋਪੁਰ ਛੰਬ ਖੇਤਰ ’ਚ 850 ਏਕੜ ਦੇ ਕਰੀਬ ਲੰਮੀ ਚੌੜੀ ਜਲਗਾਹ ਦੇ 100 ਏਕੜ ਦੇ ਕਰੀਬ ਸਥਾਨ ’ਤੇ ਕਾਬਜ਼ ਪਿੰਡ ਵਾਲਿਆਂ ਦੀ ਸਿਆਸਤਦਾਨ ਹੀ ਪੁਸ਼ਤ ਪਨਾਹੀ ਕਰ ਰਹੇ ਹਨ। ਜ਼ਿਲ੍ਹਾ ਪ੍ਰਸ਼ਾਸਨ ਪੰਚਾਇਤਾਂ ਦੀ ਇਹ ਜ਼ਮੀਨ ਛੁਡਾਉਣ ਦੀਆਂ ਵਿਉਂਤਾਂ ਬਣਾ ਰਿਹਾ ਹੈ। ਪੰਜ ਪੰਚਾਇਤਾਂ ਨੇ ਕੇਸੋਪੁਰ ਛੰਬ ਲਈ ਸਾਂਝੀ ਜ਼ਮੀਨ ਪੱਟੇ ’ਤੇ ਦਿੱਤੀ ਸੀ। ਦਲੇਰਪੁਰ ਖੇੜਾ ਵਿਚ 32 ਏਕੜ ਵਾਹੀਯੋਗ ਜ਼ਮੀਨ ਪ੍ਰਮੁੱਖ ਸਿਆਸਤਦਾਨਾਂ ਵੱਲੋਂ ਨਾਜਾਇਜ਼ ਕਬਜ਼ੇ ’ਚ ਲਈ ਜਾ ਰਹੀ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਦੀ ਤਾਮੀਲ ਕਰਨ ਲਈ ਡਿਪਟੀ ਕਮਿਸ਼ਨਰ ਨੂੰ ਪੁਲੀਸ ਦੀ ਮਦਦ ਲੈਣੀ ਪਈ ਤਾਂ ਕਿਤੇ ਜਾ ਕੇ ਜ਼ਮੀਨ ਖਾਲੀ ਹੋਈ। ਇਲਾਕੇ ਦੇ ਪ੍ਰਭਾਵਸ਼ਾਲੀ ਸਿਆਸਤਦਾਨ ਪਿਛਲੇ ਕਈ ਦਹਾਕਿਆਂ ਤੋਂ ਇਹ ਸਾਂਝੀਆਂ ਜ਼ਮੀਨਾਂ ਆਪਣੇ ਕਬਜ਼ੇ ’ਚ ਲੈਂਦੇ ਆ ਰਹੇ ਹਨ ਤੇ ਜ਼ਿਲ੍ਹਾ ਪ੍ਰਸ਼ਾਸਨ ਲਾਚਾਰ ਜਿਹਾ ਹੋਇਆ ਰਹਿੰਦਾ ਹੈ। ਅਦਾਲਤੀ ਹੁਕਮਾਂ ’ਤੇ ਹੀ ਮਾੜਾ ਮੋਟਾ ਕੁੱਝ ਬਦਲਦਾ ਹੈ।

ਇਹ ਸਾਰੀਆਂ ਮਿਸਾਲਾਂ ਇਹ ਦੱਸਣ ਲਈ ਕਾਫ਼ੀ ਹਨ ਕਿ ਕਿਵੇਂ ਸਿਆਸਤਦਾਨ, ਗ਼ਲਤ ਅਨਸਰਾਂ ਦੀ ਮਦਦ ਨਾਲ ਪੰਚਾਇਤੀ ਤੇ ਸ਼ਾਮਲਾਟ ਜ਼ਮੀਨਾਂ ਹੜੱਪਣ ਲੱਗੇ ਹੋਏ ਹਨ। ਅਜਿਹੀਆਂ ਜ਼ਮੀਨਾਂ ਖਾਲੀ ਕਰਾਉਣੀਆਂ ਪ੍ਰਸ਼ਾਸਨ ਲਈ ਹੋਰ ਔਖੀਆਂ ਹੋ ਗਈਆਂ ਹਨ ਕਿਉਂਕਿ ਅਕਾਲੀ ਦਲ ਦੇ ਜ਼ੋਰਾਵਰਾਂ ਨੇ ਹਲਕਾ ਇੰਚਾਰਜਾਂ ਨੂੰ ਬੇਹਿਸਾਬੇ ਅਖ਼ਤਿਆਰ ਦੇ ਰੱਖੇ ਹਨ। ਇਨ੍ਹਾਂ ’ਚੋਂ ਬਹੁਤੇ ਆਗੂ, ਜੋ ਪਿਛਲੀਆਂ ਅਸੰਬਲੀ ਚੋਣਾਂ ਹਾਰ ਚੁੱਕੇ ਹਨ, ਹੁਣ ਆਪਣੇ ਪਿੱਠੂਆਂ ਰਾਹੀਂ ਬੜੀ ਢੀਠਤਾ ਨਾਲ ਧੜਾਧੜ ਸ਼ਾਮਲਾਟ ਜ਼ਮੀਨਾਂ ’ਤੇ ਕਬਜ਼ੇ ਕਰ ਰਹੇ ਹਨ। ਜੰਗਲਾਤ ਰਕਬਾ ਵੀ ਬਖਸ਼ਿਆ ਨਹੀਂ ਜਾ ਰਿਹਾ। ਗੁਰਦਾਸਪੁਰ-ਮੁਕੇਰੀਆਂ ਸੜਕ ’ਤੇ ਮਹਿਤਾਬਪੁਰ ਨੇੜੇ ਬਿਆਸ ਦਰਿਆ ਦੇ ਕੰਢੇ ਲਾਗੇ-ਲਾਗੇ ਜੰਗਲਾਤ ਦੀ ਸੈਂਕੜੇ ਏਕੜ ਜ਼ਮੀਨ ’ਤੇ ਕਬਜ਼ਾ ਕਰਨ ਵਾਲੇ ਮਾਫ਼ੀਆ ਦੀ ਸੱਤਾਧਾਰੀ ਪਾਰਟੀ ਦੇ ਇਕ ਸ਼ਕਤੀਸ਼ਾਲੀ ਵਿਧਾਇਕ ਵੱਲੋਂ ਪੁਸ਼ਤ ਪਨਾਹੀ ਕਰਨ ਦੀ ਚਰਚਾ ਇਲਾਕੇ ’ਚ ਆਮ ਹੈ।

ਸ਼ਾਮਲਾਟ ਜ਼ਮੀਨਾਂ ਪੰਜਾਬ ਦੇ ਪਿੰਡਾਂ ਦੀ ਸਾਂਝੀ ਜ਼ਮੀਨ ਬਾਰੇ ਐਕਟ 1961 ਅਧੀਨ ਆਉਂਦੀਆਂ ਹਨ ਤੇ ਇਨ੍ਹਾਂ ਜ਼ਮੀਨਾਂ ’ਤੇ ਹੋਣ ਵਾਲੀ ਹਰ ਸਰਗਰਮੀ ਬਾਰੇ ਫੈਸਲਾ ਜ਼ਿਲ੍ਹਾ ਪ੍ਰਸ਼ਾਸਨ ਕਰਦਾ ਹੈ। ਪਰ ਲੁਕਵੇਂ ਤੌਰ ’ਤੇ ਅਧਿਕਾਰੀ ਮੰਨਦੇ ਹਨ ਕਿ ਸਥਾਨਕ ਸਿਆਸਤਦਾਨਾਂ-ਕਮ-ਹਲਕਾ ਮੁਖੀਆਂ ਨੇ ਇਸ ਐਕਟ ਦੀਆਂ ਧੱਜੀਆਂ ਉਡਾ ਰੱਖੀਆਂ ਹਨ ਤੇ ਉਹ ਪੰਚਾਂ-ਸਰਪੰਚਾਂ ਤੇ ਆਪਣੇ ਪਿੱਠੂਆਂ ਰਾਹੀਂ ਜ਼ਮੀਨਾਂ ’ਤੇ ਕਾਬਜ਼ ਹੋ ਰਹੇ ਹਨ। ਭਾਵੇਂ ਇਹ ਲੀਡਰ ਇਸ ਤੋਂ ਇਨਕਾਰ ਕਰਦੇ ਹਨ ਪਰ ਇਹ ਸਭ ਨੂੰ ਪਤਾ ਹੈ ਕਿ ਇਨ੍ਹਾਂ ਸਿਆਸਤਦਾਨਾਂ ਦੇ ਥਾਪੜੇ ਤੋਂ ਬਿਨਾਂ ਪੰਚ-ਸਰਪੰਚ ਜ਼ਮੀਨਾਂ ਨਹੀਂ ਹਥਿਆ ਸਕਦੇ ਤੇ ਇਸ ਵਿੱਚ ਮਾਲੀਆ ਵਿਭਾਗ ਦੇ ਵਿੱਚ ਵਿਚਕਾਰਲੇ ਜਿਹੇ ਅਫਸਰਾਂ ਦੀ ਵੀ ਸ਼ਮੂਲੀਅਤ ਹੁੰਦੀ ਹੈ। ਇੱਕ ਪ੍ਰਸ਼ਾਸਕੀ ਅਧਿਕਾਰੀ ਅਨੁਸਾਰ ਗੁਰਦਾਸਪੁਰ ਜ਼ਿਲ੍ਹੇ ’ਚ 70 ਫੀਸਦੀ ਸ਼ਾਮਲਾਟ ਜ਼ਮੀਨ ਨਾਜਾਇਜ਼ ਕਾਬਜ਼ਕਾਰਾਂ ਦੇ ਕਬਜ਼ੇ ਵਿਚ ਹੈ। ਇਹ ਕਬਜ਼ੇ ਦਹਾਕਿਆਂ ਪੁਰਾਣੇ ਹਨ ਤੇ ਸਿਆਸਤਦਾਨਾਂ ਦੀ ਇਸ ਵਿਚ ਸ਼ਮੂਲੀਅਤ ਹੈ। ਜ਼ਿਲ੍ਹੇ ਦੇ ਸੱਤ ਵਿਧਾਨ ਸਭਾ ਹਲਕਿਆਂ ਵਿੱਚੋਂ ਪੰਜ ’ਤੇ ਕਾਂਗਰਸੀ ਵਿਧਾਇਕ ਹਨ, ਪਰ ਇੱਥੇ ਪੁੱਗਦੀ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਦੀ ਹੈ।

# ALBERTA CARPET CENTRE LTD.

FLOOR COVERING CARPET LINO TILES GRANITE SLATE AREA RUGS HARDWOOD & LAMINATE

4238 99 St. Edmonton

GLASS MOSAICS STARTING AT 4.99/SF (4260 SF IN STOCK)

CARPET REM UNDER 7' x 12' ONLY 00.50 ¢/SQ FT
CARPET REM OVER 7' x 12' ONLY 00.89 ¢/SQ FT

MILLION DOLLAR INVENTORY REDUCTION SALE

PATTERNED CARPET 1.99/ SQ FT ( 11000+ S.Y IN STOCK)
100% BCF NYLON ONLY $ 1.39/SQ FT (1150 S.Y IN STOCK)
BERBER 0.79 ¢/SQ FT (8000 S.Y IN STOCK)

SEVERAL PATTERNS TO CHOOSE
PATTERNED COMMERTIAL CARPET (3500+ S.Y IN STOCK)
100 % BCF NYLON STARTING AT 1.39/SF
TEXTURED CARPET 100% BCF NYLON

MAPLEHARDWOOD 4/4 x 5/8" 3.99 / SF (4,000 SF IN STOCK)

HUGE SELECTION OF TILES TO CHOOSE
TILES STARTING AT $ 1.29 / SF (OVER 350,000 SF IN STOCK)
CERAMIC 13.5" x 13.5" 1.29/SF (8870 IN STOCK) 2 COLORS TO CHOOSE
PORCELEIN TILE 13" x 13" 1.79/ SF (20,239 SF IN STOCK) 4 COLORS TO CHOOSE

SUPER BLOWOUT SALE!

CALL BALBIR SINGH JAGGI
780 435 9410
Fax: 780 435 2596

# ROCKY'S PIZZA

Phone 780-423-2323
4227 - 23 Ave Edmonton, AB T6L 5Z8

Now Open - Take Out and Delivery
Hockey Game Day Specials
Open until 11:00 PM Weekdays & 12:00 AM Friday & Saturday

ROCKY'S PIZZA
PACKS A LOT OF PUNCH!!

# Lunch & Dinner Buffet



7 days a week starting from
$11.00
Bring in this ad and receive 10% off of next order
(expires Jan 31, 2012)



ALL INDIA
RESTAURANT & SWEETS
780-463-7770 • 4249 – 23 Ave Edmonton, AB T6L 5Z8 • www.allindiarestaurant.ca

A-WIN Insurance

# ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ





## A-WIN: MAKING LIFE EASY

Who We Are

**Western Canada's**

Biggest Brokers Team, designed to serve Canadians' with solutions for your personal and professional insurance needs.

**When Time and Money Matters**

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

**Quick Quotes When You Need Them**





### What we Offer

- Home / Auto Insurance
- RV Insurance
- Travel Insurance
- Emergency Road Services
- Auto Mobile Warranty Services
- Commercial Insurance
- D & O Coverage / E & O Insurance

- ਕਾਰ, ਮੋਟਰਸਾਈਕਲ ਇੰਸ਼ੌਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੌਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੌਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੌਰੈਂਸ

MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.

PROVIDING PEACE OF MIND
100 YEARS & BEYOND
SMI SASKATCHEWAN MUTUAL INSURANCE COMPANY

**Discounts up to 60%**

**Payment Options available**

**ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ**

**We Provide Services In English, Punjabi, Hindi & Urdu**

**Edmonton: 780-465-6900**

ਜਸਵੀਰ ਦਿਓਲ, ਨਵਤੇਜ ਬੈਂਸ, ਰਮਨ ਗਿੱਲ, ਰਾਜਬੀਰ ਸਿੰਘ, ਸਿਮਰਨ ਸਿੱਧੂ, ਮਨਿੰਦਰ ਕੌਰ

**Calgary: 403-775-2100**

ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੈਹਦਵਾਨ

ADVANCED Roofing Systems Ltd.

RESIDENTIAL COMMERCIAL

Residential/Commercial Insurance Claims • Asphalt & Specialty Shingles • Siding, Soffits,Fascia • 2 Ply Membranes (SBS) • Cedar Shakes New & Re-Roof Specialists • Condominums Welcome • Steep Roofs Welcome Licaenced & Insured • Pine Shake Replacement • Roof Top Snow removel • FREE Estimates



Gill Olson (Manager)

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365



Gurkeerat Holding Ltd.



- We Build New House
- We Build Basement
- We Do Renovation
- Kitchen Cabinets

ਨਵਾਂ ਘਰ, ਨਵੀਂ ਬੇਸਮੈਂਟ, ਰੈਨੋਵੇਸ਼ਨ ਕਰਵਾਉਣ, ਸਸਤੀਆਂ ਅਤੇ ਵਧੀਆ ਕਿਚਨ ਕੈਬਨਿਟਾਂ ਲਈ ਵਧੀਆ ਕੰਮ ਅਤੇ ਵਾਜਬ ਰੇਟ ਲਈ ਸਾਨੂੰ ਕਾਲ ਕਰੋ

Ph. 780-996-2873



G DRIVING SCHOOL LTD.

Authorised teach Certification Course



Gurcharan Singh Garcha (M.Sc. M.Ed.)

EDMONTON'S NO. 1 DRIVING SCHOOL

ਕਿਸੇ ਵੀ ਤਰ੍ਹਾਂ ਦਾ ਡਰਾਇਵਿੰਗ ਲਾਇਸੈਂਸ ਲੈਣ ਲਈ ਭਰੋਸੇਮੰਦ ਨਾਮ G DRIVING SCHOOL

Services available in English, Punjabi, Hindi & Urdu



Male & Female Instructors are available | VEHICLE PROVIDE FOR ROAD TEST | Free Pickup & Drop Off in Edmonton & Area

9866-41 Ave. Edmonton AB T6E 5L6

Ph. : Off 780-229-1332, Cell : 780-907-0332, Fax : 780-229-0593

E-mail : info@gdrivingshool.com, www.gdrivingschool.com



PIZZA99



Serving for over 16 years

Call (780) 450-9900



ਮਸਾਲੇਦਾਰ ਮੱਛੀ ਦੇ ਪਕੌੜੇ, ਵਧੀਆ ਸਰਵਿਸ, ਵਧੀਆ ਫੂਡ, ਵਾਜ਼ਬ ਕੀਮਤਾਂ ਲਈ ਸੰਪਰਕ ਕਰੋ:- ਪਰਮਜੀਤ ਸਿੰਘ ਬਾਠ

FREE DELIVERY Millwoods ONLY

Buy any Pizza at regular price & get Second Pizza of equal or less value Free or Chicken wings Free and 3rd Pizza Half Price.

ਪਰਮਜੀਤ ਸਿੰਘ ਬਾਠ

www.pizza99.com

Opening Hours: Monday to Thursday 3pm to 11.30pm, Friday 3pm to 1.30am, Saturday 12 noon to 1.30am, Sunday 12 noon to 11.30pm

RENNET FREE CHEESE

1543 Millwoods Road East, Edmonton AB.



Sidhu Stucco Ltd.

Residential & Commercial

ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ।



Stucco is a versatile, beautiful, durable and fire resistant cladding.

All kind of Stucco

Acrylic & Rain Screen

Harinder Dhaliwal

(780) 297-9165



EconoLodge BY CHOICE HOTELS

Red Deer Econo Lodge Inn & Suites

www.choicehotels.com

Reservations 1-877-424-6423



403-346-4188

Cell: 403-505-4188

Email: econolodgereddeer@shaw.ca



Varinder Sidhu
President

37433 Highway 2 South, East Side Gasoline Alley
Red Deer, Alberta T4E 1B3



$299,900

Incl. Home, lot & net GST

ਕੀਮਤ ਘਰ, ਲਾਟ ਅਤੇ ਨੈਟ ਜੀ ਐਸ ਟੀ ਸਮੇਤ ਹੈ

$299,900

SOUTH EAST
2 Storey
3 bedrooms
2 1/2 baths
1290sq.ft
Single Garage
6 Appliances





$318,800

2 storey
Detached home
3 bedrooms
1 1/2 baths
1260 sq.ft
6 Appliances
double Garage

SOUTH WEST
2 Storey
3 bedrooms
2 1/2 baths
1711sq.ft
Bonus Room
Attached Garage



$375,000



ਫਾਇਨੈਂਸਿੰਗ ਦੀ ਸੁਵਿਧਾ ਹੈ
ਡਾਊਨ ਪੇਮੈਂਟ, ਨੋ ਪਰਾਬਲਮ

FINANCING AVAILABLE

No Down Payment, No Problem

Call Rennie @ 780-966-1688

rennie1688@gmail.com

# ਗ਼ਦਰ ਸ਼ਤਾਬਦੀ ਸਮਾਗਮ ਲੜੀ 2013





## ਪ੍ਰੋਗਰੈਸਿਵ ਪੀਪਲਜ਼ ਫਾਊਂਡੇਸ਼ਨ ਆਫ਼ ਐਡਮਿੰਟਨ

(ਸਾਂਝਾ ਮੰਚ : ਪੰਜਾਬੀ ਕਲਚਰਲ ਐਸੋਸੀਏਸ਼ਨ ਆਫ਼ ਐਡਮਿੰਟਨ, ਮੇਪਲ ਲੀਫ਼ ਰਾਈਟਰਜ਼ ਫਾਊਂਡੇਸ਼ਨ ਆਫ਼ ਐਡਮਿੰਟਨ, ਪੰਜਾਬੀ ਆਰਟ ਐਸੋਸੀਏਸ਼ਨ ਅਤੇ ਸੈਕੂਲਰ ਪੀਪਲਜ਼ ਆਫ਼ ਐਡਮਿੰਟਨ)

ਵਲੋਂ

**ਟਿਕਟ**
$ 25
ਬੱਚੇ : $ 15
(ਉਮਰ 15 ਸਾਲ ਤੋਂ ਘੱਟ)

# ਜਨਤਕ ਸਮਾਗਮ ਅਤੇ ਡਿਨਰ

**Ticket**
$ 25
Kids : $ 15
(Under 15 year)

**16 ਨਵੰਬਰ 2013 ਦਿਨ ਸ਼ਨੀਵਾਰ : ਸ਼ਾਮ 6.00 ਵਜੇ ਸਥਾਨ : ਮਹਾਰਾਜਾ ਪੈਲੇਸ, 9257 34ਏ ਐਵੀਨਿਊ, ਐਡਮਿੰਟਨ**

### ਬੁਲਾਰੇ Speakers



ਮੰਗਤ ਰਾਮ ਪਾਸਲਾ
**Mangat Ram Pasla**
ਟਰੱਸਟੀ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ
Renown Speaker; Trustee Desh Bhagat Yadgar Committee Jalandhar



ਡਾ. ਸੁਖਦੇਵ ਸਿੰਘ ਸਿਰਸਾ
**Dr. Sukhdev Singh Sirsa**
ਮੁਖੀ ਪੰਜਾਬੀ ਅਧਿਐਨ ਸਕੂਲ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
Chairman, School of Punjabi Studies, Punjab University, Chandigarh



ਡਾ. ਰਾਜ ਪੰਨੂ
**Dr. Raj Pannu**
ਪ੍ਰੋਫ਼ੈਸਰ ਸਮਾਜਕ ਸ਼ਾਸਤਰ ਵਿਭਾਗ ਯੂਨੀਵਰਸਿਟੀ ਆਫ਼ ਅਲਬਰਟਾ (ਸੇਵਾ ਮੁਕਤ), ਐਡਮਿੰਟਨ
Professor Emeritus, University of Alberta Edmonton

ਸਮਾਗਮ ਵਿਚ ਸਥਾਨਕ ਕਲਾਕਾਰਾਂ ਵਲੋਂ ਗ਼ਜ਼ਲਾਂ ਅਤੇ ਗੀਤ ਪੇਸ਼ ਕੀਤੇ ਜਾਣਗੇ

# Ghadr Centennial Commemoration 2013

A Tribute to Patriotic Heroes of the Ghadr Movement

## Progressive Peoples Foundation of Edmonton

(An Umbrella organization comprising Punjabi Cultural Association of Edmonton, Maple Leaf Writers Foundation of Edmonton, Punjabi Art Association of Edmonton, Secular Peoples of Edmonton)

***Holds***

# *Public Meeting & Dinner*

An entertaining inspiring cultural program, will be a part of the festivity.

**On Saturday November 16, 2013 at 6:00 PM Venue: Maharaja Palace, 9257 34A Ave, Edmonton**




### Book Release

A source book on the Ghadr Movement titled
**"Ghadr Movement and India's Anti-Imperialist Struggle"**
Edited by Dr. P.R. Kalia and published by
Progressive Peoples Foundation of Edmonton will be released on this occasion.




The Ghadr Centennial Commemoration Planning Team:

Dalbir Sangione: 780-995-5475, Kirtmeet Kohar: 780-200-5328, Gurwarinder (Sony) Gill: 780-497-8801, Navtej Bains: 780-200-2872, Dr. P.R. Kalia: 780-440-2766, Joginder Randhawa: 780-914-625, Gurcharan Brar: 780-265-3752, Bakhash Sangha: 780-660-7520, Kashmira Badesha: 587-709-3070, Darshan Khaira: 780-984-1208, Rabinder Sra: 780-431-1692, Surinder Deol: 780-239-9038, Jasbir Sangha: 780-461-7528, Varinder Bhachu: 780-297-5301, Gursewak Mann: 587-920-7710, Gurminder Moom: 780-450-2075, Pavitter Dhaliwal: 780-990-3315, Usha Bhachu; 780-200-3078, Parminder Dhaliwal: 780-994-1886, Gurtej Brar: 780-906-0371, Devinder Sunner: 780-952-7334, Parminder Sooch: 780-297-6105, Harjinder Badesha: 780-265-1920, Navtej Johal: 780-266-2145, Jaswinder Minhas: 587-231-3350, Baljinder Gill: 780-964-6000, Gurmail Dhaliwal: 780-265-6990, Parteek Mann: 780-289-9678

ਨਵੀਂ ਦੁਨੀਆ

# ਰਾਈਟਰਜ਼ ਫੋਰਮ ਦੀ ਇਕੱਤਰਤਾ ’ਚ ਪੰਜਾਬੀ ਭਾਸ਼ਾ ਨੂੰ ਉੱਚਾ ਚੁੱਕਣ ’ਤੇ ਜ਼ੋਰ

ਕੈਲਗਰੀ (ਜੱਸ ਚਾਹਲ) : ਰਾਈਟਰਜ਼ ਫੋਰਮ, ਕੈਲਗਰੀ ਦੀ ਮਾਸਿਕ ਇਕੱਤਰਤਾ ਕਾਊਂਸਲ ਆਫ਼ ਸਿੱਖ ਆਰਗੇਨਾਈਜੇਸ਼ਨਜ਼ ਦੇ ਹਾਲ ਵਿਚ ਹੋਈ। ਪ੍ਰਧਾਨਗੀ ਮੰਡਲ ਵਿਚ ਸ਼ਮਸ਼ੇਰ ਸਿੰਘ ਸੰਧੂ, ਜਸਵੀਰ ਸਿੰਘ ਸਹੋਤਾ ਅਤੇ ਜਸਵੰਤ ਸਿੰਘ ਸੇਖੋਂ ਸ਼ਾਮਲ ਹੋਏ। ਫ਼ੋਰਮ ਦੇ ਜਨਰਲ ਸਕੱਤਰ ਜੱਸ ਚਾਹਲ ਨੇ ਪਿਛਲੀ ਇਕੱਤਰਤਾ ਦੀ ਰਿਪੋਰਟ ਪੜ੍ਹੀ। ਆਰ.ਐਸ. ਸੈਣੀ ਨੇ ਸ਼ਮਸ਼ੇਰ ਸਿੰਘ ਸੰਧੂ ਦੀ ਗ਼ਜ਼ਲ ਗਾ ਕੇ ਸਾਹਿਤਕ ਦੌਰ ਸ਼ੁਰੂ ਕੀਤਾ। ਜਗਦੀਸ਼ ਸਿੰਘ ਚੋਹਕਾ ਨੇ ਆਪਣਾ ਲੇਖ ‘ਪੰਜਾਬੀ ਭਾਸ਼ਾ’ ਪੜ੍ਹਦਿਆਂ ਦਸਿਆ ਕਿ ਸੰਸਾਰ ਵਿਚ 6800 ਬੋਲਣ ਵਾਲੀਆਂ ਭਾਸ਼ਾਵਾਂ ਵਿਚੋਂ 3500 ਭਾਸ਼ਾਵਾਂ ਬੋਲਣ ਵਾਲੇ ਕੇਵਲ 20% ਲੋਕ ਹਨ। ਯੁਨੈਸਕੋ ਦੀ ਰਿਪੋਰਟ ਮੁਤਾਬਕ 40% ਭਾਸ਼ਾਵਾਂ ਖ਼ਤਮ ਹੋਣ ਦੇ ਖਦਸ਼ੇ ’ਚ ਹਨ। ਪੰਜਾਬੀ 14 ਕਰੋੜ ਲੋਕ ਬੋਲਦੇ ਹਨ ਪਰ ਕੇਵਲ 2.1 ਕਰੋੜ ਹੀ ਪੰਜਾਬੀ ਲਿਖਦੇ ਹਨ। ਪੰਜਾਬੀ ਨੂੰ ਬਚਾਉਣ ਲਈ ਇਹ ਵੀ ਜ਼ਰੂਰੀ ਹੈ ਕਿ ਇਹ ਗਿਆਨ ਦੀ ਭਾਸ਼ਾ ਬਣੇ। ਹਰਨੇਕ ਸਿੰਘ ਬੱਧਨੀ ਨੇ ਆਪਣੀ ਗ਼ਜ਼ਲ ਸੁਣਾਈ। ਕਰਾਰ ਬੁਖ਼ਾਰੀ ਨੇ ਉਰਦੂ ਗ਼ਜ਼ਲ ਨਾਲ ਸਭਾ ਵਿਚ ਪਹਿਲੀ ਵਾਰੀ ਸ਼ਿਰਕਤ ਕੀਤੀ। ਸੁਰਜੀਤ ਸਿੰਘ ਸੀਤਲ ‘ਪਨੂੰ’ ਹੋਰਾਂ ਆਪਣੀਆਂ ਕੁੱਝ ਪੰਜਾਬੀ ਰੁਬਾਈਆਂ ਅਤੇ ਗ਼ਜ਼ਲ ਸੁਣਾਈ। ਜਸਵੰਤ ਸਿੰਘ ਸੇਖੋਂ ਨੇ ਆਪਣੀ ਕਵਿਤਾ ਰਾਹੀਂ ਸਮਾਜ ਨੂੰ ਨਸ਼ਿਆਂ ਤੋਂ ਸੁਚੇਤ ਕੀਤਾ। ਸੁਰਿੰਦਰ ਸਿੰਘ ਢਿਲੋਂ ਨੇ 1939 ਦੀ ਫ਼ਿਲਮ ਨਰਤਕੀ ਵਿਚ ਪੰਕਜ ਮਲਿਕ ਦੀ ਗਾਈ ਇਹ ਹਿੰਦੀ ਗ਼ਜ਼ਲ ਗਾਈ। ਰਫ਼ੀ ਅਹਿਮਦ ਹੋਰਾਂ ਕੰਵਰ ਮਹਿੰਦਰ ਸਿੰਘ ਬੇਦੀ ਦੀ ਲਿਖੀ ਉਰਦੂ ਕਹਾਣੀ ‘ਲਾਜਵੰਤੀ’ ਸਾਂਝੀ ਕੀਤੀ। ਬੀਬੀ ਰਜਿੰਦਰ ਕੌਰ ਚੋਹਕਾ ਨੇ ਪੰਜਾਬੀ ਭਾਸ਼ਾ ਦੇ ਵਿਕਾਸ ਬਾਰੇ ਚਰਚਾ ਕੀਤੀ। ਜੱਸ ਚਾਹਲ ਨੇ ਆਪਣੀ ਹਿੰਦੀ ਗ਼ਜ਼ਲ, ਸਵਰਨ ਸਿੰਘ ਸੰਧੂ ਹੋਰਾਂ ਸ਼ਿਵ ਕੁਮਾਰ ਬਟਾਲਵੀ ਦੀ ਲਿਖੀ ਗ਼ਜ਼ਲ, ਡਾ. ਮਜ਼ਹਰ ਸੱਦੀਕੀ ਨੇ ਆਪਣੀ ਉਰਦੂ ਸ਼ਾਇਰੀ, ਡਾ. ਮਨਮੋਹਨ ਸਿੰਘ ਬਾਠ ਨੇ ਰਫ਼ੀ ਦਾ ਇਕ ਗੀਤ, ਅਜਾਇਬ ਸਿੰਘ ਸੇਖੋਂ ਨੇ ਸੁਰਜੀਤ ਸਿੰਘ ਸੀਤਲ ਹੋਰਾਂ ਦੀ ਗ਼ਜ਼ਲ, ਸ਼ਮਸ਼ੇਰ ਸਿੰਘ ਸੰਧੂ ਨੇ ਇਕ ਗ਼ਜ਼ਲ ਗਾ ਕੇ ਸਮਾਂ ਬੰਨ੍ਹ ਦਿੱਤਾ। ਜਗਜੀਤ ਸਿੰਘ ਰਾਹਸੀ ਨੇ ਉਰਦੂ ਦੇ ਕੁੱਝ ਸ਼ੇਅਰ ਤੇ ਹਿੰਦੀ ਗੀਤ, ਡਾ. ਮੁੰਹਮਦ ਮੋਹਈਉਦੀਨ ਨੇ ਉਰਦੂ ਗ਼ਜ਼ਲ, ਬੀਜਾ ਰਾਮ ਹੋਰਾਂ ਆਪਣੀ ਨਜ਼ਮ ਗਾਈ। ਰਮਨਜੀਤ ਸਿੱਧੂ ਨੇ, ਜੋ ਰੇਡੀਓ ਰੈਡ ਐਫ. ਐਮ. ਦੇ ਰਿਪੋਰਟਰ ਹਨ, ਨੇ ਰਾਈਟਰਜ਼ ਫੋਰਮ ਦੇ ਇਸ ਉੱਦਮ ਦੀ ਸ਼ਲਾਘਾ ਕੀਤੀ। ਅਮਰੀਕ ਸਿੰਘ ਚੀਮਾ ਨੇ ਸ਼ਿਵ ਬਟਾਲਵੀ ਦੀ ਲਿਖੀ ਗ਼ਜ਼ਲ, ਜਸਵੀਰ ਸਿੰਘ ਸਹੋਤਾ ਨੇ ਕਵਿਤਾ, ਕੁਲਬੀਰ ਸਿੰਘ ਸ਼ੇਰਗਿਲ ਨੇ ‘ਗਲੋਬਲ ਵਿਲੇਜ’ ਨਾਂ ਦਾ ਆਪਣਾ ਲੇਖ ਸਾਂਝਾ ਕੀਤਾ। ਰਵੀ ਜਨਾਗਲ ਨੇ ਜਸਬੀਰ ਗੁਨਾਚੌਰੀਆ ਦਾ ਲਿਖਿਆ ਗੀਤ ਗਾਇਆ। ਇਨ੍ਹਾਂ ਤੋਂ ਇਲਾਵਾ ਜਰਨੈਲ ਸਿੰਘ ਤਗੜ, ਮੋਹਨ ਸਿੰਘ ਮਿਨਹਾਸ, ਗੁਰਦਿਆਲ ਸਿੰਘ ਖਹਿਰਾ, ਪ੍ਰਭਦੇਵ ਸਿੰਘ ਗਿੱਲ, ਅਮਰਜੀਤ ਰਖੜਾ ਅਤੇ ਸ੍ਰੀਮਤੀ ਅਨੀਤਾ ਰਖੜਾ ਹੋਰਾਂ ਵੀ ਸਭਾ ਦੀ ਰੌਣਕ ਵਧਾਈ।




# ਮੰਗਤ ਰਾਮ ਪਾਸਲਾ ਕਨੇਡਾ ਫੇਰੀ ’ਤੇ

ਐਡਮਿੰਟਨ (ਨਦਬ) ਟਰੇਡ ਯੂਨੀਅਨ ਤੇ ਜਮਹੂਰੀ ਲਹਿਰ ਦੇ ਉਘੇ ਆਗੂ, ਸਕੱਤਰ ਸੀ.ਪੀ.ਐਮ. ਪੰਜਾਬ, ਟਰੱਸਟੀ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਮੰਗਤ ਰਾਮ ਪਾਸਲਾ 6 ਨਵੰਬਰ ਤੋਂ 17 ਨਵੰਬਰ, 2013 ਤੱਕ ਕਨੇਡਾ ਫੇਰੀ ’ਤੇ ਆ ਰਹੇ ਹਨ। ਉਹ ਐਡਮਿੰਟਨ ਵਿੱਚ, ਦਿਨ ਸ਼ਨੀਵਾਰ 16 ਨਵੰਬਰ 2013, ਨੂੰ ਮਹਾਰਾਜਾ ਪੈਲੇਸ ਅਤੇ ਐਤਵਾਰ 17 ਨਵੰਬਰ ਸਰ੍ਹੀ ਵਿਖੇ ਇੰਡੀਆ ਬੈਂਕੁਏਟ ਹਾਲ ਵਿੱਚ ਆਯੋਜਤ ਕੀਤੇ ਜਾ ਰਹੇ ਗਦ਼ਰ ਸ਼ਤਾਬਦੀ ਸਮਾਰੋਹਾਂ ਨੂੰ ਸੰਬੋਧਨ ਕਰਨਗੇ। ਇਸ ਦੌਰਾਨ 7 ਨਵੰਬਰ ਤੋਂ 10 ਨਵੰਬਰ ਉਹਨਾਂ ਨਾਲ ਟੋਰਾਂਟੋ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਦਲਬੀਰ ਸਾਂਗਿਆਣ: 780-995-5475, ਨਵਤੇਜ ਬੈਂਸ: 780-200-2872, ਜੋਗਿੰਦਰ ਰੰਧਾਵਾ: 780-914-6251, ਹਰਬੰਸ ਮੱਲ੍ਹੀ: 416-418-6220, ਹਰਿੰਦਰ ਹੁੰਦਲ: 647-818-6880, ਹਰਕੇਵਲ ਧਾਲੀਵਾਲ; 778-892-4693, ਹਰਮੇਲ ਸੁੰਨੜ: 604-719-1319 ਨਾਲ ਸੰਪਰਕ ਕੀਤਾ ਜਾ ਸਕਦਾ ਹੈ।



# ‘ਤਲਵੰਡੀ ਸਲੇਮ ਨੂੰ ਜਾਂਦੀ ਸੜਕ’ ਕਿਤਾਬ ਪੰਜਾਬੀ ਲਿਖਾਰੀ ਸਭਾ ਕੈਲਗਰੀ ਵਲੋਂ ਰਿਲੀਜ਼



ਕੈਲਗਰੀ (ਬਲਜਿੰਦਰ ਸੰਘਾ) ਪੰਜਾਬੀ ਲਿਖ਼ਾਰੀ ਸਭਾ ਕੈਲਗਰੀ ਵੱਲੋਂ ਲੇਖਕ ਅਵਤਾਰ ਪਾਸ਼ ਬਾਰੇ ਕਿਤਾਬ ‘ਤਲਵੰਡੀ ਸਲੇਮ ਨੂੰ ਜਾਂਦੀ ਸੜਕ’ ਭਰਵੀ ਹਾਜ਼ਰੀ ਵਿਚ ਰਿਲੀਜ਼ ਕੀਤੀ ਗਈ। ਸਟੇਜ ਸੰਚਾਲਨ ਬਲਜਿੰਦਰ ਸੰਘਾ ਵਲੋਂ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿਚ ਪ੍ਰਧਾਨ ਮਹਿੰਦਰਪਾਲ ਸਿੰਘ ਪਾਲ, ਸਭਾ ਦੇ ਸਰਪਰਸਤ ਅਤੇ ਮੋਢੀ ਮੈਂਬਰਾਂ ਵਿਚੋ ਜਸਵੰਤ ਸਿੰਘ ਗਿੱਲ ਅਤੇ ਕੈਲਗਰੀ ਦੇ 24 ਘੰਟੇ ਚੱਲਣ ਵਾਲੇ ਰੇਡੀਓ ਰੈਡ ਐਫ ਐਮ ਵਲੋਂ ਰਿਸ਼ੀ ਨਾਗਰ ਸ਼ਾਮਲ ਹੋਏ। ਪ੍ਰੋਗਰਾਮ ਦੇ ਸ਼ੁਰੂ ਵਿਚ ਕੈਲਗਰੀ ਦੇ ਬੱਚਿਆਂ ਜੁਝਾਰ ਸਿੰਘ, ਗੁਰਜੀਤ ਸਿੰਘ ਅਤੇ ਤੇਜਿੰਦਰ ਕੌਰ ਗਿੱਲ ਵੱਲੋ ਜਸਵੰਤ ਸਿੰਘ ਸੇਖੋ ਦੀ ਅਗਵਾਈ ਵਿਚ ਗ਼ਦਰੀ ਬਾਬਿਆਂ ਦੀ ਵਾਰ ਪੇਸ਼ ਕੀਤੀ। ਹਰੀਪਾਲ ਨੇ ਕਿਤਾਬ ‘ਤਲਵੰਡੀ ਸਲੇਮ ਨੂੰ ਜਾਂਦੀ ਸੜਕ ਬਾਰੇ ਆਪਣਾ ਪਰਚਾ ਪੜਦਿਆਂ ਪਾਸ਼ ਦੀ ਲੇਖਣੀ ਦੀ ਹਰ ਪੱਖ ਤੋ ਬਹੁਮੁੱਲੀ ਪੜਚੋਲ ਕੀਤੀ। ਗੁਰਬਚਨ ਬਰਾੜ ਨੇ ਪਾਸ਼ ਦੀ ਪੂਰੀ ਲੇਖਣੀ ਦੀ ਡੂੰਘਾਈ ਦੀ ਗੱਲ ਕੀਤੀ। ਬਲਜਿੰਦਰ ਸੰਘਾ ਨੇ ਸੰਖੇਪ ਵਿਚ ਦੱਸਿਆ ਕਿ ਹਾਲਾਤ ਕਦੇ ਵੀ ਸਾਜਗਾਰ ਨਹੀਂ ਹੁੰਦੇ ਜਿਸਦਾ ਅੰਦਾਜ਼ਾ ਪਾਸ਼ ਦੀ ਕਵਿਤਾ ਅਤੇ ਵਾਰਤਕ ਪੜ੍ਹਕੇ ਲਗਾਇਆ ਜਾ ਸਕਦਾ ਹੈ। ਮਾ.ਭਜਨ ਸਿੰਘ ਗਿੱਲ ਨੇ ਅਵਤਾਰ ਪਾਸ਼ ਦੀ ਕਵਿਤਾ ਉੱਪਰ ਕਮਿਊਨਿਸਟ ਲਹਿਰ ਦਾ ਪ੍ਰਭਾਵ, ਪਾਸ਼ ਦਾ ਕਤਲ ਇਕ ਜਗਿਆਸੂ, ਸੱਚੀ, ਕਿਰਤੀਆਂ ਦੇ ਹੱਕ ਅਤੇ ਅਨਿਆ ਦੇ ਵਿਰੁੱਧ ਲਿਖਣ ਵਾਲੀ ਕਲਮ ਦਾ ਕਤਲ ਦੱਸਿਆ। ਇੰਜੀ :ਗੁਰਦਿਆਲ ਸਿੰਘ ਖਹਿਰਾ ਨੇ ਪਾਸ਼ ਦੀ ਕਵਿਤਾ ਪੇਸ਼ ਕੀਤੀ। ਰਿਸ਼ੀ ਨਾਗਰ ਨੇ ਪਾਸ਼ ਦੇ ਆਪਣੇ ਪਿਤਾ ਨਾਲ ਸਬੰਧਾ ਨੂੰ ਯਾਦ ਕੀਤਾ। ਡਰੱਗ ਅਵੇਰਨੈਸ ਫਾਂਊਡੇਸ਼ਨ ਕੈਲਗਰੀ ਵੱਲੋਂ ਬਲਵਿੰਦਰ ਕਾਹਲੋ ਨੇ ਪਾਸ਼ ਦੀ ਕਲਮ ਨੂੰ ਸਿੱਜਦਾ ਕੀਤਾ ਅਤੇ ਕੈਲਗਰੀ ਵਿਚ ਹੋ ਰਹੇ ਖ਼ੂਨਦਾਨ ਕੈਂਪ ਬਾਰੇ ਜਾਣਕਾਰੀ ਦਿੱਤੀ। ਜਸਵੰਤ ਸਿੰਘ ਗਿੱਲ ਵੱਲੋਂ ਸਭਾ ਦੀ ਸਾਲ 2014-15 ਦੀ ਕਮੇਟੀ ਦਾ ਐਲਾਨ ਕੀਤਾ ਗਿਆ। ਨਵੀਂ ਕਮੇਟੀ ਵਿਚ ਪ੍ਰਧਾਨ: ਹਰੀਪਾਲ, ਜਨਰਲ ਸਕੱਤਰ: ਸੁਖਪਾਲ ਪਰਮਾਰ, ਮੀਤ ਪ੍ਰਧਾਨ: ਤਰਲੋਚਨ ਸੈਂਭੀ, ਸਕੱਤਰ: ਬਲਬੀਰ ਗੋਰਾ, ਖਜ਼ਾਨਚੀ : ਅਵਨਿੰਦਰ ਨੂੰਰ, ਮੀਡੀਆ ਸਲਾਹਕਾਰ: ਬਲਜਿੰਦਰ ਸੰਘਾ ਅਤੇ ਕਾਰਜਕਾਰੀ ਮੈਂਬਰ ਗੁਰਬਚਨ ਬਰਾੜ, ਜੋਗਿੰਦਰ ਸਿੰਘ ਸੰਘਾ, ਮਹਿੰਦਰਪਾਲ ਸਿੰਘ ਪਾਲ, ਜੋਰਾਵਰ ਬਾਂਸਲ, ਦਵਿੰਦਰ ਮਲਹਾਂਸ, ਰਣਜੀਤ ਲਾਡੀ, ਮੰਗਲ ਚੱਠਾ ਅਤੇ ਬੀਜਾ ਰਾਮ ਚੁਣੇ ਗਏ। ਇੰਡੀਆ ਤੋਂ ਕਨੇਡਾ ਫੇਰੀ ’ਤੇ ਆਏ ਲੇਖਕ ਕਰਨਲ ਪ੍ਰਤਾਪ ਸਿੰਘ ਨੂੰ ਸਭਾ ਵਲੋਂ ਯਾਦਗਾਰੀ ਸਰਟੀਫਿਕੇਟ ਨਾਲ ਸਨਮਾਨਤ ਕੀਤਾ ਗਿਆ। ਤਰਲੋਚਨ ਸੈਂਭੀ, ਕਮਲਪ੍ਰੀਤ ਪੰਧੇਰ, ਨਵਕਿਰਨ, ਬਲਬੀਰ ਗੋਰਾ, ਗੁਰਿੰਦਰਪਾਲ ਬਰਾੜ, ਰਵੀ ਜਨਾਗਲ ਵੱਲੋਂ ਆਪਣੀਆ ਬੁਲੰਦ ਅਵਾਜਾਂ ਵਿਚ ਪਾਸ਼ ਦੀਆਂ ਕਵਿਤਾਵਾਂ ਅਤੇ ਗੀਤ ਸਾਂਝੇ ਕੀਤੇ ਗਏ। ਜੋਗਿੰਦਰ ਸਿੰਘ ਸੰਘਾ ਨੇ ਮਿੰਨੀ ਕਹਾਣੀ ਸੁਣਾਈ। ਇਸ ਤੋ ਇਲਾਵਾ ਜਸਵੰਤ ਸਿੰਘ ਸੇਖੋ, ਸਰੂਪ ਮੰਡੇਰ, ਹਰਨੇਕ ਬੱਧਨੀ, ਹਰਮਿੰਦਰ ਕੌਰ ਢਿੱਲੋ, , ਗੁਰਚਰਨ ਸਿੰਘ ਹੇਹਰ, ਰਜਿੰਦਪਾਲ ਹੁੰਦਲ ਆਦਿ ਨੇ ਰਚਨਾਵਾਂ ਸਾਂਝੀਆਂ ਕੀਤੀ।

# ਕਹਾਣੀ ਵਿਚਾਰ ਮੰਚ ਟੋਰਾਂਟੋ ਦੀ ਤ੍ਰੈ ਮਾਸਿਕ ਮਿਲਣੀ ਸਮੇਂ ਪੰਜ ਕਹਾਣੀਆਂ ’ਤੇ ਚਰਚਾ

ਗੁਆਲਫ (ਮੇਜਰ ਮਾਂਗਟ): ਗੁਆਲਫ ਵਿਚ ਸਥਿਤ ਆਰਵੀਜ਼ ਰੇਸਤਰਾਂ ਵਿਚ ਤ੍ਰੈ ਮਾਸਿਕ ਮਿਲਣੀ ਲਈ ਲੇਖਕਾਂ ਦਾ ਇਕੱਠ ਜੁੜਿਆ। ਮੀਟਿੰਗ ਦੀ ਸ਼ੁਰੂਆਤ ਸੰਚਾਲਕ ਬਲਬੀਰ ਸੰਘੇੜਾ ਦੇ ਸੁਆਗਤੀ ਬੋਲਾਂ ਨਾਲ ਹੋਈ। ਤਬਦੀਲੀਆਂ ਬਾਰੇ ਵਿਚਾਰ ਚਰਚਾ ਲਈ ਸੰਸਥਾ ਦਾ ਵਿਧਾਨ ਪੜ੍ਹਿਆ ਗਿਆ। ਮਗਰੋਂ ਕਹਾਣੀਆਂ ਪੜ੍ਹਨ ਦਾ ਦੌਰ ਆਰੰਭ ਹੋਇਆ। ਇਸ ਸੈਸ਼ਨ ਦੇ ਮੁੱਖ ਮਹਿਮਾਨ ਕੈਲੇਫੋਰਨੀਆ (ਅਮਰੀਕਾ) ਰਹਿ ਰਹੀ ਪੰਜਾਬੀ ਕਹਾਣੀਕਾਰਾ ਅਮਰਜੀਤ ਕੌਰ ਪਨੂੰ ਸੀ। ਉਨ੍ਹਾਂ ਬੈਠਕ ਦੀ ਸ਼ੁਰੂਆਤ ਆਪਣੀ ਕਹਾਣੀ ‘ਵੰਡਰ ਵੁਮੈਨ’ ਨਾਲ ਕੀਤੀ। ਇਸ ਕਹਾਣੀ ਵਿਚ ਉਨ੍ਹਾਂ ਬੇਟੀ ਦੇ ਵਿਆਹ ਮੰਡਪ ਵਿਚ ਸ਼ਾਮਲ ਮਾਂ ਦੀ ਮਾਨਸਿਕਤਾ ਨੂੰ ਚਿਤਰਿਆ ਸੀ, ਜਿਸ ਦਾ ਪਿਤਾ ਕਿਸੇ ਹੋਰ ਔਰਤ ਨਾਲ ਦੌੜ ਜਾਂਦਾ ਹੈ। ਇਸ ਕਹਾਣੀ ਵਿਚ ਕੁੜੀਆਂ ਨਾਲ ਵਿਤਕਰਾ, ਬੱਚਿਆਂ ਦੇ ਬੇਬੀ ਸਿਟਰ ਕੋਲ ਰਹਿਣ ਦਾ ਪ੍ਰਭਾਵ, ਵਿਆਹਾਂ ’ਤੇ ਬੇਲੋੜੇ ਬੁਲਾਰਿਆਂ ਦਾ ਬਣਾਇਆ ਬੋਝਲ ਮਹੌਲ ਤੇ ਹੋਰ ਸਥਿਤੀਆਂ ਨੂੰ ਬਾਖੂਬੀ ਚਿਤਰਿਆ ਗਿਆ ਸੀ। ਇਸ ਕਹਾਣੀ ’ਤੇ ਭਰਪੂਰ ਚਰਚਾ ਹੋਈ ਤੇ ਕੁੱਝ ਸੁਝਾਅ ਵੀ ਪੇਸ਼ ਕੀਤੇ ਗਏ, ਜਿਸ ਨੂੰ ਲੇਖਿਕਾ ਨੇ ਖਿੜੇ ਮੱਥੇ ਕਬੂਲਿਆ।

ਦੂਸਰੀ ਕਹਾਣੀ ਗੁਰਮੀਤ ਪਨਾਗ ਦੀ ‘ਟੇਕ ਮੀ ਬੈਕ’ ਸੀ। ਇਹ ਕਹਾਣੀ ਕੰਮ ਵਿਚ ਖਚਿਤ ਕਾਮਯਾਬ ਔਰਤ ਦੀ ਕਹਾਣੀ ਸੀ, ਜੋ ਪਤੀ ਵਰਗੇ ਰਿਸ਼ਤਿਆਂ ਨੂੰ ਸਮਾਂ ਨਹੀਂ ਦੇ ਸਕਦੀ। ਪਤੀ ਇਹ ਘਾਟ ਕਿਸੇ ਹੋਰ ਔਰਤ ਵਿਚੋਂ ਪੂਰੀ ਕਰਨ ਲਈ ਭਟਕ ਜਾਂਦਾ ਹੈ। ਨੌਬਤ ਤਲਾਕ ਤੱਕ ਪਹੁੰਚ ਜਾਂਦੀ ਹੈ। ਪਰ ਜਦੋਂ ਉਹ ਠੰਢੇ ਦਿਮਾਗ ਨਾਲ ਅਤੇ ਕੌਂਸਲਰ ਦੀ ਮੱਦਦ ਨਾਲ ਘਰ ਟੁੱਟ ਜਾਣ ਦਾ ਅਸਰ ਅਤੇ ਬੱਚਿਆਂ ਦੀ ਬਰਬਾਦੀ ਬਾਰੇ ਸੋਚਦੇ ਹਨ ਤਾਂ ਦੋਹਾਂ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੁੰਦਾ ਹੈ। ਪਤੀ ਇਕ ਦਿਨ ਆਖਦਾ ਹੈ ‘ਟੇਕ ਮੀ ਬੈਕ’ ਤੇ ਪਤਨੀ ਪ੍ਰਵਾਨ ਕਰ ਲੈਂਦੀ ਹੈ। ਵਿਚਾਰ ਚਰਚਾ ਵਿਚ ਇਸ ਕਹਾਣੀ ਦੇ ਨਿਵੇਕਲੇ ਅਤੇ ਪੱਛਮੀ ਰਹਿਤਲ ਵਾਲੇ ਵਿਸ਼ੇ ਦੀ ਤਾਰੀਫ਼ ਹੋਈ। ਕਈ ਆਲੋਚਕਾਂ ਨੇ ਇਸ ਨੂੰ ਬਹੁਤ ਵਧੀਆ ਕਹਾਣੀ ਕਿਹਾ ਤੇ ਕਈਆਂ ਨੇ ਸੁਝਾਅ ਦਿੰਦਿਆਂ ਆਖਿਆ ਕਿ ਅਜੇ ਹੋਰ ਮਾਨਸਿਕ ਪਰਤਾਂ ਫਰੋਲੇ ਜਾਣ ਦੀ ਜ਼ਰੂਰਤ ਹੈ। ਕੁੱਝ ਆਲੋਚਕਾਂ ਨੇ ਕਹਾਣੀ ਦੇ ਸੁਖਾਵੇਂ ਅੰਤ ਨਾਲ ਅਸਹਿਮਤੀ ਵੀ ਪ੍ਰਗਟਾਈ।

ਤੀਸਰੀ ਕਹਾਣੀ ਚਿੱਤਰਕਾਰ ਪ੍ਰਵੀਨ ਕੌਰ ਨੇ ਪੜ੍ਹੀ, ਜਿਸ ਦਾ ਸਿਰਲੇਖ ਸੀ ‘ਮੈਂ ਦੇਖਦੀ ਰਹਿ ਗਈ’। ਇਹ ਕਹਾਣੀ ਵਭਿੰਨ ਸਭਿਆਚਾਰਾਂ ਨਾਲ ਜੁੜੀ ਦੋਹਰੀ ਕਿਸਮ ਦੀ ਸੋਚ ਦਾ ਵਰਨਣ ਸੀ। ਕਨੇਡਾ ਆਰਜ਼ੀ ਤੌਰ ’ਤੇ ਆਇਆ ਕਾਮਾ ਜੋ ਆਪਣੇ ਖਰਚਿਆਂ ਨੂੰ ਪੂਰਾ ਕਰਨ ਲਈ ਲੈਂਡਸਕੇਪਿੰਗ ਦਾ ਕੰਮ ਕਰਦਾ ਹੈ। ਪਰ ਉਸ ਦੀ ਆਪਣੀ ਜ਼ਿੰਦਗੀ ਵੀ ਇੱਧਰੋਂ ਪੁੱਟ ਕੇ ਉੱਧਰ ਲਾਉਣ ਵਾਂਗ ਆਪਣੇ ਆਪ ਵਿਚ ਖ਼ੂਬਸੂਰਤੀ ਸਮੋਈ ਬੈਠੀ ਹੈ। ਉਸ ਦਾ ਇਕ ਪਰਿਵਾਰ ਸ੍ਰੀਲੰਕਾ ਵਿਚ ਤੇ ਦੂਸਰਾ ਟੋਰਾਂਟੋ ਵਿਚ ਹੈ। ਉਂਜ ਜੀਵਨ ਵਿਚ ਪੱਤਝੜ ਨਹੀਂ ਆਉਣ ਦਿੰਦਾ, ਜਦੋਂ ਸੰਸਕਾਰਾਂ ਨਾਲ ਬੱਝੀ ਇਕ ਭਾਰਤੀ ਔਰਤ, ਉਸ ਦੀ ਇਹ ਕਹਾਣੀ ਸੁਣ ਕੇ ਦੇਖਦੀ ਹੀ ਰਹਿ ਜਾਂਦੀ ਹੈ। ਇਹ ਲਘੂ ਕਹਾਣੀ ਸੀ, ਜਿਸ ਨੂੰ ਵਿਸ਼ੇ ਪੱਖੋਂ ਸਭ ਨੇ ਸਲਾਹਿਆ ਤੇ ਕਹਾਣੀ ਦੀ ਚਾਲ ਢਾਲ ਗੁੰਦਵੀਂ ਕਰਨ ਲਈ ਲੇਖਿਕਾ ਨੂੰ ਕੁੱਝ ਸੁਝਾਅ ਵੀ ਦਿੱਤੇ, ਜੋ ਪ੍ਰਵੀਨ ਕੌਰ ਨੇ ਸੁਹਿਰਦਤਾ ਨਾਲ ਨੋਟ ਕਰ ਲਏ।

ਚੌਥੀ ਕਹਾਣੀ ਪਾਕਿਸਤਾਨੀ ਮੂਲ ਦੀ ਲੇਖਿਕਾ ਤਲਤ ਜ਼ਾਹਰਾ ਦੀ ਸੀ। ਇਸ ਕਹਾਣੀ ਦਾ ਨਾਂ ਸੀ ‘ਡੇਵਡ ਕਲੋਨੀ’। ਸਭਾ ਦੀ ਅੰਤਿਮ ਕਹਾਣੀ ਬਰਜਿੰਦਰ ਗੁਲਾਟੀ ਨੇ ‘ਮਮਤਾ’ ਸਿਰਲੇਖ ਹੇਠ ਪੜ੍ਹੀ। ਸੁਰਜਣ ਜੀਰਵੀ, ਬਲਰਾਜ ਚੀਮਾ, ਸੁਰਜੀਤ ਕੌਰ, ਡੌਲੀ ਔਜਲਾ, ਲਾਲ ਸਿੰਘ ਸੰਘੇੜਾ, ਮਨਮੋਹਨ ਸਿੰਘ ਗੁਲਾਟੀ, ਲਖਬੀਰ ਸਿੰਘ ਤੁਲੀ, ਸੁੰਦਰਪਾਲ ਕੌਰ ਰਾਜਾਸਾਂਸੀ ਨੇ ਵੀ ਆਲੋਚਨਾ ਵਿਚ ਭਾਗ ਲਿਆ।







# ਗ਼ਦਰ ਅਖ਼ਬਾਰ ਦੀ 100ਵੀਂ ਵਰ੍ਹੇਗੰਢ ਨੇ ਨਵਾਂ ਇਤਿਹਾਸ ਸਿਰਜਿਆ

ਕੈਲਗਰੀ (ਇਕਬਾਲ ਖ਼ਾਨ) : ਅਰਪਨ ਲਿਖਾਰੀ ਸਭਾ ਕੈਲਗਰੀ ਵੱਲੋਂ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੇ ਸਹਿਯੋਗ ਨਾਲ ਸੈਮੀਨਾਰ ਕੀਤਾ ਗਿਆ। ਸਭਾ ਦੇ ਜਨਰਲ ਸਕੱਤਰ ਇਕਬਾਲ ਖ਼ਾਨ ਨੇ ਅਰਪਨ ਲਿਖਾਰੀ ਸਭਾ ਦੇ ਪ੍ਰਧਾਨ, ਸਤਨਾਮ ਸਿੰਘ ਢਾਅ, ਪੰਜਾਬੀ ਸਹਿਤ ਅਕੈਡਮੀ ਲੁਧਿਆਣਾ ਦੇ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ, ਵੈਨਕੋਵਰ ਤੋਂ ਆਏ ਪ੍ਰਸਿੱਧ ਇਤਿਹਾਸਕਾਰ ਪ੍ਰੋ. ਸੋਹਣ ਸਿੰਘ ਪੂੰਨੀ, ਸਾਬਕਾ ਮੁਖੀ ਪੰਜਾਬੀ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਡਾ. ਬਲਵਿੰਦਰ ਕੌਰ ਬਰਾੜ ਅਤੇ ਗ਼ਦਰੀ ਬਾਬਾ ਪਾਖਰ ਸਿੰਘ ਢੁਡੀਕੇ ਦੇ ਪਰਵਾਰ ਦੇ ਮੈਂਬਰ ਸ੍ਰ. ਬਲਵਿੰਦਰ ਸਿੰਘ ਨੂੰ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਹੋਣ ਦੀ ਬੇਨਤੀ ਕੀਤੀ। ਸਭਾ ਦੇ ਮੀਤ ਪ੍ਰਧਾਨ ਕੇਸਰ ਸਿੰਘ ਨੀਰ ਨੇ ਵਿਦਵਾਨ ਬੁਲਾਰਿਆਂ ਅਤੇ ਸਰੋਤਿਆਂ ਨੂੰ ਜੀ ਆਇਆ ਆਖਿਆ। ਪ੍ਰੋਗਰਾਮ ਦੀ ਸ਼ੁਰੂਆਤ ਬੀਬੀ ਤਜਿੰਦਰ ਕੌਰ, ਝੁਜਾਰ ਸਿੰਘ ਅਤੇ ਗੁਰਜੀਤ ਸਿੰਘ ਦੇ ਢਾਡੀ-ਜਥੇ ਨੇ ਗ਼ਦਰੀ ਬਾਬਿਆਂ ਦੀ ਵਾਰ ਗਾ ਕੇ ਕੀਤੀ।





ਡਾ. ਸੁਖਦੇਵ ਸਿੰਘ ਸਿਰਸਾ ਨੇ ਗ਼ਦਰ ਅਖ਼ਬਾਰ ਦਾ ਇਤਿਹਾਸ ਅਤੇ ਗ਼ਦਰੀਆਂ ਦੀ ਕਵਿਤਾ ਦੇ ਪ੍ਰਭਾਵ ਬਾਰੇ ਖੁੱਲ੍ਹ ਕੇ ਵਿਚਾਰ ਪ੍ਰਗਟ ਕੀਤੇ। ਉਹਨਾਂ ਆਖਿਆ ਕਿ ਗ਼ਦਰੀ ਬਬਿਆਂ ਦੇ ਸੁਪਨੇ ਅਜੇ ਪੂਰੇ ਨਹੀਂ ਹੋਏ। ਉਹਨਾਂ ਕਿਹਾ ਕਿ ਗ਼ਦਰ ਕਵਿਤਾ ਨੇ ਏਨਾ ਜੋਸ਼ ਲੋਕਾਂ ਵਿੱਚ ਭਰਿਆ ਕਿ ਦੇਸ਼ ਭਗਤ ਸਭ ਕੁਝ ਛੱਡ-ਛਡਾ ਕੇ ਦੇਸ਼ ਤੋਂ ਨਿਸ਼ਾਵਰ ਹੋਣ ਲਈ ਤੁਰ ਪਏ। ਉਹਨਾਂ ਨੇ ਕਿਹਾ ਕਿ ਭਾਵੇਂ ਇਸ ਵਿੱਚ ਪੰਜਾਬੀ ਸਿੱਖਾਂ ਦੀ ਗਿਣਤੀ ਜ਼ਿਆਦਾ ਸੀ ਪਰ ਇਸ ਵਿੱਚ ਹਿੰਦੂਆਂ ਅਤੇ ਮੁਸਲਮਾਨ ਵੀਰਾਂ ਦੇ ਪਾਏ ਯੋਗਦਾਨ ਨੂੰ ਵੀ ਅੱਖੋਂ ਪ੍ਰੋਖੇ ਨਹੀਂ ਕੀਤਾ ਜਾ ਸਕਦਾ। ਨੌਜਵਾਨ ਗਾਇਕ ਅਤੇ ਬੁਲੰਦ ਅਵਾਜ਼ ਦੇ ਮਾਲਕ, ਬਲਜਿੰਦਰ ਸਿੰਘ ਢਿੱਲੋਂ ਨੇ ਗ਼ਦਰੀ ਬਾਬਿਆਂ ਦੀ ਸੋਚ ਅਤੇ ਨਿਸ਼ਾਨਿਆਂ ਨੂੰ ਬਿਆਨ ਕਰਦੀ ਇੱਕ ਇਨਕਲਾਬੀ ਕਵਿਤਾ ਸੁਣਾ ਕੇ ਸਰੋਤਿਆਂ ਨੂੰ ਹਲੂਣ ਦਿੱਤਾ।

ਡਾ. ਹਰਭਜਨ ਸਿੰਘ ਢਿੱਲੋਂ ਨੇ ਪ੍ਰਸਿੱਧ ਇਤਿਹਾਸਕਾਰ ਪ੍ਰੋ. ਸੋਹਣ ਸਿੰਘ ਪੂੰਨੀ ਦੀ ਨਵੀਂ ਛਪੀ ਪੁਸਤਕ 'ਗ਼ਦਰੀ ਯੋਧਾ ਭਾਈ ਰਤਨ ਸਿੰਘ ਰਾਏ ਪੁਰ ਡੱਬਾ' ਬਾਰੇ ਵਿਸਥਾਰ ਨਾਲ ਗੱਲਬਾਤ ਕੀਤੀ। ਅਰਪਨ ਲਿਖਰੀ ਸਭਾ ਕੈਲਗਰੀ ਵੱਲੋਂ ਇਹ ਕਿਤਾਬ ਲੋਕ-ਅਰਪਨ ਕੀਤੀ ਗਈ। ਮਾ. ਬਚਿੱਤਰ ਸਿੰਘ ਗਿੱਲ ਨੇ ਦੇਸ਼ ਭਗਤ ਬਾਬਾ ਗਾਂਧਾ ਸਿੰਘ ਬਾਰੇ ਜਾਣਕਾਰੀ ਸਰੋਤਿਆਂ ਨਾਲ ਸਾਂਝੀ ਕੀਤੀ ਅਤੇ ਗ਼ਦਰੀ ਬਾਬਿਆ ਦੇ ਸੁਪਨਿਆਂ ਦੀ ਪੂਰਤੀ ਨਾ ਹੋਣ ਦਾ ਉਲਾਭਾ ਭਾਰਤ ਦੀਆਂ ਸਰਕਾਰਾਂ ਨੂੰ ਆਪਣੀ ਲਿਖੀ ਕਵਿਤਾ ਨੂੰ ਕਵੀਸ਼ਰੀ ਰੰਗ ਵਿੱਚ ਭਿਉਂ ਦਿੱਤਾ: 'ਦੇਸ਼ ਮੇਰੇ ਦੀ ਹਾਲਤ ਵੇਖੋ ਕੀ ਕਰਤੀ ਸਰਕਾਰਾਂ ਨੇ'। ਪ੍ਰੋ. ਸੋਹਣ ਸਿੰਘ ਪੂੰਨੀ ਨੇ ਗ਼ਦਰ ਅਖ਼ਾਬਾਰ ਦੀ ਗੱਲ ਕਰਦਿਆਂ ਗ਼ਦਰੀਆਂ ਦੀਆਂ ਕਵਿਤਾਵਾਂ ਦੀਆਂ ਸਤਰਾਂ ਸੁਣਾਈਆਂ। ਉਹਨਾਂ ਕਿਹਾ ਕਿ ਇਸ ਅਖ਼ਬਾਰ ਦੇ ਪ੍ਰਚਾਰ ਨੇ ਹੀ ਗ਼ਦਰੀਆਂ ਦੇ ਵਿਚਾਰਾਂ ਦਾ ਅਦਾਨ ਪ੍ਰਦਾਨ ਕਰਨ ਵਿੱਚ ਮੁਖੀ ਰੋਲ ਨਿਭਾਇਆ। ਪ੍ਰੋ. ਪੂੰਨੀ ਨੇ ਉਹ ਸਮਾਂ ਵੀ ਯਾਦ ਕਰਾਇਆ ਜਦੋਂ ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ ਵੱਡੇ ਗੁਰਦਵਾਰਿਆਂ ਵਿੱਚ ਅੰਗਰੇਜ਼ਾਂ ਨੇ ਆਪਣੇ ਪਿਠੂ ਬਹਾ ਛੱਡੇ ਸਨ ਤੇ ਸਵੇਰੇ ਸ਼ਾਮ ਅੰਗਰੇਜ਼ ਰਾਜ ਦੀ ਸਲਾਮਤੀ ਦੀ ਅਰਦਾਸਾਂ ਹੁੰਦੀਆਂ ਸਨ।

ਅਰਪਨ ਲਿਖਾਰੀ ਸਭਾ ਕੈਲਗਰੀ ਵੱਲੋਂ ਗ਼ਦਰੀ ਬਾਬਾ ਪਾਖਰ ਸਿੰਘ ਦੇ ਪਰਿਵਾਰ ਨੂੰ ਪਲੇਟ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਪ੍ਰੋ. ਪੂੰਨੀ ਵੱਲੋਂ ਆਪਣੀ ਲਿਖੀ ਪੁਸਤਕ "ਕਨੇਡਾ ਦੇ ਗ਼ਦਰੀ ਯੋਧੇ" ਉਨ੍ਹਾਂ ਨੂੰ ਭੇਟ ਕੀਤੀ ਗਈ। ਇਸ ਸਮੇਂ ਸਭਾ ਵੱਲੋਂ ਸੋਹਣ ਸਿੰਘ ਪੂੰਨੀ ਨੂੰ ਵੀ ਇੱਕ ਪਲੇਟ ਅਤੇ 500 ਸੌ ਡਾਲਰ ਨਕਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ। ਡਾ. ਬਲਵਿੰਦਰ ਕੌਰ ਬਰਾੜ ਨੇ ਵੀ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਗ਼ਦਰੀ ਦੇਸ਼ ਭਗਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਆਖਿਆ ਕਿ ਸਾਨੂੰ ਆਪਣੀਆਂ ਚੰਗੀਆਂ ਕਦਰਾਂ ਕੀਮਤਾਂ ਨੂੰ ਜਿਉਂਦੇ ਰਖਣ ਲਈ ਹਮੇਸ਼ਾਂ ਦੇਸ਼ ਭਗਤਾਂ ਦੇ ਕਾਰਨਾਮਿਆਂ ਨੂੰ ਯਾਦ ਰੱਖਣਾ ਚਾਹੀਦਾ ਹੈ। ਕਵੀਸ਼ਰ (ਸਰੂਪ ਸਿੰਘ ਮੰਡੇਰ, ਜਸਵੰਤ ਸਿੰਘ ਸੇਖੋਂ) ਜੋੜੀ ਨੇ ਗ਼ਦਰੀ ਬਾਬਾ ਉੱਤਮ ਸਿੰਘ ਸਿੰਘ ਹਾਂਸ ਦੀ ਜੀਵਨ-ਗਾਥਾ ਬਿਆਨ ਕਰਦੀ ਕਵਿਤਾ ਗਾ ਕੇ ਰੰਗ ਬੰਨਿਆ। ਅਖ਼ੀਰ 'ਤੇ ਸਤਨਾਮ ਸਿੰਘ ਢਾਅ ਨੇ ਆਏ ਵਿਦਵਾਨਾਂ, ਸਰੋਤਿਆਂ ਦਾ ਧੰਨਵਾਦ ਕੀਤਾ। ਸ੍ਰ. ਢਾਅ ਨੇ ਪੰਜਾਬੀ ਸਾਹਿਤ ਅਕੈਡਮੀ ਦਾ ਅਤੇ ਡਾ. ਸੁਖਦੇਵ ਸਿੰਘ ਸਿਰਸਾ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਨ੍ਹਾਂ ਇਸ ਸੈਮੀਨਾਰ ਨੂੰ ਕਾਮਯਾਬ ਕਰਨ ਲਈ ਸਮੁੰਦਰੋ ਪਾਰ ਵੀ ਸਾਂਝ ਪਾਈ। ਅਖ਼ੀਰ ਵਿਚ ਇਕ ਸੋਗ ਮਤੇ ਰਾਹੀਂ ਕਾਮਰੇਡ ਗੁਰਦਿਆਲ ਹੰਸਰਾ ਦੀ ਅਚਾਨਕ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਦੋ ਮਿੰਟ ਦਾ ਮੌਨ ਰੱਖ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

## ਗ਼ਦਰੀ ਬਾਬੇ ਪੰਡਿਤ ਜਗਤ ਰਾਮ ਦੀ ਯਾਦ ਵਿਚ ਸਮਾਗਮ

ਹਰਿਆਣਾ : (ਨਦਬ) ਗ਼ਦਰੀ ਬਾਬੇ ਪੰਡਿਤ ਜਗਤ ਰਾਮ ਦੀ ਯਾਦ ਵਿਚ ਕਸਬਾ ਹਰਿਆਣਾ ਦੀ ਪੁਰਾਣੀ ਸਬਜ਼ੀ ਮੰਡੀ ਵਿਚ ਸ਼ਤਾਬਦੀ ਸਮਾਰੋਹ ਕੀਤਾ ਗਿਆ। ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਜਲੰਧਰ ਦੇ ਮੈਂਬਰ ਸਾਥੀ ਚਰੰਜੀ ਲਾਲ, ਡਾ. ਕਰਮਜੀਤ ਸਿੰਘ ਅਤੇ ਸੀਤਲ ਸਿੰਘ ਸੰਘਾ ਵਿਸ਼ੇਸ਼ ਤੌਰ 'ਤੇ ਸਮਾਗਮ ਵਿਚ ਸ਼ਾਮਲ ਹੋਏ। ਪੰਡਿਤ ਜਗਤ ਰਾਮ ਦੇ ਪਰਿਵਾਰਕ ਮੈਂਬਰ ਰਵਿੰਦਰ ਕੁਮਾਰ (ਭੋਲੂ ਪ੍ਰਧਾਨ) ਸਾਬਕਾ ਐਮ.ਸੀ. ਪ੍ਰਧਾਨ ਦੇ ਸਹਿਯੋਗ ਅਤੇ ਸੱਦੇ 'ਤੇ ਮਾਸਟਰ ਗੁਰਦੇਵ ਦੱਤ, ਜਗਦੀਸ਼ ਕੁਮਾਰ, ਸੁਰਿੰਦਰ ਕੁਮਾਰ, ਐਮ.ਪੀ. ਸ਼ਰਮਾ, ਸ਼ਿਵ ਦੱਤ ਪਰਾਸ਼ਰ, ਤਰਸੇਮ ਲਾਲ ਨੂਰਪੁਰ, ਓਮ ਸਿੰਘ ਸਟਿਆਣਾ, ਇੰਜ. ਗੁਰਮੇਲ ਸਿੰਘ ਅਤੇ ਮਹਿੰਦਰ ਸਿੰਘ ਖੈਰੜ ਨੇ ਦੱਸਿਆ ਕਿ ਉਹ ਤੀਹ ਤੋਂ ਵੱਧ ਪਿੰਡਾਂ ਵਿਚ ਗ਼ਦਰੀ ਬਾਬਿਆਂ ਦਾ ਸੁਨੇਹਾ ਘਰ ਘਰ ਪਹੁੰਚਾ ਚੁੱਕੇ ਹਨ।

ਮਹਿੰਦਰ ਸਿੰਘ ਖੈਰੜ ਨੇ ਸਟੇਜ ਸੰਭਾਲਦਿਆਂ ਪੰਡਿਤ ਜਗਤ ਰਾਮ ਅਤੇ ਗ਼ਦਰੀ ਬਾਬਿਆਂ ਦਾ ਆਸ਼ਾ ਸਰੋਤਿਆਂ ਨਾਲ ਸਾਂਝਾ ਕੀਤਾ। ਕੁਲਤਾਰ ਸਿੰਘ ਕੁਲਤਾਰ ਨੇ ਕਵਿਤਾ ਪੜ੍ਹ ਕੇ ਬੱਬਰ ਅਕਾਲੀਆਂ ਦੀ ਵਿਚਾਰਧਾਰਾ ਤੋਂ ਅੱਜ ਜੋ ਕੁੱਝ ਉਲਟ ਹੋ ਰਿਹਾ ਹੈ, ਉਸ 'ਤੇ ਉਂਗਲ ਰੱਖੀ। ਨਿੱਕੇ ਕਲਾਕਾਰ ਅਰਸ਼ਮੀਤ ਆਸ਼ੂ ਨੇ 'ਮੈਨੂੰ ਬੰਦਾ ਰਹਿਣ ਦਿਓ' ਨਾਂ ਦੀ ਕਵਿਤਾ ਕਹਿ ਕੇ ਮਾਨਵਵਾਦੀ ਬਣਨ ਦੀ ਪ੍ਰੇਰਣਾ ਦਿੱਤੀ।

'ਪ੍ਰਗਤੀ ਕਲਾ ਕੇਂਦਰ' ਦੇ ਨਿਰਦੇਸ਼ਕ ਸੋਢੀ ਰਾਣਾ ਅਤੇ ਮੱਖਣ ਕ੍ਰਾਂਤੀ ਦੀ ਅਗਵਾਈ ਹੇਠ ਤਿੰਨ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਗਈਆਂ। ਅੰਤ ਵਿਚ ਵਿਖਾਏ ਨਾਟਕ 'ਤਮਾਸ਼ਾ-ਏ-ਹਿੰਦੁਸਤਾਨ' ਵਿਚ ਸਰਕਾਰ ਅਤੇ ਅਫ਼ਸਰਸ਼ਾਹੀ ਵਲੋਂ ਰਿਸ਼ਵਤਖੋਰੀ, ਸਰਕਾਰੀ ਹਸਪਤਾਲਾਂ ਵਿਚ ਰੁਲ ਰਹੇ ਮਰੀਜ਼ਾਂ ਦੀ ਦੁਰਦਸ਼ਾ ਅਤੇ ਥਾਣਿਆਂ ਵਿਚ ਹੋ ਰਹੀ ਆਮ ਲੋਕਾਂ ਦੀ ਲੁੱਟ-ਖਸੁੱਟ ਨੂੰ ਬੜੇ ਹੀ ਪ੍ਰਭਾਵਸ਼ਾਲੀ ਅੰਦਾਜ਼ ਵਿਚ ਪੇਸ਼ ਕੀਤਾ।

# ਹਰਨਾਮ ਸਿੰਘ ਟੁੰਡੀਲਾਟ ਦੀ ਯਾਦ ਵਿਚ ਸਮਾਗਮ

ਕੋਟਲਾ ਨੌਧ ਸਿੰਘ : (ਨਦਬ) ਬਾਬਾ ਹਰਨਾਮ ਸਿੰਘ ਟੁੰਡੀਲਾਟ ਦੀ ਯਾਦ ਵਿਚ ਉਨ੍ਹਾਂ ਦੇ ਪਿੰਡ ਕੋਟਲਾ ਨੌਧ ਸਿੰਘ ਵਿਚ ਯਾਦਗਾਰੀ ਸਮਾਰੋਹ ਕੀਤਾ ਗਿਆ। ਬੱਚੀ ਸਿਮਰਨ ਕੌਰ ਵਲੋਂ ਸਮਾਜਕ ਅਤੇ ਇਨਕਲਾਬੀ ਬੋਲੀਆਂ, ਅਰਸ਼ਮੀਤ ਆਸ਼ੂ ਵਲੋਂ ਕਵਿਤਾ ਉਪਰੰਤ ਕੁਲਤਾਰ ਸਿੰਘ ਕੁਲਤਾਰ ਨੇ ਫ਼ਿਰਕੂ ਜਨੂੰਨ ਖਿਲਾਫ਼ ਕਵਿਤਾ 'ਵਾਹ ਭ•ਈ ਭਗਤੋ ਵਾਹ' ਸੁਣਾ ਕੇ ਸਰੋਤਿਆਂ ਤੋਂ ਵਾਹ ਵਾਹ ਖੱਟੀ। ਇਕ ਹੋਰ ਬੱਚੇ ਨੇ 'ਹਿੰਦ ਵਾਸੀਓ ਰੱਖਣਾ ਯਾਦ ਸਾਨੂੰ' ਕਵਿਤਾ ਪੇਸ਼ ਕੀਤੀ। ਮੰਚ ਸੰਚਾਲਨ ਦੇ ਫ਼ਰਜ਼ ਗੁਰਮੇਲ ਸਿੰਘ ਨੇ ਨਿਭਾਏ।



ਪ੍ਰਗਤੀ ਕਲਾ ਕੇਂਦਰ ਲਾਂਬੜਾ ਦੀ ਨਾਟਕ ਮੰਡਲੀ ਵਲੋਂ ਦੋ ਕੋਰੀਓਗ੍ਰਾਫ਼ੀਆਂ ਅਤੇ ਇਕ ਨਾਟਕ 'ਸਮਾਜ' ਰਾਹੀਂ ਸਮਾਜਕ ਕੋਹੜ ਦਾ ਘਿਨਾਉਣਾ ਪੱਖ ਦਾਜ ਦੀ ਬਲੀ ਚੜ੍ਹਾਉਣਾ, ਨਸ਼ਿਆਂ ਰਾਹੀਂ ਤਬਾਹ ਹੋ ਰਹੀ ਜਵਾਨੀ, ਸਮਾਜ ਵਿਚ ਔਰਤ ਦੀ ਦਸ਼ਾ, ਪੁਲੀਸ ਜਬਰ ਅਤੇ ਲੋਕਾਂ ਦੀ ਹੋ ਰਹੀ ਲੁੱਟ ਆਦਿ ਦੀ ਪੇਸ਼ਕਾਰੀ ਕਰ ਕੇ ਸ਼ਰੋਤਿਆਂ ਨੂੰ ਜਜ਼ਬਾਤੀ ਰੌਅ ਵਿਚ ਵਹਾ ਦਿੱਤਾ। ਸਾਥੀ ਮਹਿੰਦਰ ਸਿੰਘ ਖੈਰੜ ਨੇ ਗ਼ਦਰੀ ਬਾਬਿਆਂ ਦੀ ਸ਼ਤਾਬਦੀ ਮਨਾਉਣ ਅਤੇ ਉਨ੍ਹਾਂ ਦੇ ਵਿਚਾਰ ਲੋਕਾਂ ਤਕ ਲੈ ਜਾਣ ਬਾਰੇ ਗੱਲ ਕੀਤੀ। ਡਾ. ਕਰਮਜੀਤ ਸਿੰਘ ਨੇ ਗ਼ਦਰੀ ਬਾਬਿਆਂ ਦੀ ਵਿਚਾਰਧਾਰਾ, ਉਨ੍ਹਾਂ ਦੀ ਮਜ਼੍ਹਬੀ ਅਤੇ ਜਾਤੀਵਾਦੀ ਵਖਰੇਵਿਆਂ ਤੋਂ ਉਪਰ ਉੱਠ ਕੇ ਵਤਨ ਦੀ ਆਜ਼ਾਦੀ ਲਈ ਇਕੱਠੇ ਹੋ ਕੇ ਅੰਗ੍ਰੇਜ਼ੀ ਹਕੂਮਤ ਵਿਰੁੱਧ ਲੜਨ ਦਾ ਸੰਕਲਪ ਉਦਾਹਰਣਾਂ ਦੇ ਕੇ ਸ਼ਰੋਤਿਆਂ ਨਾਲ ਸਾਂਝਾ ਕੀਤਾ। ਹੋਰ ਬੁਲਾਰਿਆਂ ਵਿਚ ਓਮ ਸਿੰਘ ਸਟਿਆਣਾ, ਮਹਿੰਦਰ ਸਿੰਘ ਜੋਸ਼, ਨਛੱਤਰ ਸਿੰਘ, ਮਾਸਟਰ ਤਰਲੋਚਨ ਸਿੰਘ, ਜਗਦੀਸ਼ ਕੁਮਾਰ, ਪ੍ਰਿੰਸੀਪਲ ਜੋਗਿੰਦਰ ਸਿੰਘ ਅਤੇ ਕਮੇਟੀ ਮੈਂਬਰ ਸੀਤਲ ਸਿੰਘ ਸੰਘਾ ਅਤੇ ਗੁਰਮੀਤ ਸਿੰਘ ਢੱਡਾ ਨੇ ਵੀ ਗ਼ਦਰੀ ਬਾਬਿਆਂ ਦੀ ਵਿਚਾਰਧਾਰਾ ਦੇ ਪਹਿਲੂਆਂ ਉਪਰ ਚਾਨਣਾ ਪਾਇਆ। ਯਾਦਗਾਰ ਕਮੇਟੀ ਵਲੋਂ ਸਾਥੀ ਚਰੰਜੀ ਲਾਲ ਨੇ ਇਤਿਹਾਸਕ ਹਵਾਲੇ ਦਿੰਦਿਆਂ ਅਜੋਕੀ ਅਵਸਥਾ ਅਤੇ ਸਰਕਾਰ ਦਾ ਲੋਕ ਮਾਰੂ ਕਿਰਦਾਰ ਲੋਕਾਂ ਸਾਹਮਣੇ ਨੰਗਾ ਕੀਤਾ। ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਗ਼ਦਰੀ ਅੰਦੋਲਨ ਵਿਚ ਗ਼ਦਰੀ ਗੁਲਾਬ ਕੌਰ ਵਰਗੀਆਂ ਔਰਤਾਂ ਦੀ ਭੂਮਿਕਾ ਨੂੰ ਵਿਸਤਾਰ ਵਿਚ ਲੋਕਾਂ ਸਾਹਮਣੇ ਲਿਆਂਦਾ।

K.P. ACCOUNTING & TAX SERVICES
135 Millbourne Road East Lee Ridge Plaza, Edmonton, AB T6K1P6
SAVE YOUR TAX FOR FAST REFUND USE E-FILES
- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS
ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ ਦੇ ਜਾਣੇ-ਪਛਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ

Ph : 780 469 2677 Fax : 780 469 2026

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

## ਸੰਪਾਦਕੀ

# ਚਾਨਣ ਕਦੇ ਮਰਿਆ ਨਹੀਂ

ਜਲੰਧਰ ਦੇ ਦੇਸ਼ ਭਗਤ ਯਾਦਗਾਰ ਹਾਲ ਵਿਚ ਗ਼ਦਰ ਲਹਿਰ ਦੀ ਸ਼ਤਾਬਦੀ ਨੂੰ ਸਮਰਪਤ 'ਮੇਲਾ ਗ਼ਦਰੀ ਬਾਬਿਆਂ ਦਾ' ਆਪਣੇ ਪੂਰੇ ਜਲੌਅ ਨਾਲ ਸਮਾਪਤ ਹੋ ਗਿਆ। 'ਮੇਲਾ ਗ਼ਦਰੀ ਬਾਬਿਆਂ ਦਾ' ਲਗਾਤਾਰ ਅਜਿਹੇ ਸੁਲਗਦੇ ਹਰਫ਼ਾਂ ਨੂੰ ਭਰਵਾਂ ਹੁੰਗਾਰਾ ਦੇਣ ਦਾ ਸਬਬ ਬਣਦਾ ਆ ਰਿਹਾ ਹੈ; ਜੋ ਸਾਡੇ ਮਹਾਨ ਆਜ਼ਾਦੀ ਸੰਗਰਾਮੀਆਂ ਦੇ ਸੁਪਨਿਆਂ ਦਾ ਭਾਰਤ ਸਿਰਜਣ ਵਿਚ ਜੁਟੀਆਂ ਹੋਈਆਂ ਤਾਕਤਾਂ ਨੂੰ ਅਸੀਮ ਬਲ ਬਖ਼ਸ਼ਦੇ ਹਨ। 'ਮੇਲਾ ਗ਼ਦਰੀ ਬਾਬਿਆਂ ਦਾ' ਇਸ ਵਾਰ ਗ਼ਦਰ ਲਹਿਰ ਦੀ ਸ਼ਤਾਬਦੀ ਨੂੰ ਇਸੇ ਕਰਕੇ ਸਮਰਪਤ ਕੀਤਾ ਗਿਆ ਕਿਉਂਕਿ ਮੌਜੂਦਾ ਸਮਿਆਂ ਵਿਚ ਇਨ੍ਹਾਂ ਮਹਾਨ ਯੋਧਿਆਂ ਦੇ ਸੁਪਨਿਆਂ ਦੇ ਸੰਸਾਰ ਨੂੰ ਸਿਰਜਣ ਦੇ ਰਾਹ ਵਿਚ ਹਜ਼ਾਰਾਂ-ਹਜ਼ਾਰ ਤੂਫ਼ਾਨ ਆ ਖੜੇ ਹੋਏ ਹਨ। ਅੱਜ ਸਾਡੇ ਸਾਂਝੀਵਾਲਤਾ ਦੇ ਮਹਾਨ ਵਿਰਸੇ ਨੂੰ ਲੀਰੋ-ਲੀਰ ਕਰਨ ਦੇ ਕੋਝੇ ਯਤਨਾਂ ਨੂੰ ਖੁਲ੍ਹੀਆਂ ਚਰਾਂਦਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਗ਼ੁਲਾਮੀ ਦਾ ਜੂਲਾ ਲਾਹੁਣ ਵਿਚ ਸਾਡੇ ਮਹਾਨ ਸ਼ਹੀਦਾਂ ਦੇ ਡੁੱਲ੍ਹੇ ਲਹੂ ਨੂੰ ਹੀ ਕਿਤੇ ਸਿੱਖੀ ਤੇ ਕਿਤੇ ਭਗਵੇਂਕਰਨ ਦੀ ਪੁੱਠ ਚਾੜ੍ਹ ਕੇ ਕਲੰਕਤ ਕਰਨ ਦੀਆਂ ਸਾਜਿਸ਼ਾਂ ਹੋ ਰਹੀਆਂ ਹਨ। ਸੰਘਰਸ਼ਾਂ ਦੇ ਸ਼ਾਨਾਮੱਤੇ ਇਤਿਹਾਸ ਤੋਂ ਮੁਨਕਰ ਹੀ ਨਹੀਂ ਹੋਇਆ ਜਾ ਰਿਹਾ ਸਗੋਂ ਇਸ ਇਤਿਹਾਸ ਨੂੰ ਉਲਟਾਉਣ ਦੇ ਗੁਮਰਾਹਕੁੰਨ ਫਲਸਫੇ ਦੀ ਕਾਵਾਂ-ਰੌਲੀ ਦਾ ਦੌਰ ਹੈ ਅੱਜ। ਇਸੇ ਲਈ ਜਿੰਨੀਆਂ ਚੁਣੌਤੀਆਂ ਬਹੁ-ਧਰਮੀ, ਬਹੁ-ਭਾਸ਼ਾਈ ਅਤੇ ਨਿੱਕੇ-ਵੱਡੇ ਸਭਿਆਚਾਰਾਂ ਦੇ ਸੁਮੇਲ ਸਾਡੇ ਮੁਲਕ ਨੂੰ ਅੱਜ ਹਨ; ਉਹ ਪਹਿਲਾਂ ਕਦੇ ਨਹੀਂ ਸਨ।

'ਮੇਲਾ ਗ਼ਦਰੀ ਬਾਬਿਆਂ ਦਾ' ਅੱਜ ਉਸ ਮਾਣ-ਮੱਤੇ ਸਫਰ 'ਤੇ ਪਹੁੰਚ ਗਿਆ ਹੈ ਜਿਥੋਂ ਉਸਦੇ ਮਿਸ਼ਾਲਚੀਆਂ ਨੂੰ ਸਾਹਮਣੇ ਦਿਖਾਈ ਦੇ ਰਹੇ ਧੁੰਦਲਕੇ ਤੋਂ ਪਾਰ ਜਾਣ ਲਈ ਇਕ ਨਵੀਂ ਅਤੇ ਨਿੱਗਰ ਲੋਅ ਰਸਤੇ ਦਿਖਾ ਰਹੀ ਹੈ। ਇਸ ਲੋਕ-ਕਾਫ਼ਲੇ ਅੱਗੇ ਅੱਜ ਸੰਸਾਰ ਪੱਧਰ 'ਤੇ ਲੋਕਾਈ ਨੂੰ ਆ ਪਏ ਚੌਤਰਫੇ ਹਮਲੇ ਨੂੰ ਪਛਾੜਨ ਲਈ ਬੱਝਵੇਂ ਸਬਰ ਅਤੇ ਸੰਘਰਸ਼ ਦੀ ਸੂਹੀ ਲਾਟ ਨੂੰ ਹੋਰ-ਹੋਰ ਬਲਦੇ ਰੱਖਣ ਦਾ ਵੱਡਾ ਅਤੇ ਇਤਿਹਾਸਕ ਕਾਰਜ ਹੈ। ਗ਼ਦਰੀ ਬਾਬਿਆਂ ਅਤੇ ਆਜ਼ਾਦੀ ਦੇ ਪਰਵਾਨਿਆਂ ਵਲੋਂ ਆਪਣੇ ਵਕਤਾਂ ਵਿਚ ਪੇਸ਼ ਆਈਆਂ ਚੁਣੌਤੀਆਂ ਨੂੰ ਸਿਰੜ ਨਾਲ ਕਬੂਲ ਕਰਨ ਅਤੇ ਇਨ੍ਹਾਂ ਦਾ ਮੁਕਾਬਲਾ ਕਰਨ ਦੀ ਵਿਰਾਸਤ ਨੂੰ ਸਾਂਭਣ ਤੇ ਅੱਗੇ ਤੋਰਨ ਦੇ ਉਪਰਾਲੇ ਵਜੋਂ ਅੱਜ ਲੋੜਾਂ ਦੀ ਲੋੜ ਸਾਮਰਾਜਵਾਦ, ਧਾਰਮਕ ਮੂਲਵਾਦ ਅਤੇ ਬਿਮਾਰ ਸਭਿਆਚਾਰ ਵਿਰੁੱਧ ਨਗਾਰੇ 'ਤੇ ਚੋਟ ਲਗਾਉਣ ਦੀ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਵਲੋਂ ਜਿਸ ਢੰਗ, ਤਹਮੱਲ ਅਤੇ ਸਿਰੜ ਨਾਲ ਲਗਾਤਾਰ ਇਸ ਮੇਲੇ ਨੂੰ ਹਰ ਵਰ੍ਹੇ ਹੋਰ-ਹੋਰ ਨਿਖਾਰ ਕੇ ਮਾਨਵੀ ਹੱਕ-ਹਕੂਕਾਂ ਦੀ ਲੜਾਈ ਦੇ ਮੰਚ ਵਜੋਂ ਪੇਸ਼ ਕੀਤਾ ਜਾ ਰਿਹਾ ਹੈ; ਉਸ ਤੋਂ ਉਨ੍ਹਾਂ ਦੀ ਵਿਸ਼ਵ-ਦ੍ਰਿਸ਼ਟੀ ਦਾ ਸਹਿਜੇ ਹੀ ਅੰਦਾਜ਼ਾ ਹੋ ਜਾਂਦਾ ਹੈ।

ਸਾਮਰਾਜ, ਜਿਸ ਦੀ ਅਗਵਾਈ 'ਸੰਸਾਰ ਪੁਲਸੀਏ' ਅਮਰੀਕਾ ਹੱਥ ਹੈ; ਦੀਆਂ ਅੱਖਾਂ ਵਿਚ ਰੜਕਦੇ 'ਹਰ ਕਣ' ਨੂੰ ਖਤਮ ਕਰਨ ਦੀ ਉਸ ਦੀ ਖਾਹਿਸ਼ ਕਦੇ ਇਰਾਕ, ਕਦੇ ਅਫ਼ਗਾਨਿਸਤਾਨ ਅਤੇ ਕਦੇ ਫਲਸਤੀਨ ਵਿਚ ਨੰਗੀ ਹੁੰਦੀ ਆ ਰਹੀ ਹੈ। ਸਾਮਰਾਜ ਦੀਆਂ ਇਨ੍ਹਾਂ ਜਾਬਰਾਨਾਂ ਅਤੇ ਅਹਿਮਕਾਨਾਂ ਕਾਰਵਾਈਆਂ ਵਿਚ ਅੰਤਾਂ ਦੀ ਤੇਜ਼ੀ ਅਤੇ ਸੰਸਾਰ ਭਰ ਨੂੰ ਆਪਣੀ ਥਾਣੇਦਾਰੀ ਦੇ ਡੰਡੇ ਮੂਹਰੇ ਲਾ ਲੈਣ ਦੀ ਸਾਮਰਾਜੀ ਇੱਛਾ ਦਾ ਅੰਤ ਲੋਕਾਂ ਦੀ ਕਾਂਗ ਹੀ ਕਰ ਸਕਦੀ ਹੈ। ਇਸੇ ਤਰ੍ਹਾਂ ਜਿੱਥੇ ਸੰਸਾਰ ਪੱਧਰ 'ਤੇ ਧਾਰਮਕ ਮੂਲਵਾਦ ਦਾ ਖ਼ਤਰਨਾਕ ਦੈਂਤ ਵਿਕਰਾਲ ਤੋਂ ਵਿਕਰਾਲ ਰੂਪ ਅਖ਼ਤਿਆਰ ਕਰਦਾ ਜਾ ਰਿਹਾ ਹੈ ਉਥੇ ਸਾਡੇ ਆਪਣੇ ਮੁਲਕ ਵਿਚ ਤਾਂ 'ਸਭਿਆਚਾਰਕ ਰਾਸ਼ਟਰਵਾਦ' ਦੇ ਨਾਂਅ 'ਤੇ ਧਾਰਮਕ ਮੂਲਵਾਦੀਆਂ ਨੇ ਸਾਡੇ ਧਰਮ ਨਿਰਪੱਖ ਤਾਣੇ-ਬਾਣੇ ਦੀਆਂ ਨੀਹਾਂ ਨੂੰ ਖੋਖਲਾ ਕਰਨ ਦੀਆਂ ਸਾਜਿਸ਼ਾਂ ਦਰ ਸਾਜਿਸ਼ਾਂ ਘੜੀਆਂ ਹਨ। ਅੱਜ ਜਿਵੇਂ ਮੁਲਕ ਦੇ ਹਰ ਪਿੰਡ, ਕਸਬੇ, ਸ਼ਹਿਰ ਅਤੇ ਸੂਬੇ ਨੂੰ 'ਗੁਜਰਾਤ' ਬਨਾਉਣ ਦੀਆਂ ਭਿਅੰਕਰ ਸਾਜਿਸ਼ਾਂ ਰਚੀਆਂ ਜਾ ਰਹੀਆਂ ਹਨ; ਉਨ੍ਹਾਂ ਦਾ ਮੂੰਹ ਮੋੜਨ ਲਈ ਦੇਸ਼ ਦੇ ਸਮੂਹ ਧਰਮ-ਨਿਰਪੱਖ ਤੇ ਜਮਹੂਰੀ ਲੋਕਾਂ ਦਾ ਵਿਸ਼ਾਲ ਏਕਾ ਲੋੜੀਂਦਾ ਹੈ ਤੇ ਪੰਜਾਬ ਵਿਚ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਲਗਦਾ ਇਹ ਮੇਲਾ ਇਸ ਏਕਤਾ ਨੂੰ ਅਮਲੀ ਜਾਮਾ ਪਹਿਨਾਉਣ ਲਈ ਬਿਨਾਂ ਸ਼ੱਕ ਇਕ ਪੁਲ ਮੁਹੱਈਆ ਕਰਵਾਉਂਦਾ ਹੈ। ਸਿਰਫ ਦੇਸ਼ ਹੀ ਨਹੀਂ ਪੰਜਾਬ ਵੀ ਜਿਸ ਕਾਲੇ ਦੌਰ ਵਿਚੋਂ ਗੁਜਰਿਆ ਹੈ; ਉਸ ਦੇ ਜ਼ਖ਼ਮ ਹਾਲੇ ਵੀ ਪੂਰੀ ਤਰ੍ਹਾਂ ਭਰੇ ਨਹੀਂ ਹਨ। ਇਥੇ ਵੀ ਮੂਲਵਾਦੀ ਗਾਹੇ-ਵਗਾਹੇ ਕੋਈ ਨਾ ਕੋਈ ਸ਼ੋਸ਼ਾ ਛੱਡਦੇ ਹੀ ਰਹਿੰਦੇ ਹਨ ਤਾਂ ਜੋ ਉਨ੍ਹਾਂ ਦਾ 'ਤੋਰੀ-ਫੁਲਕਾ' ਤੁਰਿਆ ਰਹੇ। ਇਸ ਤੋਂ ਵੱਡੇ ਦੁੱਖ ਦੀ ਗੱਲ ਕੀ ਹੋ ਸਕਦੀ ਹੈ ਕਿ ਮੁਲਕ ਦੇ ਆਜ਼ਾਦੀ ਸੰਗਰਾਮ ਦੇ ਸ਼ਹੀਦਾਂ ਦੇ ਸਿਰਤਾਜ ਸ਼ਹੀਦ ਭਗਤ ਸਿੰਘ ਨੂੰ ਜਿੱਥੇ ਉਸ ਦੇ ਆਪਣੇ ਸੂਬੇ ਵਿਚ ਹੀ ਕੁੱਝ 'ਬੁੱਧੀਜੀਵੀਆਂ' ਨੇ ਸ਼ਹੀਦ ਮੰਨਣ ਤੋਂ ਹੀ ਇਨਕਾਰ ਕੀਤਾ ਹੋਇਆ ਹੈ; ਉੱਥੇ ਮਹਾਨ ਗਦਰੀ ਬਾਬਿਆਂ ਨੂੰ ਵੀ ਸਿੱਖ ਸਾਬਤ ਕਰਕੇ ਉਨ੍ਹਾਂ ਦੀ ਮਹਾਨਤਾ ਬੇਹੱਦ ਸੀਮਤ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਨੂੰ ਉਨ੍ਹਾਂ ਦੀ ਸੋਚ ਮੁਬਾਰਕ ਪਰ ਅੱਜ ਵੀ ਹਰ ਭਾਰਤੀ ਨੌਜਵਾਨ ਲਈ ਭਗਤ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਦਾ ਰੋਲ-ਮਾਡਲ ਹੋਣਾ ਇਹ ਦਰਸਾਉਂਦਾ ਹੈ ਕਿ 'ਕਾਵਾਂ ਦੇ ਕਹੇ ਢੱਗੇ ਨਹੀਂ ਮਰਿਆ ਕਰਦੇ'। ਦੁਖਾਂਤਕ ਸਥਿਤੀ ਇਹ ਵੀ ਹੈ ਕਿ ਮੂਲਵਾਦੀ, ਮੁਲਕ ਦੀ ਸਾਂਝੀ ਵਿਰਾਸਤ ਸ਼ਹੀਦਾਂ ਨੂੰ ਹੀ ਵੰਡਣ-ਵੰਡਾਉਣ 'ਤੇ ਤੁਲੇ ਹੋਏ ਹਨ। ਸ਼ਹੀਦ ਭਗਤ ਸਿੰਘ ਦੇ ਨਾਲ-ਨਾਲ ਸਾਡੇ ਹੋਰਨਾਂ ਮਹਾਨ ਨਾਇਕਾਂ ਵਿਚੋਂ ਵੀ ਹਿੰਦੂ-ਸਿੱਖ-ਮੁਸਲਿਮ ਅਤੇ ਇਸਾਈ ਲੱਭੇ ਜਾ ਰਹੇ ਹਨ। ਇਸੇ ਤਰ੍ਹਾਂ ਕਾਮਾਗਾਟਾ-ਮਾਰੂ ਅਤੇ ਕੂਕਾ ਲਹਿਰ ਦੇ ਇਤਿਹਾਸ ਤੇ ਸ਼ਹਾਦਤਾਂ ਤੋਂ ਤਾਂ ਇਨਕਾਰੀ ਹੋਇਆ ਜਾ ਰਿਹਾ ਹੈ ਪਰ ਆਜ਼ਾਦੀ ਦੇ ਘੋਲ ਦੌਰਾਨ ਮਾਫੀਆਂ ਮੰਗਣ ਵਾਲੇ ਖਲਾਨਾਇਕਾਂ ਨੂੰ 'ਵੀਰ' ਦੇ ਖਿਤਾਬਾਂ ਨਾਲ ਨਿਵਾਜਿਆ ਜਾ ਰਿਹਾ ਹੈ। ਪਰ ਵੱਡੀ ਤੱਸਲੀ ਵਾਲੀ ਗੱਲ ਇਹ ਹੈ ਕਿ ਮੁਲਕ ਦੇ ਮਹਾਨ ਨਾਇਕਾਂ ਦੀਆਂ ਪੈੜਾਂ ਨੱਪਣ ਵਾਲਿਆਂ ਦੀ ਵੀ ਕੋਈ ਕਮੀ ਨਹੀਂ ਹੈ ਅਤੇ ਜਾਗਦੀਆਂ ਜ਼ਮੀਰਾਂ ਵਾਲੇ ਲੋਕ ਹਰ ਹੀਲੇ ਗ਼ਦਰੀ ਸੂਰਬੀਰਾਂ ਦਾ ਸੁਨੇਹਾ ਘਰ-ਘਰ ਪਹੁੰਚਾਉਣ ਦਾ ਆਪਣਾ ਫਰਜ਼ ਨਿਭਾ ਰਹੇ ਹਨ।

ਜਿਹੜਾ ਬਿਮਾਰ ਸਭਿਆਚਾਰ ਸਾਡੇ ਹਰ ਘਰ ਵਿਚ ਬਿਨਾਂ ਕਿਸੇ ਰੋਕ-ਟੋਕ ਦੇ ਆਣ ਵੜਿਆ ਹੈ; ਉਸ ਦਾ ਟਾਕਰਾ ਕਰਨ ਦਾ ਅਸਲੀ ਅਤੇ ਅਮਲਯੋਗ ਰਾਹ ਤਾਂ ਗ਼ਦਰੀ ਬਾਬਿਆਂ ਦਾ ਇਹ ਮੇਲਾ ਹੀ ਦਿਖਾਉਂਦਾ ਹੈ। ਇਸ ਤਰ੍ਹਾਂ ਦਾ ਕਾਮ-ਉਕਸਾਊ ਤਬਾਹਕੁਨ ਸਭਿਆਚਾਰ ਸਾਡੇ ਬੱਚਿਆਂ ਅੱਗੇ ਮੱਲੋਜ਼ੋਰੀ ਪਰੋਸਿਆ ਜਾ ਰਿਹਾ ਹੈ; ਉਸ ਦੇ ਬਦਲ ਵਜੋਂ ਚੇਤਨਾ ਦੇ ਚਿਰਾਗ਼ ਬਾਲਣ ਵਾਲਾ ਅਤੇ ਸੱਚਮੁੱਚ ਦਾ ਜਿਹੜਾ ਲੋਕ-ਸਭਿਆਚਾਰ ਲਗਾਤਾਰ ਇਸ ਮੇਲੇ 'ਚ ਪੇਸ਼ ਹੋ ਰਿਹਾ ਹੈ ਉਹ ਦੱਸਦਾ ਹੈ ਕਿ 'ਚਾਨਣ ਕਦੇ ਮਰਿਆ ਨਹੀਂ-ਸੱਚ ਕਦੇ ਹਰਿਆ ਨਹੀਂ'।

# ਅਮਰੀਕਾ ਦਾ 'ਸ਼ਟ ਡਾਊਨ'

ਰਵੀ ਕੰਵਰ
+91-181-2483033

ਦੁਨੀਆਂ ਦੀ ਸਭ ਤੋਂ ਵੱਡੀ ਆਰਥਕ ਸ਼ਕਤੀ-ਅਮਰੀਕੀ ਸਾਮਰਾਜ ਦੀ ਸਰਕਾਰ-16 ਦਿਨਾਂ ਤੱਕ 'ਸ਼ਟ ਡਾਊਨ' ਕਰਕੇ ਠੱਪ ਰਹਿਣ ਤੋਂ ਬਾਅਦ 17 ਅਕਤੂਬਰ ਤੋਂ ਮੁੜ ਆਪਣਾ ਕੰਮਕਾਰ ਚਲਾਉਣ ਦੇ ਸਮਰੱਥ ਹੋ ਗਈ ਹੈ। ਦੇਸ਼ ਦੇ ਵਿੱਤੀ ਸਾਲ ਦੇ 30 ਸਿਤੰਬਰ ਨੂੰ ਖਤਮ ਹੋ ਜਾਣ ਤੋਂ ਬਾਅਦ ਵੀ ਕੇਂਦਰੀ ਸਰਕਾਰ ਦੇ ਬਜਟ ਦੇ ਨਾ ਪਾਸ ਹੋ ਸਕਣ ਸਦਕਾ, ਸਰਕਾਰੀ ਖਰਚਿਆਂ ਲਈ ਪੈਸੇ ਨਾ ਉਪਲੱਬਧ ਹੋਣ ਕਰਕੇ ਸਰਕਾਰ ਨੂੰ ਆਪਣੇ ਬਹੁਤੇ ਰੋਜ਼ਾਨਾ ਦੇ ਕੰਮ ਠੱਪ ਕਰਨੇ ਪਏ ਸਨ। ਅਤੇ 21 ਲੱਖ ਸਰਕਾਰੀ ਮੁਲਾਜ਼ਮਾਂ ਵਿਚੋਂ 8 ਲੱਖ ਸਰਕਾਰੀ ਮੁਲਾਜ਼ਮਾਂ ਨੂੰ ਬਿਨਾਂ ਤਨਖਾਹ ਦੀ ਛੁੱਟੀ ਉਤੇ ਭੇਜ ਦਿੱਤਾ ਗਿਆ ਸੀ। 17 ਅਕਤੂਬਰ ਨੂੰ ਇਸ ਸੰਕਟ ਨੇ ਬਹੁਤ ਹੀ ਗੰਭੀਰ ਹੋ ਜਾਣਾ ਸੀ ਜਦੋਂ ਅਮਰੀਕਾ ਦੀ ਕੇਂਦਰੀ ਸਰਕਾਰ ਦੀ ਕਰਜਾ ਲੈਣ ਦੀ ਸੀਮਾ ਖਤਮ ਹੋ ਜਾਣੀ ਸੀ। ਇਸ ਨਾਲ ਜਿਥੇ ਪੈਸੇ ਦੀ ਅਣਉਪਲੱਬਧਤਾ ਕਰਕੇ ਬਹੁਤ ਹੀ ਜ਼ਰੂਰੀ ਸਰਕਾਰੀ ਕਾਰਜਾਂ ਦੇ ਬੰਦ ਹੋਣ ਦਾ ਅੰਦੇਸ਼ਾਂ ਸੀ ਉਥੇ ਹੀ ਸਰਕਾਰ ਵਲੋਂ ਲਏ ਗਏ ਕਰਜ਼ੇ ਦੀ ਵਾਪਸੀ ਅਤੇ ਉਸਦੇ ਬਿਆਜ ਦਾ ਭੁਗਤਾਨ ਵੀ ਰੁੱਕ ਜਾਣਾ ਸੀ ਅਤੇ ਉਸਨੇ ਡਿਫਾਲਟਰ ਬਣ ਜਾਣਾ ਸੀ।

ਬਿਲਕੁਲ ਅੰਤਲੇ ਸਮੇਂ ਦੇਸ਼ ਦੀਆਂ ਦੋਵੇਂ ਮੁੱਖ ਪਾਰਟੀਆਂ ਡੈਮੋਕਰੇਟਿਕ ਪਾਰਟੀ ਅਤੇ ਰਿਪਬਲਿਕ ਪਾਰਟੀ ਦਰਮਿਆਨ ਹੋਏ ਸਮਝੌਤੇ ਤੋਂ ਬਾਅਦ ਵੀ ਬਜਟ ਤਾਂ ਨਹੀਂ ਪਾਸ ਹੋਇਆ, ਪ੍ਰੰਤੂ ਸਰਕਾਰ ਨੂੰ ਚਲਾਉਣ ਲਈ ਅਸਥਾਈ ਵਿਵਸਥਾ ਕਰਦੇ ਹੋਏ ਕਰਜ਼ਾ ਲੈਣ ਦੀ ਸੀਮਾ 7 ਫਰਵਰੀ 2014 ਤੱਕ ਵਧਾਅ ਦਿੱਤੀ ਗਈ ਹੈ ਅਤੇ ਸਰਕਾਰ ਚਲਾਉਣ ਲਈ ਖਰਚਿਆਂ ਦਾ 15 ਜਨਵਰੀ 2014 ਤੱਕ ਦਾ ਪ੍ਰਬੰਧ ਕਰ ਦਿੱਤਾ ਗਿਆ ਹੈ। ਇਸਦੇ ਨਾਲ ਹੀ 'ਉਬਾਮਾ ਕੇਅਰ' ਦੇ ਨਾਂਅ ਹੇਠ ਪ੍ਰਚਾਰੀ ਗਈ ਬੀਮਾ ਨੀਤੀ ਦਾ ਲਾਭ ਲੈਣ ਵਾਲਿਆਂ ਦੀ ਆਮਦਣ ਸਖਤੀ ਨਾਲ ਚੈਕ ਕਰਨ ਦੀ ਵਿਵਸਥਾ ਵੀ ਕੀਤੀ ਗਈ ਹੈ। ਇਨ੍ਹਾਂ ਵਿਵਸਥਾਵਾਂ ਵਾਲਾ ਕਾਨੂੰਨ ਸੀਨੇਟ ਵਿਚ ਜਿਥੇ ਡੈਮੋਕ੍ਰੇਟਿਕ ਪਾਰਟੀ ਦਾ ਬਹੁਮਤ ਹੈ, ਵਿਚ 81-18 ਨਾਲ ਪਾਸ ਹੋ ਗਿਆ। ਰਿਪਬਲਿਕਨਾਂ ਦੇ ਬਹੁਮਤ ਵਾਲੇ ਸਮੇਂ ਵਿਚ ਇਹ 285-144 ਨਾਲ ਪਾਸ ਹੋ ਗਿਆ। ਰਾਸ਼ਟਰਪਤੀ ਓਬਾਮਾ ਦੇ ਇਸ ਉਤੇ ਦਸਖਤਾਂ ਹੋਣ ਦੇ ਨਾਲ ਹੀ ਇਹ ਦੁਨੀਆਂ ਦੀ ਅਖੌਤੀ ਸਭ ਤੋਂ ਵੱਡੀ ਜਮਹੂਰੀਅਤ ਆਪਣੇ ਦੇਸ਼ ਦੇ ਆਮ ਲੋਕਾਂ ਨੂੰ ਦਾਣੇ ਦਾਣੇ ਤੋਂ ਤਰਸਾਉਣ ਤੋਂ ਬਾਅਦ ਮੁੜ ਆਪਣਾ ਕੰਮਕਾਰ ਚਲਾਉਣ ਯੋਗ ਹੋ ਗਈ ਹੈ। ਇਸ ਅਸਥਾਈ ਪ੍ਰਬੰਧ ਕਰਨ ਵਾਲੇ ਕਾਨੂੰਨ ਵਿਚ ਹੀ ਲੰਮੇ ਚਿਰੇ ਸਮਝੌਤੇ ਲਈ ਸੀਨੇਟ ਅਤੇ ਪ੍ਰਤੀਨਿੱਧ ਸਭਾ ਦੀ ਇਕ ਸਾਂਝੀ ਕਮੇਟੀ ਬਣਾਉਣ ਦੀ ਵਿਵਸਥਾ ਵੀ ਕੀਤੀ ਗਈ ਹੈ।

'ਸ਼ਟਡਾਊਨ' ਕੀ ਹੈ ? ਅਮਰੀਕਾ ਇਕ ਰਾਸ਼ਟਰਪਤੀ ਪ੍ਰਣਾਲੀ ਅਧਾਰਤ ਜਮਹੂਰੀਅਤ ਵਾਲਾ ਦੇਸ਼ ਹੈ। ਇਸ ਵਿਚ ਦੇਸ਼ ਦਾ ਮੁਖੀ ਰਾਸ਼ਟਰਪਤੀ ਹੁੰਦਾ ਹੈ ਅਤੇ ਉਸਦੀ ਚੋਣ ਸਿੱਧੇ ਰੂਪ ਵਿਚ ਜਨਤਾ ਵਲੋਂ ਕੀਤੀ ਜਾਂਦੀ ਹੈ। ਦੇਸ਼ ਦੀ ਸੰਸਦ ਦੇ ਦੋ ਸਦਨ ਹੁੰਦੇ ਹਨ। ਉਪਰਲਾ ਸਦਨ ਸੀਨੇਟ ਅਤੇ ਹੇਠਲਾ ਸਦਨ ਪ੍ਰਤੀਨਿਧੀ ਸਭਾ। ਦੇਸ਼ ਦਾ ਕੇਂਦਰੀ ਬਜਟ ਇਨ੍ਹਾਂ ਦੋਹਾਂ ਸਦਨਾਂ ਨੇ ਪਾਸ ਕਰਨਾ ਹੁੰਦਾ ਹੈ। ਦੇਸ਼ ਦਾ ਰਾਸ਼ਟਰਪਤੀ ਕੋਈ ਵੀ ਕਾਨੂੰਨ ਬਣਾ ਸਕਦਾ ਹੈ। ਉਸ ਲਈ ਧਨ ਦੀ ਵਿਵਸਥਾ ਸੰਸਦ ਦੇ ਦੋਹਾਂ ਸਦਨਾਂ ਤੋਂ ਪਾਸ ਹੋਣ ਵਾਲੇ ਬਜਟ ਰਾਹੀਂ ਹੀ ਹੁੰਦੀ ਹੈ। ਦੇਸ਼ ਦਾ ਰਾਸ਼ਟਰਪਤੀ ਬਰਾਕ ਓਬਾਮਾ ਡੈਮੋਕਰੇਟਿਕ ਪਾਰਟੀ ਦਾ ਹੈ। ਦੇਸ਼ ਦੇ ਉਪਰਲੇ ਸਦਨ, ਸੀਨੇਟ ਵਿਚ ਡੈਮੋਕ੍ਰੇਟਿਕ ਪਾਰਟੀ ਦਾ ਬਹੁਮਤ ਹੈ। ਪ੍ਰੰਤੂ 2010 ਤੋਂ ਦੇਸ਼ ਦੇ ਹੇਠਲੇ ਸਦਨ, ਜਿਸਦੀ ਸਿੱਧੀ ਚੋਣ ਹੁੰਦੀ ਹੈ, ਵਿਚ ਰਿਪਬਲਿਕਨ ਪਾਰਟੀ ਦਾ ਬਹੁਮਤ ਹੈ। 2010 ਤੋਂ ਹੀ ਰਿਪਬਲਿਕਨ ਆਪਣੇ ਇਸ ਬਹੁਮਤ ਨੂੰ ਹਥਿਆਰ ਵਜੋਂ ਵਰਤਦੇ ਹੋਏ ਕੇਂਦਰੀ ਬਜਟ ਦੇ ਪਾਸ ਹੋਣ ਵਿਚ ਅੜਿਕੇ ਖੜ੍ਹੇ ਕਰਦੇ ਆ ਰਹੇ ਹਨ। ਅਮਰੀਕਾ ਵਿਚ ਕਈ ਸਾਲਾਂ ਤੋਂ ਬਜਟ ਸਮੁੱਚੇ ਰੂਪ ਵਿਚ ਪਾਸ ਨਹੀਂ ਹੋ ਰਿਹਾ ਬਲਕਿ ਰਿਪਬਲਿਕਨ ਤੇ ਡੈਮੋਕਰੇਟਿਕ ਪਾਰਟੀਆਂ ਦਰਮਿਆਨ ਸਮਝੌਤਿਆਂ ਰਾਹੀਂ ਥੋੜ੍ਹੇ ਥੋੜ੍ਹੇ ਸਮੇਂ ਲਈ ਖਰਚੇ ਲਈ ਪ੍ਰਬੰਧ ਕੀਤੇ ਜਾਂਦੇ ਹਨ। 2011 ਵਿਚ ਤਾਂ ਬਿਲਕੁਲ ਆਖਰੀ ਸਮੇਂ ਉਤੇ ਅਜਿਹਾ ਸਮਝੌਤਾ ਹੋ ਸਕਿਆ ਸੀ। ਇਸ ਤੋਂ ਪਹਿਲਾਂ 'ਸ਼ਟ ਡਾਊਨ' 1995 ਵਿਚ ਹੋਇਆ ਸੀ, ਜਦੋਂ ਡੈਮੋਕਰੈਟਿਕ ਪਾਰਟੀ ਦੇ ਹੀ ਬਿਲ ਕਲਿੰਟਨ ਰਾਸ਼ਟਰਪਤੀ ਸਨ।

ਇਸ ਵਾਰ 30 ਸਤੰਬਰ ਨੂੰ ਬਜਟ ਨੂੰ ਪਾਸ ਕੀਤਾ ਜਾਣਾ ਸੀ ਪ੍ਰੰਤੂ ਰਿਪਬਲਿਕਨ ਪਾਰਟੀ ਰਾਸ਼ਟਰਪਤੀ ਉਬਾਮਾ ਦੇ ਸਿਹਤ ਸੰਭਾਲ ਬਾਰੇ ਚਹੇਤੇ ਕਾਨੂੰਨ 'ਅਫੋਰਡੇਬਲ ਕੇਅਰ ਐਕਟ', ਜਿਸਨੂੰ 'ਓਬਾਮਾ ਕੇਅਰ' ਦੇ ਨਾਂਅ ਨਾਲ ਜਾਣਿਆ ਜਾਂਦਾ ਹੈ, ਵਿਚ ਵੱਡੀਆਂ ਤਰਮੀਮਾਂ ਕਰਨ ਦੀ ਸ਼ਰਤ ਲਗਾ ਦਿੱਤੀ। ਰਾਸ਼ਟਰਪਤੀ ਓਬਾਮਾ ਅਤੇ ਡੈਮੋਕਰੇਟਿਕ ਪਾਰਟੀ ਵਲੋਂ ਉਨ੍ਹਾਂ ਦੀ ਇਹ ਸ਼ਰਤ ਨਾ ਮੰਨਣ ਕਰਕੇ ਕੇਂਦਰੀ ਬਜਟ ਤਾਂ ਪਾਸ ਹੀ ਨਹੀਂ ਕੀਤਾ ਜਾ ਸਕਿਆ। ਬਲਕਿ ਸਰਕਾਰੀ ਕੰਮਕਾਰ ਨੂੰ ਚਲਦਾ ਰੱਖਣ ਲਈ ਫੌਰੀ ਲੋੜੀਂਦੇ ਖਰਚੇ ਲਈ ਪੈਸਿਆਂ ਨੂੰ ਉਪਲੱਬਧ ਕਰਵਾਉਣ ਸਬੰਧੀ ਵੀ ਕੋਈ ਵਿਵਸਥਾ ਨਹੀਂ ਕੀਤੀ ਜਾ ਸਕੀ। ਇਸ ਤਰ੍ਹਾਂ ਦੇਸ਼ ਦਾ ਰੋਜ਼ਾਨਾ ਦਾ ਸਰਕਾਰੀ ਕੰਮਕਾਰ ਠੱਪ ਹੋ ਗਿਆ। ਅੰਗਰੇਜ਼ੀ ਵਿਚ ਸ਼ਬਦ Shut Down (ਸ਼ਟ ਡਾਊਨ) ਕਿਸੇ ਵੀ ਮਸ਼ੀਨ/ਕਾਰਜ ਦੇ ਠੱਪ ਹੋ ਜਾਣ ਲਈ ਵਰਤਿਆ ਜਾਂਦਾ ਹੈ।

ਇਸ 'ਸ਼ਟ ਡਾਊਨ' ਦਾ ਕਾਰਨ ਬਣਿਆ 'ਅਫੋਰਡੇਬਲ ਕੇਅਰ ਐਕਟ' ਰਾਸ਼ਟਰਪਤੀ ਓਬਾਮਾ ਵਲੋਂ ਆਪਣਾ ਪਹਿਲਾ ਕਾਰਜਕਾਲ ਸੰਭਾਲਣ ਤੋਂ ਬਾਅਦ ਬਣਾਇਆ ਗਿਆ ਇਕ ਸਿਹਤ ਸੰਭਾਲ ਬਾਰੇ ਕਾਨੂੰਨ ਹੈ, ਜਿਸ ਅਧੀਨ 4.5 ਕਰੋੜ ਦੇ ਲਗਭਗ ਉਨ੍ਹਾਂ ਅਮਰੀਕੀਆਂ ਦਾ ਸਿਹਤ ਬੀਮਾ ਹੋ ਸਕੇਗਾ, ਜਿਹੜੇ ਸਿਹਤ ਸੰਭਾਲ ਦੇ ਖਰਚੇ ਖੁਦ ਉਟਣ ਦੇ ਸਮਰਥ ਨਹੀਂ ਹਨ। ਇਥੇ ਇਹ ਵੀ ਵਰਣਨਯੋਗ ਹੈ ਕਿ ਕਾਨੂੰਨ ਆਮ ਅਮਰੀਕੀ ਨਾਗਰਿਕ ਨੂੰ ਤਾਂ ਥੋੜ੍ਹਾ ਜਿਹਾ ਹੀ ਲਾਭ ਪਹੁੰਚਾਉਂਦਾ ਹੈ ਪ੍ਰੰਤੂ ਅਮਰੀਕਾ ਦੀ ਸਿਹਤ, ਬੀਮਾ, ਦਵਾਈਆਂ ਅਤੇ ਇਸ ਨਾਲ ਸਬੰਧਤ ਹੋਰ ਵਪਾਰਕ ਖੇਤਰਾਂ ਨੂੰ ਕਿਤੇ ਵਧੇਰੇ ਲਾਭ ਪਹੁੰਚਾਉਂਦਾ ਹੈ। ਅਮਰੀਕਾ ਦੀ ਹਾਕਮ ਧਿਰ ਦੀ ਦੂਜੀ ਵੱਡੀ ਪਾਰਟੀ ਰਿਪਬਲਿਕਨ ਵਿਚ ਟੀ-ਪਾਰਟੀ ਵਜੋਂ ਜਾਣਿਆ ਜਾਂਦਾ ਧੁਰ ਸੱਜ ਪਿਛਾਖੜੀ ਧੜਾ ਆਮ ਨਾਗਰਿਕ ਨੂੰ ਮਿਲਣ ਵਾਲੇ ਇਸ ਨਗੂਣੇ ਜਿਹੇ ਲਾਭ ਨੂੰ ਸਹਾਰਨ ਲਈ ਵੀ ਤਿਆਰ ਨਹੀਂ ਹੈ। ਉਸਦਾ ਕਹਿਣਾ ਹੈ ਕਿ 2010 ਵਿਚ ਹੇਠਲੇ ਸਦਨ ਪ੍ਰਤੀਨਿੱਧ ਸਭਾ ਦੀਆਂ ਹੋਈਆਂ ਚੋਣਾਂ ਵਿਚ ਉਨ੍ਹਾਂ ਵਲੋਂ ਬਹੁਮਤ ਹਾਸਲ ਕਰ ਲੈਣ ਦਾ ਭਾਵ ਹੈ ਕਿ ਓਬਾਮਾ ਦੀਆਂ ਨੀਤੀਆਂ ਨੂੰ ਦੇਸ਼ ਦੇ ਲੋਕਾਂ ਨੇ ਰੱਦ ਕਰ ਦਿੱਤਾ ਹੈ। ਜਦੋਂਕਿ ਡੈਮੋਕਰੇਟਿਕ ਪਾਰਟੀ ਅਤੇ ਰਾਸ਼ਟਰਪਤੀ ਓਬਾਮਾ ਦਾ ਕਹਿਣਾ ਹੈ ਕਿ ਦੇਸ਼ ਦੀ ਸੁਪਰੀਮ ਕੋਰਟ ਨੇ ਜੂਨ 2012 ਵਿਚ 'ਅਫੋਰਡੇਬਲ ਕੇਅਰ ਐਕਟ' ਦੀ ਪੁਸ਼ਟੀ ਕਰ ਦਿੱਤੀ ਸੀ। ਅਤੇ 2012 ਵਿਚ ਰਾਸ਼ਟਰਪਤੀ ਬਰਾਕ ਓਬਾਮਾ ਦੇ ਮੁੜ ਰਾਸ਼ਟਰਪਤੀ ਚੁਣੇ ਜਾਣ ਤੂੰ ਸਪੱਸ਼ਟ ਹੁੰਦਾ ਹੈ ਕਿ ਅਮਰੀਕਾ ਦੇ ਲੋਕ ਇਸ ਕਾਨੂੰਨ ਦੇ ਹੱਕ ਵਿਚ ਹਨ, ਕਿਉਂਕਿ ਉਨ੍ਹਾਂ ਚੋਣਾਂ ਵਿਚ ਸਮੁੱਚੀ ਚੋਣ ਮੁਹਿੰਮ ਦਾ ਇਹ ਕੇਂਦਰੀ ਮੁੱਦਾ ਸੀ। ਰਿਪਬਲਿਕਨ ਪਾਰਟੀ ਆਪਣੇ ਬਹੁਮਤ ਵਾਲੇ ਹੇਠਲੇ ਸਦਨ ਵਿਚ 40 ਤੋਂ ਵੱਧ ਵਾਰ ਇਸ ਕਾਨੂੰਨ ਨੂੰ ਰੱਦ ਕਰਨ ਜਾਂ ਇਸਦੇ ਲਈ ਫੰਡਾਂ ਨੂੰ ਉਪਲੱਬਧ ਨਾ ਕਰਵਾਉਣ ਬਾਰੇ ਮਤੇ ਪਾਸ ਕਰ ਚੁੱਕੀ ਹੈ। ਇਥੇ ਇਹ ਨੋਟ ਕਰਨਯੋਗ ਹੈ ਕਿ ਰਿਪਬਲਿਕਨ ਪਾਰਟੀ ਵਿਚ ਪ੍ਰਭਾਵਸ਼ਾਲੀ ਧੜਾ ਧੁਰ ਸੱਜ-ਪਿਛਾਖੜੀਆਂ ਦਾ ਹੈ, ਜਿਸਨੂੰ ਉਹ ਟੀ-ਪਾਰਟੀ ਦਾ ਨਾਂਅ ਦਿੰਦੇ ਹਨ, ਜਿਹੜੇ ਅੱਜ ਵੀ ਨਸਲਵਾਦ ਅਤੇ ਰੰਗਭੇਦ ਵਰਗੇ ਸਮਾਜਕ ਕੋਹੜ ਵਿਚ ਵੀ ਯਕੀਨ ਰੱਖਦੇ ਹਨ ਅਤੇ ਓਬਾਮਾ ਦੇ ਕਾਲੀ ਨਸਲ ਨਾਲ ਸਬੰਧਤ ਹੋਣ ਕਰਕੇ ਵੀ ਉਸਦੇ ਰਾਸ਼ਟਰਪਤੀ ਬਨਣ ਦੇ ਸਖਤ ਵਿਰੁੱਧ ਸਨ। ਇਸ ਕਾਨੂੰਨ ਦਾ ਨਾਂਅ ਵੀ ਰਿਪਬਲਿਕਨਾਂ ਨੇ ਓਬਾਮਾ ਨੂੰ ਨੀਵਾਂ ਦਿਖਾਉਣ ਲਈ ਹੀ 'ਓਬਾਮਾ ਕੇਅਰ' ਰੱਖਿਆ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਇਹ ਕਾਨੂੰਨ ਉਸਨੇ ਆਪਣੀ ਸੰਭਾਲ ਲਈ ਲਿਆਂਦਾ ਹੈ। ਪ੍ਰੰਤੂ ਬਾਅਦ ਵਿਚ ਲੋਕਾਂ ਵਿਚ ਇਹ ਨਾਂਅ ਹੀ ਪ੍ਰਚਲਤ ਹੋ ਗਿਆ।

ਹੁਣ ਵੀ 16 ਅਕਤੂਬਰ ਨੂੰ ਅਮਰੀਕਾ ਦੀ ਹਾਕਮ ਧਿਰ ਦੀਆਂ ਦੋਵੇਂ ਪਾਰਟੀਆਂ ਦਰਮਿਆਨ ਸਮਝੌਤੇ ਨਾਲ ਬਜਟ ਨਹੀਂ ਪਾਸ ਹੋਇਆ ਹੈ। ਬਲਕਿ ਅਮਰੀਕੀ ਸਰਕਾਰ ਵਲੋਂ ਲਏ ਜਾਂਦੇ 16,700 ਅਰਬ ਡਾਲਰ ਦੇ ਕਰਜ਼ੇ ਦੀ ਸਮਾਂ ਸੀਮਾ ਵਧਾਈ ਗਈ ਹੈ। ਅਮਰੀਕੀ ਸਰਕਾਰ ਇਕੱਠੇ ਕੀਤੇ ਟੈਕਸਾਂ ਤੋਂ ਵੱਧ ਖਰਚ ਕਰਦੀ ਹੈ। ਇਹ ਰਕਮ ਉਹ ਸਰਕਾਰੀ ਬਾਂਡ ਵੇਚਕੇ ਜੁਟਾਉਂਦੀ ਹੈ। ਚੀਨ ਅਤੇ ਜਾਪਾਨ ਦੀਆਂ ਸਰਕਾਰਾਂ ਇਨ੍ਹਾਂ ਬਾਂਡਾਂ ਦੀਆਂ ਵੱਡੀਆਂ ਖਰੀਦਦਾਰ ਹਨ। ਕਰਜ਼ਾ ਲੈਣ ਦੀ ਇਹ ਸਮਾਂ ਸੀਮਾ 17 ਅਕਤੂਬਰ ਨੂੰ ਖਤਮ ਹੋ ਜਾਣੀ ਸੀ। ਇਸ ਨਾਲ ਜਿਥੇ ਸਰਕਾਰ ਕੋਲ ਜ਼ਰੂਰੀ ਖਰਚਿਆਂ ਲਈ ਰਕਮ ਦੀ ਘਾਟ ਤਾਂ ਹੋਰ ਵਧੇਰੇ ਹੋ ਹੀ ਜਾਣੀ ਸੀ ਨਾਲ ਹੀ ਇਸ ਸਰਕਾਰ ਨੇ ਲਏ ਕਰਜ਼ੇ ਦਾ ਬਿਆਜ ਅਤੇ ਮੂਲ ਵਾਪਸ ਕਰਨ ਤੋਂ ਵੀ ਉਕ ਜਾਣਾ ਸੀ। ਇਸਦੇ ਸਿੱਟੇ ਵਜੋਂ ਅਮਰੀਕੀ ਸਰਕਾਰ ਦੀ ਸਾਖ ਡਿਗਣੀ ਸੀ। ਇਸ ਤਰ੍ਹਾਂ ਦੁਨੀਆਂ ਦੇ ਇਸ ਸਭ ਤੋਂ ਅਮੀਰ ਦੇਸ਼ ਦੀ ਸਰਕਾਰ ਦਾ ਦਿਵਾਲਾ ਨਿਕਲ ਜਾਣਾ ਸੀ।

☛ ਬਾਕੀ ਸਫ਼ਾ 17 'ਤੇ

ਸੰਪਾਦਕੀ ਬੋਰਡ ਨਵਤੇਜ, ਦਲਬੀਰ ਸਾਂਗਿਆਣ, ਸੁਸ਼ੀਲ ਦੁਸਾਂਝ
ਸਲਾਹਕਾਰ ਬੋਰਡ ਡਾ. ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਕਿਰਤਮੀਤ ਕੁਹਾੜ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)
ਸੁਰਿੰਦਰ ਮਾਵੀ (ਵਿਨੀਪੈਗ ਪ੍ਰਤੀਨਿਧੀ)
ਜਗਤਾਰ ਸਾਲਮ (ਵਿਸ਼ੇਸ਼ ਪ੍ਰਤੀਨਿਧੀ)

2nd Floor 3448 – 93 Street NW,
Edmonton T6E 6A4,
Alberta (Canada)
Phone : 780 465 9118
Fax: 780 465 0661
e-mail: info@nawidunia.com
http://www.facebook.com/NawiDunia

ਲੇਖਕਾਂ ਦੀਆਂ ਰਚਨਾਵਾਂ ਨਾਲ ਨਵੀਂ ਦੁਨੀਆ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕੌਣ ਸਾਹਿਬ ਨੂੰ ਆਖੇ...



ਡਾ. ਹਜ਼ਾਰਾ ਸਿੰਘ ਚੀਮਾ
cheemahazarasingh@gmail.com

ਸੁਣਿਐਂ, ਪੰਜਾਬ ਮੰਤਰੀ ਮੰਡਲ ਦੀ ਪਿਛਲੀ ਮੀਟਿੰਗ ਵਿਚ ਮਾਝੇ ਦੇ ਇਕ ਸੀਨੀਅਰ ਮੰਤਰੀ ਨੇ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਦੇ ਸਲਾਹਕਾਰਾਂ ਨੂੰ ਕੈਬਨਿਟ ਰਾਜ ਮੰਤਰੀ ਦਾ ਸਟੇਟਸ ਦੇ ਕੇ ਉਨ੍ਹਾਂ ਨੂੰ ਮੰਤਰੀ ਵਾਲੀਆਂ ਸੁੱਖ ਸਹੂਲਤਾਂ ਸਰਕਾਰੀ ਖਜਾਨੇ ਵਿਚੋਂ ਅਦਾ ਕਰਨ ਬਾਰੇ ਜਦੋਂ ਕਿੰਤੂ-ਪ੍ਰੰਤੂ ਕੀਤੇ ਤਾਂ ਮਾਝੇ ਦੇ ਹੀ ਇਕ ਹੋਰ ਮੰਤਰੀ, ਜੋ ਕਿੰਤੂ-ਪ੍ਰੰਤੂ ਕਰਨ ਵਾਲੇ ਦੇ ਸਾਲਾ ਸਾਹਿਬ ਦਾ ਸਕਾ ਸਾਲਾ ਹੈ ਨੇ ਉਸਨੂੰ ਬੁਰੀ ਤਰ੍ਹਾਂ ਟੋਕਿਆ। ਬੁਰੀ ਤਰ੍ਹਾਂ ਟੋਕਿਆ ਹੀ ਨਹੀਂ, ਗੱਲ ਤੂੰ-ਤੂੰ, ਮੈਂ-ਮੈਂ ਤਕ ਵੀ ਪਹੁੰਚੀ ਦੱਸੀਦੀ ਹੈ। ਇਹ ਵਰਤਾਰਾ ਮੁੱਖ ਮੰਤਰੀ ਦੀ ਹਾਜ਼ਰੀ ਵਿਚ ਵਾਪਰਿਆ, ਪਰ ਮੁੱਖ ਮੰਤਰੀ ਦੀ ਬਜ਼ੁਰਗਾਨਾ ਘੂਰੀ ਤੋਂ ਤਾਂ ਭਾਵੇਂ ਦੋਵੇਂ ਮੰਤਰੀ ਸ਼ਾਂਤ ਹੋ ਗਏ, ਪਰ ਪੰਜਾਬ ਦੀ ਸਿਆਸਤ ਦੇ ਡੂੰਘੇ ਪਾਣੀਆਂ 'ਚ ਇਕ ਸੁਲਗਦਾ ਸੁਆਲ ਜ਼ਰੂਰ ਛੱਡ ਗਏ ਜਿਸਨੂੰ ਪੰਜਾਬ ਦੇ ਲੋਕ ਖਾਸ ਕਰਕੇ ਬੁੱਧੀਜੀਵੀ ਵਰਗ ਲੰਮਾ ਸਮਾਂ ਚਿੱਥਦਾ ਰਹੇਗਾ।

ਚੋਣ ਪਰਚੀ ਦੀ ਅਗਨ ਪ੍ਰੀਖਿਆ ਰਾਹੀਂ ਜਿੱਤਣ ਉਪਰੰਤ ਮੰਤਰੀ ਬਣਨ ਵਾਲਿਆਂ ਬਰਾਬਰ ਸਹੂਲਤਾਂ, ਹਾਰੇ ਹੋਏ ਰਾਜਨੀਤੀਵਾਨਾਂ ਨੂੰ ਆਪਣੇ ਸਲਾਹਕਾਰ ਰੱਖਕੇ ਬਖ਼ਸ਼ਣ ਤੋਂ, ਉਪਰੋਕਤ ਮੰਤਰੀ ਜੀ ਸੱਚੀ-ਮੁੱਚੀ ਖਫਾ ਸਨ ਜਾਂ ਉਹ ਇਸ ਤੀਰ ਰਾਹੀਂ ਕੋਈ ਹੋਰ ਨਿਸ਼ਾਨਾ ਫੁੰਡਣ ਦੀ ਤਾਕ ਵਿਚ ਸਨ, ਬਾਰੇ ਤਾਂ ਕੁਝ ਕਹਿਣਾ ਮੁਸ਼ਕਲ ਹੈ ਪਰ ਮਾਨਯੋਗ ਮੁੱਖ ਮੰਤਰੀ ਜੀ ਵੱਲੋਂ ਦੋਹਾਂ ਮੰਤਰੀਆਂ ਨੂੰ ਸ਼ਾਂਤ ਰਹਿਣ ਦਾ ਆਦੇਸ਼ ਦੇਣ ਅਤੇ ਆਪ ਇਸ ਉਪਰ ਕੋਈ ਟਿੱਪਣੀ ਨਾ ਕਰਨ ਤੋਂ ਲੱਗਦਾ ਹੈ ਕਿ ਉਹ ਆਪਣੇ ਸਲਾਹਕਾਰਾਂ ਨੂੰ ਮੰਤਰੀ ਬਰਾਬਰ ਸਹੂਲਤਾਂ ਦੇਣ ਦੇ ਫੈਸਲੇ ਨੂੰ ਮੁੜ ਵਿਚਾਰਨ ਵਾਲੇ ਨਹੀਂ।

ਕਾਨੂੰਨੀ ਮਾਹਿਰਾਂ ਅਨੁਸਾਰ ਮੁੱਖ ਮੰਤਰੀ ਜਾਂ ਉਪ ਮੁੱਖ ਮੰਤਰੀ ਵੱਲੋਂ ਨਿਯੁਕਤ ਇਹਨਾਂ ਸਲਾਹਕਾਰਾਂ ਦੀ ਕੋਈ ਸੰਵਿਧਾਨਕ ਜਾਂ ਕਾਨੂੰਨੀ ਵੈਧਤਾ ਨਹੀਂ ਹੈ ਪਰ ਫਿਰ ਵੀ ਚੌਹਾਂ ਵਿਚੋਂ ਤਿੰਨ ਸਲਾਹਕਾਰਾਂ ਨੂੰ ਕੈਬਨਿਟ ਦਾ ਅਹੁਦਾ ਹਾਸਲ ਹੈ ਤੇ ਉਹ ਸਰਕਾਰੀ ਖ਼ਜ਼ਾਨੇ 'ਚੋਂ ਤਨਖਾਹ ਅਤੇ ਭੱਤਿਆਂ ਦੇ ਹੱਕਦਾਰ ਹਨ। ਇਸੇ ਤਰ੍ਹਾਂ ਚਾਰ ਮੀਡੀਆ ਸਲਾਹਕਾਰਾਂ ਵਿਚੋਂ ਦੋਹਾਂ ਨੂੰ ਰਾਜ ਮੰਤਰੀ ਤੇ ਦੋਹਾਂ ਨੂੰ ਮੁੱਖ ਪਾਰਲੀਮਾਨੀ ਸਕੱਤਰ ਦਾ ਰੁਤਬਾ ਹਾਸਿਲ ਹੈ। ਇਹਨਾਂ ਨੂੰ 30,000 ਰੁਪਏ ਮਾਸਕ ਆਨਰੇਰੀਅਮ, ਦੋ ਲੱਖ ਰੁਪਏ ਸਾਲਾਨਾ ਸਫਰ ਭੱਤਾ, 1000 ਰੁਪਏ ਰੋਜ਼ਾਨਾ ਭੱਤਾ, 50,000 ਰੁਪਏ ਮਹੀਨਾ ਮਕਾਨ ਕਿਰਾਇਆ, 10,000 ਰੁਪਏ ਮਹੀਨਾ ਟੈਲੀਫੋਨ ਭੱਤਾ, 7 ਲੱਖ ਰੁਪਏ ਤੱਕ ਦੀ ਸਟਾਫ ਕਾਰ, ਆਪਣੀ ਨਿੱਜੀ ਕਾਰ ਵਰਤਣ ਦੀ ਸੂਰਤ ਵਿਚ 12 ਰੁਪਏ ਪ੍ਰਤੀ ਕਿਲੋਮੀਟਰ ਪੈਟਰੋਲ ਖਰਚਾ, 5000 ਰੁਪਏ ਪ੍ਰਤੀ ਮਹੀਨਾ ਮਨੋਰੰਜਨ ਭੱਤਾ, 5000 ਰੁਪਏ ਮਹੀਨਾ ਡਰਾਈਵਰ ਦੀ ਤਨਖਾਹ, ਕਿਸੇ ਬਿਮਾਰੀ ਦੇ ਇਲਾਜ ਦੇ ਸਮੁੱਚੇ ਮੈਡੀਕਲ ਬਿੱਲਾਂ ਦੀ ਪ੍ਰਤੀਪੂਰਤੀ, ਆਦਿ ਸਹੂਲਤਾਂ ਪ੍ਰਾਪਤ ਹਨ। ਇਸ ਤੋਂ ਇਲਾਵਾ ਇਹਨਾਂ ਸਲਾਹਕਾਰਾਂ ਨਾਲ ਲੱਗੇ ਸਟਾਫ ਦੀ ਤਨਖਾਹ ਤੇ ਭੱਤੇ ਆਦਿ ਇਸ ਤੋਂ ਵੱਖਰੇ ਹਨ। ਇਕ ਮੋਟੇ ਅੰਦਾਜ਼ੇ ਅਨੁਸਾਰ ਇਕ ਸਲਾਹਕਾਰ ਸਰਕਾਰ ਨੂੰ, ਦੂਸਰੇ ਅਰਥਾਂ ਵਿਚ ਪੰਜਾਬ ਦੇ ਲੋਕਾਂ ਨੂੰ 2 ਲੱਖ ਰੁਪਏ ਪ੍ਰਤੀ ਮਹੀਨਾ ਪੈਂਦਾ ਹੈ।

ਸੁਆਲ ਉਠਦਾ ਹੈ ਕਿ ਸੱਠ ਸਾਲ ਤੋਂ ਵੀ ਉੱਪਰ ਸਫਲ ਰਾਜਸੀ ਜੀਵਨ ਹੰਢਾ ਚੁੱਕੇ, ਪੂਰੀ ਤਰ੍ਹਾਂ ਪ੍ਰੋੜ੍ਹ ਹੋ ਚੁੱਕੇ ਬਾਦਲ ਸਾਹਿਬ, ਜਿਸ ਨੇ ਆਪਣੀ ਵਿਰੋਧੀ ਪਾਰਟੀ ਦੀਆਂ ਹੀ ਨਹੀਂ ਸਗੋਂ ਪਾਰਟੀ ਵਿਚਲੇ ਘਾਗ ਸਿਆਸਤਦਾਨਾਂ ਦੀਆਂ ਵੀ ਗੋਡਣੀਆਂ ਲੁਆਉਣ 'ਚ ਸਫਲਤਾ ਪ੍ਰਾਪਤ ਕੀਤੀ ਹੈ ਨੂੰ ਕਿਸੇ ਸਿਆਸੀ ਸਲਾਹਕਾਰ ਦੀ ਲੋੜ ਹੈ ਵੀ ? ਇਤਿਹਾਸ ਗਵਾਹ ਹੈ ਕਿ ਦਰਬਾਰਾ ਸਿੰਘ ਨੇ ਆਪਣੇ ਮੁੱਖ ਮੰਤਰੀ ਹੋਣ ਸਮੇਂ ਇਕ ਵੀ ਸਿਆਸੀ ਸਕੱਤਰ ਨਹੀਂ ਸੀ ਰੱਖਿਆ ਹੋਇਆ, ਸਿਆਸੀ ਸਲਾਹਕਾਰ ਰੱਖਣਾ ਤਾਂ ਦੂਰ ਦੀ ਗੱਲ, ਉਸ ਦੀ ਸਹਾਇਤਾ ਲਈ ਦੋ ਸਿਵਲ ਅਧਿਕਾਰੀਆਂ ਪ੍ਰਿੰਸੀਪਲ ਸਕੱਤਰ ਤੇ ਡਿਪਟੀ ਪ੍ਰਿੰਸੀਪਲ ਸਕੱਤਰ ਦੇ ਨਾਲ ਸਿਰਫ ਇਕ ਆਫੀਸਰ ਆਨ ਸਪੈਸ਼ਲ ਡਿਊਟੀ (ਓ.ਐਸ.ਡੀ.) ਹੀ ਹੁੰਦਾ ਸੀ, ਜੋ ਵਿਧਾਇਕਾਂ ਨਾਲ ਮੁੱਖ ਮੰਤਰੀ ਦਾ ਤਾਲਮੇਲ ਬਣਾ ਕੇ ਰੱਖਦਾ ਸੀ। ਇਸੇ ਤਰ੍ਹਾਂ ਗਿਆਨੀ ਜ਼ੈਲ ਸਿੰਘ ਨੇ ਵੀ ਆਪਣੇ ਕਾਰਜਕਾਲ ਦੌਰਾਨ ਸਿਆਸੀ ਆਗੂਆਂ ਨਾਲ ਤਾਲਮੇਲ ਰਖਣ ਲਈ ਇਕ ਹੀ ਸਿਆਸੀ ਸਲਾਹਕਾਰ ਰੱਖਿਆ ਹੋਇਆ ਸੀ।

ਅਸਲ ਵਿਚ ਸਿਆਸੀ ਸਲਾਹਕਾਰਾਂ ਦੀ ਫੌਜ ਭਰਤੀ ਕਰਨ, ਉਨ੍ਹਾਂ ਨੂੰ ਮੰਤਰੀ ਦਾ ਰੁਤਬਾ ਦੇ ਕੇ ਸਰਕਾਰੀ ਖ਼ਜ਼ਾਨੇ 'ਚੋਂ ਤਨਖ਼ਾਹ, ਭੱਤੇ ਤੇ ਹੋਰ ਸੁੱਖ ਸਹੂਲਤਾਂ ਦੇਣ ਦਾ ਸਿਲਸਿਲਾ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਕਾਰਜਕਾਲ ਦੌਰਾਨ ਆਪਣੇ ਚਹੇਤਿਆਂ ਨੂੰ ਝੰਡੀ ਵਾਲੀ ਕਾਰ ਦਾ ਝੂਟਾ ਦੇਣ ਲਈ ਸ਼ੁਰੂ ਕੀਤਾ ਸੀ। ਮੰਤਰੀ ਮੰਡਲ ਨੂੰ ਬਰਾਬਰ ਗਿਣਤੀ ਵਿਚ ਮੁੱਖ ਪਾਰਲੀਮਾਨੀ ਸਕੱਤਰਾਂ ਦੀ ਫੌਜ ਭਰਤੀ ਕਰਨ ਦਾ ਸਿਲਸਿਲਾ ਵੀ ਉਦੋਂ ਹੀ ਤੇਜ ਹੋਇਆ। ਭਾਵੇਂ ਕਿ ਮੁੱਖ ਪਾਰਲੀਮਾਨੀ ਸਕੱਤਰਾਂ ਨੂੰ ਸੰਬੰਧਤ ਮਹਿਕਮੇ ਦੇ ਮੰਤਰੀ ਪਾਸ 'ਸਿਖਿਆਰਥੀ' ਹੋਣ ਦਾ ਸਿਧਾਂਤ ਪ੍ਰਕਾਸ਼ ਸਿੰਘ ਬਾਦਲ ਨੇ ਪੇਸ਼ ਕੀਤਾ ਸੀ।

ਕਾਨੂੰਨ ਦੇ ਜਾਣਕਾਰਾਂ ਅਨੁਸਾਰ, ਸੰਵਿਧਾਨਕ ਤੌਰ 'ਤੇ ਸਲਾਹਕਾਰ ਸਿਰਫ ਰਾਸ਼ਟਰਪਤੀ ਰਾਜ ਸਮੇਂ ਹੀ ਨਿਯੁਕਤ ਕੀਤੇ ਜਾ ਸਕਦੇ ਹਨ, ਜੋ ਰਾਜ 'ਚ ਚੁਣੀ ਹੋਈ ਕੈਬਨਿਟ ਦੀ ਅਣਹੋਂਦ 'ਚ ਰਾਜ ਦੇ ਰਾਜਪਾਲ ਦੀ ਸ਼ਾਸਨ ਚਲਾਉਣ ਵਿਚ ਮਦਦ ਕਰਦੇ ਹਨ, ਜਾਂ ਯੋਜਨਾ ਬੋਰਡ ਦੇ ਉਪ ਚੇਅਰਮੈਨ ਨੂੰ ਮੰਤਰੀ ਦਾ ਰੁਤਬਾ ਹਾਸਲ ਹੁੰਦਾ ਹੈ। ਸਰਕਾਰੀ ਖਰਚੇ 'ਤੇ ਸਲਾਹਕਾਰ ਰਖਣਾ ਤੇ ਉਹਨਾਂ ਨੂੰ ਮੰਤਰੀ ਦਾ ਰੁਤਬਾ ਦੇ ਕੇ ਤਨਖਾਹ-ਭੱਤੇ ਦੇਣੇ ਇਸ ਲਈ ਵੀ ਗ਼ੈਰਵਿਧਾਨਕ ਤੇ ਗੈਰਕਾਨੂੰਨੀ ਹੈ ਕਿਉਂਕਿ ਇਹਨਾਂ ਨੇ ਸਰਕਾਰੀ ਭੇਤ ਗੁਪਤ ਰੱਖਣ ਦੀ ਸਹੁੰ ਨਹੀਂ ਚੁੱਕੀ ਹੁੰਦੀ, ਭਾਵੇਂ ਕਿ ਉਹ ਸਰਕਾਰੀ ਫਾਈਲਾਂ ਦੀ ਪੁਣਛਾਣ ਕਰਦੇ ਹਨ, ਉਹਨਾਂ ਉਪਰ ਨੋਟਿੰਗ ਦਿੰਦੇ ਹਨ, ਤੇ ਕਈ ਵਾਰ ਮੀਟਿੰਗਾਂ ਆਦਿ ਦੀ ਪ੍ਰਧਾਨਗੀ ਵੀ ਕਰਦੇ ਹਨ। ਉਹ ਅਣਅਧਿਕਾਰਤ ਤੌਰ 'ਤੇ ਆਪਣੇ ਪਾਸ ਆਈਆਂ ਫਾਈਲਾਂ ਨੂੰ ਗੁੰਮ ਵੀ ਕਰ ਸਕਦੇ ਹਨ।

ਸਪੱਸ਼ਟ ਹੈ ਕਿ ਸਰਕਾਰ ਵੱਲੋਂ ਸਲਾਹਕਾਰਾਂ ਦੀ ਫੌਜ ਨੂੰ ਸਫਲਤਾਪੂਰਵਕ ਸ਼ਾਸਨ ਚਲਾਉਣ ਲਈ ਨਹੀਂ ਸਗੋਂ ਸਿਆਸੀ ਲੋੜਾਂ ਕਾਰਨ ਰੱਖਿਆ ਜਾਂਦਾ ਹੈ। ਵਿਧਾਨ ਸਭਾ 'ਚ ਵਿਧਾਇਕਾਂ ਦੀ ਕੁਲ ਗਿਣਤੀ ਦਾ ਪੰਦਰਾਂ ਫੀਸਦੀ ਤਕ ਮੰਤਰੀਆਂ ਦੀ ਗਿਣਤੀ ਦਾ ਸੀਮਤ ਹੋਣਾ ਇਸ ਦਾ ਵੱਡਾ ਕਾਰਨ ਹੈ। ਇਹਨਾਂ ਦਾ ਵੱਸ ਚੱਲੇ ਤਾਂ ਇਹ ਸਾਰੇ ਵਿਧਾਇਕਾਂ ਨੂੰ ਵਜ਼ੀਰ ਬਣਾ ਸਕਦੇ ਹਨ। ਵਜ਼ੀਰੀ ਦੀ ਕੁਰਸੀ ਤੋਂ ਵਾਂਝੇ ਰਹੇ ਵਿਧਾਇਕ ਆਸੇ ਪਾਸੇ ਨਜ਼ਰ ਮਾਰਦੇ ਹਨ। ਉਹ ਸਿੱਧਾ ਵਗਣ ਦੀ ਥਾਂ ਅਲਕ ਵਹਿੜਕੇ ਵਾਂਗ ਪੰਜਾਲੀ ਦੀ ਅਰਲੀ ਜਾਂ ਮੁਠੀਏ ਨਾਲ ਜ਼ੋਰ ਅਜ਼ਮਾਈ ਕਰਨ ਲੱਗਦੇ ਹਨ। ਇਸ ਲਈ ਵਜ਼ੀਰੀ ਦੀ ਕੁਰਸੀ ਤੋਂ ਵਾਂਝੇ ਰਹੇ ਵਿਧਾਇਕਾਂ ਨੂੰ ਆਹਰੇ ਲਾਉਣ ਲਈ ਉਹਨਾਂ ਨੂੰ ਬਿਨਾਂ ਕਿਸੇ ਕੰਮ ਤੋਂ ਪਾਰਲੀਮਾਨੀ ਸਕੱਤਰ ਨਿਯੁਕਤ ਕਰਨ ਦਾ ਜੁਗਾੜ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਹਾਰੇ ਹੋਏ ਵਿਧਾਇਕ ਜਾਂ ਕਿਸੇ ਵਫਾਦਾਰ ਰਹੇ ਆਹਲਾ ਅਫਸਰ ਨੂੰ 'ਸਲਾਹਕਾਰ' ਨਿਯੁਕਤ ਕਰ ਲਿਆ ਜਾਂਦਾ ਹੈ। ਆਪਣੇ ਨਿਯੁਕਤੀਕਾਰ ਉਪਰ ਪੂਰੀ ਤਰ੍ਹਾਂ ਨਿਰਭਰ ਇਹ ਸਲਾਹਕਾਰ ਆਪਣੇ ਆਕਾ ਨੂੰ ਕਿੰਨੀ ਕੁ ਅਜ਼ਾਦਾਨਾ ਸਲਾਹ ਦਿੰਦੇ ਹੋਣਗੇ, ਇਹ ਕਿਸੇ ਤੋਂ ਭੁੱਲਿਆ ਹੋਇਆ ਨਹੀਂ। ਪਰ ਪੇਸ਼ ਇਹ ਆਪਣੇ ਆਪ ਨੂੰ ਇੰਜ ਕਰਨਗੇ, ਜਿਵੇਂ ਸਮੁੱਚੀ ਸਰਕਾਰ ਹੀ ਇਨ੍ਹਾਂ ਦੀ ਸਲਾਹ ਅਨੁਸਾਰ ਚੱਲ ਰਹੀ ਹੋਵੇ।

ਵੈਸੇ ਕਿਸੇ ਪਾਰਟੀ ਵਲੋਂ ਰਾਜਭਾਗ ਨੂੰ ਕੁਸ਼ਲਤਾਪੂਰਵਕ ਚਲਾਉਣ, ਰਾਜਭਾਗ ਦੀ ਉਮਰ ਲੰਮੀ ਕਰਨ, ਆਪਣੇ ਵਿਰੋਧੀਆਂ ਦੀ ਚਾਲ ਨੂੰ ਚਿੱਤ ਕਰਨ, ਕਦੀ ਕਿਸੇ ਸਿਆਣੇ ਤੋਂ ਸਲਾਹ ਲੈਣੀ ਜਾਂ ਇਸ ਲਈ ਪੱਕੇ ਸਲਾਹਕਾਰ ਰੱਖਣਾ ਮਾੜਾ ਨਹੀਂ ਪਰ ਜੇ ਇਹ ਕੰਮ ਪਾਰਟੀ ਦੇ ਖਰਚੇ ਉਪਰ ਕਰਨ ਦੀ ਬਜਾਏ ਸਰਕਾਰੀ ਖਰਚੇ 'ਤੇ ਕੀਤਾ ਜਾਵੇ ਤਾਂ ਇਹ ਬੇਹੱਦ ਮਾੜਾ ਹੈ ਗੈਰਵਾਜ਼ਬ ਹੈ ਅਤੇ ਗੈਰਸੰਵਿਧਾਨਕ ਵੀ। ਖ਼ਾਸ ਕਰਕੇ ਉਸ ਸਮੇਂ ਜਦੋਂ, ਕੁੱਛੜ ਨਿਆਣੇ ਚੁਕੀ ਫਿਰਦੀਆਂ ਕੁੜੀਆਂ ਆਪਣੇ ਵਿਆਹ ਦੇ ਸ਼ਗਨ ਦੀ ਰਕਮ ਪ੍ਰਾਪਤ ਕਰਨ ਲਈ ਦਫਤਰਾਂ ਦੇ ਗੇੜੇ ਮਾਰਨ ਲਈ ਮਜ਼ਬੂਰ ਹੋਣ ਜਾਂ ਜਦੋਂ ਸਰਕਾਰ ਵੱਲੋਂ ਸ਼ੁਰੂ ਕੀਤੀ ਆਟਾ-ਦਾਲ ਸਕੀਮ ਲਈ ਪੈਸਾ ਨਾ ਹੋਣ ਕਾਰਨ ਦਾਲ ਮਨਫੀ ਹੋ ਜਾਵੇ, ਜਦੋਂ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਲਈ ਸਰਕਾਰ ਨੂੰ ਜ਼ਮੀਨ ਵੇਚਣ ਦਾ ਜੁਗਾੜ ਕਰਨ ਲਈ ਮਜਬੂਰ ਹੋਣਾ ਪਵੇ ਜਾਂ ਜਦੋਂ 250 ਰੁਪਏ ਮਾਸਕ ਬੁਢਾਪਾ ਪੈਨਸ਼ਨ ਪ੍ਰਾਪਤ ਕਰਨ ਲਈ, ਡਾਕੀਏ ਦੀ ਟੱਲੀ ਉਡੀਕਦੇ ਬੁੱਢੇ ਰੱਬ ਨੂੰ ਪਿਆਰੇ ਹੋ ਰਹੇ ਹੋਣ ਤਾਂ ਇਹ ਗੈਰਵਿਧਾਨਕ ਵਰਤਾਰਾ ਦੇਖ ਕੇ ਮੁੰਗੇਰੀ ਲਾਲ ਦਾ ਖੂਨ ਖੌਲਦਾ ਹੈ ਮਨ ਪ੍ਰੇਸ਼ਾਨ ਹੁੰਦਾ ਹੈ। ਉਸ ਦਾ ਮੂੰਹ ਛੋਟਾ ਹੈ ਪਰ ਗੱਲ ਵੱਡੀ, ਕਿਉਂਕਿ ਜੇ ਜੁਆਈ ਭਾਈ ਵੱਲੋਂ ਕਹੀ ਹੋਈ ਸਹੀ ਗੱਲ 'ਤੇ ਵੀ ਮੁੱਖ ਮੰਤਰੀ ਨੇ ਗੌਰ ਨਹੀਂ ਕਰਨਾ ਤਾਂ ਮੁੰਗੇਰੀ ਲਾਲ ਕਿਸ ਬਾਗ ਦੀ ਮੂਲੀ ਹੈ। ਉਸਦੀ ਕੀ ਮਜ਼ਾਲ ਕਿ ਮੁੱਖ ਮੰਤਰੀ ਨੂੰ ਆਖੇ.....ਇੰਜ ਨਹੀਂ ਇੰਜ ਕਰ।

## ਅਮਰੀਕਾ ਦਾ 'ਸ਼ਟ ਡਾਊਨ'

ਸਫ਼ਾ 16 ਦੀ ਬਾਕੀ

ਇਥੇ ਇਹ ਵੀ ਵਰਣਨਯੋਗ ਹੈ ਕਿ ਇਸ ਸਾਲ ਦੇ ਮਾਰਚ ਤੋਂ ਪਹਿਲਾਂ ਹੀ ਦੋਵੇਂ ਹਾਕਮ ਧਿਰਾਂ ਦੀਆਂ ਪਾਰਟੀਆਂ ਦਰਮਿਆਨ 2011 ਵਿਚ ਅਜਿਹੇ ਹੀ ਅੜਿੱਕੇ ਨੂੰ ਟਾਲਣ ਲਈ ਹੋਏ ਇਕ ਸਮਝੌਤੇ ਅਧੀਨ ਸਰਕਾਰੀ ਖਰਚਿਆਂ ਵਿਚ ਕਟੌਤੀ ਕਰਕੇ 20 ਲੱਖ ਕੇਂਦਰੀ ਸਰਕਾਰੀ ਮੁਲਾਜ਼ਮਾਂ ਦੀਆਂ ਤਨਖਾਹਾਂ ਤਿੰਨਾਂ ਸਾਲਾਂ ਲਈ ਜਾਮ ਕਰ ਦਿੱਤੀਆਂ ਗਈਆਂ ਹਨ। ਇਨ੍ਹਾਂ ਮੁਲਾਜ਼ਮਾਂ ਸਾਹਮਣੇ ਡੂੰਘਾ ਸੰਕਟ ਖੜੋ ਗਿਆ, ਉਨ੍ਹਾਂ ਨੂੰ ਤਨਖਾਹ ਤਾਂ ਨਹੀਂ ਮਿਲਣੀ ਪ੍ਰੰਤੂ ਰੋਜ਼ਾਨਾ ਖਰਚੇ ਉਵੇਂ ਹੀ ਕਰਨੇ ਪੈਣੇ ਹਨ। ਉਨ੍ਹਾਂ ਵਲੋਂ ਮਕਾਨਾਂ, ਕਾਰਾਂ ਅਤੇ ਕਰੈਡਿਟ ਕਾਰਡਾਂ ਰਾਹੀਂ ਭੁਗਤਾਨ ਦੀਆਂ ਕਿਸ਼ਤਾਂ ਨਾ ਦਿੱਤੇ ਜਾ ਸਕਣ ਕਰਕੇ ਬਿਆਜ ਵੱਧਦਾ ਜਾਣਾ ਹੈ। 'ਸ਼ਟਡਾਊਨ' ਕਰਕੇ ਠੱਪ ਹੋਈਆਂ ਸੇਵਾਵਾਂ ਨਾਲ 89 ਲੱਖ ਗਰੀਬ ਔਰਤਾਂ ਅਤੇ ਬੱਚੇ ਜਿਹੜੇ ਸਰਕਾਰ ਵਲੋਂ ਉਪਲੱਬਧ ਭੋਜਨ ਕੂਪਨਾਂ ਉਤੇ ਨਿਰਭਰ ਸਨ, ਦਾਣੇ-ਦਾਣੇ ਨੂੰ ਤਰਸ ਗਏ ਹਨ। ਕਿਉਂਕਿ ਇਹ ਪ੍ਰੋਗਰਾਮ ਵੀ ਪੈਸੇ ਦੀ ਉਪਲੱਭਧਤਾ ਨਾ ਹੋਣ ਕਰਕੇ ਬੰਦ ਕਰ ਦਿੱਤਾ ਗਿਆ ਸੀ। ਦੇਸ਼ ਨੂੰ ਆਰਥਕ ਰੂਪ ਵਿਚ 24 ਬਿਲੀਅਨ ਡਾਲਰ ਦਾ ਨੁਕਸਾਨ ਝੱਲਣਾ ਪਿਆ ਹੈ। ਇਸ 'ਸ਼ਟ ਡਾਊਨ' ਅਧੀਨ ਜਿੱਥੇ 8 ਲੱਖ ਮੁਲਾਜ਼ਮਾਂ ਨੂੰ ਬਿਨਾਂ ਤਨਖਾਹ ਛੁੱਟੀ 'ਤੇ ਭੇਜ ਦਿੱਤਾ ਗਿਆ ਸੀ, ਉਥੇ ਹੀ ਅਮਰੀਕੀ ਸੰਸਦ ਦੇ ਮੈਂਬਰ ਜਿਨ੍ਹਾਂ ਦੀ ਤਨਖਾਹ ਪ੍ਰਤੀ ਮੈਂਬਰ 1,74,000 ਡਾਲਰ ਹੈ, ਨੂੰ ਛੇੜਿਆ ਤੱਕ ਨਹੀਂ ਗਿਆ। ਇਸੇ ਤਰ੍ਹਾਂ ਕੌਮੀ ਸੁਰੱਖਿਆ ਅਜੰਸੀ, ਜਿਹੜੀ ਕਿ ਪਿਛਲੇ ਦਿਨੀਂ ਕੌਮਾਂਤਰੀ ਪੱਧਰ ਉਤੇ ਸੂਹੀਆ ਕਾਰਵਾਈਆਂ ਕਰਕੇ ਬਦਨਾਮ ਹੋਈ ਸੀ, ਦੇ ਵੀ ਖਰਚਿਆਂ ਵਿਚ ਕੋਈ ਕਟੌਤੀ ਨਹੀਂ ਕੀਤੀ ਗਈ ਸੀ। ਸਰਕਾਰੀ ਕੰਮਕਾਰ ਦੇ ਠੱਪ ਹੋਣ ਕਰਕੇ ਉਸ ਨਾਲ ਜੁੜੇ ਨਿੱਜੀ ਖੇਤਰ ਦੇ ਅਦਾਰਿਆਂ ਵਿਚ ਵੀ ਲੱਖਾਂ ਕਿਰਤੀਆਂ ਨੂੰ ਛਾਂਟੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਡੈਮੋਕਰੇਟਿਕ ਅਤੇ ਰਿਪਬਲਿਕਨ ਪਾਰਟੀ ਦੋਵੇਂ ਹੀ ਅਮਰੀਕਾ ਦੇ ਅਜਾਰੇਦਾਰਾਂ, ਜਿਹੜੇ ਕਿ ਦੁਨੀਆਂ ਭਰ ਦੀਆਂ ਬਹੁਕੌਮੀ ਕੰਪਨੀਆਂ ਦੇ ਮਾਲਕ ਹਨ, ਦੇ ਹਿੱਤਾਂ ਦੀ ਪ੍ਰਤੀਨਿਧਤਾ ਕਰਦੀਆਂ ਹਨ। ਉਹ ਦੋਵੇਂ ਹੀ ਆਪਣੇ ਕਾਰਜਕਾਲਾਂ ਦੌਰਾਨ ਇਕੋ ਜਿਹੀਆਂ ਸਾਮਰਾਜੀ ਨੀਤੀਆਂ ਅਤੇ ਨਵਉਦਾਰਵਾਦੀ ਆਰਥਕ ਨੀਤੀਆਂ ਨੂੰ ਸਮੁੱਚੀ ਦੁਨੀਆਂ ਦੇ ਦੇਸ਼ਾਂ ਉਤੇ ਲਾਗੂ ਕਰਦੀਆਂ ਹਨ। ਰਿਪਬਲਿਕਨ ਪਾਰਟੀ ਦੇ ਰਾਸ਼ਟਰਪਤੀ ਜਾਰਜ ਬੁਸ਼ ਦੇ ਕਾਰਜਕਾਲ ਦੌਰਾਨ ਈਰਾਕ ਅਤੇ ਅਫਗਾਨਿਸਤਾਨ ਵਿਚ ਫੌਜੀ ਹਮਲੇ ਕੀਤੇ ਗਏ ਸਨ, ਜਿਹੜੇ ਪੂਰੀ ਸ਼ਿੱਦਤ ਨਾਲ ਹੀ ਡੈਮੋਕਰੇਟਿਕ ਪਾਰਟੀ ਦੇ ਰਾਸ਼ਟਰਪਤੀ ਬਰਾਕ ਓਬਾਮਾ ਦੇ ਕਾਰਜਕਾਲ ਦੌਰਾਨ ਵੀ ਜਾਰੀ ਰਹੇ ਹਨ। ਅਮਰੀਕਾ ਦੇ ਮਿਹਨਤਕਸ਼ ਇਨ੍ਹਾਂ ਦੋਹਾਂ ਵਿਰੁੱਧ ਹੀ ਸੰਘਰਸ਼ ਕਰਦੇ ਰਹੇ ਹਨ। 2011 ਵਿਚ ਅਜਿਹੇ ਹੀ 'ਸ਼ਟ ਡਾਊਨ' ਨੂੰ ਟਾਲਣ ਲਈ ਦੋਹਾਂ ਪਾਰਟੀਆਂ ਦਰਮਿਆਨ ਹੋਏ ਸਮਝੌਤੇ ਅਧੀਨ ਸਮਾਜਕ ਖਰਚਿਆਂ ਉਤੇ ਕਟੌਤੀ ਦਾ ਨਿਜ਼ਾਮ 'ਸਿਕਵੈਸਟਰ' ਲਿਆਂਦਾ ਗਿਆ ਸੀ। ਜਿਸ ਅਧੀਨ ਇਸ ਸਾਲ ਦੇ ਮਾਰਚ ਤੋਂ ਸਰਕਾਰੀ ਮੁਲਾਜ਼ਮਾਂ ਦੀਆਂ ਤਨਖਾਹਾਂ 3 ਸਾਲ ਲਈ ਜਾਮ ਹੋ ਗਈਆਂ ਹਨ। ਦੇਸ਼ ਦੇ ਮਿਹਨਤਕਸ਼ਾਂ ਵਿਚ ਇਹ ਭਾਵਨਾ ਉਸ ਵੇਲੇ ਹੀ ਘਰ ਕਰ ਗਈ ਸੀ ਕਿ ਇਹ ਦੋਵੇਂ ਹੀ ਪਾਰਟੀਆਂ ਉਨ੍ਹਾਂ ਦੇ ਹਿਤਾਂ ਦੀ ਰੱਖਿਆ ਨਹੀਂ ਕਰਦੀਆਂ। ਉਨ੍ਹਾਂ ਦਾ ਨਾਅਰਾ ਸੀ ਇਹ ਸਰਕਾਰ 1% ਫੀਸਦੀ ਅਮੀਰਾਂ ਦੀ ਹੈ, 99% ਆਮ ਅਮਰੀਕਨਾਂ ਦੀ ਨਹੀਂ। ਇਸਦਾ ਹੀ ਸਿੱਟਾ ਸੀ 2011 ਵਿਚ ਉਭਰਿਆ ਵਿਸ਼ਾਲ 'ਵਾਲ ਸਟਰੀਟ 'ਤੇ ਕਬਜ਼ਾ ਕਰੋ' ਅੰਦੋਲਨ। ਅੱਜ ਚਾਹੇ ਇਹ ਸੰਘਰਸ਼ ਉਸ ਸ਼ਿੱਦਤ ਨਾਲ ਨਹੀਂ ਚੱਲ ਰਿਹਾ ਪਰ ਦੇਸ਼ ਭਰ ਵਿਚ ਚਲ ਰਹੇ ਵੱਖ ਵੱਖ ਸੰਘਰਸ਼ ਖਾਸ ਕਰਕੇ ਕਿਰਤੀਆਂ ਦੀ ਸੰਖਿਆ ਪੱਖੋਂ ਦੇਸ਼ ਦੇ ਸਭ ਤੋਂ ਵੱਡੇ ਫੂਡ ਚੇਨਾਂ ਅਤੇ ਪ੍ਰਚੂਨ ਚੇਨਾਂ ਦੇ ਦਿਉਕੱਦ ਸਟੋਰਾਂ ਦੇ ਕਿਰਤੀਆਂ ਦਾ ਘੱਟੋ ਘੱਟ ਤਨਖਾਹ 15 ਡਾਲਰ ਪ੍ਰਤੀ ਘੰਟਾ ਕਰਨ ਦਾ ਸੰਘਰਸ਼ ਉਸੇ ਸੰਘਰਸ਼ ਦੀ ਇਕ ਕੜੀ ਹੈ।

ਧੁਖ਼ਦਾ ਕਾਲਮ

## 'ਦਵੀਂ ਇਕ ਧੁੱਪ ਦਾ ਟੁੱਕੜਾ, ਜੋ ਸਭ ਦਾ ਆਪਣਾ ਹੋਵੇ'

ਸੁਸ਼ੀਲ ਦੁਸਾਂਝ +91-97813-60066

ਰਸਮਾਂ ਨਿਭਾਉਣ ਅਤੇ ਯੋਜਨਾਵਾਂ ਬਣਾਉਣ ਵਿਚ ਸਾਡਾ ਕੋਈ ਸਾਨੀ ਨਹੀਂ ਹੈ। ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਦੇ ਜਨਮ ਦਿਨ ਨੂੰ ਬਾਲ ਦਿਵਸ ਦੇ ਰੂਪ ਵਿਚ ਮਨਾਉਣ ਦੀ ਰਸਮ ਵੀ ਅਸੀਂ ਲਗਾਤਾਰ ਨਿਭਾਉਂਦੇ ਆ ਰਹੇ ਹਾਂ ਅਤੇ ਇਸ ਦਿਨ 'ਤੇ ਬੱਚਿਆਂ ਅਤੇ ਇਸਤਰੀਆਂ ਦੀ ਭਲਾਈ ਲਈ ਕੁਝ ਇਕ ਯੋਜਨਾਵਾਂ ਦਾ ਐਲਾਨ ਕਰਨਾ ਵੀ ਅਸੀਂ ਨਹੀਂ ਭੁੱਲਦੇ। ਇਸ ਵਾਰ ਵੀ ਅਜਿਹਾ ਹੀ ਹੋਇਆ ਹੈ। ਹਕੀਕਤ ਤੋਂ ਪਰ੍ਹੇ ਬਾਲ ਦਿਵਸ ਮਨਾਉਣ ਦੀ ਰਸਮ ਨਿਭਾਉਂਦਿਆਂ ਭਾਰਤ ਸਰਕਾਰ ਨੇ ਲੜਕੀਆਂ ਅਤੇ ਮਾਵਾਂ ਨੂੰ ਸਿਹਤਮੰਦ ਬਣਾਉਣ ਲਈ 'ਰਾਜੀਵ ਗਾਂਧੀ ਸਬਲਾ ਸਕੀਮ' ਅਤੇ 'ਇੰਦਰਾ ਗਾਂਧੀ ਮਾਤਰਤਵ ਸਕੀਮ' ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਜੇਕਰ ਇਹ ਸਕੀਮਾਂ ਅਮਲੀ ਰੂਪ ਵਿਚ ਲਾਗੂ ਹੋ ਜਾਣ ਤਾਂ ਇਹਦਾ ਲਾਭ ਲੋੜਵੰਦਾਂ ਨੂੰ ਮਿਲਣਾ ਹੀ ਮਿਲਣਾ ਹੈ ਪਰ ਇਹ ਹੋਵੇਗਾ ਨਹੀਂ, ਕਿਉਂਕਿ ਇਸ ਤੋਂ ਪਹਿਲਾਂ ਵੀ ਬਾਲ ਅਤੇ ਇਸਤਰੀ ਭਲਾਈ ਦੀਆਂ ਇਵੇਂ ਦੀਆਂ 8 ਸਕੀਮਾਂ ਚੱਲ ਰਹੀਆਂ ਹਨ, ਜੋ ਬੁਰੇ ਹਾਲੀਂ ਹਨ। ਉਪਰੋਂ ਹੇਠਾਂ ਤੱਕ ਕੈਂਸਰ ਵਾਂਗ ਫੈਲੇ ਭ੍ਰਿਸ਼ਟਾਚਾਰ ਨੇ 'ਮਿਡ ਡੇਅ ਮੀਲ' ਵਰਗੀਆਂ 7 ਹੋਰ ਸਕੀਮਾਂ ਦਾ ਲਗਪਗ ਭੋਗ ਹੀ ਪਾ ਛੱਡਿਆ ਹੈ। ਸਾਫ ਹੈ ਕਿ ਨਵੀਆਂ ਐਲਾਨੀਆਂ ਸਕੀਮਾਂ ਦਾ ਹਾਲ ਵੀ ਇਹੋ ਹੀ ਹੋਣਾ ਹੈ।

ਜਦੋਂ ਅਸੀਂ ਕਹਿੰਦੇ ਹਾਂ ਕਿ ਸਰਕਾਰਾਂ ਸਿਰਫ਼ ਰਸਮਾਂ ਨਿਭਾਉਣ ਅਤੇ ਸਕੀਮਾਂ ਘੜਨ ਵਿਚ ਹੀ ਵਕਤ ਜ਼ਾਇਆ ਕਰਦੀਆਂ ਹਨ, ਹਕੀਕਤ ਵਿਚ ਕੁੱਝ ਨਹੀਂ ਕਰਦੀਆਂ ਤਾਂ ਇਹਦੇ ਪਿੱਛੇ ਤਰਕ ਹੈ। ਤਰਕ ਇਹ ਹੈ ਕਿ 62 ਸਾਲਾਂ ਦੀ ਆਜ਼ਾਦੀ ਤੋਂ ਬਾਅਦ ਵੀ ਵਿਕਾਸਸ਼ੀਲ ਮੁਲਕਾਂ ਵਿਚੋਂ ਸਭ ਤੋਂ ਜ਼ਿਆਦਾ ਕੁਪੋਸ਼ਣ ਜਾਂ ਭੁਖਮਰੀ ਦੇ ਸ਼ਿਕਾਰ ਬੱਚੇ ਭਾਰਤ ਵਿਚ ਅੱਡੀਆਂ ਰਗੜ ਰਹੇ ਹਨ। ਇਹ ਹਵਾਈ ਗੱਲ ਨਹੀਂ ਹੈ। ਬੱਚਿਆਂ ਦੀ ਭਲਾਈ ਲਈ ਕੰਮ ਕਰਨ ਵਾਲੀ ਕੌਮਾਂਤਰੀ ਜਥੇਬੰਦੀ ਯੂਨੀਸੈਫ ਦੀ ਤਾਜ਼ਾ ਰਿਪੋਰਟ ਇਹ ਸੱਚ ਹੀ ਬਿਆਨ ਕਰ ਰਹੀ ਹੈ। ਤਕਲੀਫ ਇਸ ਗੱਲ ਦੀ ਹੈ ਕਿ ਪੰਡਤ ਜਵਾਹਰ ਲਾਲ ਨਹਿਰੂ ਨੇ ਮੁਲਕ ਦੇ ਬੇਹਤਰ ਭਵਿੱਖ ਲਈ ਹਿੰਦੁਸਤਾਨੀ ਵਿਸ਼ੇਸ਼ਤਾਵਾਂ ਵਾਲੇ ਜਿਸ ਸਮਾਜਵਾਦ ਦਾ ਸੁਪਨਾ ਲਿਆ ਸੀ, ਉਸ ਉਤੇ ਉਨ੍ਹਾਂ ਦੀ ਆਪਣੀ ਹੀ ਪਾਰਟੀ ਕਾਂਗਰਸ ਨੇ ਕਾਟਾ ਫੇਰ ਦਿੱਤਾ ਹੈ। ਇਕ ਅੰਦਾਜ਼ੇ ਮੁਤਾਬਕ ਇਸ ਵਕਤ ਭਾਰਤ ਦੇ 51 ਫੀਸਦੀ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ ਅਤੇ ਸਵਾ ਲੱਖ ਬੱਚੇ ਹਰ ਸਾਲ ਗੰਦਾ ਪਾਣੀ ਪੀਣ ਨਾਲ ਚੰਬੜਨੀਆਂ ਬਿਮਾਰੀਆਂ ਕਾਰਨ ਆਪਣੀ ਜਾਨ ਗੁਆ ਬੈਠਦੇ ਹਨ।

ਕਿਸੇ ਵੀ ਸਮਾਜ ਦਾ ਭਵਿੱਖ ਤਰਾਸ਼ਣ ਲਈ ਜ਼ਰੂਰੀ ਹੁੰਦਾ ਹੈ ਇਕ ਬੇਹਤਰ ਸਿਖਿਆ ਅਤੇ ਸਿਹਤ ਢਾਂਚਾ। ਆਪਣੇ ਮੁਲਕ ਵਿਚ ਇਹ ਦੋਵੇਂ ਬੁਨਿਆਦੀ ਖੇਤਰ ਫਟੇਹਾਲ ਹੀ ਨਹੀਂ ਸਗੋਂ ਇਨ੍ਹਾਂ ਨੂੰ ਪੂਰੀ ਤਰ੍ਹਾਂ ਤਹਿਸ-ਨਹਿਸ ਕਰਨ ਤੋਂ ਬਾਅਦ ਹੁਣ ਵੇਚਣ ਦੀਆਂ ਘਾੜਤਾਂ ਸਿਰੇ ਚੜ੍ਹਾਈਆਂ ਜਾ ਰਹੀਆਂ ਹਨ। ਇਸੇ ਲਈ ਦਿਨ ਪ੍ਰਤੀ ਦਿਨ ਸਾਡੇ ਬੱਚਿਆਂ ਤੋਂ ਸਿਖਿਆ ਅਤੇ ਸਿਹਤ ਖੁੱਸਦੀ ਜਾ ਰਹੀ ਹੈ। ਚਾਲੀ ਫੀਸਦੀ ਬੱਚੇ ਤਾਂ ਕਦੇ ਸਕੂਲ ਦੇ ਲਾਗਿਓਂ ਵੀ ਨਹੀਂ ਲੰਘਦੇ ਅਤੇ 58 ਫੀਸਦੀ ਬੱਚੇ ਪੰਜਵੀਂ ਜਮਾਤ ਤੱਕ ਅਪੜਦੇ-ਅਪੜਦੇ ਸਕੂਲ ਛੱਡ ਜਾਂਦੇ ਹਨ। ਆਪਣੇ ਪੰਜਾਬ ਵਿਚ ਵੀ 20 ਲੱਖ ਦੇ ਕਰੀਬ ਬੱਚੇ ਸਕੂਲਾਂ ਵਿਚ ਨਹੀਂ ਹਨ। ਫੇਰ ਜੇ ਇਹ ਬੱਚੇ ਸਕੂਲਾਂ ਵਿਚ ਨਹੀਂ ਤਾਂ ਕੀ ਕਰ ਰਹੇ ਹਨ ? ਆਪਣੇ ਆਲੇ-ਦੁਆਲੇ ਨਜ਼ਰ ਘੁਮਾਓ। ਬਾਲ ਮਜ਼ਦੂਰੀ ਉਪਰ ਰੋਕ ਦੇ ਬਾਵਜੂਦ ਮਜਬੂਰੀ ਵਿਚ ਇਹ ਚਾਹ ਦੀ ਦੁਕਾਨਾਂ, ਢਾਬਿਆਂ ਸਣੇ ਹਰ ਖੇਤਰ ਵਿਚ ਪੜ੍ਹਨ-ਖੇਡਣ ਦੀ ਉਮਰੇ ਟੁੱਟ-ਟੁੱਟ ਮਰਦੇ ਦਿਖਾਈ ਦੇ ਜਾਣਗੇ। ਪਿੰਡਾਂ ਵਿਚ ਇਹੀ ਬੱਚੇ ਡੰਗਰਾਂ ਪਿੱਛੇ ਨਜ਼ਰੀਂ ਆਉਣਗੇ। ਸਰਕਾਰੀ ਅੰਕੜਿਆਂ ਮੁਤਾਬਕ ਵੀ ਭਾਰਤ ਦੇ ਕੋਈ 38 ਕਰੋੜ ਲੋਕ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਜੇਕਰ 38 ਕਰੋੜ ਭਾਰਤ ਵਾਸੀਆਂ ਦਾ ਕੋਈ ਟਿਕਾਣਾ ਨਹੀਂ ਤਾਂ ਫਿਰ ਅੱਗੋਂ ਇਨ੍ਹਾਂ ਦੇ ਬੱਚੇ ਕਿਸ ਕਿਸਮ ਦੀ ਸਿਖਿਆ ਅਤੇ ਸਿਹਤ ਹਾਸਲ ਕਰ ਸਕਣਗੇ, ਇਹਦਾ ਅੰਦਾਜ਼ਾ ਜ਼ਰੂਰ ਲਾਉਣਾ। ਦਰਅਸਲ, ਜੇਕਰ ਰਸਮੀ ਕਾਰਵਾਈਆਂ ਪਾਉਣ ਦੀ ਥਾਂ ਇਹ ਤਹੱਈਆ ਕੀਤਾ ਜਾਵੇ ਕਿ ਸੱਚਮੁੱਚ ਹੀ ਭਾਰਤ ਦੇ ਭਵਿੱਖ ਨੂੰ ਇਕ ਨਰੋਏ ਅਤੇ ਸਿਹਤਮੰਦ ਰਸਤੇ 'ਤੇ ਪਾਉਣਾ ਹੈ ਤਾਂ ਸਾਡੇ ਕੋਲ ਸਾਧਨਾਂ ਦੀ ਕੋਈ ਕਮੀ ਨਹੀਂ ਹੈ ਪਰ ਇਹ ਸੰਭਵ ਨਹੀਂ ਹੈ ਕਿਉਂਕਿ ਭਾਰਤੀ ਰਾਜ ਨੇਤਾਵਾਂ ਦੀਆਂ ਪਹਿਲ ਕਦਮੀਆਂ ਕੁਝ ਹੋਰ ਹਨ। ਉਹ ਤਾਂ ਹਰ ਹੀਲੇ ਸੱਤਾ ਦੇ ਪਾਵਿਆਂ ਨਾਲ ਹੀ ਚੁੰਬੜੇ ਰਹਿਣਾ ਚਾਹੁੰਦੇ ਹਨ। ਜਿੱਥੇ ਭ੍ਰਿਸ਼ਟ ਰਾਜਸੀ ਆਗੂਆਂ ਵਿਚਾਲੇ ਵਿਦੇਸ਼ੀ ਬੈਂਕਾਂ ਵਿਚ ਧਨ ਇਕੱਠਾ ਕਰਨ ਦੀ ਦੌੜ ਲੱਗੀ ਹੋਵੇ, ਉਥੇ ਇਨ੍ਹਾਂ ਰਾਹੀਂ ਬਾਲ ਵਿਦਿਆ, ਸਿਹਤ ਅਤੇ ਬਾਲ ਵਿਕਾਸ ਦੀ ਤਵੱਕੋਂ ਕਰਨੀ ਐਵੇਂ ਸੁਪਨ-ਸੰਸਾਰ ਵਿਚ ਰਹਿਣ ਵਾਲੀ ਗੱਲ ਹੈ। ਬਾਲ ਦਿਵਸ ਹੀ ਨਹੀਂ ਸਗੋਂ ਹਰ ਦਿਨ ਬੱਚਿਆਂ ਦਾ ਆਪਣਾ ਹੋਵੇ ਇਹਦੇ ਲਈ ਜ਼ਰੂਰੀ ਹੈ ਕਿ ਬੱਚਿਆਂ ਦੇ ਮਾਪੇ ਅਤੇ ਉਨ੍ਹਾਂ ਦਾ ਆਲਾ-ਦੁਆਲਾ ਇਹ ਜ਼ਰੂਰ ਸੋਚੇ ਕਿ ਆਪਣਾ ਭਵਿੱਖ ਬਚਾਉਣਾ ਕਿਵੇਂ ਹੈ। ਸ਼ਾਇਰ ਸੁਲੱਖਣ ਸਰਹੱਦੀ ਦੇ ਇਸ ਸ਼ਿਅਰ ਨਾਲ ਦਿਓ ਆਗਿਆ-

'ਦਵੀਂ ਇਕ ਧੁੱਪ ਦਾ ਟੁੱਕੜਾ, ਜੋ ਸਭਦਾ ਆਪਣਾ ਹੋਵੇ,
ਇਹ ਸੂਰਜ ਨੇਜਿਆਂ ਤੇ ਕਲਸਾਂ ਉਤੇ ਟੰਗਿਆ ਨਾ ਦੇਈਂ'

# ਦੇਸ਼ ਵਿਚ ਡਾਲਰਾਂ ਦੀ ਬਾਰਸ਼, ਪੰਜਾਬ ਵਿਚ ਹਵਾਲੇ ਦੀ ਮਾਰ

## ਦੋ ਸਾਲ ਵਿਚ ਫ਼ੈਲਿਆ ਨੈੱਟਵਰਕ, ਜਨਵਰੀ ਤੋਂ ਹੁਣ ਤਕ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਫੜਿਆ ਇਕ ਹਜ਼ਾਰ ਕਰੋੜ ਤੋਂ ਜ਼ਿਆਦਾ ਨਾਜਾਇਜ਼ ਕਾਰੋਬਾਰ

ਚੰਡੀਗੜ (ਨਦਬ) : ਸਾਲ 2012-2013 ਵਿਚ ਦੇਸ਼ ਵਿਚ 69 ਅਰਬ ਡਾਲਰ ਵਿਦੇਸ਼ੀ ਕਰੰਸੀ ਦੇ ਤੌਰ 'ਤੇ ਆਇਆ ਅਤੇ ਭਾਰਤ ਦੁਨੀਆ ਵਿਚ ਵਿਦੇਸ਼ੀ ਕਰੰਸੀ ਪ੍ਰਾਪਤ ਕਰਨ ਵਾਲੇ ਦੇਸ਼ਾਂ ਵਿਚ ਚੀਨ ਨੂੰ ਪਿਛੇ ਛੱਡਦੇ ਹੋਏ ਨੰਬਰ ਇਕ 'ਤੇ ਪਹੁੰਚ ਗਿਆ। ਉਥੇ ਹੀ ਪੰਜਾਬ ਵਿਚ ਇਸ ਦੌਰਾਨ ਸਿਰਫ਼ 4.28 ਅਰਬ ਡਾਲਰ ਹੀ ਆਏ ਅਤੇ 2011-12 ਦੇ ਮੁਕਾਬਲੇ ਇਹ ਤਕਰੀਬਨ 500 ਮਿਲੀਅਨ ਡਾਲਰ ਮਤਲਬ 2500 ਕਰੋੜ ਰੁਪਏ ਤਕ ਘੱਟ ਰਿਹਾ। ਦਰਅਸਲ, ਪਿਛਲੇ ਦੋ ਸਾਲਾਂ ਵਿਚ ਪੰਜਾਬ ਵਿਚ ਜਿਸ ਤਰ੍ਹਾਂ ਹਵਾਲਾ ਕਾਰੋਬਾਰੀਆਂ ਨੇ ਆਪਣਾ ਨੈੱਟਵਰਕ ਫ਼ੈਲਾਇਆ ਹੈ, ਉਸ ਦੇ ਚੱਲਦਿਆਂ ਪੰਜਾਬ ਵਿਚ ਜਾਇਜ਼ ਤਰੀਕੇ ਨਾਲ ਘੱਟ, ਨਾਜਾਇਜ਼ ਤਰੀਕੇ ਨਾਲ ਜ਼ਿਆਦਾ ਪੈਸਾ ਆ ਰਿਹਾ ਹੈ।

ਪੰਜਾਬ ਵਿਚ ਇਸ ਸਮੇਂ ਹਵਾਲਾ ਕਾਰੋਬਾਰ ਅਸਮਾਨ ਛੂਹ ਰਿਹਾ ਹੈ, ਇਸ ਦਾ ਅੰਦਾਜ਼ਾ ਇਸ ਤੋਂ ਵੀ ਲਾਇਆ ਜਾ ਸਕਦਾ ਹੈ ਕਿ ਜਨਵਰੀ ਤੋਂ ਹੁਣ ਤਕ ਇਨਫੋਰਸਮੈਂਟ ਡਾਇਰੈਕਟੋਰੇਟ ਇਕ ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਦੇ ਹਵਾਲਾ ਕਾਰੋਬਾਰ ਦਾ ਪਤਾ ਲਗਾ ਚੁੱਕਾ ਹੈ ਜੋ ਪੂਰੇ ਕਾਰੋਬਾਰ ਦਾ 10 ਫ਼ੀਸਦੀ ਵੀ ਨਹੀਂ ਹੈ। ਰੋਜ਼ਾਨਾ ਕਰੋੜਾਂ ਰੁਪਏ ਦਾ ਹਵਾਲਾ ਕਾਰੋਬਾਰ ਪੂਰੇ ਪੰਜਾਬ ਅਤੇ ਚੰਡੀਗੜ ਵਿਚ ਜਾਰੀ ਹੈ।

ਪੰਜਾਬ ਵਿਚ ਹਵਾਲਾ ਕਾਰੋਬਾਰ ਦੀਆਂ ਸਾਰੀਆਂ ਹੱਦਾਂ ਤੋੜ ਦੇਣ ਤੋਂ ਬਾਅਦ ਹੀ ਕੇਂਦਰੀ ਜਾਂਚ ਏਜੰਸੀਆਂ ਵੀ ਪੰਜਾਬ ਪੁਲੀਸ ਦੀ ਮਦਦ ਨਾਲ ਲਗਾਤਾਰ ਹਵਾਲਾ ਕਾਰੋਬਾਰੀਆਂ ਨੂੰ ਫੜ ਰਹੀ ਹੈ। ਇਸੇ ਲਈ ਮਈ ਅਤੇ ਜੂਨ ਵਿਚ ਇਨਫੋਰਸਮੈਂਟ ਨੇ ਹਵਾਲਾ ਕਾਰੋਬਾਰੀਆਂ 'ਤੇ ਜਿੰਨੇ ਛਾਪੇ ਮਾਰੇ ਅਤੇ ਸਫਲਤਾਵਾਂ ਹਾਸਲ ਕੀਤੀਆਂ, ਓਨੀਆਂ ਉਸ ਤੋਂ ਪਹਿਲਾਂ ਘੱਟ ਹੀ ਕੀਤੀਆਂ ਹਨ। ਐਨ.ਆਰ.ਆਈ. ਦੀ ਵੱਡੀ ਆਬਾਦੀ ਵਾਲੇ ਨਵਾਂ ਸ਼ਹਿਰ ਵਿਚ ਵੀ ਹਵਾਲਾ ਨੈੱਟਵਰਕ ਕਾਫ਼ੀ ਮਜ਼ਬੂਤ ਹੈ। ਐਸ.ਐਸ.ਪੀ. ਨਵਾਂ ਸ਼ਹਿਰ ਧਨਪ੍ਰੀਤ ਕੌਰ ਨੇ ਦੱਸਿਆ ਕਿ ਨਵਾਂ ਸ਼ਹਿਰ ਅਤੇ ਹੁਸ਼ਿਆਰਪੁਰ ਦਾ ਵੱਡਾ ਹਵਾਲਾ ਨੈੱਟਵਰਕ ਕਾਰੋਬਾਰ ਕਰ ਰਿਹਾ ਸੀ, ਜਿਸ ਨੂੰ ਅਸੀਂ ਫੜਿਆ ਹੈ।



### ਕਿਉਂ ਵੱਧ ਰਿਹਾ ਹੈ ਕਾਰੋਬਾਰ

ਸਹੂਲਤ ਵਾਲਾ : ਕਾਨੂੰਨੀ ਤੌਰ 'ਤੇ ਮਨੀ ਐਕਸਚੇਂਜ ਕਰਨ ਵਾਲੀਆਂ ਕੰਪਨੀਆਂ 300 ਤੋਂ 1000 ਡਾਲਰ ਤਕ ਵਿਦੇਸ਼ ਤੋਂ ਭਾਰਤ ਭੇਜੇ ਪੈਸੇ ਲਈ ਘੱਟੋ ਘੱਟ ਫ਼ੀਸ 500 ਤੋਂ 600 ਰੁਪਏ ਪ੍ਰਤੀ ਟਰਾਂਜ਼ੈਕਸ਼ਨ 'ਤੇ ਲੈਂਦੀ ਹੈ। ਜਦਕਿ ਹਵਾਲਾ ਕਾਰੋਬਾਰੀ 300 ਰੁਪਏ ਵਿਚ ਵੀ ਪੈਸੇ ਘਰ ਤਕ ਪਹੁੰਚਾ ਦਿੰਦੇ ਹਨ। ਪੰਜਾਬ ਵਿਚ ਨਾਜਾਇਜ਼ ਮਨੀ ਐਕਸਚੇਂਜ ਦਾ ਨੈੱਟਵਰਕ ਪਿੰਡ-ਪਿੰਡ ਵਿਚ ਹੋਣ ਕਾਰਨ ਲੋਕਾਂ ਨੂੰ ਵਿਦੇਸ਼ਾਂ ਵਿਚ ਆਪਣੇ ਬੱਚਿਆਂ ਵੱਲੋਂ ਭੇਜੇ ਜਾਣ ਵਾਲੇ ਪੈਸੇ ਕੁੱਝ ਹੀ ਘੰਟਿਆਂ ਵਿਚ ਘਰ 'ਚ ਹੀ ਮਿਲ ਜਾਂਦੇ ਹਨ ਅਤੇ ਫ਼ੀਸ ਵੀ ਘੱਟ ਹੁੰਦੀ ਹੈ।

### ਪੈਨ ਕਾਰਡ ਵੀ ਨਹੀਂ ਦੇਣਾ ਪੈਂਦਾ

ਆਰ.ਬੀ.ਆਈ. ਦੇ ਨਿਯਮਾਂ ਅਨੁਸਾਰ 50 ਹਜ਼ਾਰ ਤੋਂ ਜ਼ਿਆਦਾ ਦੀ ਰਕਮ ਆਉਣ 'ਤੇ ਪੈਸੇ ਪ੍ਰਾਪਤ ਕਰਨ ਵਾਲੇ ਨੂੰ ਆਪਣਾ ਪੈਨ ਕਾਰਡ ਦੇਣਾ ਪੈਂਦਾ ਹੈ। ਪੰਜਾਬ ਵਿਚ ਬਹੁਤ ਸਾਰੇ ਅਜਿਹੇ ਲੋਕ ਹਨ, ਜਿਨ੍ਹਾਂ ਕੋਲ ਪੈਨ ਕਾਰਡ ਨਹੀਂ ਹੈ, ਜਿਨ੍ਹਾਂ ਦੇ ਬੱਚੇ ਅਤੇ ਨੇੜਲੇ ਰਿਸ਼ਤੇਦਾਰ ਹਰੇਕ ਮਹੀਨੇ ਇਕ ਹਜ਼ਾਰ ਜਾਂ ਇਸ ਤੋਂ ਜ਼ਿਆਦਾ ਡਾਲਰ ਭੇਜਦੇ ਹਨ। ਕਨਵਰਟ ਕਰਨ 'ਤੇ ਇਹ ਰਕਮ 55 ਤੋਂ 58 ਹਜ਼ਾਰ ਰੁਪਏ ਤਕ ਪਹੁੰਚ ਜਾਂਦੀ ਹੈ। ਅਜਿਹੇ ਵਿਚ ਪੈਨ ਕਾਰਡ ਦੀ ਮੁਸ਼ਕਲ ਦੇ ਚੱਲਦਿਆਂ ਲੋਕਾਂ ਨੇ ਹਵਾਲਾ ਤੋਂ ਹੀ ਪੈਸੇ ਮੰਗਵਾਉਣੇ ਸ਼ੁਰੂ ਕਰ ਦਿੱਤੇ। ਇਸ ਦੇ ਨਾਲ ਹੀ ਵਿਦੇਸ਼ ਵਿਚ ਰਹਿਣ ਵਾਲੇ ਬਹੁਤ ਸਾਰੇ ਨਾਜਾਇਜ਼ ਪੰਜਾਬੀ ਨੌਜਵਾਨ ਕਾਨੂੰਨਨ ਆਪਣੇ ਪਰਿਵਾਰ ਨੂੰ ਪੈਸਾ ਨਹੀਂ ਭੇਜ ਸਕਦੇ ਤਾਂ ਉਨਾਂ ਲਈ ਵੀ ਘਰ ਪੈਸਾ ਭੇਜਣ ਦਾ ਇਕੋ ਇਕ ਰਸਤਾ ਹਵਾਲਾ ਦਾ ਹੀ ਰਹਿ ਜਾਂਦਾ ਹੈ। ਇਸ ਨਾਲ ਵੀ ਇਹ ਕਾਰੋਬਾਰ ਕਾਫ਼ੀ ਫੈਲਿਆ ਹੈ।

### ਰੋਜ਼ਾਨਾ ਫੜੇ ਜਾ ਰਹੇ ਹਨ ਹਵਾਲਾ ਕਾਰੋਬਾਰੀ

ਪਿਛਲੇ ਮਹੀਨੇ ਜਗਰਾਉਂ ਅਤੇ ਲੁਧਿਆਣਾ ਵਿਚ ਚੀਨਾ ਮਨੀ ਐਕਸਚੇਂਜ ਕੋਲੋਂ 100 ਕਰੋੜ ਤੋਂ ਜ਼ਿਆਦਾ ਦੇ ਹਵਾਲਾ ਦਾ ਲੈਣ-ਦੇਣ ਦਾ ਹਿਸਾਬ-ਕਿਤਾਬ ਫੜਿਆ ਗਿਆ, 74 ਲੱਖ ਰੁਪਏ ਨਕਦ ਬਰਾਮਦ ਕੀਤੇ। 30 ਮਈ ਨੂੰ ਫਗਵਾੜਾ ਦੇ ਟ੍ਰਾਂਸਵਰਲਡ ਫ਼ਾਰੈਕਸ ਦੇ ਮਾਲਕ ਅਤੇ ਹਵਾਲਾ ਕਾਰੋਬਾਰੀ ਅਸ਼ੋਕ ਕੁਮਾਰ ਨੂੰ ਈ.ਡੀ. ਨੇ ਫੜਿਆ, ਪੰਜਾਬ ਦੇ ਟੌਪ 10 ਹਵਾਲਾ ਕਾਰੋਬਾਰੀਆਂ ਵਿਚੋਂ ਇਕ ਕਰਾਰ ਦਿੱਤਾ। 20 ਮਈ ਤੇ ਇਕ ਜੂਨ ਨੂੰ ਜਲੰਧਰ ਵਿਚ ਹੈਪੀ ਫ਼ਾਰੈਕਸ 'ਤੇ ਈ.ਡੀ. ਦਾ ਛਾਪਾ, ਇਕ ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਦੇ ਹਵਾਲਾ ਲੈਣ-ਦੇਣ ਦਾ ਪਤਾ ਲੱਗਾ। 47 ਲੱਖ ਰੁਪਏ ਤੋਂ ਜ਼ਿਆਦਾ ਨਕਦ ਬਰਾਮਦ। ਮੋਗਾ ਵਿਚ ਵੀ ਹਵਾਲਾ ਕਾਰੋਬਾਰੀਆਂ ਤੋਂ 80 ਲੱਖ ਰੁਪਏ ਦੀ ਨਕਦੀ ਅਤੇ 200 ਕਰੋੜ ਰੁਪਏ ਦਾ ਲੈਣ-ਦੇਣ ਫੜਿਆ ਗਿਆ। ਰੋਜ਼ਾਨਾ ਹੀ ਈ.ਡੀ. ਵੱਖ-ਵੱਖ ਥਾਵਾਂ ਤੋਂ ਹਵਾਲਾ ਕਾਰੋਬਾਰੀਆਂ ਤੋਂ 5-10 ਲੱਖ ਰੁਪਏ ਬਰਾਮਦ ਕਰ ਰਿਹਾ ਹੈ।

**ਅਪਰੇਸ਼ਨ ਜਾਰੀ ਰਹੇਗਾ : ਡੀ.ਜੀ.ਪੀ.**
ਪੰਜਾਬ ਪੁਲੀਸ ਹਵਾਲਾ ਕਾਰੋਬਾਰੀਆਂ ਵਿਰੁੱਧ ਈ.ਡੀ. ਨਾਲ ਸੰਯੁਕਤ ਅਪਰੇਸ਼ਨ ਚਲਾ ਰਹੀ ਹੈ। ਆਉਣ ਵਾਲੇ ਦਿਨਾਂ ਵਿਚ ਇਹ ਅਪਰੇਸ਼ਨ ਜਾਰੀ ਰਹੇਗਾ। ਹਵਾਲਾ ਅਤੇ ਡਰੱਗ ਕਾਰੋਬਾਰੀਆਂ ਦੇ ਨੈੱਟਵਰਕ ਨੂੰ ਵੀ ਤੋੜਨ ਵਿਚ ਸਫਲਤਾ ਮਿਲੀ ਹੈ।

– ਸੁਮੇਧ ਸਿੰਘ ਸੈਣੀ,
ਡੀ.ਜੀ.ਪੀ., ਪੰਜਾਬ ਪੁਲੀਸ

**ਮਦਦ ਕਰ ਰਹੇ ਹਾਂ : ਡੀ.ਆਈ.ਜੀ.**
ਹਵਾਲਾ ਕਾਰੋਬਾਰੀਆਂ 'ਤੇ ਲਗਾਮ ਕੱਸਣ ਲਈ ਈ.ਡੀ. ਨੂੰ ਪੂਰਾ ਸਹਿਯੋਗ ਦਿੱਤਾ ਜਾ ਰਿਹਾ ਹੈ। ਬੀਤੇ ਦਿਨੀਂ ਕਈ ਹਵਾਲਾ ਕਾਰੋਬਾਰੀਆਂ 'ਤੇ ਈ.ਡੀ. ਦੇ ਛਾਪਿਆਂ ਵਿਚ ਪੰਜਾਬ ਪੁਲੀਸ ਨੇ ਪੂਰਾ ਸਹਿਯੋਗ ਦਿੱਤਾ ਹੈ। ਹਵਾਲਾ ਨੈੱਟਵਰਕ ਤੋੜਨ ਵਿਚ ਕਾਫ਼ੀ ਸਫਲਤਾ ਵੀ ਮਿਲੀ ਹੈ।

– ਈਸ਼ਵਰ ਸਿੰਘ,
ਡੀ.ਆਈ.ਜੀ. ਲੁਧਿਆਣਾ ਰੇਂਜ

### ਮਨੀ ਐਕਸਚੇਂਜ ਕਾਰੋਬਾਰ ਵਿਚ ਉਛਾਲ

ਜਲੰਧਰ : ਰੁਪਏ ਵਿਚ ਗਿਰਾਵਟ ਅਤੇ ਡਾਲਰ ਦੀ ਮਜ਼ਬੂਤੀ ਨਾਲ ਮਨੀ ਐਕਸਚੇਂਜ ਬਿਜ਼ਨਸ ਤੇਜ਼ੀ ਨਾਲ ਉਛਾਲ ਮਾਰ ਰਿਹਾ ਹੈ। ਮਨੀ ਐਕਸਚੇਂਜ ਐਸੋਸੀਏਸ਼ਨ ਦੇ ਪ੍ਰਧਾਨ ਸਾਗਰ ਅਗਰਵਾਲ ਦਾ ਕਹਿਣਾ ਹੈ ਕਿ ਜਲੰਧਰ ਵਿਚ ਰੋਜ਼ਾਨਾ ਤਕਰੀਬਨ 25 ਲੱਖ ਡਾਲਰ ਦਾ ਐਕਸਚੇਂਜ ਹੁੰਦਾ ਹੈ। ਅਜਿਹੇ ਵਿਚ ਜਲੰਧਰ ਵਾਸੀਆਂ ਨੂੰ ਦਿਨ ਵਿਚ ਤਕਰੀਬਨ ਇਕ ਕਰੋੜ 25 ਲੱਖ ਰੁਪਏ ਦਾ ਫ਼ਾਇਦਾ ਹੋਇਆ ਹੈ। ਦੁਆਬੇ ਵਿਚ ਜਲੰਧਰ ਐਨ.ਆਰ.ਆਈ. ਬੈਲਟ ਹੋਣ ਕਾਰਨ ਇਥੇ ਸਭ ਤੋਂ ਜ਼ਿਆਦਾ ਵਿਦੇਸ਼ੀ ਮੁਦਰਾ ਐਕਸਚੇਂਜ ਹੁੰਦੀ ਹੈ।

### ਦੁਨੀਆ ਭਰ ਵਿਚ ਫ਼ੈਲੇ ਪੰਜਾਬੀ

- 8 ਲੱਖ ਅਮਰੀਕਾ ਵਿਚ
- 4.5 ਲੱਖ ਕਨੇਡਾ ਵਿਚ
- 5 ਲੱਖ ਯੂ.ਕੇ. ਵਿਚ
- 3 ਲੱਖ ਆਸਟਰੇਲੀਆ ਵਿਚ
- 1.5 ਲੱਖ ਨਿਊਜ਼ੀਲੈਂਡ ਵਿਚ
- 5 ਲੱਖ ਯੂਰਪੀ ਯੂਨੀਅਨ ਵਿਚ
- 8 ਲੱਖ ਦੁਬਈ ਹੋਰ ਖਾੜੀ ਦੇਸ਼ਾਂ 'ਚ

# ਭਾਰਤ 'ਚ ਦੁਗਣੀ ਰਫ਼ਤਾਰ ਨਾਲ ਵੱਧ ਰਿਹਾ ਹੈ ਭ੍ਰਿਸ਼ਟਾਚਾਰ

- ਹਰ ਦੋ ਵਿਚੋਂ ਇਕ ਨੇ ਮੰਨਿਆ ਰਿਸ਼ਵਤ ਦਿੱਤੀ
- ਵਿਸ਼ਵ ਵਿਚ 27 % ਲੋਕਾਂ ਨੇ ਰਿਸ਼ਵਤ ਦਿੱਤੀ, ਭਾਰਤ ਵਿਚ 54%
- ਜ਼ਿਆਦਾ ਭ੍ਰਿਸ਼ਟ ਸਿਆਸੀ ਪਾਰਟੀਆਂ, 5 ਵਿਚੋਂ 4.4 ਅੰਕ
- ਤਿੰਨ ਵਿਚੋਂ ਦੋ ਮੰਨਦੇ ਹਨ ਸੰਪਰਕਾਂ ਰਾਹੀਂ ਛੇਤੀ ਕੰਮ ਹੁੰਦਾ ਹੈ

ਲੰਡਨ (ਨਦਬ) : ਭਾਰਤ ਵਿਚ ਭ੍ਰਿਸ਼ਟਾਚਾਰ ਵਿਸ਼ਵ ਦੇ ਮੁਕਾਬਲੇ ਦੁੱਗਣੀ ਰਫ਼ਤਾਰ ਨਾਲ ਵੱਧ ਰਿਹਾ ਹੈ। ਵਿਸ਼ਵ ਵਿਚ 27 ਫ਼ੀਸਦੀ ਲੋਕਾਂ ਨੇ ਕਿਹਾ ਕਿ ਉਨ੍ਹਾਂ ਨੇ ਪਿਛਲੇ 12 ਮਹੀਨਿਆਂ ਵਿਚ ਰਿਸ਼ਵਤ ਦਿੱਤੀ ਹੈ ਜਦਕਿ ਇਕੱਲੇ ਭਾਰਤ ਵਿਚ ਇਹ ਰਿਕਾਰਡ 54 ਫ਼ੀਸਦੀ ਰਿਹਾ। ਅਰਥਾਤ ਹਰ ਦੋ ਵਿਚੋਂ ਇਕ ਵਿਅਕਤੀ ਨੇ ਮੰਨਿਆ ਕਿ ਉਸ ਨੇ ਰਿਸ਼ਵਤ ਦਿੱਤੀ ਹੈ।

ਭਾਰਤ ਵਿਚ ਸਭ ਤੋਂ ਜ਼ਿਆਦਾ ਭ੍ਰਿਸ਼ਟ ਸੰਸਥਾਵਾਂ ਵਿਚ ਸਿਆਸੀ ਪਾਰਟੀਆਂ ਦਾ ਨੰਬਰ ਰਿਹਾ। ਇਨ੍ਹਾਂ ਦੀ ਦਰ 5 ਦੇ ਸਕੇਲ ਨਾਲ 4.4 ਰਹੀ। ਇਸ ਵਿਚ ਇਕ ਦਾ ਮਤਲਬ ਸਭ ਤੋਂ ਘੱਟ ਭ੍ਰਿਸ਼ਟ ਅਤੇ 5 ਦਾ ਮਤਲਬ ਸਭ ਤੋਂ ਜ਼ਿਆਦਾ ਭ੍ਰਿਸ਼ਟ ਸੀ। ਭ੍ਰਿਸ਼ਟਾਚਾਰ ਮੁਕਤ ਭਵਿੱਖ ਲਈ ਸਨਕ ਤੇਜ਼ੀ ਨਾਲ ਵੱਧ ਰਹੀ ਹੈ ਪਰ ਭਾਰਤ ਵਿਚ 45 ਫ਼ੀਸਦੀ ਲੋਕਾਂ ਦਾ ਕਹਿਣਾ ਹੈ ਕਿ ਉਹ ਨਹੀਂ ਸਮਝਦੇ ਕਿ ਆਮ ਆਦਮੀ ਦੇ ਕੁਝ ਕਰਨ ਨਾਲ ਕੋਈ ਫ਼ਰਕ ਨਹੀਂ ਪਵੇਗਾ। ਉਥੇ ਹੀ 34 ਫੀਸਦੀ ਲੋਕਾਂ ਨੇ (ਯਾਨੀ ਹਰ ਤਿੰਨ ਵਿਚੋਂ ਇਕ ਨੇ) ਦੱਸਿਆ ਕਿ ਉਹ ਭ੍ਰਿਸ਼ਟਾਚਾਰ ਦੀ ਸ਼ਿਕਾਇਤ ਨਹੀਂ ਕਰਦੇ।

ਇਹ ਫ਼ੈਸਲਾ ਗਲੋਬਲ ਕੁਰੱਪਸ਼ਨ ਬੈਰੋਮੀਟਰ-2013 ਦਾ ਹੈ। ਸਰਵੇਖਣ ਵਿਚ 107 ਦੇਸ਼ਾਂ ਦੇ 1.14 ਲੱਖ ਲੋਕਾਂ ਨੂੰ ਸ਼ਾਮਲ ਕੀਤਾ ਗਿਆ ਹੈ। ਜਵਾਬ ਦੇਣ ਵਾਲੇ ਹਰ ਚਾਰ ਵਿਚੋਂ ਇਕ ਨੇ ਮੰਨਿਆ ਕਿ ਉਸ ਨੇ ਰਿਸ਼ਵਤ ਦਿੱਤੀ ਹੈ। 54 ਫ਼ੀਸਦੀ ਮੰਨਦੇ ਹਨ ਕਿ ਉਨ੍ਹਾਂ ਦੀਆਂ ਸਰਕਾਰਾਂ ਆਮ ਆਦਮੀ ਦੀ ਥਾਂ ਸਵਾਰਥੀ ਜਥੇਬੰਦੀਆਂ ਨੂੰ ਜ਼ਿਆਦਾ ਮੰਨਦੀਆਂ ਹਨ।




ਵਿਸ਼ਵ ਵਿਚ




ਦੇਸ਼ਾਂ ਦੀ ਸਥਿਤੀ

**36** ਦੇਸ਼ਾਂ ਵਿਚ ਪੁਲੀਸ ਨੂੰ ਸਭ ਤੋਂ ਵੱਧ ਭ੍ਰਿਸ਼ਟ ਮੰਨਿਆ ਗਿਆ

**20** ਦੇਸ਼ਾਂ ਵਿਚ ਨਗਰ ਪਾਲਿਕਾ ਸਭ ਤੋਂ ਵੱਧ ਭ੍ਰਿਸ਼ਟ

**17** ਦੇਸ਼ਾਂ ਦੇ (ਜੀ-20) 59% ਲੋਕਾਂ ਨੇ ਮੰਨਿਆ ਕਿ ਉਨ੍ਹਾਂ ਦੀ ਸਰਕਾਰ ਭ੍ਰਿਸ਼ਟਾਚਾਰ ਨਾਲ ਲੜ ਰਹੀ ਹੈ।

**51** ਦੇਸ਼ਾਂ ਵਿਚ ਸਿਆਸੀ ਪਾਰਟੀਆਂ ਨੂੰ ਸਭ ਤੋਂ ਵੱਧ ਭ੍ਰਿਸ਼ਟ (55%) ਮੰਨਿਆ ਗਿਆ

# ਪੰਜਾਬੀ ਸੂਬਾ, ਪੰਜਾਬੀ ਭਾਸ਼ਾ ਤੇ ਪੰਜਾਬ ਸਰਕਾਰ

**ਪੰਜਾਬੀ ਭਾਸ਼ਾ ਅੱਜ ਆਪਣੀ ਧਰਤੀ ’ਤੇ ਬੇਗ਼ਾਨਗੀ ਦੀ ਜੂਨ ਹੰਢਾ ਰਹੀ ਹੈ। ਭਾਸ਼ਾ ਦੇ ਨਾਂਅ ’ਤੇ ਬਣਾਏ ਗਏ ਸੂਬੇ ਪੰਜਾਬ ਵਿਚ ਪੰਜਾਬੀ ਨੂੰ ਅੱਜ ਤਕ ਮਾਂ ਭਾਸ਼ਾ ਦਾ ਰੁਤਬਾ ਹਾਸਲ ਨਹੀਂ ਹੋ ਸਕਿਆ। ਇਹਦੇ ਲਈ ਕੌਣ ਕਸੂਰਵਾਰ ਹੈ ? ਸਭ ਜਾਣਦੇ ਹਨ ਪਰ ਸਰਕਾਰਾਂ ਅਤੇ ਪੰਜਾਬੀ ਭਾਸ਼ਾ ਦੇ ਅਖੌਤੀ ਪਹਿਰੇਦਾਰ ਜਾਣ ਬੁੱਝ ਕੇ ਅੱਖਾਂ ਮੀਟੀ ਬੈਠੇ ਹਨ। ਅਦਾਰਾ ‘ਨਵੀਂ ਦੁਨੀਆ’ ਪੰਜਾਬੀ ਭਾਸ਼ਾ ਦਾ ਰੁਤਬਾ ਬਹਾਲ ਕਰਾਉਣ ਲਈ ਲਗਾਤਾਰ ਸਰਗਰਮ ਹੈ। ਇਸ ਵਾਰ ਪੇਸ਼ ਹੈ ਇਸ ਮਸਲੇ ’ਤੇ ਵਿਸਥਾਰਤ ਚਰਚਾ ਛੇੜਦਾ ਮੱਖਣ ਕੁਹਾੜ ਦਾ ਇਹ ਲੇਖ। – ਸੰਪਾਦਕ**

ਮੱਖਣ ਕੁਹਾੜ
+1-587 708 5328
makhansinghkohar@gmail.com



1 ਨਵੰਬਰ 1966 ਨੂੰ ਭਾਸ਼ਾ ਦੇ ਅਧਾਰ ’ਤੇ ਪੰਜਾਬੀ ਸੂਬਾ ਹੋਂਦ ਵਿੱਚ ਆਇਆ। 29 ਦਸੰਬਰ 1967 ਨੂੰ ਲਛਮਣ ਸਿੰਘ ਗਿੱਲ ਦੀ ਸਰਕਾਰ ਵੇਲੇ ਪੰਜਾਬ ਰਾਜ ਭਾਸ਼ਾ ਐਕਟ ਬਣਇਆ। ਭਾਵੇਂ ਪੰਜਾਬੀ ਸੂਬਾ ਬਹੁਤ ਛੋਟਾ ਕਰ ਦਿੱਤਾ ਗਿਆ ਅਤੇ ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ ਸਮੇਤ ਰਾਜਧਾਨੀ ਚੰਡੀਗੜ ਦੇ ਇਸ ਤੋਂ ਵੱਖਰੇ ਕਰ ਦਿੱਤੇ ਗਏ। ਇਕ ਸਾਲ ਬਾਅਦ ਪੰਜਾਬੀਆਂ ਦੀ ਭਾਸ਼ਾ ਅਧਾਰਿਤ ਸੂਬਾ ਬਣਾਉਣ ਦੀ ਆਸ ’ਤੇ ਬੂਰ ਪਿਆ ਤੇ ਇਹ ਐਕਟ ਹੋਂਦ ਵਿਚ ਆਇਆ ਅਤੇ ਇਸ ਐਕਟ ਮੁਤਾਬਕ ਪੰਜਾਬੀ ਪੰਜਾਬ ਦੀ ਸਰਕਾਰੀ ਭਾਸ਼ਾ ਬਣ ਗਈ। ਸਾਰੇ ਦਫ਼ਤਰੀ ਕੰਮ ਕਾਜ ਪੰਜਾਬੀ ਭਾਸ਼ਾ ਵਿਚ ਕਰਨ ਦੀ ਜਾਮਨੀ ਭਰੀ ਗਈ।

ਇਸ ਰਾਜ ਭਾਸ਼ਾ ਐਕਟ 1967 ਵਿਚ ਇਕ ਮੁੱਖ ਚੋਰ-ਮੋਰੀ, ਸਜ਼ਾ ਦੀ ਕੋਈ ਵੀ ਧਾਰਾ ਨਾ ਸ਼ਾਮਲ ਕਰਨ ਦੀ, ਰੱਖ ਲਈ ਗਈ। ਜੇ ਕੋਈ ਅਧਿਕਾਰੀ ਦਫ਼ਤਰੀ ਕੰਮ ਪੰਜਾਬੀ ਵਿਚ ਨਹੀਂ ਕਰਦਾ ਤਾਂ ਉਸ ਨੂੰ ਕੀ ਸਜ਼ਾ ਦਿੱਤੀ ਜਾਵੇਗੀ, ਐਕਟ ਇਸ ਬਾਰੇ ਬਿਲਕੁਲ ਚੁੱਪ ਸੀ। ਸਿੱਟੇ ਵਜੋਂ ਅੰਗਰੇਜ਼ੀ ਪੱਖੀ ਅਫ਼ਸਰਸ਼ਾਹੀ ਦੀਆਂ ਵਾਗਾਂ ਜਲਦ ਹੀ ਢਿੱਲੀਆਂ ਹੋ ਗਈਆਂ ਅਤੇ ਪਹਿਲਾਂ ਵਾਂਗ ਹੀ ਪੰਜਾਬੀ ਭਾਸ਼ਾ ਹਾਸ਼ੀਏ ਤੋਂ ਬਾਹਰ ਹੋ ਗਈ। ਉਸ ਸਮੇਂ ਵਧੇਰੇ ਸਕੂਲ ਸਰਕਾਰੀ ਸਨ। ਇਸ ਕਰ ਕੇ ਪੰਜਾਬੀ ਭਾਸ਼ਾ ਦਸਵੀਂ ਸ਼੍ਰੇਣੀ ਤਕ ਲਾਜ਼ਮੀ ਬਣੀ ਰਹੀ। ਪੰਜਾਬ ਦੇ ਬੁੱਧੀਜੀਵੀ ਤੇ ਸਮੂਹ ਪੰਜਾਬੀ ਲੇਖਕ ਇਸ ਸਬੰਧੀ ਬਹੁਤ ਚਿੰਤੁਤ ਹੋਏ ਅਤੇ ਰਾਜ ਭਾਸ਼ਾ ਐਕਟ 1967 ਵਿਚ ਸਜ਼ਾ ਦੀ ਧਾਰਾ ਸ਼ਾਮਲ ਕਰਨ ਲਈ ਜਦੋ-ਜਹਿਦ ਕਰਨ ਲੱਗੇ। ਇਹ ਵੀ ਮੰਗ ਕੀਤੀ ਗਈ ਕਿ ਅਦਾਲਤੀ ਕੰਮਕਾਜ ਵੀ ਮਾਂ ਬੋਲੀ ਪੰਜਾਬੀ ਵਿਚ ਹੋਵੇ ਅਤੇ ਵਿਦਿਆ ਦਾ ਸਮੁੱਚਾ ਮਾਧਿਅਮ ਪੰਜਾਬੀ ਭਾਸ਼ਾ ਹੋਵੇ। ਬੀ.ਏ. ਤੀਕਰ ਪੰਜਾਬੀ ਦਾ ਵਿਸ਼ਾ ਲਾਜ਼ਮੀ ਹੋਵੇ। ਦਫ਼ਤਰਾਂ ਦਾ ਸਾਰਾ ਹੀ ਕੰਮਕਾਰ ਚਿੱਠੀ ਪੱਤਰ, ਸਭ ਪੰਜਾਬੀ ਭਾਸ਼ਾ ਵਿਚ ਹੋਣ। ਇਸ ਸਬੰਧੀ ਲੇਖਕਾਂ ਦੀ ਸਾਂਝੀ ਜਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਵਲੋਂ ਲਗਾਤਾਰ ਧਰਨੇ, ਮੁਜਾਹਰੇ, ਗ੍ਰਿਫ਼ਤਾਰੀਆਂ ਤੇ ਕਨਵੈਨਸ਼ਨਾਂ, ਚੇਤਨਾ ਮਾਰਚਾਂ ਆਦਿ ਰਾਹੀਂ ਸਰਕਾਰ ਤੋਂ ਲਗਾਤਾਰ ਮੰਗ ਕੀਤੀ ਗਈ ਕਿ ਰਾਜ ਭਾਸ਼ਾ ਐਕਟ ਵਿਚ ਸਜ਼ਾ ਦੀ ਧਾਰਾ ਸ਼ਾਮਲ ਕੀਤੀ ਜਾਵੇ। ਪੰਜਾਬੀ ਸਾਹਿਤ ਅਕੈਡਮੀ, ਪੰਜਾਬ ਜਾਗ੍ਰਿਤੀ ਮੰਚ ਤੇ ਹੋਰ ਸੰਸਥਾਵਾਂ ਨੇ ਵੀ ਆਵਾਜ਼ ਬੁਲੰਦ ਕੀਤੀ। ਇਹ ਆਵਾਜ਼ ਜਦ ਸਮੂਹ ਲੋਕਾਂ ਦੀ ਆਵਾਜ਼ ਬਣ ਕੇ ਉਭੱਰੀ ਤਦ ਪੰਜਾਬ ਦੀ ਬਾਦਲ ਸਰਕਾਰ ਨੇ ਨਵਾਂ ਰਾਜ ਭਾਸ਼ਾ ਐਕਟ ਸਤੰਬਰ 2008 ਨੂੰ ਪਾਸ ਕੀਤਾ।

ਇਸ ਨਵੇਂ ਐਕਟ ਵਿਚ ਵੀ ਉਹੀ ਗੱਲਾਂ ਹਨ ਜੋ 1967 ਵਾਲੇ ਵਿੱਚ ਸਨ। ਸਿਰਫ਼ ਟਾਈਟਲ ਦੀ ਤਬਦੀਲੀ ਹੀ ਹੈ। ਨਵਾਂ 2008 ਵਾਲਾ ਰਾਜ ਭਾਸ਼ਾ (ਸੋਧਿਆ) ਐਕਟ ਜੋ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ ਮੁਤਾਬਕ :-

1. ਪੰਜਾਬ ਦੇ ਸਾਰੇ ਹੀ ਸਕੂਲਾਂ ਵਿਚ ਚਾਹੇ ਉਹ ਕਿਸੇ ਵੀ ਤਰ੍ਹਾਂ ਦੇ ਹੋਣ ਪਹਿਲੀ ਤੋਂ ਦਸਵੀਂ ਜਮਾਤ ਤਕ ਪੰਜਾਬੀ ਭਾਸ਼ਾ ਲਾਜ਼ਮੀ ਹੋਵੇਗੀ ਅਤੇ ਇਹ ਅਗਲੇ ਸੈਸ਼ਨ ਅਪ੍ਰੈਲ 2009 ਤੋਂ ਲਾਗੂ ਹੋਵੇਗੀ।
2. ਪੰਜਾਬ ਦੀਆਂ ਸਾਰੀਆਂ ਹੇਠਲੀਆਂ ਅਦਾਲਤਾਂ ਦਾ ਕੰਮ ਕਾਰ ਪੰਜਾਬੀ ਵਿਚ ਹੋਵੇਗਾ।
3. ਸਾਰੇ ਦਫ਼ਤਰੀ ਕੰਮ ਕਾਜ ਪੰਜਾਬੀ ਭਾਸ਼ਾ ਵਿਚ ਹੋਣਗੇ।
4. ਉਪਰੋਕਤ ਨੂੰ ਲਾਗੂ ਕਰਨ ਲਈ ਜ਼ਿਲ੍ਹਾ ਅਤੇ ਸੂਬਾਈ ਪੱਧਰ ’ਤੇ ਕਮੇਟੀਆਂ ਬਣਨਗੀਆਂ ਜਿਸ ਵਿਚ ਸਰਕਾਰੀ ਨੁਮਾਇੰਦਿਆਂ ਦੇ ਨਾਲ-ਨਾਲ ਕੁਝ ਲੇਖਕ ਵੀ ਹੋਣਗੇ।
5. ਰਾਜ ਭਾਸ਼ਾ ਐਕਟ ਲਾਗੂ ਕਰਾਉਣ ਦੀ ਨਿਗਰਾਨੀ ਲਈ ਇਹ ਕਮੇਟੀਆਂ ਹੀ ਕੰਮ ਕਰਨਗੀਆਂ। ਜੇ ਕੋਈ ਸ਼ਿਕਾਇਤ ਹੋਵੇਗੀ ਤਦ ਇਹ ਜ਼ਿਲ੍ਹਾ ਕਮੇਟੀ ਸੂਬਾ ਕਮੇਟੀ ਨੂੰ ਸੂਚਿਤ ਕਰੇਗੀ। ਸੂਬਾ ਕਮੇਟੀ ਅੱਗੋਂ ਭਾਸ਼ਾ ਵਿਭਾਗ ਨੂੰ, ਡਾਇਰੈਕਟਰ ਭਾਸ਼ਾ ਵਿਭਾਗ ਸਬੰਧਤ ਅਧਿਕਾਰੀ ਨੂੰ ਵਾਰਨਿੰਗ ਦੇਵੇਗੀ। ਜੇ ਉਹ ’ਵਾਰ-ਵਾਰ’ ਗ਼ਲਤੀ ਕਰੇਗਾ ਤਾਂ ਉਸ ਵਿਰੁੱਧ ਸਿਵਲ ਸੇਵਾ ਨਿਯਮਾਂ ਮੁਤਾਬਕ ਕਾਰਵਾਈ ਹੋਵੇਗੀ।

ਪੰਜਾਬ ਰਾਜ ਭਾਸ਼ਾ ਐਕਟ 2008 ਪਾਸ ਹੁੰਦੇ ਹੀ ਪੰਜਾਬੀ ਹਿਤੈਸ਼ੀਆ ਦੇ ਕੰਨ ਖੜ੍ਹੇ ਹੋ ਗਏ। ਚਿੰਤਾ ਹੋਰ ਵੀ ਵੱਧ ਗਈ। ਪਾਸ ਹੋਣ ਤੋਂ ਬਾਅਦ ਲਗਾਤਾਰ ਪੰਜਾਬੀ ਦੇ ਹਮਾਇਤੀ, ਕੇਂਦਰੀ ਪੰਜਾਬੀ ਲੇਖਕ ਸਭਾ, ਪੰਜਾਬੀ ਸਾਹਿਤ ਅਕੈਡਮੀ, ਪੰਜਾਬ ਜਾਗ੍ਰਿਤੀ ਮੰਚ, ਪੰਜਾਬੀ ਹਿਤੈਸ਼ੀ ਅਖ਼ਬਾਰਾਂ ਅਤੇ ਹੋਰ ਪੰਜਾਬੀ ਦੇ ਮੁਦੱਈ ਸਾਂਝੇ ਤੇ ਜਾਤੀ ਤੌਰ ’ਤੇ ਇਸ ਵਿੱਚ ਸਜ਼ਾ ਦੀ ਧਾਰਾ ਸ਼ਾਮਲ ਕਰਨ ਲਈ ਆਖ ਰਹੇ ਹਨ। ਇਹ ਮੰਗ ਉਭੱਰੀ ਹੈ ਕਿ ਇਸ ਭਾਸ਼ਾ ਐਕਟ ਨੂੰ ਲਾਗੂ ਕਰਨ ਲਈ ਇਕ ਟ੍ਰਿਬਿਊਨਲ ਬਣਾਇਆ ਜਾਵੇ। ਕੋਈ ਵੀ ਵਿਅਕਤੀ ਜਿਸ ਨੂੰ ਸਰਕਾਰੇ-ਦਰਬਾਰੇ ਇਸ ਐਕਟ ਮੁਤਾਬਕ ਜਿਧੱਰ-ਕਿਧੱਰੇ ਵੀ ਪੰਜਾਬੀ ਵਿਚ ਕੰਮ ਨਾ ਹੋਣ ਦੀ ਸ਼ਿਕਾਇਤ ਮਿਲੇ ਤਾਂ ਉਹ ਉਸ ਅਧਿਕਾਰੀ, ਦਫ਼ਤਰ, ਸਕੂਲ, ਸੰਸਥਾ ਵਿਰੁੱਧ ਟ੍ਰਿਬਿਊਨਲ ਕੋਲ ਸ਼ਿਕਾਇਤ ਕਰੇ ਅਤੇ ਟ੍ਰਿਬਿਊਨਲ ਅਧਿਕਾਰੀ ਨੂੰ ਸਜ਼ਾ ਦੇ ਸਕੇ। ਪਰ ਸਜ਼ਾ ਕੀ ਹੋਵੇ ਇਹ ਐਕਟ ਵਿਚ ਨਵੀਂ ਧਾਰਾ ਜੋੜ ਕੇ ਹੀ ਸੰਭਵ ਬਣਾਇਆ ਜਾ ਸਕਦਾ ਹੈ।

ਅਜੋਕੀ ਅਵਸਥਾ ਵਿਚ ਕਿਸੇ ਨੂੰ ਕੋਈ ਸਜ਼ਾ ਨਹੀਂ ਦਿੱਤੀ ਜਾ ਸਕਦੀ। ਉਂਜ ਵੀ ਕਿੱਥੇ ਕਮੇਟੀਆ, ਫੇਰ ਭਾਸ਼ਾ ਵਿਭਾਗ ਦਾ ਡਾਇਰੈਕਟਰ ਅਤੇ ਕਿਥੇ ਸੀਨੀਅਰ ਆਈ.ਏ.ਐਸ. ਅਧਿਕਾਰੀ? ਕੌਣ ਆਖੂ ਰਾਣੀਏ ਅੱਗਾ ਢੱਕ! ਸਿੱਟੇ ਵਜੋਂ ਹੁਣ ਤਕ ਨਵਾਂ ਭਾਸ਼ਾ ਐਕਟ ਰੱਤੀ ਭਰ ਵੀ ਕਾਰ-ਆਮਦ ਨਹੀਂ ਹੋਇਆ। ਹਾਲਤ ਪਹਿਲਾਂ ਨਾਲੋਂ ਵੀ ਬਦਤਰ ਹੋ ਗਈ ਹੈ। ਹੁਣ ਵੀ ਨਿੱਜੀ ਸਕੂਲਾਂ ਵਿਚ ਹਰ ਪਾਸੇ ਅੰਗਰੇਜ਼ੀ ਦਾ ਹੀ ਬੋਲਬਾਲਾ ਹੈ। ਪੰਜਾਬ ਸਕੂਲ ਸਿਖਿਆ ਬੋਰਡ ਨਾਲ ਸਬੰਧਤ ਸਰਕਾਰੀ ਸਕੂਲਾਂ ਤੋਂ ਬਗੈਰ ਸ਼ਾਇਦ ਹੀ ਕੋਈ ਸਕੂਲ ਹੋਵੇਗਾ, ਜਿੱਥੇ ਪੰਜਾਬੀ ਭਾਸ਼ਾ ਦਸਵੀਂ ਤਕ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਈ ਜਾਂਦੀ ਹੋਵੇ। ਵਧੇਰੇ ਨਿੱਜੀ ਸਕੂਲਾਂ ਵਿਚ ਵਿਦਿਆਰਥੀ ਨੂੰ ਪੰਜਾਬੀ ਬੋਲਣ ’ਤੇ ਸਜ਼ਾ ਦਿੱਤੀ ਜਾਂਦੀ ਹੈ। ਜੇ ਕਿਧੱਰੇ ਪੰਜਾਬੀ ਇੱਕ ਵਿਸ਼ੇ ਵਜੋਂ ਸਕੂਲ ਵਿੱਚ ਪੜ੍ਹਾਈ ਵੀ ਜਾਂਦੀ ਹੈ ਤਾਂ ਉਥੇ ਪੜ੍ਹਾਈ ਦਾ ਮਾਧਿਅਮ ਸਿਰਫ਼ ਅੰਗਰੇਜ਼ੀ ਹੀ ਹੈ। ਨਾ ਹੀ 1967 ਵਾਲਾ ਤੇ ਨਾ ਹੀ ਹੁਣ 2008 ਵਾਲਾ, ਪੰਜਾਬ ਰਾਜ ਭਾਸ਼ਾ ਐਕਟ ਪੰਜਾਬੀ ਭਾਸ਼ਾ ਜਾਂ ਪੰਜਾਬੀਆਂ ਦਾ ਕੁਝ ਸਵਾਰ ਸਕਿਆ ਹੈ। ਦਫ਼ਤਰਾਂ ਵਿਚ ਅੰਗਰੇਜ਼ੀ ਦਾ ਹੀ ਬੋਲਬਾਲਾ ਹੈ। ਵਧੇਰੇ ਚਿੱਠੀ ਪੱਤਰ ਅੰਗਰੇਜ਼ੀ ਵਿਚ ਹੀ ਜਾਰੀ ਕੀਤੇ ਜਾਂਦੇ ਹਨ। ਕੋਈ ਰੋਕ-ਟੋਕ ਨਹੀਂ ਹੈ। ਐਕਟ ਪਾਸ ਕਰਨ ਬਾਅਦ ਜੋ ਬੁਲੰਦ ਬਾਂਗ ਦਾਅਵੇ ਕੀਤੇ ਗਏ ਸਨ, ਉਨ੍ਹਾਂ ਮੁਤਾਬਕ ਪੰਜਾਬ ਵਿਚ ਅਦਾਲਤਾਂ ਦਾ ਕੰਮ ਕਾਜ ਵੀ ਪੰਜਾਬੀ ਵਿਚ ਹੀ ਹੋਣਾ ਸੀ। ਪਰ ਕੀ ਐਸਾ ਹੋ ਸਕਿਆ ਹੈ?




ਪੰਜਾਬੀ ਲੇਖਕ ਤੇ ਬੁਧੀਜੀਵੀ ਏਸ ਬਾਰੇ ਬਹੁਤ ਚਿੰਤਾ ਵੀ ਕਰ ਰਹੇ ਹਨ ਅਤੇ ਯਤਨਸ਼ੀਲ ਵੀ ਹਨ ਪਰ ਇਹ ਸਿਰਫ ਉਨ੍ਹਾਂ ਦਾ ਹੀ ਕੰਮ ਨਹੀਂ ਹੈ। ਇਹ ਸਮੂਹ ਪੰਜਾਬੀਆਂ ਅਤੇ ਪੰਜਾਬੀ ਭਾਸ਼ਾ ਦੇ ਹਮਾਇਤੀਆਂ ਦਾ ਕਾਰਜ ਹੈ। ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਏਸ ਬਾਰੇ ਚੁੱਪ ਹਨ। ਰਾਜ ਕਰ ਰਹੀ ਅਕਾਲੀ ਦਲ ਦੀ ਬਾਦਲ ਸਰਕਾਰ ਤਾਂ ਚੁੱਪ ਹੈ ਹੀ ਮੁੱਖ ਵਿਰੋਧੀ ਪਾਰਟੀ ਕਾਂਗਰਸ ਜਿਸ ਨੇ ਇਸ ਐਕਟ ਦੀ ’ਪੂਰਨ’ ਹਮਾਇਤ ਕੀਤੀ ਸੀ, ਉਹ ਵੀ ਬਿਲਕੁਲ ਖਾਮੋਸ਼ ਹੈ। ਕੋਈ ਵੀ ਸਿਆਸੀ ਪਾਰਟੀ ਨਾ ਤਾਂ ਏਸ ਬਾਰੇ ਕੋਈ ਜਦੋ-ਜਹਿਦ ਕਰ ਰਹੀ ਹੈ ਅਤੇ ਨਾ ਹੀ ਚਿੰਤਾ। ਪੰਜਾਬ ਦੀਆਂ ਸਿਆਸੀ ਪਾਰਟੀਆਂ ਵਲੋਂ ਇਸ ਨੂੰ ਮੈਨੀਫ਼ੈਸਟੋ ਵਿਚ ਵੀ ਸ਼ਾਮਲ ਨਹੀਂ ਕੀਤਾ ਜਾ ਰਿਹਾ ਹੈ ਤੇ ਨਾ ਹੀ ਇਸ ਨੂੰ ਕੋਈ ਸਿਆਸੀ ਮੁੱਦਾ ਬਣਾਇਆ ਜਾ ਰਿਹਾ ਹੈ। ਪੰਜਾਬ ਦੀਆਂ ਖੱਬੀਆਂ ਧਿਰਾਂ ਕੇਂਦਰੀ ਪੰਜਾਬੀ ਲੇਖਕ ਸਭਾ ਜਾਂ ਕਿਸੇ ਹੋਰ ਸੰਸਥਾ ਵੱਲੋਂ ਇਸ ਬਾਰੇ ਕੀਤੀ ਜਾ ਰਹੀ ਜੱਦੋ-ਜਹਿਦ ਦੀ ਹਮਾਇਤ ਤਾਂ ਕਰਦੀਆਂ ਹਨ ਪ੍ਰਤੂੰ ਆਪਣੇ ਤੌਰ ਤੇ ਉਨ੍ਹਾਂ ਨੇ ਵੀ ਅਜੇ ਤੱਕ ਕੋਈ ਲੜਾਈ ਨਹੀ ਵਿੱਢੀ।

ਪੰਜਾਬੀ ਭਾਸ਼ਾ ਐਕਟ ਵਿਚ ਸਜ਼ਾ ਦੀ ਧਾਰਾ ਕਿਉਂ ਸ਼ਾਮਲ ਨਹੀਂ ਕੀਤੀ ਜਾ ਰਹੀ? ਆਖ਼ਰ ਕਿਉਂ ਪੰਜਾਬ ਵਿਚ ਹੀ ਪੰਜਾਬੀ ਨਾਲ ਐਨਾ ਵਿਤਕਰਾ ਕੀਤਾ ਜਾ ਰਿਹਾ ਹੈ? ਕੀ ਸੱਚਮੁਚ ਪੰਜਾਬ ਵਿਚ ਪੰਜਾਬੀ ਦੀ ਥਾਂ ’ਤੇ ਸਾਰੇ ਹੀ ਸਕੂਲਾਂ ਵਿੱਚ ਅੰਗਰੇਜ਼ੀ ਹੀ ਪੜ੍ਹਾਈ ਜਾਣੀ ਚਾਹੀਦੀ ਹੈ? ਕੀ ਸਾਡੀ ਹਕੂਮਤ ਪੰਜਾਬੀ ਭਾਸ਼ਾ ਨੂੰ ਏਸ ਕਰ ਕੇ ਲਾਗੂ ਨਹੀਂ ਕਰਨਾ ਚਾਹੁੰਦੀ ਕਿ ਇਹ ਫ਼ਜ਼ੂਲ ਦੀ ਭਾਸ਼ਾ ਹੈ ਅਤੇ ਇਸ ਦੀ ਹੁਣ ਲੋੜ ਨਹੀਂ ਰਹੀ? ਉਹੀ ਅਕਾਲੀ ਪਾਰਟੀ ਜੋ ਨਵਾਂ ਪੰਜਾਬੀ ਸੂਬਾ ਬਣਾਉਣ ਲਈ ਮੋਹਰੀ ਸੀ ਉਹ ਹੁਣ ਸੂਬੇ ਵਿਚ ਪੰਜਾਬੀ ਕਿਉਂ ਲਾਗੂ ਨਹੀਂ ਕਰ ਰਹੀ? ਉਪਰੋਕਤ ਸਵਾਲਾਂ ਦਾ ਉਤਰ ਲੱਭੇ ਬਗ਼ੈਰ ਮਸਲੇ ਦਾ ਬੁਨਿਆਦੀ ਹੱਲ ਨਹੀਂ ਹੋ ਸਕੇਗਾ। ਦਿੱਲੀ, ਚੰਡੀਗੜ੍ਹ, ਹਿਮਾਚਲ, ਹਰਿਆਣਾ ਵਿਚ ਵੀ ਪੰਜਾਬੀ ਨਾਲ ਵਿਤਕਰਾ ਬੰਦ ਨਹੀਂ ਹੋਵੇਗਾ।

ਦੁਨੀਆ ਦੇ ਹਰ ਦਾਰਸ਼ਨਿਕ ਦਾ ਮੱਤ ਏਸੇ ਹੀ ਗੱਲ ਵੱਲ ਸੇਧਤ ਹੈ ਕਿ ਬੱਚੇ ਨੂੰ ਉਸ ਦੀ ਮਾਂ ਬੋਲੀ ਰਾਹੀਂ ਹੀ ਸਿਖਿੱਆ ਦਿੱਤੀ ਜਾਣੀ ਚਾਹੀਦੀ ਹੈ। ਬੱਚਾ ਆਪਣੀ ਮਾਂ ਬੋਲੀ ਰਾਹੀਂ ਹੀ ਆਪਣੇ ਸਮੁੱਚੇ ਸਭਿਆਚਾਰ, ਕਾਰ-ਵਿਹਾਰ, ਖਾਣ ਪਹਿਨਣ, ਰਹਿਣ ਸਹਿਣ, ਸਮਾਜਕ ਕਾਇਦੇ ਕਾਨੂੰਨ, ਹੱਸਣ-ਖੇਡਣ, ਇਤਿਹਾਸ-ਮਿਥਿਹਾਸ ਨੂੰ ਜਾਣਨ ਅਤੇ ਲੋਕਾਂ ਨਾਲ ਮੁਕੰਮਲ ਰਾਬਤਾ ਰੱਖਣ, ਕਾਰੋਬਾਰੀ ਤੇ ਵਪਾਰਕ ਰਿਸ਼ਤੇ ਕਾਇਮ ਕਰਨ, ਆਪਣੇ ਗੀਤ-ਸੰਗੀਤ ਤੇ ਸਾਹਿਤ ਲਿਖਣ ਪੜ੍ਹਨ ਦੇ ਸਮਰਥ ਹੋ ਸਕਦਾ ਹੈ। ਤਰਕ-ਵਿਵੇਕ ਦੀ ਸ਼ਕਤੀ ਬੱਚਾ ਮਾਤ ਭਾਸ਼ਾ ਰਾਹੀਂ ਹੀ ਧਾਰਨ ਕਰਦਾ ਹੈ ਤੇ ਇਹੀ ਉਸ ਦੇ ਬੌਧਿਕਤਾ ਦਾ ਅਧਾਰ ਬਣਦੀ ਹੈ। ਉਸ ਦੀ ਸ਼ਖ਼ਸੀਅਤ ਦਾ ਵਿਕਾਸ ਮਾਤ ਭਾਸ਼ਾ ਹੀ ਕਰਦੀ ਹੈ। ਪਰ ਪੰਜਾਬ ਵਿੱਚ ਅਜਿਹਾ ਨਹੀਂ ਹੋ ਰਿਹਾ।

ਭਾਰਤੀ ਸੰਵਿਧਾਨ ਮੁਤਾਬਕ ਪਹਿਲੀ ਭਾਸ਼ਾ ਖੇਤਰੀ (ਪ੍ਰਾਂਤਕ ਭਾਸ਼ਾ), ਸਮੁੱਚੇ ਰਾਸ਼ਟਰ ਦੇ ਏਕੇ ਲਈ ਹਿੰਦੀ ਭਾਸ਼ਾ ਅਤੇ ਅੰਗਰੇਜ਼ੀ ਨੂੰ ਨਾਲ ਦੀ ਨਾਲ ਸਰਕਾਰੀ ਕੰਮ ਕਾਜ ਦੀ ਭਾਸ਼ਾ ਵਿਚ ਰੱਖਿਆ ਗਿਆ ਹੈ। ਅੰਗਰੇਜ਼ੀ ਕੌਮਾਂਤਰੀ ਭਾਸ਼ਾ ਦੇ ਤੌਰ ’ਤੇ ਪੜ੍ਹਾਈ ਜਾਣੀ ਹੈ। ਤਿੰਨ ਭਾਸ਼ਾਈ ਫ਼ਾਰਮੂਲਾ ਸਾਰੇ ਭਾਰਤ ਲਈ ਸਵੀਕਾਰ ਕੀਤਾ ਗਿਆ ਸੀ। ਇੱਕ ਸਰਵੇ ਮੁਤਾਬਕ ਪੂਰੇ ਭਾਰਤ ਵਿਚ ਸਿਰਫ਼ 4 ਫ਼ੀਸਦੀ ਲੋਕ ਹੀ ਅੰਗਰੇਜ਼ੀ ਨੂੰ ਮਾਤ ਭਾਸ਼ਾ ਵਜੋਂ ਵਰਤਦੇ ਹਨ ਜਦਕਿ ਫੇਰ ਵੀ ਉਹ ਨਾਲ ਦੀ ਨਾਲ ਕਿਸੇ ਨਾ ਕਿਸੇ ਖੇਤਰੀ ਭਾਸ਼ਾ ਦੀ ਵਰਤੋਂ ਵੀ ਕਰਦੇ ਹਨ। ਸਿਰਫ਼ ਇਕ ਫ਼ੀਸਦੀ ਵਸੋਂ ਹੀ ਵਿਦੇਸ਼ੀਂ ਗਈ ਹੈ। ਪਰ ਫਿਰ ਵੀ 96 ਫ਼ੀਸਦੀ ਗ਼ੈਰ ਅੰਗਰੇਜ਼ੀ ਵਸੋਂ ਨੂੰ ਅੰਗਰੇਜ਼ੀ ਦੇ ਵੇਲਣੇ ਵਿਚ ਕਿਉਂ ਪੀੜਿਆ ਜਾ ਰਿਹਾ ਹੈ? ਭਾਸ਼ਾ ਵਿਗਿਆਨੀਆਂ ਅਨੁਸਾਰ ਬੱਚੇ ਨੂੰ ਮਾਤ ਭਾਸ਼ਾ ਦੀ ਥਾਂ ਵਿਦੇਸ਼ੀ ਭਾਸ਼ਾ ਵਿਚ ਸਿੱਖਿਆ ਦੇਣਾ ਉਸ ਨਾਲ ਮਾਨਸਿਕ ਤਸ਼ੱਦਦ ਕਰਨ ਦੇ ਬਰਾਬਰ ਹੈ। ਫਿਰ ਇਹ ਤਸ਼ੱਦਦ, ਇਹ ਜੁਲਮ, ਇਹ ਕਹਿਰ ਕਿਉਂ ਕਮਾਇਆ ਜਾ ਰਿਹਾ ਹੈ? ਇਸ ਸਬੰਧੀ ਇਕ ਅਧਾਰਹੀਣ ਤੇ ਥੋਥੀ ਦਲੀਲ ਦਾ ਸਹਾਰਾ ਲਿਆ ਜਾ ਰਿਹਾ ਹੈ ਕਿ ਸਾਰੀ ਹੀ ਵਿਗਿਆਨਕ, ਤਕਨੀਕੀ, ਡਾਕਟਰੀ, ਕੰਪਿਊਟਰੀ ਤੇ ਹੋਰ ਉੱਚ ਸਿੱਖਿਆ ਕੇਵਲ ਅੰਗਰੇਜ਼ੀ ਭਾਸ਼ਾ ਵਿੱਚ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਏਸ ਸਬੰਧੀ ਐਨਾ ਹੀ ਕਹਿਣਾ ਬਣਦਾ ਹੈ ਕਿ ਰੂਸ, ਚੀਨ, ਜਪਾਨ,ਜਰਮਨੀ, ਫਰਾਂਸ, ਇਟਲੀ, ਸਪੇਨ ਆਦਿ ਅਨੇਕਾ ਮੁਲਕਾਂ ਵਿਚ ਕਿਉਂ ਇਹ ਸਿੱਖਿਆ ਉਨ੍ਹਾਂ ਦੀਆਂ ਆਪਣੀਆਂ ਹੀ ਜ਼ੁਬਾਨਾਂ ਵਿਚ ਸੰਭਵ ਹੋਈ ਹੈ ਤੇ ਉਹ ਮੁਲਕ ਵੀ ਬਹੁਤ ਵਧੇਰੇ ਤਰੱਕੀ ਕਰ ਗਏ ਹਨ। ਦੂਸਰਾ ਕਿ ਪੰਜਾਬ ਵਿੱਚ ਅੰਗਰੇਜ਼ੀ ਭਾਸ਼ਾ 1998 ਤੋਂ ਪਹਿਲੀ ਸ਼੍ਰੇਣੀ ਵਿਚ ਲਾਗੂ ਕਰਨ ਦੇ ਸਿੱਟੇ ਵਜੋਂ ਤੇ ਅੰਗਰੇਜ਼ੀ ਨੂੰ ਉੱਚ ਸਿੱਖਿਆ ਦਾ ਮਾਧਿਅਮ ਐਲਾਨੇ ਜਾਣ ਮਗਰੋਂ ਵੀ ਪੇਂਡੂ ਵੱਸੋਂ ਵਾਲੇ ਵਿਦਿਆਰਥੀ ਕੇਵਲ 4 ਫ਼ੀਸਦੀ ਹੀ ਕਿਉਂ ਕਾਲਜ ਪੱਧਰ ਦੀ ਪੜ੍ਹਾਈ (ਸਮੇਤ ਆਰਟਸ ਵਿਸ਼ਿਆਂ ਦੇ) ਤਕ ਪੁੱਜ ਰਹੇ ਹਨ? ਪੰਜਾਬ ਵਿਚ ਕਿਉਂ ਪੰਜਵੀ ਤੱਕ 25 ਫ਼ੀਸਦੀ, ਅੱਠਵੀਂ ਤਕ 35 ਫ਼ੀਸਦੀ ਅਤੇ ਅਧਿਉਂ ਵੱਧ ਬੱਚੇ 10ਵੀ ਤਕ ਪੁੱਜਦੇ-ਪੁੱਜਦੇ ਸਕੂਲ ਹੀ ਛੱਡ ਜਾਂਦੇ ਹਨ। ਕੌੜਾ ਤੇ ਨਿਰੋਲ ਸੱਚ ਇਹੀ ਹੈ ਕਿ ਜੇ ਸਾਰਾ ਕੁਝ, ਸਾਰੀ ਪੜ੍ਹਾਈ, ਕੇਵਲ ਮਾਤ ਭਾਸ਼ਾ ਰਾਹੀਂ ਹੋਵੇ ਤਾਂ ਗ਼ਰੀਬ ਵੱਸੋਂ ਦਾ ਵੀ ਵਧੇਰੇ ਹਿੱਸਾ ਏਸ ਪੜ੍ਹਾਈ ਵਿਚ ਸ਼ਾਮਲ ਹੋਣ ਦੇ ਸਮਰੱਥ ਹੋ ਸਕਦਾ ਹੈ। ਪਰ ਸਰਕਾਰ ਅਜਿਹਾ ਨਹੀਂ ਚਾਹ ਰਹੀ। ਸਰਕਾਰ ਤੋਂ ਭਾਵ ਏਥੇ ਅਕਾਲੀ, ਕਾਂਗਰਸ ਜਾਂ ਭਾਰਤੀ ਜਨਤਾ ਪਾਰਟੀ ਤੋਂ ਨਹੀਂ ਹੈ। ਸਰਕਾਰ ਤੋਂ ਭਾਵ ਰਾਜ ਕਰ ਰਹੀ ਜਮਾਤ ਹੈ। ਭਾਰਤ ਤੇ ਪੰਜਾਬ ਦੀ ਸਰਕਾਰ ਜਾਂ ਕਹਿ ਲਉ ਕਿ ਕੇਂਦਰੀ ਤੇ ਸੂਬਾਈ ਸਰਕਾਰਾਂ ਹਿੰਦੁਸਤਾਨ ਦੀ ਅਮੀਰ ਜਮਾਤ ਦੀ ਨੁਮਾਇੰਦਗੀ ਕਰਦੀਆਂ ਹਨ। ਸਿੱਟੇ ਵਜੋਂ ਉਹੀ ਹੋ ਰਿਹਾ ਹੈ ਜੋ ਉਹ ਅਮੀਰ ਜਮਾਤ ਚਾਹੁੰਦੀ ਹੈ। ਭਾਰਤ ਦਾ ਮੱਧ ਵਰਗ ਵੀ ਉਸੇ ਰਾਜ ਕਰ ਰਹੀ ਜਮਾਤ ਨਾਲ ਸਾਂਝ ਪਾ ਕੇ ਸਿਆਸੀ ਤਾਕਤ, ਨੌਕਰੀਆਂ, ਵਪਾਰ ਤੇ ਹੋਰ ਕਾਰੋਬਾਰਾਂ ’ਤੇ ਕਬਜ਼ਾ ਕਰਦਾ ਜਾ ਰਿਹਾ ਹੈ। ਅਮੀਰ ਹੋਰ ਅਮੀਰ ਹੋ ਰਿਹਾ ਹੈ। ਉਹ ਨਹੀਂ ਚਾਹੁੰਦੇ ਕਿ ਇਸ ਅਮੀਰ ਹੋਣ ਦੀ ਦੌੜ ਵਿੱਚ ਇਹ ਗ਼ਰੀਬ ਲੋਕ ਵੀ ਸ਼ਾਮਲ ਹੋਣ। ਹਿੰਦੋਸਤਾਨ ਮੁਕੰਮਲ ਤੌਰ ’ਤੇ ਦੋ ਹਿੱਸਿਆਂ ਵਿਚ ਵੰਡ ਚੁੱਕਾ ਹੈ। ਅਮੀਰ ਤੇ ਗ਼ਰੀਬ, ਇੰਡੀਆ ਤੇ ਭਾਰਤ। ਅਮੀਰਾਂ ਦਾ ਹਰ ਥਾਂ ਬੋਲਬਾਲਾ ਹੈ। ਅਮੀਰੀ ਦੀ ਪ੍ਰਾਪਤੀ ਲਈ, ਨੌਕਰੀ, ਕਾਰੋਬਾਰ, ਵਪਾਰ ਲਈ ਤਾਂ ਹੀ ਇਕ ਵਿਦੇਸ਼ੀ ਭਾਸ਼ਾ ਅੰਗਰੇਜ਼ੀ ਨੂੰ ਮਾਧਿਅਮ ਬਣਾਇਆ ਗਿਆ ਹੈ। ਤਾਂਕਿ ਗ਼ਰੀਬ ਲੋਕ ਇੱਥੋਂ ਤੀਕ ਨਾ ਪੁੱਜ ਸਕਣ। ਅਮੀਰਾਂ ਤੇ ਗ਼ਰੀਬਾਂ ਵਿਚ ਦੂਰੀ ਬਣੀ ਰਹੇ। ਜਿਨ੍ਹਾਂ ਗਰੀਬ ਲੋਕਾਂ ਨੂੰ ਪੰਜਾਬੀ ਸਿਰਫ਼ ਬੋਲਣੀ ਹੀ ਆਉਂਦੀ ਹੈ ਅਤੇ ਉਹ ਇਸ ਦੀ ਲਿੱਪੀ, ਇਸ ਦੀ ਵਿਆਕਰਣ ਤੇ ਹੋਰ ਨਵੀਂ ਸ਼ਬਦਾਵਲੀ ਤੋਂ ਪੂਰੀ ਤਰ੍ਹਾਂ ਜਾਣੂ ਹੀ ਨਹੀਂ ਹਨ, ਭਲਾ ਉਹ ਅੰਗਰੇਜ਼ੀ ਭਾਸ਼ਾ ਵਿਚ ਮੁਹਾਰਤ ਕਿਵੇਂ ਹਾਸਲ ਕਰ ਲੈਣਗੇ। ਉਨ੍ਹਾਂ ਨੂੰ ਤਾਂ ਹਰ ਵੇਲੇ ਰੋਟੀ ਦਾ ਹੀ ਸੰਸਾ ਰਹਿੰਦਾ ਹੈ। ਅੰਗਰੇਜ਼ੀ ਰਾਹੀਂ ਪੜ੍ਹਾਈ ਹਾਸਿਲ ਕਰਨ ਲਈ ਉਹ ਮਹਿੰਗੇ ਅੰਗਰੇਜ਼ੀ ਸਕੂਲਾਂ ਵਿਚ ਕਿਵੇਂ ਦਾਖ਼ਲਾ ਲੈ ਸਕਦੇ ਹਨ। ਸਿੱਟੇ ਵਜੋਂ ਅੱਜ ਪੰਜਾਬ ਵਿਚ 80 ਫ਼ੀਸਦੀ ਤੋਂ ਵੱਧ ਸਕੂਲ ਅੰਗਰੇਜ਼ੀ ਮਾਧਿਅਮ ਵਾਲੇ ਨਿੱਜੀ ਸਕੂਲ ਹੀ ਹਨ। ਸਰਕਾਰ ਆਪ ਇਨ੍ਹਾਂ ਨਿੱਜੀ ਸਕੂਲਾਂ ਨੂੰ ਨਿਵਾਜਦੀ ਹੈ। ਸਰਕਾਰੀ ਗ੍ਰਾਂਟਾਂ ਵਿਚੋਂ ਕਰੋੜਾਂ ਰੁਪਏ ਇਨ੍ਹਾਂ ਨਿੱਜੀ ਸਕੂਲਾਂ ਨੂੰ ਦੇ ਦਿੱਤੇ ਜਾਂਦੇ ਹਨ। ਪੰਜਾਬ ਸਰਕਾਰ ਦੀ ਹਾਲਤ ਤਾਂ ਇਸ ਵਕਤ ਇਹ ਹੈ ਕਿ ਉਸ ਨੇ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਅਧੀਨ ਚਲ ਰਹੇ ਆਦਰਸ਼ ਸਕੂਲ ਵੀ ਪੰਜਾਬ ਸਕੂਲ ਸਿਖਿਆ ਬੋਰਡ ਦੀ ਥਾਂ ਕੇਂਦਰੀ ਸਿੱਖਿਆ ਬੋਰਡਾਂ ਨਾਲ ਜੋੜ ਦਿੱਤੇ ਹਨ। ਸ਼੍ਰੋਮਣੀ ਪ੍ਰਬੰਧਕ ਕਮੇਟੀ ਅਧੀਨ ਚਲਣ ਵਾਲੇ ਸਕੂਲਾਂ ਵਿਚ ਵੀ ਅੰਗਰੇਜ਼ੀ ਦਾ ਹੀ ਬੋਲਬਾਲਾ ਵਧੇਰੇ ਹੈ।

ਜਿਉਂ-ਜਿਉਂ ਭਾਰਤ ਵਿਚ ਸਾਮਰਾਜੀ ਗਲਬਾ ਭਾਰੂ ਹੋ ਰਿਹਾ ਹੈ ਤਿਉਂ-ਤਿਉਂ ਹੀ ਖੇਤਰੀ ਭਾਸ਼ਾਵਾਂ ਹੋਰ ਖੁੱਡੇ ਲਗ ਰਹੀਆਂ ਹਨ। ਵਿਦੇਸ਼ੀ ਸਮਾਰਾਜੀ ਕੰਪਨੀਆਂ ਦੀ ਆਮਦ ਲਈ ਭਾਰਤ ਸਰਕਾਰ ਨੇ ਜਮਾਤੀ ਹਿੱਤਾਂ ਤਹਿਤ ਸਾਰੇ ਦਰ-ਦਰਵਾਜ਼ੇ ਮੋਕਲੇ ਕਰ ਦਿੱਤੇ ਹਨ। ਸੱਭ ਰੋਕਾਂ ਟੋਕਾਂ ਖ਼ਤਮ ਕਰ ਦਿੱਤੀਆਂ ਹਨ। ਵਿਦੇਸ਼ੀ ਕੰਪਨੀਆਂ ਨਾਲ ਦੇਸੀ ਕੰਪਨੀਆਂ ਨੇ ਸਾਂਝ ਪਾ ਲਈ ਹੈ। ਵਿਦੇਸ਼ੀ ਕੰਪਨੀਆਂ ਮਾਹੌਲ ਵੀ ਵਿਦੇਸ਼ਾਂ ਵਾਲਾ ਹੀ ਚਾਹੁੰਦੀਆਂ ਹਨ । ਅੰਗਰੇਜ਼ੀ ਉਨ੍ਹਾਂ ਹਾਕਮਾਂ ਦੀ ਹਾਕਮੀ ਭਾਸ਼ਾ ਹੈ। ਅੰਗਰੇਜ਼ੀ ਭਾਸ਼ਾ ਜਾਨਣ ਵਾਲੇ ਹੀ ਉਨ੍ਹਾਂ ਨੂੰ ਕਲਰਕ, ਮਕੈਨਿਕ, ਡਾਕਟਰ, ਇੰਜੀਨੀਅਰ ਤੇ ਹੋਰ ਮਾਹਰ ਚਾਹੀਦੇ ਹਨ। ਉਨ੍ਹਾਂ ਲਈ ਸਭ ਤੋਂ ਜ਼ਰੂਰੀ ਹੈ ਕੋਈ ਵਿਰੋਧ ਕਰਨ ਵਾਲਾ ਨਾ ਹੋਵੇ। ਉਹ ਚਾਹੇ ਕੁਝ ਵੀ ਕਰਨ ਉਨ੍ਹਾਂ ਅੱਗੇ ਕੋਈ ਕੁਸਕੇ ਤੱਕ ਵੀ ਨਾ। ਸਿਵਾਏ ਭਾਰਤ ’ਚੋਂ ਸਸਤੀ ਮਜ਼ਦੂਰੀ ਤੇ ਖ਼ਰੀਦਦਾਰਾਂ (ਮੰਡੀ) ਦੇ ਉਨ੍ਹਾਂ ਨੂੰ ਕੋਈ ਵੀ ਹਿੱਤ ਪਿਆਰਾ ਨਹੀਂ ਹੈ। ਪਰ ਭਾਰਤੀ ਸਮਾਜ ਜੋ ਆਪਣੇ ਪੁਰਾਣੇ ਵਿਰਸੇ ਆਪਣੇ ਵਿੱਚ ਤਹਿਤ ਇੱਕ ਖਾੜਕੂ ਪਰੰਪਰਾਵਾਂ ਵਾਲਾ ਸਭਿਆਚਾਰ ਸਮਾਈ ਬੈਠਾ ਹੈ, ਉਨ੍ਹਾਂ ਨੂੰ ਗਵਾਰਾ ਨਹੀਂ ਹੈ। ਇਥੋਂ ਦੇ ਲੋਕ 1857 ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ, ਬੰਦਾ ਬਹਾਦਰ, ਸ਼ਿਵਾ ਜੀ ਮਰਹੱਟਾ ਆਦਿ ਯੋਧਿਆਂ ਦੀ ਅਗਵਾਈ ਹੇਠ ਮੁਗਲਾਂ ਵਿਰੁੱਧ ਅਤੇ ਉਸ ਤੋਂ ਬਾਅਦ ਗ਼ਦਰੀ ਪਾਰਟੀ ਬਣਾ ਕੇ ਤੇ ਅਗੋਂ ਕਿਰਤੀ ਪਾਰਟੀ, ਭਗਤ ਸਿੰਘ, ਸੁਭਾਸ਼ ਚੰਦਰ ਬੌਸ ਦੇ ਕਦਮ ਚਿੰਨ੍ਹਾਂ ’ਤੇ ਚਲਦਿਆਂ ਸਾਮਰਾਜ ਵਿਰੁੱਧ ਟੱਕਰ ਲੈਣ ਲਈ ਇਕਮੁੱਠ ਹੋਣ ਦੀ ਸੋਚ ਰਖਦੇ ਹਨ।

☛ ਬਾਕੀ ਸਫ਼ਾ 41 ’ਤੇ

## ਬਾਰੂਦੀ ਸੁਰੰਗਾਂ ਦੀ ਦਹਿਸ਼ਤ

# ਦੁਸ਼ਮਣ ਦੀ ਥਾਂ ਆਪਣਿਆਂ ਦਾ ਘਾਣ



*ਹਕੂਮਤਾਂ ਦੂਜੇ ਮੁਲਕਾਂ ਨਾਲ ਲੱਗਦੀਆਂ ਆਪਣੇ ਮੁਲਕ ਦੀਆਂ ਸਰਹੱਦਾਂ ’ਤੇ ਦੁਸ਼ਮਣਾਂ ਦੀ ਘੁਸਪੈਠ ਤੋਂ ਬਚਾਅ ਲਈ ਅਦਿੱਖ ਪਹਿਰੇਦਾਰ ਬਿਠਾ ਦਿੰਦੀਆਂ ਨੇ, ਇਹ ਅਦਿੱਖ ਪਹਿਰੇਦਾਰ ਨੇ ਬਾਰੂਦੀ ਸੁਰੰਗਾਂ, ਜੋ ਆਪਣੇ ਸਿਰ ’ਤੇ ਅਨਜਾਣੇ ਹੀ ਆਏ ਪੈਰ ਦੇ ਦਬਾਅ ਨਾਲ ਵਿਅਕਤੀ ਦੇ ਪਰਖਚੇ ਕਰ ਦਿੰਦੀਆਂ ਹਨ। ਇਸ ਤੋਂ ਵੱਡਾ ਸਰਹੱਦਾਂ ਦਾ ਰਾਖਾ ਕੌਣ ਹੋ ਸਕਦਾ ਹੈ ਭਲਾ? ਪਰ ਕੀ ਅਸੀਂ ਇਹ ਜਾਣਦੇ ਹਾਂ ਕਿ ਇਨਾਂ ਵਿਚ ਕੋਈ ਸੰਵੇਦਨਾ ਨਹੀਂ ਜੋ ਇਹ ਪਛਾਣ ਸਕੇ ਕਿ ਉਸ ’ਤੇ ਜੋ ਪੈਰ ਧਰਿਆ ਗਿਆ ਹੈ, ਉਹ ਕਿਸੇ ਦੁਸ਼ਮਣ ਦਾ ਹੈ ਜਾਂ ਆਪਣੇ ਹੀ ਮਸੂਮ ਜਾਏ ਦਾ ਹੈ। ਭਾਰਤ ਦੀ ਗੱਲ ਕਰੀਏ ਤਾਂ ਸਰਹੱਦਾਂ ’ਤੇ ਹਕੂਮਤ ਨੇ ਬਾਰੂਦੀ ਸੁਰੰਗਾਂ ਤਾਂ ਰਾਖੀ ਲਈ ਵਿਛਾ ਦਿੱਤੀਆਂ ਹਨ ਪਰ ਨੇੜੇ ਰਹਿੰਦੇ ਤੇ ਰੋਜ਼ੀ ਰੋਟੀ ਲਈ ਰੋਹੀ ਬੀਆਬਾਨ ਗਾਹੁੰਦੇ ਗੁਰਬਤ ਮਾਰਿਆਂ ਦੇ ਪੈਰ ਅਨਜਾਣੇ ਹੀ ਇਨਾਂ ’ਤੇ ਆ ਟਿਕਦੇ ਨੇ ਤੇ ਫਿਰ ਜੋ ਹੁੰਦਾ, ਵਾਪਰਦਾ ਹੈ, ਉਹ ਸੁਣ, ਵੇਖ ਕੇ ਸਚੀਓਂ ਕਾਲਜਾ ਮੂੰਹ ਨੂੰ ਆਉਂਦਾ ਹੈ।*

*ਭਾਰਤੀ ਹਕੂਮਤ ਵੱਲੋਂ ਜ਼ਮੀਨ ਵਿਚ ਦੱਬੀਆਂ ਬਾਰੂਦੀ ਸੁਰੰਗਾਂ ਕਾਰਨ ਤਬਾਹ ਹੋਏ ਮਨੁੱਖ ਜ਼ਿੰਦਗੀ ਅਤੇ ਮੌਤ ਵਿਚਾਲੇ ਜੂਝ ਰਹੇ ਹਨ। ਜ਼ਖ਼ਮਾਂ ਦੀ ਤਾਬ ਨਾ ਝੱਲਦੇ ਹੋਏ ਬਹੁਤ ਸਾਰੇ ਇਸ ਜਹਾਨ ਨੂੰ ਅਲਵਿਦਾ ਕਹਿ ਗਏ ਹਨ। ਸਰਹੱਦਾਂ ਦੇ ਨਜ਼ਦੀਕ ਖੇਤਾਂ ਵਿਚ ਨਿੱਤ ਦਿਨ ਬਾਰੂਦੀ ਸੁਰੰਗਾਂ ਫਟਣ ਨਾਲ ਬੇਕਸੂਰ ਨੌਜਵਾਨ, ਮਜ਼ਦੂਰ, ਕਿਸਾਨ ਅਤੇ ਬੱਚੇ ਆਪਣੀਆਂ ਜਾਨਾਂ ਅਤੇ ਲੱਤਾਂ-ਬਾਹਾਂ ਗੁਆ ਰਹੇ ਨੇ। ਪਲਾਸਟਿਕ ਦੀਆਂ ਬਣਾਉਟੀ ਲੱਤਾਂ ਨਾਲ ਗੀਂਗਦੇ ਪੀੜਤਾਂ ਦੇ ਦਰਦਾਂ ਦੀ ਕਦੇ ਕਿਸੇ ਨੇ ਸਾਰ ਨਹੀਂ ਲਈ। ਅਸੀਂ ਇੱਥੇ ਕੁੱਝ ਉਦਾਹਰਣਾਂ ਲੈ ਕੇ ਸਪੱਸ਼ਟ ਕਰਾਂਗੇ ਕਿ ਸਰਹੱਦੀ ਇਲਾਕਿਆਂ ਵਿਚ ਬਰੂਦੀ ਸੁਰੰਗਾਂ ਦੀ ਕਿਸ ਕਦਰ ਦਹਿਸ਼ਤ ਹੈ ਤੇ ਕਿਸ ਤਰਾਂ ਇਨਾਂ ਸੁਰੰਗਾਂ ਨੇ ਸਰਹੱਦ ਨੇੜਲੇ ਇਲਾਕਿਆਂ ਵਿਚ ਰਹਿਣ ਵਾਲੇ ਲੋਕਾਂ ਦੀ ਜ਼ਿੰਦਗੀ ਨੂੰ ਲਾਚਾਰ ਬਣਾ ਦਿੱਤਾ ਹੈ।*



## ਦੌਲਤਪੁਰਾ ਦਾ ਦੁਖਾਂਤ

ਬਰੂਦੀ ਸੁਰੰਗਾਂ ਦੇ ਘਾਣ ਬਾਰੇ ਭਾਰਤ-ਪਾਕਿਸਤਾਨ ਦੀ ਰਾਜਸਥਾਨ ਸਰਹੱਦ ਨਾਲ ਲੱਗਦੇ ਪਿੰਡਾਂ ਵਿਚੋਂ ਇਕੱਤਰ ਕੀਤੀ ਜਾਣਕਾਰੀ ਤੋਂ ਦਿਲ ਕੰਬਾਊ ਤੱਥ ਸਾਹਮਣੇ ਆਏ ਹਨ। ਪਿੰਡ ਦੌਲਤਪੁਰਾ ਦੇ ਹੁਣ ਤਕ ਦਰਜਨ ਦੇ ਕਰੀਬ ਨੌਜਵਾਨ ਆਪਣੇ ਅੰਗ ਗੁਆ ਚੁੱਕੇ ਹਨ ਅਤੇ ਕਈ ਜਾਨੋਂ ਵੀ ਮਾਰੇ ਜਾ ਚੁੱਕੇ ਹਨ। ਇਸੇ ਪਿੰਡ ਦੇ ਰਾਮ ਚੰਦਰ ਦੀਆਂ ਦੋਵੇਂ ਅੱਖਾਂ, ਦੋਵੇਂ ਹੱਥ ਬਾਰੂਦੀ ਸੁਰੰਗ ਫਟਣ ਕਾਰਨ ਉੱਡ ਗਈਆਂ ਸਨ। ਭੈ-ਭੀਤ ਕਰ ਦੇਣ ਵਾਲੇ ਉਸ ਦੇ ਚਿਹਰੇ ਵੱਲ ਦੇਖ ਕੇ ਉਸ ਤੋਂ ਕੁੱਝ ਵੀ ਪੁੱਛਣ ਦੀ ਹਿੰਮਤ ਨਹੀਂ ਰਹਿੰਦੀ। ਇੱਥੇ ਹੀ ਨਹੀਂ ਬਾਰੂਦ ਨੇ ਉਸ ਦੀ ਛਾਤੀ ਵੀ ਮਚਾ ਦਿੱਤੀ ਹੈ। ਮੌਤ ਮੰਗਦਾ 34 ਸਾਲਾਂ ਦਾ ਰਾਮ ਚੰਦਰ ਆਪਣੇ ਨਾਲ ਵਾਪਰੇ ਭਾਣੇ ਦੀ ਦੁੱਖਾਂ ਭਰੀ ਰਮਾਇਣ ਦੱਸਦਾ ਹੈ ਤਾਂ ਉਸ ਦੀਆਂ ਬਾਰੂਦ ਨਾਲ ਉੱਡੀਆਂ ਅੱਖਾਂ ਦੇ ਟੋਏ ਹੋਰ ਡੂੰਘੇ ਹੋ ਜਾਂਦੇ ਹਨ। ਮਜ਼ਦੂਰ ਪਰਿਵਾਰ ਵਿਚ ਜੰਮਿਆ ਰਾਮ ਚੰਦਰ ਆਪਣੀ ਕਿਰਤ ਕਰ ਕੇ ਪਰਿਵਾਰ ਦਾ ਰੁੱਖੀ-ਮਿੱਸੀ ਰੋਟੀ ਨਾਲ ਢਿੱਡ ਭਰ ਰਿਹਾ ਸੀ। ਉਹ ਗੰਗਾਨਗਰ ਸ਼ਹਿਰ ਵਿਚ ਕਮਿਸ਼ਨ ’ਤੇ ਸਿਲਾਈ ਕਢਾਈ ਦਾ ਕੰਮ ਕਰਦਾ ਸੀ। 25 ਸਾਲ ਦੀ ਉਮਰ ਵਿਚ 8 ਨਵੰਬਰ 2004 ਨੂੰ ਉਸ ’ਤੇ ਮੁਸੀਬਤਾਂ ਦਾ ਪਹਾੜ ਡਿੱਗ ਪਿਆ। ਉਹ ਆਪਣੇ ਰਿਸ਼ਤੇਦਾਰਾਂ ਦੇ ਖੇਤ ਵੱਲ ਗਿਆ ਤਾਂ ਉੱਥੇ ਬਾਰੂਦੀ ਸੁਰੰਗ ਦਾ ਟੋਟਾ ਪਿਆ ਹੋਇਆ ਸੀ। ਜਦੋਂ ਹੀ ਉਹ ਇਸ ਨੂੰ ਕੋਈ ਆਮ ਵਸਤੂ ਸਮਝ ਕੇ ਚੁੱਕਣ ਲੱਗਿਆ ਤਾਂ ਇਹ ਫਟ ਗਈ, ਉਸ ਦੇ ਸਰੀਰ ਦੇ ਅੱਧੇ ਅੰਗ ਉੱਡ ਗਏ। ਦਰਦ ਨਾਲ ਕਰਾਹ ਰਹੇ ਅਤੇ ਲਹੂ ਲੁਹਾਨ ਹੋਏ ਰਾਮ ਚੰਦਰ ਨੂੰ ਹਸਪਤਾਲ ਲਿਜਾਇਆ ਗਿਆ। ਰਾਮ ਚੰਦਰ ਦਾ ਪਿਤਾ ਅਮੀ ਚੰਦ ਧਾਹਾਂ ਮਾਰ ਕੇ ਰੋਂਦਾ ਹੋਇਆ ਦੱਸਦਾ ਹੈ ਕਿ ਉਸ ਨੂੰ ਅਫ਼ਸਰ ਮਿਲਟਰੀ ਹਸਪਤਾਲ ਵਿਚ ਇਲਾਜ ਲਈ ਲੈ ਗਏ। ਮਿਲਟਰੀ ਅਫ਼ਸਰਾਂ ਨੇ ਇਹ ਵਾਅਦਾ ਕਰ ਕੇ ਕਿ ਪਰਿਵਾਰ ਨੂੰ ਮੁਰੱਬਾ ਜ਼ਮੀਨ ਅਤੇ ਸਰਕਾਰੀ ਨੌਕਰੀ ਦਿੱਤੀ ਜਾਵੇਗੀ, ਕੋਈ ਕਾਰਵਾਈ ਕਰਨ ਜਾਂ ਰੌਲਾ ਨਾ ਪਾਉਣ ਲਈ ਕਿਹਾ। ਪੀੜਤ ਪਰਿਵਾਰ ਚੁੱਪ-ਚਾਪ ਇਲਾਜ ਕਰਵਾਉਂਦਾ ਰਿਹਾ। ਅਮੀ ਚੰਦ ਹਉਕਿਆਂ ’ਚ ਗੁਆਚਦਾ ਹੋਇਆ ਦੱਸਦਾ ਹੈ ਕਿ ਮੁਰੱਬੇ ਤਾਂ ਕੀ ਦੇਣੇ ਸੀ ਸਗੋਂ ਮਿਲਟਰੀ ਵਾਲਿਆਂ ਨੇ ਉਸ ਦਾ ਪੂਰਾ ਇਲਾਜ ਵੀ ਨਾ ਕਰਵਾਇਆ। ਉਹ ਆਪਣੇ ਦਮ ’ਤੇ ਹੀ ਰਾਮ ਚੰਦਰ ਨੂੰ ਲੈ ਕੇ ਅੰਮ੍ਰਿਤਸਰ, ਦਿੱਲੀ, ਮੁੰਬਈ, ਜੈਪੁਰ ਆਦਿ ਤਕ ਗਏ, ਜਿੱਥੇ ਉਨਾਂ ਦੀ ਸਾਰੀ ਪੂੰਜੀ ਦੋ ਲੱਖ ਰੁਪਏ ਦੇ ਕਰੀਬ ਖ਼ਰਚ ਹੋ ਗਈ ਅਤੇ ਕਰਜ਼ਾ ਵੀ ਚੜ ਗਿਆ। ਹੁਣ ਤਕ ਉਨਾਂ ਨੂੰ 100 ਫ਼ੀਸਦੀ ਅੰਗਹੀਣ ਦੇ ਸਰਟੀਫ਼ਿਕੇਟ ਤੋਂ ਇਲਾਵਾ ਹੋਰ ਕੁੱਝ ਨਹੀਂ ਮਿਲਿਆ। ਬਾਰੂਦ ਨਾਲ ਆਪਣੇ ਸਰੀਰ ਦੇ ਉੱਡੇ ਅੰਗ ਅਤੇ ਮੱਚਿਆ ਮਾਸ ਦਿਖਾਉਂਦਾ ਹੋਇਆ ਰਾਮ ਚੰਦਰ ਦੱਸਦਾ ਹੈ ਕਿ ਹੁਣ ਉਸ ਨੂੰ ਤੁਛ ਜਿਹੀ ਕੇਵਲ 500 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਮਿਲਦੀ ਹੈ, ਜਿਸ ਨਾਲ ਉਸ ਦੇ 6 ਮੈਂਬਰੀ ਪਰਿਵਾਰ ਦਾ ਗੁਜ਼ਾਰਾ ਵੀ ਨਹੀਂ ਹੁੰਦਾ। ਬਾਰੂਦੀ ਸੁਰੰਗ ਵਿਚ ਸਭ ਕੁੱਝ ਗੁਆ ਚੁੱਕੇ ਰਾਮ ਚੰਦਰ ਦੀਆਂ ਦੋ ਮਸੂਮ ਬੱਚੀਆਂ ਯਸ਼ੋਦਾ ਅਤੇ ਨੇਹਾ ਹਨ। ਉਸ ਦੇ ਦੋ ਸਾਲ ਦੇ ਬੱਚੇ ਨੂੰ ਆਪਣੇ ਬਾਪ ਨਾਲ ਹੋਏ ਇੰਨੇ ਵੱਡੇ ਹਾਦਸੇ ਬਾਰੇ ਅਜੇ ਪਤਾ ਲੱਗਣਾ ਹੈ। ਰਾਮ ਚੰਦਰ ਦੱਸਦਾ ਹੈ ਕਿ ਉਹ ਆਪਣੀ ਫ਼ਰਿਆਦ ਲੈ ਕੇ ਰਾਜਸਥਾਨ ਦੇ ਸਾਬਕਾ ਮੁੱਖ ਮੰਤਰੀ ਵਸੁੰਧਰਾ ਰਾਜੇ, ਮੌਜੂਦਾ ਮੁੱਖ ਮੰਤਰੀ ਅਸ਼ੋਕ ਗਹਿਲੋਤ ਕੋਲ ਵੀ ਗਿਆ ਪਰ ਕਿਸੇ ਨੇ ਉਸ ਦਾ ਦਰਦ ਨਹੀਂ ਸੁਣਿਆ। ਹੁਣ ਉਸ ਨੇ ਡੀ. ਸੀ. ਗੰਗਾਨਗਰ ਨੂੰ ਮਿਲਣ ਤੋਂ ਬਾਅਦ ਧਮਕੀ ਵੀ ਦਿੱਤੀ ਸੀ ਕਿ ਜੇ ਸਰਕਾਰ ਨੇ ਉਸ ਦੇ ਪਰਿਵਾਰ ਦਾ ਕੁੱਝ ਨਹੀਂ ਕੀਤਾ ਤਾਂ ਉਹ ਭੁੱਖ ਨਾਲ ਮਰਨ ਦੀ ਥਾਂ ਪਰਿਵਾਰ ਸਮੇਤ ਖੁਦਕੁਸ਼ੀ ਕਰ ਲਵੇਗਾ।



ਬਾਰੂਦੀ ਸੁਰੰਗ ਫਟਣ ਕਰਕੇ ਆਪਣੇ ਹੱਥ, ਅੱਖਾਂ ਗੁਆ ਚੁੱਕਿਆ ਰਾਮ ਚੰਦਰ ਮਚੀ ਹੋਈ ਛਾਤੀ ਦਿਖਾਉਂਦਾ ਹੋਇਆ।

ਇਸੇ ਦੌਲਤਪੁਰੇ ਪਿੰਡ ਦੇ 14 ਸਾਲਾ ਬੱਚੇ ਕਮਲ ਦੀ ਕਮਲ ਦੇ ਫੁੱਲ ਵਰਗੀ ਜ਼ਿੰਦਗੀ ਬਾਰੂਦੀ ਸੁਰੰਗਾਂ ਨੇ ਰਾਖ ਕਰ ਦਿੱਤੀ। ਬੱਚੇ ਦੇ ਦੁੱਖ ਵਿਚ ਉਸ ਦਾ ਪਿਤਾ ਵੀ ਖੁਦਕੁਸ਼ੀ ਕਰ ਗਿਆ, ਜਿਸ ਨੂੰ 7ਵੀਂ ਕਲਾਸ ਵਿਚ ਪੜਦੇ ਆਪਣੇ ਇਸ ਬੱਚੇ ’ਤੇ ਬਹੁਤ ਸਾਰੀਆਂ ਉਮੀਦਾਂ ਸਨ। ਬਾਰੂਦੀ ਸੁਰੰਗ ਫਟਣ ਨਾਲ ਕਮਲ ਦੇ ਨਾਲ 5 ਹੋਰ ਨੌਜਵਾਨ ਵੀ ਗੰਭੀਰ ਜ਼ਖ਼ਮੀ ਹੋ ਗਏ ਸਨ। ਅੱਖਾਂ ਵਿਚੋਂ ਦੁੱਖਾਂ ਦੇ ਸਮੁੰਦਰ ਦੇ ਅੱਥਰੂ ਵਹਾਉਂਦੀ ਹੋਈ ਉਸ ਦੀ ਬਿਰਧ ਮਾਤਾ ਭਗਵੰਤੀ ਸਕੁੰਤਲਾ ਦੱਸਦੀ ਹੈ ਕਿ ਭਾਰਤੀ ਫ਼ੌਜ ਬੱਚਿਆਂ ਤੋਂ ਲੱਸੀ ਆਦਿ ਮੰਗਵਾਉਂਦੀ ਸੀ ਅਤੇ ਉੱਥੇ ਹੀ ਗੈਰ-ਕਾਨੂੰਨੀ ਤੌਰ ’ਤੇ ਬਾਰੂਦੀ ਸੁਰੰਗਾਂ ਦਾ ਕੰਮ ਕਰਵਾਉਣ ਲੱਗ ਪੈਂਦੀ ਸੀ। ਸੰਨ 2001 ਦੇ ਅਖੀਰਲੇ ਮਹੀਨੇ ਦੀ 24ਵੀਂ ਤਾਰੀਖ਼ ਨੂੰ ਕਮਲ ਆਪਣੇ ਸਾਥੀਆਂ ਸਮੇਤ ਭਾਰਤੀ ਹਕੂਮਤ ਦੇ ਰਾਖਿਆਂ ਨੂੰ ਲੱਸੀ ਦੇਣ ਗਿਆ ਤਾਂ ਫੌਜ ਨੇ ਅਣ-ਅਧਿਕਾਰਤ ਤੌਰ ’ਤੇ ਹੀ ਇਨਾਂ ਬੱਚਿਆਂ ਨੂੰ ਆਪਣੇ ਨਾਲ ਬਾਰੂਦ ਵਾਲਾ ਸਾਮਾਨ ਚੁੱਕਣ, ਰੱਖਣ ’ਤੇ ਲਾ ਲਿਆ। ਜਦੋਂ ਇਹ ਬੱਚਾ ਬਾਰੂਦੀ ਸੁਰੰਗ ਵਾਲਾ ਡੱਬਾ ਰੱਖ ਰਿਹਾ ਸੀ ਤਾਂ ਬਰੂਦ ਅਚਾਨਕ ਫਟ ਗਿਆ, ਜਿਸ ਨਾਲ ਉਸ ਦਾ 15 ਸਾਲਾ ਤਾਏ ਦਾ ਲੜਕਾ ਪਾਲਾ ਰਾਮ ਪੁੱਤਰ ਡੂੰਗਰ ਰਾਮ, ਪਿੰਡ ਦਾ ਨੌਜਵਾਨ ਮੰਗਾ ਸਿੰਘ (19), ਪੱਪੂ ਸਿੰਘ ਪੁੱਤਰ ਦੁੱਲਾ ਸਿੰਘ (38) ਅਤੇ ਕੁਦਰੀ ਸਿੰਘ (45) ਵੀ ਗੰਭੀਰ ਜ਼ਖ਼ਮੀ ਹੋ ਗਏ। ਭਾਰਤੀ ਫੌਜ ਦੇ ਭਾਅ ਦੀ ਬਣ ਗਈ, ਸਾਰੇ ਜ਼ਖ਼ਮੀ ਬੱਚਿਆਂ/ਨੌਜਵਾਨਾਂ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਕਮਲ ਦੀ ਮੌਤ ਹੋ ਗਈ। ਮ੍ਰਿਤਕ ਬੱਚੇ ਦੇ ਅੰਤਿਮ ਸੰਸਕਾਰ ’ਤੇ ਚਾਲ ਖੇਡਦਿਆਂ ਸਰਕਾਰ ਵੱਲੋਂ ਉਸ ਨੂੰ “ਸ਼ਹੀਦ” ਕਰਾਰ ਦਿੰਦਿਆਂ ਮੁਰੱਬਾ ਜ਼ਮੀਨ ਅਲਾਟ ਕਰਨ ਅਤੇ ਭਰਾ ਨੂੰ ਸਰਕਾਰੀ ਨੌਕਰੀ ਦੇਣ ਦਾ ਐਲਾਨ ਡੀ. ਸੀ. ਗੰਗਾਨਗਰ ਵਾਈ. ਏ. ਖਾਨ ਨੇ ਕੀਤਾ, ਜੋ ਕਿ ਦੂਜਿਆਂ ਨਾਲ ਕੀਤੇ ਵਾਅਦਿਆਂ ਵਾਂਗ ਕਦੇ ਪੂਰਾ ਨਹੀਂ ਹੋਵੇਗਾ।




ਬਲਜਿੰਦਰ ਕੋਟਭਾਰਾ
+91-96536-12211



ਅਮਨਦੀਪ ਹਾਂਸ



# BLITZ AUTO CANADA

3207-97 Street, Edmonton, Alberta, T6N 1B7, Canada

Full Maintenance Service



- Breaks
- Muffler
- Suspension
- Lube & Oil
- Tires
- Batteries

Umesh Amin

email: unamin@gmail.com



Phone:780 463 2886

WE CARE YOUR CAR BETTER

ਪੀੜਤ ਪਰਿਵਾਰ ਨਾਲ ਆਰਮੀ ਵੱਲੋਂ ਕੀਤੇ ਕੋਝੇ ਮਜ਼ਾਕ ਬਾਰੇ ਗੱਲ ਕਰਦਿਆਂ ਸ਼ਕੁੰਤਲਾ ਦੱਸਦੀ ਹੈ ਕਿ 7 ਸਾਲ ਪਹਿਲਾਂ ਫ਼ੌਜ ਮ੍ਰਿਤਕ ਕਮਲ ਦੇ ਵੱਡੇ ਭਰਾ ਭੀਮ ਸੈਨ (24) ਨੂੰ ਨੌਕਰੀ ਦਾ ਲਾਲਚ ਦੇ ਕੇ ਲੈ ਗਈ ਪਰ ਢਾਈ ਸਾਲ ਗੋਲਾ-ਧੰਦਾ ਕਰਵਾਉਣ ਤੋਂ ਮਗਰੋਂ ਬੇਰੰਗ ਮੋੜ ਦਿੱਤਾ। ਉਹ ਦੱਸਦੀ ਹੈ ਕਿ ਫ਼ੌਜ ਦੇ ਇਨਾਂ ਦਿੱਤੇ ਦੁੱਖਾਂ ਕਾਰਨ ਤੇ ਆਪਣੇ ਬੱਚੇ ਦੇ ਵਿਛੋੜੇ ਵਿਚ ਉਸ ਦਾ ਪਤੀ ਦੇਵੀ ਲਾਲ ਵੀ 7 ਸਾਲ ਪਹਿਲਾਂ ਆਤਮ ਹੱਤਿਆ ਕਰ ਗਿਆ।

ਇਸੇ ਪਿੰਡ ਦੇ ਦਲੀਪ ਕੁਮਾਰ ਦੀ ਬਾਰੂਦੀ ਸੁਰੰਗ ਨੇ ਦਹਾਕਾ ਪਹਿਲਾਂ ਲੱਤ ਉਡਾ ਦਿੱਤੀ ਸੀ, ਜਿਸ ਦਾ ਜ਼ਖ਼ਮ ਨਾ ਕੇਵਲ ਅਜੇ ਤਕ ਰਿਸ ਰਿਹਾ ਹੈ ਸਗੋਂ ਉਸ ਨੂੰ ਇਹ ਲੱਤ ਵਾਰ ਵਾਰ ਕਟਵਾਉਣੀ ਵੀ ਪੈਂਦੀ ਹੈ। ਕੇਵਲ ਤਿੰਨ ਵਿਘਿਆਂ ਦਾ ਮਾਲਕ ਦਲੀਪ ਕੁਮਾਰ ਦੱਸਦਾ ਹੈ ਕਿ 7 ਫ਼ਰਵਰੀ 2002 ਨੂੰ ਜਦੋਂ ਉਹ ਆਪਣੇ ਖੇਤੋਂ ਪਸ਼ੂਆਂ ਲਈ ਚਾਰਾ ਲੈ ਕੇ ਆ ਰਿਹਾ ਸੀ ਤਾਂ ਭਾਰਤੀ ਫੌਜ ਵੱਲੋਂ ਉਸ ਦੀ ਜ਼ਮੀਨ ਵਿਚ ਦੱਬੀ ਬਾਰੂਦੀ ਸੁਰੰਗ ਫਟ ਜਾਣ ਕਾਰਨ ਉਸ ਦੀ ਖੱਬੀ ਲੱਤ ਪਿੰਜਣੀ ਕੋਲੋਂ ਉੱਡ ਗਈ। ਉਸ ਨੇ ਛੇ ਸਾਲ ਇਲਾਜ ਕਰਵਾਇਆ ਜਿਸ 'ਤੇ ਲੱਖਾਂ ਰੁਪਏ ਖ਼ਰਚ ਹੋ ਗਏ ਅਤੇ ਉਸ ਦੇ ਸਿਰ 6 ਲੱਖ ਰੁਪਏ ਦਾ ਕਰਜ਼ਾ ਵੀ ਚੜ ਗਿਆ। ਰਿਸ ਰਹੀ ਲੱਤ ਦਿਖਾਉਂਦਾ ਹੋਇਆ ਦਲੀਪ ਕੁਮਾਰ ਦੱਸਦਾ ਹੈ ਕਿ ਇਹ ਜ਼ਖ਼ਮ ਅੱਲਾ ਰਹਿਣ ਕਰ ਕੇ ਲੱਤ ਦੋ ਤਿੰਨ ਵਾਰ ਕਟਵਾਉਣੀ ਪਈ ਜੋ ਹੁਣ ਕੱਟਦਿਆਂ ਕੱਟਦਿਆਂ ਗੋਡੇ ਤਕ ਚਲੀ ਗਈ ਹੈ। ਖਾਮੋਸ਼ ਹੋ ਕੇ ਕੁੱਝ ਪਲਾਂ ਮਗਰੋਂ ਦਲੀਪ ਕੁਮਾਰ ਆਪਣੇ ਦਰਦਾਂ ਨੂੰ ਅਤੀਤ ਵਿਚ ਦੇਖਦਾ ਹੋਇਆ ਇਸ ਦੇ ਵਰਤਮਾਨ ਅਤੇ ਭਵਿੱਖ 'ਤੇ ਮਾੜੇ ਅਸਰਾਂ ਨੂੰ ਦੱਸਦਾ ਹੈ। ਆਪਣੇ ਨੌਜਵਾਨ ਬੇਟੇ ਵੱਲ ਇਸ਼ਾਰਾ ਕਰ ਕੇ ਉਹ ਆਖਦਾ ਹੈ ਕਿ ਉਸ ਦੀ ਅਪੰਗਤਾ ਨੇ ਪੁੱਤਰ ਦੀ ਜ਼ਿੰਦਗੀ ਵੀ ਬਰਬਾਦ ਕਰ ਦਿੱਤੀ ਹੈ। ਲੱਤ ਦੇ ਇਲਾਜ 'ਤੇ ਲੱਖਾਂ ਰੁਪਏ ਦੇ ਖ਼ਰਚ, ਕਰਜ਼ਿਆਂ ਦਾ ਚੜਨਾ ਅਤੇ ਕਮਾਈ ਦੇ ਬੰਦ ਹੋਣ ਕਾਰਨ ਉਸ ਦੇ 4 ਸਾਲ ਤਕ ਪੜਾਈ ਛੱਡਣ ਕਾਰਨ ਉਹ ਬੀ. ਏ. ਦੇ ਪਹਿਲੇ ਸਾਲ ਤਕ ਹੀ ਪੜ ਸਕਿਆ। ਚਾਰ ਸਾਲ ਪਹਿਲਾਂ ਡੀ. ਸੀ. ਗੰਗਾਨਗਰ ਨੇ ਉਸ ਨੂੰ ਸਰਕਾਰ ਵੱਲੋਂ ਵਿੱਤੀ ਮਦਦ ਦਾ ਭਰੋਸਾ ਵੀ ਦਿਵਾਇਆ ਪਰ ਇਹ ਭਰੋਸਾ ਵੀ ਸਰਕਾਰੀ ਝੂਠ ਹੀ ਸਾਬਤ ਹੋਇਆ। ਦਲੀਪ ਕੁਮਾਰ ਸਖ਼ਤ ਰੋਸਾ ਕਰਦਾ ਹੋਇਆ ਆਖਦਾ ਹੈ ਕਿ ਭਾਰਤੀ ਫ਼ੌਜ ਉਨਾਂ ਦੀਆਂ ਫ਼ਸਲਾਂ ਵਿਚ ਬਾਰੂਦੀ ਸੁਰੰਗਾਂ ਵਿਛਾ ਰਹੀ ਹੈ, ਪਰ ਇਸ ਬਾਰੇ ਨਾ ਕੋਈ ਸਲਾਹ ਲਈ ਜਾਂਦੀ ਹੈ ਅਤੇ ਨਾ ਹੀ ਕਿਸਾਨਾਂ ਨੂੰ ਦੱਸਿਆ ਜਾਂਦਾ ਹੈ, ਬਾਰੂਦ ਫਟਣ ਨਾਲ ਮਰਨ 'ਤੇ ਕੋਈ ਮਦਦ ਵੀ ਨਹੀਂ ਕੀਤੀ ਜਾਂਦੀ।

ਦੌਲਤਪੁਰਾ ਪਿੰਡ ਦੇ ਓਮ ਪ੍ਰਕਾਸ਼ ਦੀ ਬਾਰੂਦੀ ਸੁਰੰਗਾਂ ਨੇ ਜਵਾਨੀ ਵਿਚ ਹੀ ਜਾਨ ਲੈ ਲਈ। ਬਾਰੂਦੀ ਧਮਾਕੇ ਨਾਲ ਉਸ ਦੀ ਜਾਨ ਉਸ ਦੇ ਅੰਮੀ ਜਾਏ ਦੇ ਸਾਹਮਣੇ ਨਿਕਲੀ ਜਿਹੜਾ ਆਪ ਵੀ ਜ਼ਖ਼ਮੀ ਹੋ ਗਿਆ ਸੀ। ਬਾਰੂਦੀ ਸੁਰੰਗ ਵਿਚ ਜ਼ਖ਼ਮੀ ਹੋ ਕੇ ਆਪਣੇ ਸੱਜੇ ਪੈਰ ਦਾ ਕੁੱਝ ਹਿੱਸਾ ਗੁਆ ਚੁੱਕੇ ਵੇਗ ਰਾਜ ਦੀਆਂ ਅੱਖਾਂ ਸਾਹਮਣੇ ਅਜੇ ਵੀ ਉਹ ਧਮਾਕਾ ਆ ਜਾਂਦਾ ਹੈ ਜਿਸ ਨੇ ਉਸ ਦੇ ਬੇਕਸੂਰ ਭਰਾ ਦੀ ਜਾਨ ਲੈ ਲਈ ਸੀ। 35 ਸਾਲਾ ਨੌਜਵਾਨ ਵੇਗ ਰਾਜ ਦੱਸਦਾ ਹੈ ਕਿ 20 ਅਕਤੂਬਰ 2002 ਨੂੰ ਜਦੋਂ ਜ਼ਿਮੀਦਾਰਾਂ ਤੋਂ 5ਵੇਂ ਹਿੱਸੇ 'ਤੇ ਲਏ ਖੇਤ ਵਿਚ ਕੰਮ ਕਰਨ ਜਾ ਰਹੇ ਸਨ ਤਾਂ ਅਚਾਨਕ ਬਾਰੂਦੀ ਸੁਰੰਗ ਫਟ ਗਈ ਜਿਸ ਕਾਰਨ ਉਸ ਦਾ 35 ਸਾਲਾ ਭਰਾ ਓਮ ਪ੍ਰਕਾਸ਼ ਲਹੂ ਲੁਹਾਨ ਹੋ ਕੇ ਉਸ ਦੀਆਂ ਅੱਖਾਂ ਸਾਹਮਣੇ ਹੀ ਤੜਪ-ਤੜਪ ਕੇ ਜਾਨ ਦੇ ਗਿਆ। ਵੇਗ ਰਾਜ ਨੂੰ ਇਲਾਜ ਲਈ ਹਸਪਤਾਲ ਭਰਤੀ ਕਰਵਾਇਆ ਗਿਆ। ਇਲਾਜ ਕਰਵਾਉਣ ਲਈ ਉਨਾਂ ਨੂੰ ਆਪਣੀ ਰੋਜ਼ੀ ਦਾ ਇਕੋ-ਇਕ ਸਾਧਨ ਮੱਝ ਵੀ ਵੇਚਣੀ ਪਈ ਅਤੇ ਕੁੱਝ ਕਰਜ਼ਾ ਵੀ ਚੜ ਗਿਆ। ਪਿੰਡ ਦੇ ਲੋਕਾਂ ਦਾ ਗੋਹਾ ਕੂੜਾ ਕਰ ਕੇ ਆਪਣਾ ਪੇਟ ਪਾਲ ਰਹੀ ਓਮ ਪ੍ਰਕਾਸ਼ ਦੀ ਵਿਧਵਾ ਕਮਲਾ ਦੇਵੀ ਦੱਸਦੀ ਹੈ ਕਿ ਸਰਕਾਰ ਨੇ ਉਸ ਦੇ ਮ੍ਰਿਤਕ ਪਤੀ ਦਾ ਮੁੱਲ ਢਾਈ ਲੱਖ ਰੁਪਏ ਅਤੇ ਉਸ ਦੇ ਦਿਓਰ ਦੇ ਅੰਗਹੀਣ ਹੋਣ ਦਾ ਇੱਕ ਲੱਖ ਰੁਪਏ ਪਾ ਕੇ ਸਾਰ ਦਿੱਤਾ ਹੈ।

# ਉੱਡੀ ਲੱਤ ਅਤੇ ਅਪੰਗਤਾ ਦਾ ਮੁੱਲ ਡੇਢ ਲੱਖ



ਇਸ ਸਰਹੱਦ ਤੋਂ 9 ਕਿਲੋਮੀਟਰ ਦੂਰ ਪਿੰਡ ਮਿਰਜ਼ੇਵਾਲਾ ਵਿਚ ਵੀ ਬਾਰੂਦੀ ਸੁਰੰਗਾਂ ਨਾਲ ਲੱਤਾਂ-ਬਾਹਾਂ ਖ਼ਤਮ ਕਰਵਾ ਚੁੱਕੇ ਲੋਕ ਦਰਦ ਹੰਢਾ ਰਹੇ ਹਨ। ਇਸ ਪਿੰਡ ਦਾ 60 ਸਾਲਾ ਮੱਖਣ ਸਿੰਘ ਆਪਣੇ ਨਾਲ 15 ਸਾਲ ਪਹਿਲਾਂ ਹੋਈ ਬੇਇਨਸਾਫ਼ੀ ਦੀ ਕਹਾਣੀ ਬਿਆਨ ਕਰਦਾ ਹੈ। ਮੱਖਣ ਸਿੰਘ ਦੱਸਦਾ ਹੈ ਕਿ ਸੰਨ 1998 ਵਿਚ ਉਹ ਆਪਣੇ ਖੇਤ ਪਾਣੀ ਦੀ ਵਾਰੀ ਲਈ ਗੇੜਾ ਮਾਰਨ ਜਾ ਰਿਹਾ ਸੀ ਕਿ ਜਦੋਂ ਉਸ ਨੇ ਵੱਟ 'ਤੇ ਪੈਰ ਰੱਖਿਆ ਤਾਂ ਬਾਰੂਦੀ ਸੁਰੰਗ ਫਟਣ ਨਾਲ ਜ਼ੋਰਦਾਰ ਧਮਾਕਾ ਹੋਇਆ। ਇਸ ਧਮਾਕੇ ਵਿਚ ਮੱਖਣ ਸਿੰਘ ਮਿਸਤਰੀ ਦੀ ਖੱਬੀ ਲੱਤ ਗੋਡੇ ਤੋਂ ਹੇਠਾਂ ਤਕ ਉੱਡ ਗਈ। ਮੱਖਣ ਸਿੰਘ ਦਾ ਗੰਗਾਨਗਰ ਦੇ ਸਰਕਾਰੀ ਹਸਪਤਾਲ ਵਿਚੋਂ ਇਲਾਜ ਕਰਵਾਇਆ ਗਿਆ। ਮੱਖਣ ਸਿੰਘ ਦੱਸਦਾ ਹੈ ਕਿ ਭਾਰਤੀ ਮਿਲਟਰੀ ਨੇ ਉਸ ਦੀ ਉੱਡੀ ਲੱਤ ਅਤੇ ਅਪੰਗਤਾ ਦਾ ਮੁੱਲ ਡੇਢ ਲੱਖ ਰੁਪਏ ਪਾ ਕੇ ਸਾਰ ਦਿੱਤਾ। ਉਸ ਨਾਲ ਚੰਗੀ ਪੈਨਸ਼ਨ ਦਾ ਕੀਤਾ ਵਾਅਦਾ ਵੀ ਵਫ਼ਾ ਨਾ ਹੋ ਸਕਿਆ। 2 ਮਹੀਨੇ ਤਕ ਚੱਲੇ ਇਲਾਜ 'ਤੇ ਹੀ ਉਸ ਦਾ ਇੱਕ ਲੱਖ ਰੁਪਿਆ ਖ਼ਰਚ ਆ ਗਿਆ ਸੀ। ਇਸ ਧਮਾਕੇ ਨੇ ਮੱਖਣ ਸਿੰਘ ਦੀ ਬਾਕੀ ਬਚਦੀ ਅਪੰਗ ਜ਼ਿੰਦਗੀ ਅੱਗੇ ਅਣਗਿਣਤ ਚੁਣੌਤੀਆਂ ਖੜੀਆਂ ਕਰ ਦਿੱਤੀਆਂ ਹਨ। ਉਸ ਦੀ ਇਹ ਲੱਤ ਦਿਨੋਂ ਦਿਨ ਸੁੱਕਦੀ ਜਾ ਰਹੀ ਹੈ, ਜਿਸ ਕਰ ਕੇ ਉਸ ਨੂੰ ਕੁੱਝ ਸਮੇਂ ਮਗਰੋਂ ਪਲਾਸਟਿਕ ਦੀ ਬਣਾਉਟੀ ਲੱਤ ਦਾ ਖ਼ਰਚ ਉਠਾਉਣਾ ਪੈਂਦਾ ਹੈ। ਢਾਈ ਸਾਲ ਪਹਿਲਾਂ ਬਦਲਾਈ ਪਲਾਸਟਿਕ ਦੀ ਲੱਤ ਵਾਲਾ ਖੋਲ ਹੁਣ ਫਿਰ ਖੁੱਲਾ ਹੋ ਗਿਆ ਹੈ, ਕਿਉਂਕਿ ਉੱਡੀ ਹੋਈ ਲੱਤ ਦਾ ਬਾਕੀ ਬਚਿਆ ਭਾਗ ਸੁੱਕ ਕੇ ਸੁੰਗੜ ਗਿਆ। ਪਰ ਮਾੜੀ ਵਿੱਤੀ ਹਾਲਤ ਕਾਰਨ ਮੱਖਣ ਸਿੰਘ ਲੱਤ 'ਤੇ ਦਰਜਨਾਂ ਲੀਰਾਂ ਲਪੇਟ ਕੇ ਕੰਮ ਸਾਰਨ ਦੀ ਕੋਸ਼ਿਸ਼ ਕਰਦਾ ਹੈ, ਜਿਸ ਦੇ ਚੱਲਦਿਆਂ ਗਰਮੀ ਕਾਰਨ ਪਸੀਨਾ ਆ ਕੇ ਉਸ ਦੀ ਲੱਤ 'ਤੇ ਜ਼ਖ਼ਮ ਹੋ ਰਹੇ ਹਨ। ਮੱਖਣ ਸਿੰਘ ਦੀ ਜੀਵਨ ਸਾਥਣ ਦੱਸਦੀ ਹੈ ਕਿ ਇਸ ਧਮਾਕੇ ਨੇ ਉਸ ਦੀ ਜ਼ਿੰਦਗੀ ਬਰਬਾਦ ਕਰ ਦਿੱਤੀ। ਤਿੰਨ ਸਾਲ ਪਹਿਲਾਂ ਉਸ ਨੂੰ ਦਿਲ ਦੀ ਗੰਭੀਰ ਬਿਮਾਰੀ ਨੇ ਘੇਰ ਲਿਆ। ਡਾਕਟਰਾਂ ਦਾ ਕਹਿਣਾ ਹੈ ਕਿ ਇਸ ਦੀ ਸਰਜਰੀ 'ਤੇ 4 ਲੱਖ ਰੁਪਏ ਖ਼ਰਚ ਆਵੇਗਾ, ਪਰ ਮੱਖਣ ਸਿੰਘ ਕੋਲ ਤਾਂ ਬਣਾਉਟੀ ਲੱਤ ਜੋਗੇ ਪੈਸੇ ਨਹੀਂ ਹਨ, ਇਸ ਕਰ ਕੇ ਉਸ ਨੇ ਹਾਲਤਾਂ ਨਾਲ ਸਮਝੌਤਾ ਕਰ ਕੇ ਦਵਾਈਆਂ ਆਸਰੇ ਜ਼ਿੰਦਗੀ ਰੁੜਦੀ ਰੱਖਣ ਦਾ ਫੈਸਲਾ ਲਿਆ ਹੈ।

# ਜ਼ਿੰਦਗੀ ਤਾਰ-ਤਾਰ

ਗੰਗਾਨਗਰ ਜ਼ਿਲੇ ਦੇ ਦੱਖਣੀ ਪਾਸੇ 'ਤੇ ਭਾਰਤ-ਪਾਕਿਸਤਾਨ ਦੀ ਸਰਹੱਦ ਤੋਂ 7 ਕਿਲੋਮੀਟਰ ਦੂਰ ਨਹਿਰੀ ਪਾਣੀ ਵਾਲੇ ਮੋਘਿਆਂ ਦੇ ਨਾਂਅ 'ਤੇ ਰੱਖੇ ਪਿੰਡਾਂ ਵਿਚ ਵੀ ਅਨੇਕਾਂ ਬੇਕਸੂਰ ਕਿਰਤੀ ਨੌਜਵਾਨ ਬਾਰੂਦੀ ਸੁਰੰਗਾਂ ਕਾਰਨ ਲੱਤਾਂ, ਬਾਂਹਾਂ ਅਤੇ ਜਾਨਾਂ ਗੁਆ ਚੁੱਕੇ ਹਨ। 22 ਐਚ. ਦੀ ਰਹਿਣ ਵਾਲੀ ਅਤੇ ਰਾਜ ਮਿਸਤਰੀ ਦਾ ਕਿੱਤਾ ਕਰਨ ਵਾਲੇ ਪਰਿਵਾਰ ਨਾਲ ਸਬੰਧਤ ਮਜ਼ਦੂਰ ਔਰਤ ਅਮਰਜੀਤ ਕੌਰ ਦੀ 2007 ਵਿਚ ਗਾਂ ਖੋਲਣ ਗਈ ਦੀ ਬਾਰੂਦੀ ਸੁਰੰਗ ਫਟਣ ਕਾਰਨ ਖੱਬੀ ਲੱਤ ਪਿੰਜਣੀ ਕੋਲੋਂ ਉੱਡ ਗਈ। ਇਸ ਧਮਾਕੇ ਵਿਚ ਉਸ ਦੀ ਗਾਂ ਦੇ ਚੀਥੜੇ ਉੱਡ ਗਏ।



ਪਿੰਡ ਧਲੂਰ ਦੀ ਮੁਖਤਿਆਰ ਕੌਰ ਆਪਣੇ ਮ੍ਰਿਤਕ ਬੇਟੇ ਕੁਲਵੰਤ ਸਿੰਘ ਨੂੰ ਯਾਦ ਕਰਕੇ ਰੋਂਦੀ ਹੋਈ ਜਿਸ ਦੇ ਧਮਾਕੇ ਕਾਰਣ ਚੀਥੜੇ ਉੱਡ ਗਏ ਸਨ।

ਪਿੰਡ ਵਿਚ ਲੋਕਾਂ ਦੇ ਚੁੱਲੇ ਚੌਕਿਆਂ 'ਤੇ ਕੰਮ ਕਰ ਕੇ ਰੋਜ਼ਾਨਾ ਡੇਢ ਸੌ ਰੁਪਏ ਕਮਾਉਣ ਵਾਲੀ ਅਮਰਜੀਤ ਕੌਰ ਹੁਣ ਬਿਲਕੁਲ ਅਪਾਹਜ ਹੋ ਚੁੱਕੀ ਹੈ। ਆਪਣੀ ਜ਼ਿੰਦਗੀ ਦੇ ਰੋਣੇ ਰੋਂਦੀ ਅਮਰਜੀਤ ਕੌਰ ਦੱਸਦੀ ਹੈ ਕਿ ਇਸ ਧਮਾਕੇ ਨੇ ਉਨਾਂ ਦੀ ਜ਼ਿੰਦਗੀ ਵੀ ਤਾਰ-ਤਾਰ ਕਰ ਦਿੱਤੀ ਹੈ। ਉਸ ਦੇ ਇਲਾਜ 'ਤੇ ਹੋਏ ਖ਼ਰਚ ਨੇ ਪਰਿਵਾਰ ਦਾ ਦੀਵਾਲਾ ਕੱਢ ਕੇ ਰੱਖ ਦਿੱਤਾ। ਪੀੜਤ ਕਿਰਤੀ ਪਰਿਵਾਰ 'ਤੇ ਹਜ਼ਾਰਾਂ ਰੁਪਏ ਦਾ ਕਰਜ਼ਾ ਚੜ ਗਿਆ ਹੈ। ਉਨਾਂ ਦੀਆਂ ਬੱਕਰੀਆਂ ਅਤੇ ਮੱਝਾਂ ਆਦਿ ਪਸ਼ੂ ਵੀ ਕਰਜ਼ੇ ਦੀ ਭੇਟ ਚੜ ਗਏ।

ਨਜ਼ਦੀਕੀ ਪਿੰਡ 6 ਬੀ. ਧਲੂਰ ਅੰਗਰੇਜ਼ ਸਿੰਘ ਦੀ 18 ਸਾਲ ਦੀ ਉਮਰ ਵਿਚ ਬਾਰੂਦੀ ਸੁਰੰਗਾਂ ਨੇ ਉਸ ਵੇਲੇ ਬਲੀ ਲੈ ਲਈ ਜਦੋਂ ਉਹ ਖੇਤਾਂ ਦਾ ਪੁੱਤ ਮਿੱਟੀ ਵਿਚੋਂ ਆਪਣੀ ਰੋਟੀ-ਰੋਜ਼ੀ ਤਲਾਸ਼ ਰਿਹਾ ਸੀ। ਉਸ ਦੀ ਮਾਤਾ ਆਪਣੇ ਜਾਏ ਦੇ ਦੁੱਖਾਂ ਬਾਰੇ ਦੱਸਦੀ ਹੈ ਕਿ 23 ਅਗਸਤ 2002 ਨੂੰ ਜਦੋਂ ਅੰਗਰੇਜ਼ ਸਿੰਘ ਜ਼ਿਮੀਦਾਰਾਂ ਦੇ ਖੇਤਾਂ ਵਿਚੋਂ ਉਨਾਂ ਦੇ ਡੰਗਰਾਂ ਲਈ ਤੂੜੀ ਢੋਹ ਰਿਹਾ ਸੀ ਤਾਂ ਅਚਾਨਕ ਉਸ ਦਾ ਪੈਰ ਬਾਰੂਦੀ ਸੁਰੰਗ 'ਤੇ ਟਿਕ ਗਿਆ, ਜਿਸ ਨੇ ਉਸ ਦੀ ਜਾਨ ਲੈ ਲਈ, ਭੁੱਬਾਂ ਮਾਰ ਕੇ ਰੋਂਦੀ ਹੋਈ ਅੰਗਰੇਜ਼ ਸਿੰਘ ਦੀ ਮਾਂ ਦੱਸਦੀ ਹੈ ਕਿ ਬਾਰੂਦੀ ਸੁਰੰਗ ਦੇ ਫਟਦਿਆਂ ਹੀ ਖੇਤ ਦੇ ਮਾਲਕ ਜ਼ਿਮੀਂਦਾਰ ਭੱਜ ਗਏ ਅਤੇ ਉਸ ਦਾ ਪੁੱਤ ਤੜਫਦਾ ਹੋਇਆ ਕਹਿ ਰਿਹਾ ਸੀ ਕਿ ਉਸ ਨੂੰ ਛੱਡ ਕੇ ਨਾ ਜਾਓ, ਚੁੱਕ ਕੇ ਲੈ ਜਾਓ, ਪਰ ਡਾਢਿਆਂ ਦੇ ਪੱਥਰ ਦਿਲਾਂ ਨੂੰ ਕਿਰਤੀ ਦੇ ਪੁੱਤ ਦੀਆਂ ਚੀਕਾਂ ਪਿਘਲਾ ਨਾ ਸਕੀਆਂ ਤੇ ਉਹ ਉੱਥੇ ਹੀ ਜਾਨ ਦੇ ਗਿਆ। ਬੇਸਹਾਰਾ ਹੋ ਚੁੱਕਿਆ ਇਹ ਮਜ਼ਦੂਰ ਬਿਰਧ ਜੋੜਾ ਹੁਣ ਜ਼ਿਮੀਂਦਾਰਾਂ ਦੇ ਮਾੜੀ/ਮੋਟੀ ਦਿਹਾੜੀ ਕਰ ਛੱਡਦਾ ਹੈ। ਸਰਕਾਰ ਵੱਲੋਂ ਮਿਲਦੀ ਢਾਈ ਸੌ ਰੁਪਏ ਪੈਨਸ਼ਨ ਮਹਿੰਗਾਈ ਦੇ ਇਸ ਯੁੱਗ ਵਿਚ ਢਾਈ ਦਿਨ ਹੀ ਕੱਢਦੀ ਹੈ।

ਪਿੰਡ ਦੇ ਕਿਰਤੀ ਕੁਲਵੰਤ ਸਿੰਘ ਦੇ 22 ਜੁਲਾਈ 2002 ਨੂੰ ਖੇਤ ਵਿਚ ਦਿਹਾੜੀ ਕਰਦਿਆਂ ਬਾਰੂਦੀ ਸੁਰੰਗ ਕਾਰਨ ਚੀਥੜੇ ਉੱਡ ਗਏ। 35 ਸਾਲ ਦੀ ਉਮਰ ਵਿਚ ਬਾਰੂਦੀ ਸੁਰੰਗਾਂ ਦੀ ਭੇਟ ਚੜਨ ਵਾਲੇ ਨੌਜਵਾਨ ਕੁਲਵੰਤ ਸਿੰਘ ਦੀ ਮਾਤਾ ਮੁਖਤਿਆਰ ਕੌਰ ਦੱਸਦੀ ਹੈ ਕਿ ਉਹ ਖੇਤ ਇਕੱਲਾ ਹੀ ਦਿਹਾੜੀ ਕਰ ਰਿਹਾ ਸੀ ਕਿ ਦੁਪਹਿਰ ਦੇ 1-2 ਕੁ ਵਜੇ ਬਾਰੂਦ ਨੇ ਉਸ ਦੀ ਜ਼ਿੰਦਗੀ ਮਿੱਟੀ ਵਿਚ ਮਿਲਾ ਦਿੱਤੀ। ਪਰ ਪਰਿਵਾਰ ਨੂੰ ਉਸ ਦੀ ਮੌਤ ਦਾ ਕੋਈ ਇਲਮ ਨਾ ਲੱਗਿਆ। ਸਾਰਾ ਦਿਨ ਲੰਘ ਗਿਆ ਅਤੇ ਸਾਰੀ ਰਾਤ ਵੀ ਬੀਤ ਗਈ। ਦੂਜੇ ਦਿਨ ਵੀ ਲੱਭਦੇ ਰਹੇ ਤਾਂ ਕਿਸੇ ਨੇ ਦੱਸਿਆ ਕਿ ਜਿਸ ਖੇਤ ਵਿਚ ਕੁਲਵੰਤ ਸਿੰਘ ਕੰਮ ਕਰ ਰਿਹਾ ਸੀ, ਕੱਲ ਉਸ ਖੇਤ ਵਿਚ ਵੱਡਾ ਧਮਾਕਾ ਹੋਇਆ ਸੀ। ਪੀੜਤ ਪਰਿਵਾਰ ਨੇ ਜਾ ਕੇ ਵੇਖਿਆ ਤਾਂ ਧਮਾਕੇ ਕਾਰਨ ਇਸ ਕਿਰਤੀ ਨੌਜਵਾਨ ਦੀ ਲਾਸ਼ ਵੀ ਬੇਪਛਾਣ ਹੋਈ ਪਈ ਸੀ। ਭਾਰਤੀ ਹਕੂਮਤ ਨੇ ਇਸ ਬੇਗੁਨਾਹ ਕਿਰਤੀ ਨੌਜਵਾਨ ਦੀ ਜਾਨ ਲੈਣ ਦਾ ਮੁੱਲ ਢਾਈ ਲੱਖ ਰੁਪਏ 'ਤਾਰ ਦਿੱਤਾ। ਪੁੱਤ ਦੀ ਮੌਤ ਦੇ ਦੁੱਖਾਂ ਕਾਰਨ ਹੱਡੀਆਂ ਦੀ ਮੁੱਠ ਬਣੀ ਪਈ ਬਿਰਧ ਮਾਤਾ ਰੋਂਦੀ ਹੋਈ ਦੱਸਦੀ ਹੈ ਕਿ ਹੁਣ ਸੱਸ-ਨੂੰਹ ਦਿਨ-ਰਾਤ ਇਕ ਕਰ ਕੇ ਤਿੰਨ ਬੇਟੇ ਅਤੇ ਇਕ ਬੇਟੀ ਦਾ ਪੇਟ ਪਾਲਣ ਦੀ ਕੋਸ਼ਿਸ਼ ਕਰ ਰਹੀਆਂ ਹਾਂ।

ਨਜ਼ਦੀਕੀ ਪਿੰਡ 21 ਐਚ. ਦੇ ਗੋਬਿੰਦ ਸਿੰਘ ਦੀ 2001 ਵਿਚ 27 ਸਾਲ ਦੀ ਉਮਰ ਵਿਚ ਬਾਰੂਦੀ ਸੁਰੰਗ ਫਟਣ ਕਾਰਨ ਸੱਜੀ ਲੱਤ ਪਿੰਜਣੀ ਕੋਲੋਂ ਉੱਡ ਗਈ। 10ਵੀਂ ਕਲਾਸ ਤਕ ਪੜਿਆ ਇਹ ਨੌਜਵਾਨ ਸਖ਼ਤ ਮਿਹਨਤ ਕਰਨ ਦਾ ਆਦੀ ਸੀ, ਜਿਸ 'ਤੇ ਉਸ ਦੇ ਛੋਟੀ ਕਿਸਾਨੀ ਵਾਲੇ ਪਰਿਵਾਰ ਨੂੰ ਬਹੁਤ ਉਮੀਦਾਂ ਸਨ, ਪਰ ਬਾਰੂਦੀ ਸੁਰੰਗ ਦੇ ਧਮਾਕੇ ਨੇ ਸਭ ਕੁੱਝ ਮਿੱਟੀ ਵਿਚ ਮਿਲਾ ਦਿੱਤਾ। ਆਪਣੀ ਅਪੰਗ ਜ਼ਿੰਦਗੀ 'ਤੇ ਝੂਰਦਾ ਹੋਇਆ ਇਹ ਨੌਜਵਾਨ ਦੱਸਦਾ ਹੈ ਕਿ ਹੁਣ ਕਦੇ ਇਧਰ ਤੇ ਕਦੇ ਉਧਰ ਭਟਕਦਾ ਹੋਇਆ ਵਕਤ ਨੂੰ ਧੱਕੇ ਦੇ ਰਿਹਾ ਹਾਂ। ਉਹ ਹਕੂਮਤ 'ਤੇ ਰੋਸਾ ਜ਼ਾਹਰ ਕਰਦਾ ਹੈ ਕਿ ਉਸ ਦੀ ਜ਼ਿੰਦਗੀ ਨੂੰ ਅੰਗਹੀਣ ਬਣਾਉਣ ਦੇ ਇਵਜ਼ ਵਜੋਂ ਇੱਕ ਲੱਖ ਰੁਪਏ ਦੇ ਕੇ ਕੰਮ ਸਾਰ ਦਿੱਤਾ।

ਬਾਰੂਦੀ ਸੁਰੰਗਾਂ ਨਾਲ ਕਿਰਤੀ ਕਿਸਾਨਾਂ ਦੀਆਂ ਅਪੰਗ ਹੋ ਰਹੀਆਂ ਜ਼ਿੰਦਗੀਆਂ ਬਾਰੇ ਸਥਾਨਕ ਵਾਸੀ ਹਰਨਾਥ ਸਿੰਘ ਬੁੱਟਰ ਨੇ ਭਾਰਤੀ ਹਕੂਮਤ 'ਤੇ ਸਿਰੇ ਦੀ ਲਾਪਰਵਾਹੀ ਦਾ ਦੋਸ਼ ਲਾਉਂਦਿਆਂ ਕਿਹਾ ਕਿ ਦੇਸ਼ ਦੀ ਸੁਰੱਖਿਆ ਦੇ ਨਾਂਅ 'ਤੇ ਮਨੁੱਖੀ ਜ਼ਿੰਦਗੀਆਂ ਨਾਲ ਖੇਡਣਾ ਮਨੁੱਖੀ ਅਧਿਕਾਰਾਂ ਦੀ ਸਿੱਧੀ ਉਲੰਘਣਾ ਹੈ। ਉਨਾਂ ਕਿਹਾ ਕਿ ਹਕੂਮਤ ਦੀ ਫ਼ੌਜ ਬਾਰੂਦੀ ਸੁਰੰਗਾਂ ਬਾਰੇ ਨਾ ਲੋਕਾਂ ਨਾਲ ਕੋਈ ਸਲਾਹ ਕਰਦੀ ਹੈ ਅਤੇ ਨਾ ਹੀ ਉਨਾਂ ਨੂੰ ਦੱਸਦੀ ਜਾਂ ਪੁੱਛਦੀ ਹੈ, ਸਰਹੱਦਾਂ ਦੀ ਰਾਖੀ ਖਾਤਰ ਆਪਣੇ ਹੀ ਮਸੂਮਾਂ ਬੇਕਸੂਰਾਂ ਦੀ ਬਲੀ ਚਾੜਨੀ ਕਿੱਥੋਂ ਦਾ ਨਿਆਂ ਹੈ? ਪਰ ਇਸ ਸਵਾਲ ਦਾ ਜੁਆਬ ਤਾਂ ਸ਼ਾਇਦ ਹਕੂਮਤ ਵੀ ਨਹੀਂ ਦੇਵੇਗੀ। ਹੈਰਾਨੀ ਹੈ ਕਿ ਏਨੇ ਵੱਡੇ ਗੰਭੀਰ ਮਸਲੇ ਦਾ ਕਦੇ ਵੀ ਕਿਸੇ ਸਿਆਸੀ ਧਿਰ ਨੇ ਮੁੱਦਾ ਨਹੀਂ ਉਠਾਇਆ, ਇਹ ਮਸਲਾ ਤਾਂ ਚੋਣ ਸਟੰਟ ਦਾ ਹਿੱਸਾ ਵੀ ਨਹੀਂ ਬਣ ਸਕਿਆ..।



ਨੌਜਵਾਨ ਗੋਬਿੰਦ ਸਿੰਘ ਬਾਰੂਦੀ ਸੁਰੰਗ ਨਾਲ ਉੱਡੀ ਲੱਤ ਦਿਖਾਉਂਦਾ ਹੋਇਆ।

ਲੋਕ ਗੀਤਾਂ ਦੇ ਨਾਲ ਨਾਲ

ਲੜੀ ਨੰ: 42

# ਮੈਂ ਅੰਤ ਜੋ ਲੈਂਦੀ ਤੇਰਾ


ਡਾ. ਕਰਮਜੀਤ ਸਿੰਘ
+91-98763-23862
kjskurukshetra@yahoo.com




ਬਿਆਈਆਂ (ਜਨਮ ਦੇ ਗੀਤ) ਜਿਸ ਵਾਤਾਵਰਣ ਵਿਚ ਗਾਈਆਂ ਜਾਂਦੀਆਂ ਹਨ, ਉਸ ਵਿਚੋਂ ਮੁੰਡੇ ਦੇ ਜੰਮਣ ਦੀ ਖੁਸ਼ੀ ਡੁੱਲ੍ਹ-ਡੁੱਲ੍ਹ ਪੈਂਦੀ ਹੈ। ਹਰ ਆਦਮੀ ਉਤਸ਼ਾਹ ਨਾਲ ਭਰਿਆ ਕੁਝ ਲੈ ਕੇ ਆ ਰਿਹਾ ਹੈ, ਕੁਝ ਲਾਗ ਵਜੋਂ ਲੈ ਕੇ ਜਾ ਰਿਹਾ ਹੈ। ਹਰ ਕੋਈ ਵਧਾਈਆਂ ਦੇ ਰਿਹਾ ਹੈ ਤੇ ਵਧਾਈਆਂ ਲੈ ਰਿਹਾ ਹੈ। ਕਦੇ ਬੱਚਾ ਜੰਮਣ ਤੋਂ ਪਹਿਲਾਂ, ਕਿਉਂਕਿ ਇਹ ਨਹੀਂ ਸੀ ਪਤਾ ਹੁੰਦਾ ਕਿ ਕੁੜੀ ਹੋਵੇਗੀ ਜਾਂ ਮੁੰਡਾ, ਇਸ ਲਈ ਘੱਟੋ-ਘੱਟ ਜੰਮਣ ਤੋਂ ਪਹਿਲਾਂ ਦੀਆਂ ਸਾਰੀਆਂ ਰਸਮਾਂ ਕੀਤੀਆਂ ਜਾਂਦੀਆਂ ਸਨ। ਜੱਚਾ ਨੂੰ ਪੇਕੇ ਤੋਰਨ ਤੋਂ ਲੈ ਕੇ ਜੰਮਣ ਤੱਕ ਦੀਆਂ ਸਾਰੀਆਂ ਰਸਮਾਂ। ਹੁਣ ਤਾਂ ਤੀਜੇ ਮਹੀਨੇ ਦੇ ਗਰਭ ਤੋਂ ਬਾਅਦ ਜੇ ਪਤਾ ਲੱਗ ਜਾਏ ਕਿ ਕੁੜੀ ਹੈ (ਅਲਟਰਾਸਾਊਂਡ ਰਾਹੀਂ) ਤਾਂ ਮੂੰਹ ਲਟਕ ਜਾਂਦੇ ਹਨ। ਇਕਦਮ ਗਰਭਪਾਤ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ ਜਾਂਦਾ ਹੈ। ਨਵੀਨ ਤਕਨੀਕੀ ਤੇ ਮੈਡੀਕਲ ਸਾਇੰਸ ਨੇ ਕੁੜੀ ਨੂੰ ਗਰਭ ਵਿਚ ਹੀ ਮਾਰਨ ਦੇ ਸਾਮਾਨ ਪੈਦਾ ਕਰ ਦਿੱਤੇ ਹਨ। ਪਰ ਇਸ ਪਿੱਛੇ ਉਪਰੋਕਤ ਦ੍ਰਿਸ਼ਟੀ ਕਾਰਜਸ਼ੀਲ ਰਹਿੰਦੀ ਹੈ। ਕੁੜੀ ਜੰਮਣ ਤੋਂ ਬਾਅਦ ਤਾਂ ਨੱਕ/ਕੰਨ ਬਿਨ੍ਹਾਉਣ ਦੀ ਰਸਮ ਵੀ ਠੀਕ ਢੰਗ ਨਾਲ ਨਹੀਂ ਕੀਤੀ ਜਾਂਦੀ। ਛਟੀ/ਪੱਗ ਬੰਨ੍ਹਾਈ ਆਦਿ ਸਾਰੀਆਂ ਰਸਮਾਂ ਮੁੰਡੇ ਲਈ ਰਾਖਵੀਆਂ ਹਨ। ਜਦੋਂ ਸਾਡੀ ਬੇਟੀ ਜੋਤੀ ਦਾ ਜਨਮ ਹੋਣਾ ਸੀ ਤਾਂ ਸਾਡੀ ਮਾਤਾ ਨੇ ਅਖੰਡ ਪਾਠ ਸੁੱਖਿਆ। ਹੁਣ ਬੇਟੀ ਪੰਦਰਾਂ ਸਾਲ ਦੀ ਹੋ ਗਈ ਹੈ ਪਰ ਉਹ ਮੁੱਕਰ ਗਏ ਕਿ ਉਨ੍ਹਾਂ ਨੇ ਅਜਿਹੀ ਕੋਈ ਸੁੱਖਣਾ ਨਹੀਂ ਕੀਤੀ ਸੀ। ਇਸ ਗੱਲ ਤੋਂ ਸਾਡੀ ਕਈ ਵਾਰ ਝੜਪ ਵੀ ਹੋਈ ਹੈ, ਪਰ ਉਹ ਆਪਣੇ ਸੰਸਕਾਰਾਂ ਵਿਚ ਉਲਝੇ ਹੋਏ ਹਨ। ਹਾਂ ਉਹ ਅਖੰਡ ਪਾਠ ਪੋਤੇ ਲਈ ਜ਼ਰੂਰ ਕਰਵਾ ਚੁੱਕੇ ਹਨ। ਅਸੀਂ ਬਿਟੀਆ ਦੇ ਜੰਮਣ 'ਤੇ ਲੱਡੂ ਵੰਡਣ ਤੋਂ ਲੈ ਕੇ ਹਰ ਖੁਸ਼ੀ ਕੀਤੀ ਤੇ ਹਰ ਸਾਲ ਉਸ ਦਾ ਜਨਮ ਦਿਨ ਵੀ ਮਨਾਈਦਾ ਹੈ ਜੋ ਸਾਡੇ ਘਰਦਿਆਂ ਬਜ਼ੁਰਗਾਂ ਦੇ ਪੂਰੀ ਤਰ੍ਹਾਂ ਕਦੇ ਗਲੇ ਨਹੀਂ ਉਤਰਿਆ।

ਖ਼ੈਰ ਗੱਲ ਚਲ ਰਹੀ ਸੀ ਮੁੰਡੇ ਜੰਮਣ ਦੀਆਂ ਖੁਸ਼ੀਆਂ ਦੀ। ਵਾਰਿਸ ਪੈਦਾ ਹੋਣ ਤੋਂ ਪੈਦਾ ਹੋਏ ਉਤਸ਼ਾਹ ਦੀ। ਇਸ ਉਤਸ਼ਾਹ ਵਿਚੋਂ ਪੈਦਾ ਹੋਏ ਗੀਤਾਂ ਦਾ ਹੀਰੋ ਨਵ-ਜੰਮਿਆ ਮੁੰਡਾ ਹੈ, ਜਿਸ ਨੇ ਆਪਣੀ ਮਾਂ ਨੂੰ ਵੀ ਸਮਾਜ ਵਿਚ ਮਾਣ ਦੁਆ ਦਿੱਤਾ ਹੈ। ਇਸ ਸਮੇਂ ਨਾਲ ਜੁੜੇ ਲੰਬੇ ਗੀਤ (ਗਾਉਣਾਂ) ਦਾ ਆਪਣਾ ਵੱਖਰਾ ਵਿਸ਼ਾ ਹੈ। ਹਿੰਦੂ ਪਰਿਵਾਰਾਂ ਵਿਚ ਇਸ ਸਾਰੇ ਪ੍ਰਸੰਗ ਨੂੰ ਕ੍ਰਿਸ਼ਨ ਦੇ ਪੈਦਾ ਹੋਣ ਦੇ ਪ੍ਰਸੰਗ ਨਾਲ ਜੋੜ ਕੇ ਗਾਇਆ ਜਾਂਦਾ ਹੈ। 'ਸਉਣ ਮਹੀਨੇ ਦੀਆਂ ਕਾਲ਼ੀਆਂ ਰਾਤੀਂ ਜਨਮਿਆ ਕ੍ਰਿਸ਼ਨ ਮੁਰਾਰੀ ਹੋ।' ਅਸੰਭਵ ਕਿਸਮ ਦੀਆਂ ਚੀਜ਼ਾਂ ਦੀ ਮੰਗ ਕੀਤੀ ਜਾਂਦੀ ਹੈ। ਸਹੁਰੇ ਘਰ ਦੇ ਜੀਆਂ ਨਾਲ ਜੱਚਾ ਦੇ ਤਕਰਾਰ ਹਨ। ਇਸ ਸਮੇਂ ਧੀ ਧਿਆਣੀ ਨਣਾਨ ਹੈ, ਜੋ ਭੂਆ ਬਣ ਕੇ ਕੁਝ ਕਰਕੇ ਆਉਂਦੀ ਹੈ ਤੇ ਬਹੁਤ ਕੁਝ ਲੈ ਕ ਜਾਂਦੀ ਹੈ। ਸਮਾਜਿਕ ਜੀਵਨ ਵਿਚ ਉਸ ਨੂੰ ਸੰਤੁਸ਼ਟ ਕਰਨ ਦਾ ਯਤਨ ਕੀਤਾ ਜਾਂਦਾ ਹੈ, ਪਰ ਗੀਤਾਂ ਵਿਚ ਉਸ ਨੂੰ ਕਈ ਵਾਰੀ ਖ਼ਾਲੀ ਵੀ ਤੋਰ ਦਿੱਤਾ ਜਾਂਦਾ ਹੈ ਜਿਸ ਤੋਂ ਕਈ ਸਮਾਜਿਕ ਤਣਾਉ ਪੈਦਾ ਹੁੰਦੇ ਹਨ। ਇਕ ਬ੍ਰਿਆਈ ਵਿਚ ਨਣਦ ਨੂੰ ਦਿੱਤੇ ਗਹਿਣੇ ਆਦਿ ਵੀ ਭਰਜਾਈ ਗਲੇ ਮਿਲਦੇ ਸਮੇਂ ਲਾਹ ਲੈਂਦੀ ਹੈ। ਅਜਿਹੀਆਂ ਸਥਿਤੀਆਂ ਹਾਸ-ਰਸ ਸਿਰਜਦੀਆਂ ਹਨ। ਸ੍ਰੋਤੇ-ਗਾਇਕ ਪੂਰਾ ਸੁਆਦ ਲੈਂਦੇ ਹਨ। ਜੋ ਬ੍ਰਿਆਈ ਮੈਂ ਪਾਠਕਾਂ ਨੂੰ ਸੁਣਾਉਣ ਜਾ ਰਿਹਾ ਹਾਂ ਉਸ ਦਾ ਹਾਸ-ਵਿਅੰਗ 'ਡੋਰੀਏ' ਦੇ ਆਲੇ-ਦੁਆਲੇ ਬੁਣਿਆ ਹੋਇਆ ਹੈ।

ਇਸ ਗੀਤ ਦੀ ਸ਼ੁਰੂਆਤ ਟੀਂਡੇ (ਕਪਾਹ ਦੇ) ਤੋਂ ਸ਼ੁਰੂ ਹੁੰਦੀ ਹੈ। ਕਿਸਾਨੀ ਜੀਵਨ ਵਿਚੋਂ ਉਪਜੇ ਬਹੁਤ ਸਾਰੇ ਗੀਤ ਫ਼ਸਲਾਂ ਦੇ ਬੀਜਣ ਤੋਂ ਲੈ ਕੇ ਵੱਢਣ ਦੀ ਪ੍ਰਕਿਰਿਆ ਤੱਕ ਦੇ ਵੇਰਵੇ ਸਿਰਜਦੇ ਹਨ। ਭਾਵੇਂ ਇਹ ਫ਼ਸਲ ਮੋਠ-ਬਾਜਰੇ ਦੀ ਹੋਵੇ ਜਾਂ ਭੰਗੀਏ ਦੇ ਭੰਗ ਦੀ। ਪਰ ਹਥਲਾ ਗੀਤ ਇੱਥੋਂ ਤੱਕ ਹੀ ਸੀਮਤ ਨਹੀਂ ਰਹਿੰਦਾ।

ਦੂਰੋਂ ਲਹੌਰੋਂ ਟੀਂਡਾ ਆਇਆ, ਮੈਂ ਦਰ ਵਿਚ ਸੁੱਕਣਾ ਪਾਇਆ,
ਭੈਣੋਂ ਮੈਂ ਦਰ ਵਿਚ ਸੁਕਣਾ ਪਾਇਆ।
ਸੁੱਕਿਆ ਸੁਕਾਇਆ ਘਰ ਵਿਚ ਆਇਆ,
ਮੈਂ ਚੱਕ ਵੇਲਣਾ ਡਾਹਿਆ।
ਭੈਣੋਂ ਮੈਂ ਚੱਕ ਬੇਲਣਾ ਡਾਇਆ।
ਬੇਲਿਆ ਬਲਾਇਆ, ਘਰ ਵਿਚ ਆਇਆ।
ਸਰੈੜੇ ਫੇਰਾ ਪਾਇਆ, ਭੈਣੋਂ ਸਰੈੜੇ ਫੇਰਾ ਪਾਇਆ।
ਪਿੰਜਿਆ ਪੰਜਾਇਆ, ਘਰ ਵਿਚ ਆਇਆ।
ਮੈਂ ਚੱਕ ਚਰਖਾ ਡਾਹਿਆ।

ਇਨ੍ਹਾਂ ਪੰਗਤੀਆਂ ਵਿਚ ਕਪਾਹ ਤੋਂ ਕੱਪੜਾ ਬਣਨ ਦੀ ਪ੍ਰਕਿਰਿਆ ਵਿਚ ਜਿਨ੍ਹਾਂ ਬੰਦਿਆਂ ਦਾ ਯੋਗਦਾਨ ਹੈ, ਉਨ੍ਹਾਂ ਦਾ ਜ਼ਿਕਰ ਆਉਣਾ ਸੁਭਾਵਿਕ ਹੈ। ਇਨ੍ਹਾਂ ਪੰਗਤੀਆਂ ਵਿਚ ਜਾਗੀਰਦਾਰੀ ਪਿੰਡਾਂ ਦਾ ਚਿੱਤਰ ਹੈ ਜੋ ਇਕ ਪੱਧਰ ਤੱਕ ਸਵੈ-ਨਿਰਭਰ ਵੀ ਹੁੰਦੇ ਹਨ। ਵੱਖ-ਵੱਖ ਕਿੱਤਿਆਂ ਨਾਲ ਜੁੜੇ ਲੋਕਾਂ ਦੀ ਇਕ ਪੂਰੀ ਕੜੀ ਹੈ ਤੇ ਉਨ੍ਹਾਂ ਦੁਆਰਾ ਵਰਤੀਆਂ ਚੀਜ਼ਾਂ ਦਾ ਆਪਣਾ ਸਭਿਆਚਾਰਕ ਮੁੱਲ। ਇਨ੍ਹਾਂ ਪੰਗਤੀਆਂ ਵਿਚ ਅਜਿਹੇ ਸੰਦ/ਚੀਜ਼ਾਂ ਵੀ ਹਨ ਜੋ ਹੁਣ ਅਲੋਪ ਹੋ ਰਹੀਆਂ ਹਨ। ਸ਼ਾਇਦ ਨਵੀਂ ਪੀੜ੍ਹੀ ਇਨ੍ਹਾਂ ਨੂੰ ਅਜਾਇਬ ਘਰਾਂ ਵਿਚ ਦੇਖਿਆ ਕਰੇਗੀ।

ਟੀਂਡੇ ਦੇ ਦੂਰੋਂ ਲਹੌਰੋਂ ਆਉਣ ਦੇ ਜ਼ਿਕਰ ਤੋਂ ਸਾਫ਼ ਹੈ ਕਿ ਕੋਈ ਖਾਸ ਚੀਜ਼ ਬੁਣਨ ਦੀ ਤਿਆਰੀ ਕੀਤੀ ਜਾ ਰਹੀ ਹੈ। ਤੋੜੀ ਕਪਾਹ (ਚੁਗੀ) ਨੂੰ ਪਹਿਲਾਂ ਸੁਕਾਉਣ ਦਾ ਕੰਮ ਤੇ ਵੇਲਣ ਦਾ ਕੰਮ ਤੇ ਬਾਅਦ ਵਿਚ ਕੱਤਣ ਦਾ ਕੰਮ ਔਰਤ ਨੇ ਖ਼ੁਦ ਕੀਤਾ ਹੈ। ਇਸ ਤੋਂ ਬਾਅਦ ਹੀ ਸਰੈੜੇ (ਰੂੰ ਪਿੰਜਣ ਵਾਲੀ ਜਾਤੀ) ਦਾ ਆਗਮਨ ਹੁੰਦਾ ਹੈ। ਵੈਸੇ ਸਰੈੜਾ ਘਰ ਵਿਚ ਨਹੀਂ ਆਉਂਦਾ, ਪਰੰਤੂ ਚੀਜ਼ ਖ਼ਾਸ ਬਣ ਰਹੀ ਹੈ। ਇਸ ਲਈ ਉਨ੍ਹਾਂ ਨੂੰ ਘਰ ਵਿਚ ਸੱਦਿਆ ਗਿਆ ਹੈ। ਪਰ ਇਹ ਪ੍ਰਕਿਰਿਆ ਅਜੇ ਪੂਰੀ ਨਹੀਂ ਹੁੰਦੀ।

ਕੱਤਿਆ ਕਤਾਇਆ ਘਰ ਵਿਚ ਆਇਆ।
ਜੁਲਾਹੇ ਫੇਰਾ ਪਾਇਆ, ਭੈਣੋਂ ਜੁਲਾਹੇ ਫੇਰਾ ਪਾਇਆ।
ਬੁਣਿਆ ਬੁਣਾਇਆ ਘਰ ਵਿਚ ਆਇਆ,
ਧੋਬੀ ਫੇਰਾ ਪਾਇਆ, ਭੈਣੋਂ ਧੋਬੀ ਫੇਰਾ ਪਾਇਆ।
ਧੋਤਾ ਧੁਆਇਆ, ਘਰ ਵਿਚ ਆਇਆ।
ਦਰਜੀ ਫੇਰਾ ਪਾਇਆ, ਭੈਣੋਂ ਦਰਜੀ ਫੇਰਾ ਪਾਇਆ।
ਸੀਤਾ ਸਮਾਇਆ ਘਰ ਵਿਚ ਆਇਆ।
ਲਲਾਰੀ ਫੇਰਾ ਪਾਇਆ, ਭੈਣੋਂ ਲਲਾਰੀ ਫੇਰਾ ਪਾਇਆ।
ਰੰਗਿਆ ਰੰਗਾਇਆ, ਘਰ ਵਿਚ ਆਇਆ।
ਮੈਂ ਚੱਕ ਪਟਾਰੀ ਪਾਇਆ, ਭੈਣੋਂ ਮੈਂ ਚੱਕ ਪਟਾਰੀ ਪਾਇਆ।

ਕੱਤੇ ਹੋਏ ਧਾਗੇ ਨੂੰ ਜੁਲਾਹੇ ਨੇ ਕੱਪੜੇ ਵਿਚ ਬਦਲ ਦਿੱਤਾ। ਧੋਬੀ ਨੇ ਧੋਤਾ ਦਰਜੀ ਨੇ ਸੀਅ ਕੇ ਉਸ ਨੂੰ ਅਜਿਹੇ ਬਰੀਕ ਧਾਰੀਧਾਰ ਕੱਪੜੇ ਵਿਚ ਤਬਦੀਲ ਕਰ ਦਿੱਤਾ ਜਿਹੜਾ ਔਰਤ ਲਈ ਬੇਕੀਮਤੀ ਹੈ।

ਪਰ ਏਨੀ ਮਿਹਨਤ ਤੋਂ ਬਾਅਦ ਜੇ ਕੋਈ ਇਹ ਡੋਰੀਆ ਮੰਗ ਲਵੇ ਤਾਂ ਔਰਤ ਤਾਂ ਕੀ ਕੋਈ ਵੀ ਇਨਕਾਰ ਕਰ ਦੇਵੇਗਾ। ਪਰੰਤੂ ਮੁੰਡੇ ਜੰਮੇ 'ਤੇ ਜੇ ਨਣਦ ਇਸ ਦੀ ਮੰਗ ਕਰ ਲਵੇ ਤਾਂ ਵੱਖਰੀ ਹੀ ਸਥਿਤੀ ਪੈਦਾ ਹੋ ਜਾਂਦੀ ਹੈ। ਦੋ ਧਿਰਾਂ ਆਪਣਾ ਥਾਂ ਅੜ ਜਾਂਦੀਆਂ ਹਨ। ਇਕ ਧਿਰ ਡੋਰੀਏ ਦੀ ਥਾਂ ਕੁਝ ਵੀ ਹੋਰ ਦੇਣ ਨੂੰ ਤਿਆਰ ਹੈ। ਪਰ ਦੂਸਰੀ ਇਸੇ ਨੂੰ ਹੀ ਲੈਣ ਲਈ ਬਜ਼ਿੱਦ। ਇਸੇ ਵਿਚੋਂ ਤਾਂ ਗੀਤ ਦਾ ਸੁਹਜ ਉੱਘੜ ਰਿਹਾ ਹੈ।

ਦੂਰੋਂ ਲਹੌਰੋਂ ਨਣਦੇ ਆਈ, ਆਪਣੇ ਹੋਲਰ ਦੀ ਸੋਅ ਸੁਣ ਕੇ
ਭੈਣੋਂ ਆਪਣੇ ਹੋਲਰ ਦੀ ਸੋਅ ਸੁਣ ਕੇ।
ਦੂਰੋਂ ਲਹੌਰੋਂ ਨਣਦੇ ਆਈ, ਮੈਂ ਡੋਰੀਆ ਲੈ ਜਾਣਾ,
ਭਾਬੋ ਡੋਰੀਆ ਲੈ ਜਾਣਾ।
ਸੁਣ ਨੀ ਨਣਦੇ ਬੈਠ ਪਲੰਘ ਤੇ,
ਕੋਈ ਮੰਗ ਵੀਰੇ ਤੋਂ ਵਧਾਈ,
ਅੜੀਏ ਕੋਈ ਮੰਗ ਵੀਰ ਤੋਂ ਵਧਾਈ।

ਕੱਪੜਾ ਬੁਣਨ ਦੀ ਪ੍ਰਕਿਰਿਆ ਦੇ ਪ੍ਰਸੰਗ ਤੋਂ ਬਾਅਦ ਨਣਦ ਦੇ ਪ੍ਰਵੇਸ਼ ਨਾਲ ਇਕ ਮਨੋਰੰਜਕ ਨਾਟਕ ਦਾ ਆਰੰਭ ਹੁੰਦਾ ਹੈ। 'ਹੋਲਰ' ਕਈ ਥਾਂ ਜੰਮਣ ਦੇ ਗੀਤਾਂ ਨੂੰ ਚੋਲਰ ਕਿਹਾ ਜਾਂਦਾ ਹੈ। ਹੋਲਰ ਸ਼ਬਦ ਦਾ ਅਸਲ ਅਰਥ ਕੀ ਹੈ? ਉਸ ਬਾਰੇ ਸ਼ਬਦ ਕੋਸ਼ ਚੁੱਪ ਹਨ। ਭਾਵ ਸਪੱਸ਼ਟ ਹੈ ਕਿ ਮੁੰਡੇ ਦੇ ਜੰਮਣ ਦੀ ਖ਼ਬਰ ਸੁਣ ਕੇ ਉਸ ਦੀ ਭੂਆ ਦੌੜੀ ਆਈ ਹੈ। ਪਰ ਆਉਂਦਿਆਂ ਹੀ ਉਸ ਨੇ ਡੋਰੀਆ ਲੈਣ ਦੀ ਮੰਗ ਰੱਖ ਦਿੱਤੀ। ਭਰਜਾਈ (ਬਿਰਤਾਂਤਕਾਰ ਵੀ) ਨੇ ਵਧਾਈ ਮੰਗਣ ਦੀ ਗੱਲ ਕਰਕੇ ਨਣਦ ਦੀ ਮੰਗ ਨੂੰ ਟਾਲਣਾ ਚਾਹਿਆ ਹੈ, ਪਰ 'ਡੋਰੀਆ' ਤਾਂ ਨਣਦ ਲਈ ਵਕਾਰ ਦਾ ਕਾਰਨ ਬਣ ਗਿਆ ਹੈ।

ਸੂਟਾਂ ਵਿਚੋਂ ਸੂਟ ਚੰਗੇਰੇ, ਕੋਈ ਸੋ ਸਾਡੀ ਨਣਦ ਨੂੰ ਦੇ।
ਭੈਣੋਂ ਕੋਈ ਸੋ ਸਾਡੀ ਨਣਦ ਨੂੰ ਦੇ।
ਸੂਟ ਤੂੰ ਆਪਣੇ ਘਰ ਰੱਖ ਭਾਬੋ, ਮੈਂ ਡੋਰੀਆ ਲੈ ਜਾਣਾ
ਭੈਣੋਂ ਮੈਂ ਡੋਰੀਆ ਲੈ ਜਾਣਾ।
ਡੋਰੀਆ ਤਾਂ ਮੇਰਾ ਚੱਕੀ ਦਾ ਪਰੋਲਾ,
ਤੂੰ ਮੰਗ ਵੀਰੇ ਤੋਂ ਵਧਾਈ।
ਮੱਝਾਂ ਵਿਚੋਂ ਮੱਝ ਚੰਗੇਰੀ, ਕੋਈ ਸੋ ਸਾਡੀ ਨਣਦ ਨੂੰ ਦੇ,
ਅੜਿਆ ਕੋਈ ਸੋ ਸਾਡੀ ਨਣਦ ਨੂੰ ਦੇ,
ਮੱਝਾਂ ਗਾਈਆਂ ਘਰ ਰੱਖ ਭਾਬੋ ਮੈਂ ਡੋਰੀਆ ਲੈ ਜਾਣਾ
ਨੀ ਅੜੀਏਂ ਮੈਂ ਡੋਰੀਆ ਲੈ ਜਾਣਾ।

ਸੂਟਾਂ ਤੇ ਮੱਝ ਦੀ ਗੱਲ ਨੂੰ ਨਣਦ ਨੇ ਠੁਕਰਾ ਦਿੱਤਾ ਹੈ, ਭਾਵੇਂ ਖੁਸ਼ੀ ਦੇ ਮੌਕਿਆਂ ਦੇ ਮੌਕੇ 'ਤੇ ਮੱਝ ਤੇ ਸਭ ਤੋਂ ਵੱਡੀ ਸੁਗਾਤ ਇਹ ਹੀ ਮੰਨੀ ਜਾਂਦੀ ਹੈ। 'ਵੀਰ ਘਰ ਪੁੱਤ ਜੰਮਿਆ, ਬਾਪੂ ਮੱਝਾਂ ਦੇ ਸੰਗਲ ਫੜਾਵੇ।' ਇੱਥੇ ਗੀਤਕਾਰ ਨਣਦ ਨੂੰ ਕਸੂਤੀ ਸਥਿਤੀ 'ਚ ਪਾ ਕੇ ਉਸ ਦਾ ਅੰਤ ਲੈਣਾ ਚਾਹੁੰਦੀ ਹੈ, ਇਸ ਲਈ ਨਣਾਨ ਨੂੰ ਨਾਰਾਜ਼ ਕਰਨਾ ਜ਼ਰੂਰੀ ਹੈ। ਪਰ ਨਾਰਾਜ਼ ਵੀ ਉਹ ਹੁੰਦੀ ਹੈ 'ਡੋਰੀਏ' ਵਰਗੀ ਨਿਗੂਣੀ ਚੀਜ਼ 'ਤੇ। ਇੱਥੇ ਹੀ ਹਾਸ-ਵਿਅੰਗ ਦਾ ਬੀਜ ਹੈ। ਇੰਨਾ ਹੀ ਨਹੀਂ ਇਨਕਾਰ ਤੋਂ ਬਾਅਦ ਨਣਦ ਦਾ ਵਿਹਾਰ ਵੀ ਇਸੇ ਮੂਡ ਵਿਚ ਚਿੱਤਰਿਆ ਗਿਆ ਹੈ। ਨਾਟਕ ਦਾ ਨਵਾਂ ਅੰਕ ਇੱਥੋਂ ਹੀ ਸ਼ੁਰੂ ਹੁੰਦਾ ਹੈ।

ਮਾਰ ਫਰਾਟੀ ਓਅ ਗਈ ਨਣਦੇ,
ਕੋਈ ਲੰਘ ਗਈ ਦਰਿਆ, ਭੈਣੋਂ ਕੋਈ ਲੰਘ ਗਈ ਦਰਿਆ।
ਘਰ ਜਾਂਦੀ ਨੂੰ ਸੱਸ ਜੋ ਪੁੱਛਦੀ,
ਨੋਹੇਂ ਦੱਸ ਵੀਰੇ ਦੀ ਵਧਾਈ,
ਨੀ ਅੜੀਏ ਦੱਸ ਵੀਰੇ ਦੀ ਵਧਾਈ।
ਵੀਰਾ ਤਾਂ ਮੇਰਾ ਰਾਜੇ ਦਾ ਨੌਕਰ, ਭਾਬੋ ਧੀ ਆ ਪਰਾਈ,
ਨੀ ਅੜੀਏ ਕੋਈ ਭਾਬੋ ਧੀ ਆ ਪਰਾਈ।

ਫਰਾਟੀ ਮਾਰ ਕੇ ਨਣਦ ਦਾ ਦਰਿਆ ਲੰਘਣਾ ਹਾਸ-ਰਸੀ ਸਥਿਤੀ ਹੈ। ਪਰ ਨਣਦ ਸੱਚਮੁੱਚ ਹੀ ਕਸੂਤੀ ਸਥਿਤੀ ਵਿਚ ਫਸ ਗਈ ਹੈ। ਜਦੋਂ ਕੁੜੀਆਂ ਮਾਪਿਆਂ ਤੋਂ ਵਧੇਰੇ ਦੀ ਮੰਗ ਕਰਦੀਆਂ ਹਨ ਤਾਂ ਉਸ ਪਿੱਛੇ ਸੱਸ-ਸਹੁਰੇ ਨੂੰ ਖੁਸ਼ ਕਰਨ ਦੀ ਲਾਲਸਾ ਵੀ ਛੁਪੀ ਹੁੰਦੀ ਹੈ। ਇੱਥੇ ਉਹ ਰੁੱਸ ਕੇ ਆਈ ਹੈ। ਅਸਲੀ ਗੱਲ ਦੱਸਣ ਦੀ ਬਜਾਇ ਉਹ ਭਰਜਾਈ ਨੂੰ ਧੀ ਪਰਾਈ ਹੋਣ ਕਰਕੇ ਨੀਵਾਂ ਦੱਸਣ ਦਾ ਯਤਨ ਕਰਦੀ ਹੈ। ਸਮਾਜ ਵਿਚ ਇਹ ਗੱਲਾਂ ਬਹੁਤ ਅਗਾਂਹ ਵੱਧ ਜਾਂਦੀਆਂ ਹਨ ਤੇ ਕਦੇ ਤਾਂ ਸਾਲਾਂ ਬੱਧੀ ਕੁੜਮਾਂ ਨਾਲ ਮੂੰਹ ਮੋਟਾ ਰਹਿੰਦਾ ਹੈ। ਪਰ ਇੱਥੇ ਗੀਤਕਾਰ ਦਾ ਧਿਆਨ ਨਣਦ ਹੈ, ਇਸ ਲਈ ਹੋਰ ਪਾਸੇ ਸਮੇਟ ਦਿੱਤੇ ਗਏ ਹਨ। ਰੁੱਸੀ ਹੈ ਤਾਂ ਉਸ ਨੂੰ ਮਨਾਉਣਾ ਵੀ ਤਾਂ ਪਵੇਗਾ, ਇਹ ਕੰਮ ਭਰਾ ਆਉਣ 'ਤੇ ਹੀ ਸੰਭਵ ਹੈ।

ਬਾਰੀਂ ਬਰਸੀ ਵੀਰ ਘਰ ਆਇਆ,
ਕੋਈ ਰੁੱਸੜੀ ਭੈਣ ਮਨਾਈ,
ਭੈਣੋਂ ਕੋਈ ਰੁਸੜੀ ਭੈਣ ਮਨਾਈ।
ਭਾਈ ਘਾਹ ਖਤੇਂਦਿਆ,
ਕਿਤੇ ਨਣਦ ਵੀ ਦੇਖੀ ਆ ਮੇਰੀ?
ਵੇ ਕਿਤੇ ਨਣਦ ਵੀ ਦੇਖੀ ਆ ਮੇਰੀ।
ਕਿਹੋ ਜਿਹੀ ਤੇਰੀ ਨਣਦ ਨੀ ਅੜੀਏ,
ਕਿਹੋ ਜਿਹਾ ਨਣਦੋਈਆ,
ਨੀ ਅੜੀਏ ਕਿਹੋ ਜਿਹਾ ਨਣਦੋਈਆ।
ਸ਼ਮਕ ਜਿਹੀ ਮੇਰੀ ਨਣਦ ਵੇ ਅੜਿਆ,
ਕੋਈ ਭਾਰਾ ਜਿਹਾ ਨਣਦੋਈਆ,
ਭੈਣੋਂ ਭਾਰਾ ਜਿਹਾ ਨਣਦੋਈਆ।
ਥਾਲ ਜੋ ਭਰਿਆ ਸੁੱਚਿਆਂ ਮੋਤੀਆਂ
ਕੋਈ ਡੋਰੀਆ ਜੋ ਧਰਿਆ,
ਭੈਣੋਂ ਕੋਈ ਡੋਰੀਆ ਜੋ ਧਰਿਆ।

ਘਾਹੀ ਨਾਲ ਸੰਵਾਦ ਸਮੇਂ ਬਦਲੇ ਮੂਡ ਦਾ ਕਮਾਲ ਹੈ ਕਿ ਜਿੱਥੇ ਪਹਿਲਾਂ 'ਮਾਰ ਫਰਾਟੀ ਓਅ ਗਈ ਨਣਦੇ' ਵਰਗੇ ਵਿਅੰਗਾਤਮਕ ਸ਼ਬਦ ਵਰਤੇ ਗਏ ਹਨ, ਉਥੇ ਹੁਣ ਨਣਦ 'ਛਮਕ ਜਿਹੀ' ਬਣ ਗਈ ਹੈ, ਉਸ ਦੇ ਮੁਕਾਬਲੇ ਨਣਦੋਈਆ ਮੋਟਾ ਹੋ ਗਿਆ ਹੈ। 'ਸੁੱਚੇ ਮੋਤੀ' ਆਮ ਲੋਕਾਂ ਕੋਲ ਕਿੱਥੋਂ ਆਉਣੇ ਹਨ, ਪਰ ਰੁੱਸੀ ਨਣਦ ਨੂੰ ਮਨਾਉਣ ਲਈ ਇਹ ਅਤਿਕਥਨੀ ਵੀ ਚੱਲੇਗੀ। ਪਰ ਅਸਲ ਵਿਚ ਡੋਰੀਆ ਦੇਣ ਦੀ ਸੀ। ਡੋਰੀਆ ਮਿਲਣ ਦੀ ਦੇਰ ਸੀ ਕਿ ਨਣਦ ਦਾ ਵਤੀਰਾ ਵੀ ਬਦਲ ਜਾਂਦਾ ਹੈ। ਹੁਣ ਗੱਲ ਸਮਝੌਤੇ 'ਤੇ ਜੁ ਆ ਪਹੁੰਚੀ ਹੈ।

ਆ ਨੀ ਨਣਦੇ, ਖਾ ਨੀ ਨਣਦੇ,
ਤੂੰ ਡੋਰੀਆ ਲੈ ਜਾਮੀ,
ਨੀ ਅੜੀਏ ਤੂੰ ਡੋਰੀਆ ਲੈ ਜਾਮੀਂ।
ਡੋਰੀਆ ਤਾਂ ਤੇਰਾ ਚੱਕੀ ਦਾ ਪਰੋਲਾ,
ਨੀ ਕੋਈ ਭਾਬੀ ਗਾਲ਼ ਨਾ ਕੱਢੀਂ ਨੀ ਅੜੀਏ
ਕੋਈ ਭਾਬੋ ਗਾਲ਼ ਨਾ ਕੱਢੀ।
ਡੋਰੀਆ ਤਾਂ ਤੇਰਾ ਚੱਕੀ ਦਾ ਪਰੋਲਾ,
ਮੈਂ ਅੰਤ ਜੋ ਲੈਂਦੀ ਤੇਰਾ
ਨੀ ਅੜੀ ਮੈਂ ਅੰਤ ਜੋ ਲੈਂਦੀ ਤੇਰਾ।

ਚੱਕੀ ਵਿਚੋਂ ਆਟਾ ਕੱਢਣ ਲਈ ਰੱਖੇ ਕੱਪੜੇ (ਪਰੋਲੇ) ਨਾਲ ਡੋਰੀਏ ਦੀ ਨਿਗੂਣਤਾ ਦਾ ਦੂਹਰਾ ਕਰਕੇ ਅਤੇ ਨਣਦ ਨੂੰ ਰੁਸਾ ਕੇ ਫਿਰ ਮਨਾ ਕੇ ਗੀਤ ਖ਼ਤਮ ਹੋ ਜਾਂਦਾ ਹੈ। ਪਿੱਛੇ ਛੱਡ ਜਾਂਦਾ ਹੈ ਕੁਤਕੁਤਾੜੀਆਂ ਕੱਢਦਾ ਹਾਸਾ ਤੇ ਸਭਿਆਚਾਰ ਦੀ ਇਕ ਰਸਮ ਦਾ ਵਿਸਤਾਰ। ਲਾਂਬੜੇ ਦੀ ਬਚਨੋ ਤੋਂ ਮੈਂ ਇਹ ਗੀਤ ਸੁਣਿਆ ਸੀ, ਸਭ ਤੋਂ ਪਹਿਲਾਂ। ਉਸ ਤੋਂ ਗੀਤ ਲੈਣ ਲਈ ਮੈਨੂੰ ਕੀ ਵੇਲਣ ਵੇਲਣੇ ਪਏ ਇਸ ਦਾ ਜ਼ਿਕਰ ਮੈਂ ਪਹਿਲਾਂ ਕਿਸੇ ਹੋਰ ਲੇਖ ਵਿਚ ਕਰ ਚੁੱਕਾ ਹਾਂ। ਇਹ ਗੀਤ ਉਸ ਨੇ ਯਾਦਾਸ਼ਤ ਉੱਪਰ ਬਹੁਤ ਜ਼ੋਰ ਪਾਉਣ 'ਤੇ ਹੀ ਪੁਨਰ ਸਿਰਜਤ ਕੀਤਾ ਸੀ, ਪਰ ਇਸ ਦੀ ਧੁਨ ਮੇਰੇ ਮਨ ਵਿਚ ਅੱਜ ਵੀ ਵਸੀ ਹੋਈ ਹੈ।

***


GILL HOME INSPECTION LTD.
COMMERCIAL & RESIDENTIAL
Registered Home Inspector **Kulvir Gill**
OAHI Ontario Association of Certified Home Inspectors
ਗਰੇਟਰ ਟਰਾਂਟੋ ਵਿੱਚ ਘਰਾਂ ਦੀ ਇਨਸਪੈਕਸ਼ਨ ਲਈ ਫੋਨ ਕਰੋ
HELPING YOU TO MAKE INFORMED DECISIONS
GHI
Cell: 416 839 3436 Ph: 905 479 5807

# ਕਵਿਤਾ ਵਿਚ ਢਲਦੀ ਲੋਕ ਪੱਖੀ ਵਿਚਾਰਧਾਰਾ ਦੀ ਸ਼ਾਇਰਾ ਬੀਬਾ ਕੁਲਵੰਤ



ਬੀਬਾ ਕੁਲਵੰਤ
+91-161-2745149

ਪੰਜਾਬੀ ਸਾਹਿਤ ਅਤੇ ਰੰਗਮੰਚ ਵਿਚ ਜੇ ਕੋਈ ਇਕੋ ਜਿਹੀ ਸ਼ਿੱਦਤ ਅਤੇ ਜ਼ਿੰਮੇਵਾਰੀ ਨਾਲ ਸਰਗਰਮ ਹੈ ਤਾਂ ਉਹ ਹੈ ਬੀਬਾ ਕੁਲਵੰਤ। ਬੀਬਾ ਕੁਲਵੰਤ ਪੰਜਾਬੀ ਸਾਹਿਤ ਦੀ ਸਭ ਤੋਂ ਜ਼ਿਆਦਾ ਪੜ੍ਹੀ ਜਾਣ ਵਾਲੀ ਵਿਧਾ ਕਹਾਣੀ ਨਾਲ ਪਾਠਕਾਂ ਸੰਗ ਉਦੋਂ ਰੂਬਰੂ ਹੋਈ ਜਦੋਂ ਉਹਦੀਆਂ ਸ਼ਾਨਦਾਰ ਅਤੇ ਜਾਨਦਾਰ ਕਹਾਣੀਆਂ ਦੀ ਪੁਸਤਕ 'ਹਿਯਾਤੀ ਨਾਲੋਂ ਟੁੱਟੀ ਕੁੜੀ' ਕੋਈ 35 ਸਾਲ ਪਹਿਲਾਂ ਛਪ ਕੇ ਆਈ। ਉਹਦੀਆਂ ਇਨ੍ਹਾਂ ਕਹਾਣੀਆਂ ਨੂੰ ਪੜ੍ਹ ਕੇ ਬਲਰਾਜ ਸਾਹਨੀ ਵਰਗੇ ਮਹਾਨ ਕਲਾਕਾਰ ਨੇ ਉਹਨੂੰ ਚਿੱਠੀਆਂ ਲਿਖੀਆਂ। ਬੀਬਾ ਕੁਲਵੰਤ ਦੇ ਪੈਰਾਂ ਵਿਚ ਸੁਲਗਦੇ ਸਫ਼ਰ ਨੇ ਉਹਨੂੰ ਇਥੇ ਹੀ ਨਾ ਰੁਕਣ ਦਿੱਤਾ। ਉਹ ਪੰਜਾਬੀ ਦੇ ਲੋਕ ਰੰਗਮੰਚ ਦੇ ਬਾਬਾ ਬੋਹੜ ਭਾਅ ਜੀ ਗੁਰਸ਼ਰਨ ਸਿੰਘ ਦੇ ਲੜ ਲਗ ਗਈ ਤੇ ਕਾਲੇ ਸਮਿਆਂ ਦੀਆਂ ਸਾਰੀਆਂ ਹਨੇਰੀਆਂ ਨੂੰ ਜਰਦੀ ਹੋਈ ਅੱਜ ਤਕ ਪੰਜਾਬੀ ਨਾਟਕ ਦੇ ਨਾਲ-ਨਾਲ ਤੁਰ ਹੀ ਨਹੀਂ ਰਹੀ ਸਗੋਂ ਦੌੜ ਰਹੀ ਹੈ। ਪੰਜਾਬ ਦੇ ਦੂਰ ਦੁਰਾਡੇ ਪਿੰਡਾਂ ਵਿਚ ਉਹ ਆਪਣੀ ਟੀਮ ਨਾਲ ਲਗਭਗ ਰੋਜ਼ ਹੀ ਨਾਟਕ ਖੇਡਦੀ ਹੈ। ਰੰਗਮੰਚ ਦੇ ਇਨ੍ਹਾਂ ਰੁਝੇਵਿਆਂ ਨੇ ਬੀਬਾ ਕੁਲਵੰਤ ਦੀ ਕਹਾਣੀ ਭਾਵੇਂ ਪਿੱਛੇ ਛੱਡ ਦਿੱਤੀ ਹੈ ਪਰ ਉਹਦਾ ਕਾਵਿ ਮਨ ਹਰ ਵਕਤ ਉਡਾਰੀਆਂ ਭਰਦਾ ਹੈ। ਉਹਦੇ ਇਸ ਕਾਵਿ ਮਨ 'ਤੇ ਉਕਰੇ ਅਹਿਸਾਸਾਂ ਨੇ ਹੀ ਉਸ ਦੀ ਕਾਵਿ ਪੁਸਤਕ 'ਪੈਰਾਂ 'ਚ ਸੁਲਗਦਾ ਸਫ਼ਰ' ਨੂੰ ਜਨਮ ਦਿੱਤਾ ਹੈ। ਬੀਬਾ ਕੁਲਵੰਤ ਦੀਆਂ ਇਨ੍ਹਾਂ ਕਵਿਤਾਵਾਂ ਵਿਚ ਨਿੱਜ ਹੈ ਪਰ ਇਹ ਨਿੱਜ ਸਮੂਹ ਵਿਚ ਤਬਦੀਲ ਹੋ ਕੇ ਕ੍ਰਾਂਤੀ ਦਾ ਹੋਕਾ ਬਣ ਜਾਂਦਾ ਹੈ। ਉਹਦੀ ਆਪਣੀ ਪੀੜਾ, ਸਮੂਹ ਦੀ ਪੀੜਾ ਦੀ ਜ਼ੁਬਾਨ ਬਣ ਕੇ ਸਾਹਮਣੇ ਆਉਂਦੀ ਹੈ। ਇਹ ਹੀ ਕਿਸੇ ਵੀ ਚੰਗੇ ਸ਼ਾਇਰ ਦੀ ਪਹਿਲੀ ਸਿਫ਼ਤ ਹੁੰਦੀ ਹੈ। ਬੀਬਾ ਕੁਲਵੰਤ ਦੀ ਇਹ ਸ਼ਾਇਰੀ ਮੁਕੰਮਲ ਰੂਪ ਵਿਚ ਮਨੁੱਖ ਦੀ ਹੋਣੀ ਨੂੰ ਤਬਦੀਲ ਕਰ ਦੇਣ ਦੀ ਸ਼ਾਇਰੀ ਹੈ। ਲੋਕ ਪੱਖੀ ਵਿਚਾਰਧਾਰਾ ਕਵਿਤਾ ਵਿਚ ਕਿਵੇਂ ਢਲਦੀ ਹੈ ਇਹ ਪਾਠਕ ਬੀਬਾ ਕੁਲਵੰਤ ਦੀਆਂ ਇਨ੍ਹਾਂ ਕਵਿਤਾਵਾਂ ਨੂੰ ਪੜ੍ਹ ਕੇ ਮਹਿਸੂਸ ਕਰ ਸਕਦੇ ਹਨ।



ਸੁਲੱਖਣ ਸਰਹੱਦੀ
+91-94174-84337
sarhadisulkhan@yahoo.com

## ਉਹ ਜਦ ਵੀ ਡਰਾਵੇ ਦਿੰਦਾ

ਉਹ ਜਦ ਵੀ ਡਰਾਵੇ ਦਿੰਦਾ
ਤਿੱਖੜ ਦੁਪਹਿਰਾਂ ਦੇ ਦਿੰਦਾ
ਉਹਨੂੰ ਸ਼ਾਇਦ ਨਹੀਂ ਸੀ ਪਤਾ
ਕਿ ਮੈਂ ਤਾਂ ਰੇਗਿਸਤਾਨ ਦੀ ਬੇਟੀ ਹਾਂ।

ਉਹ ਜਦ ਵੀ ਡਰਾਵੇ ਦਿੰਦਾ
ਲੋਹੇ ਦੀਆਂ ਸੀਖਾਂ ਦੇ ਦਿੰਦਾ
ਉਹਨੂੰ ਸ਼ਾਇਦ ਨਹੀਂ ਸੀ ਪਤਾ
ਕਿ ਮੈਂ ਤਾਂ ਜਦ ਵੀ ਉੱਡਾਂਗੀ
ਸਣੇ ਪਿੰਜਰੇ ਉੱਡਾਂਗੀ।

ਉਹ ਜਦ ਵੀ ਡਰਾਵੇ ਦਿੰਦਾ
ਸ਼ੂਕਦੇ ਦਰਿਆਵਾਂ ਦੇ ਦਿੰਦਾ
ਉਹਨੂੰ ਸ਼ਾਇਦ ਨਹੀਂ ਸੀ ਪਤਾ
ਮੈਂ ਤਾਂ ਘੁੰਮਣਘੇਰਾਂ ਦੀ ਤਾਰੂ ਹਾਂ।

ਉਹ ਜਦ ਵੀ ਡਰਾਵੇ ਦਿੰਦਾ
ਛੁਰੀਆਂ ਤੇ ਛਵ੍ਹੀਆਂ ਦੇ ਦਿੰਦਾ
ਉਹਨੂੰ ਸ਼ਾਇਦ ਨਹੀਂ ਸੀ ਪਤਾ
ਮੈਂ ਤਾਂ ਅੱਜ ਤਕ ਜਿਹੜਾ ਵੀ ਕਦਮ ਤੁਰੀ ਹਾਂ
ਤਲਵਾਰ ਦੀ ਧਾਰ 'ਤੇ ਤੁਰੀ ਹਾਂ।

ਉਹ ਜਦ ਵੀ ਡਰਾਵੇ ਦਿੰਦਾ
ਬਰਫ਼ੀਲੇ ਪਹਾੜਾਂ ਦੇ ਦਿੰਦਾ
ਉਹਨੂੰ ਸ਼ਾਇਦ ਨਹੀਂ ਸੀ ਪਤਾ
ਕਿ ਪੰਜਾਹ ਸਾਲ ਬਰਫ਼ ਦੀਆਂ
ਸਿਲਾਂ ਵਿਚ ਲੱਗ ਕੇ
ਮੈਂ ਅੱਜ ਤਕ ਵੀ ਨਹੀਂ ਠਰੀ ਹਾਂ।

ਮੈਨੂੰ ਹਵਾ ਵਿਚ ਲਟਕਣਾ ਨਹੀਂ ਆਉਂਦਾ
ਤੇ ਨਾ ਹੀ ਕੋਈ ਰੇਤ ਦੇ ਮਹਿਲ ਬਣਾਉਣਾ
ਮੈਂ ਤਾਂ ਮਿਆਨੋਂ ਨਿਕਲੀ ਉਹ ਤਲਵਾਰ ਹਾਂ
ਜਿਹਦੇ ਟੱਕ ਨਾਲ ਲਹੂ ਨਹੀਂ
ਕੋਈ ਲਾਵਾ ਨਿਕਲੇਗਾ
ਜਿਹੜਾ ਕਾਲੀਆਂ ਰਾਤਾਂ ਨੂੰ
ਭਸਮ ਕਰ ਦਵੇਗਾ।

---

## ਹੁਣ ਮੈਂ

ਹੁਣ ਮੈਂ ਦੁਨੀਆ ਦੀ
ਹਰ ਜੰਗ ਲੜ ਸਕਦੀ ਹਾਂ
ਹੁਣ ਮੈਂ ਪਾਣੀਆਂ 'ਚ
ਡੁੱਬ ਨਹੀਂ, ਤਰ ਸਕਦੀ ਹਾਂ

ਤੇਰੇ ਇਸ ਵਹਿਮ ਨੂੰ
ਕਿ ਮੈਂ ਇਕ ਨਾਜ਼ੁਕ ਜਿਹੀ ਕਲੀ ਹਾਂ
ਤੋੜ ਆਈ ਹਾਂ
ਤੇ ਤੂਫ਼ਾਨਾਂ ਦੇ ਨਾਲ
ਆਪਣਾ ਕੋਈ ਪੱਕਾ ਰਿਸ਼ਤਾ
ਜੋੜ ਆਈ ਹਾਂ।

ਆਪਣੇ 'ਤੇ ਹੋਏ ਇਕ-ਇਕ ਜ਼ੁਲਮ ਦਾ
ਹੁਣ ਮੈਂ ਤੈਥੋਂ ਹਿਸਾਬ ਲਵਾਂਗੀ
ਤੇ ਇਸ ਸੁਆਲ ਬਣੀ ਜ਼ਿੰਦਗੀ ਦਾ
ਬਸ ਆਖ਼ਰੀ ਜਵਾਬ ਲਵਾਂਗੀ

---

## ਇਹ ਕੈਦੋਂ

ਸੋਲ਼ਾਂ ਸਾਲ ਦੀ ਸਾਂ
ਵਾਰਿਸ ਦੀ ਹੀਰ ਪੜ੍ਹੀ
ਰਾਂਝਾ ਵੀ ਮੇਰਾ ਸੀ
ਹੀਰ ਵੀ ਮੇਰੀ ਸੀ
ਪਰ ਘਰ ਵਿਚ ਮੇਰੇ ਬਾਪ ਦੀਆਂ ਨਜ਼ਰਾਂ 'ਚ
ਹੀਰ-ਰਾਂਝੇ ਦੀ ਸਾਰੀ ਕਥਾ ਵਿਚੋਂ
ਜੇ ਕੋਈ ਕਿਰਦਾਰ ਚੰਗਾ ਸੀ
ਤਾਂ ਉਹ ਕੈਦੋਂ ਸੀ।

ਫਿਰ ਮੈਂ ਆਪਣੀ ਹਿਆਤੀ ਦੇ ਸਾਰੇ ਵਰ੍ਹੇ
ਵਕਤ ਦੇ ਕੁਰੂਕਸ਼ੇਤਰ ਵਿਚ ਖੜ੍ਹੀ ਰਹੀ
ਉਥੇ ਨਾ ਕੋਈ ਹੀਰ ਸੀ
ਨਾ ਕੋਈ ਰਾਂਝਾ ਸੀ
ਇਕ ਨਹੀਂ, ਸੈਂਕੜੇ ਕੈਦੋਂ ਸਨ।

ਬਸ ਅੱਜ ਤਕ
ਇਹਨਾਂ ਕੈਦੋਆਂ ਸੰਗ ਹੀ
ਜੂਝ ਰਹੀ ਹਾਂ।

---

## ਉਹ ਅਕਸਰ ਹੈਰਾਨ ਹੁੰਦਾ ਹੈ

ਉਹ ਅਕਸਰ ਹੈਰਾਨ ਹੁੰਦਾ ਹੈ
ਕਿ ਮੈਂ ਹਨੇਰਿਆਂ ਵਿਚ ਰਹਿ ਕੇ
ਚਾਨਣ ਦੀਆਂ ਬਾਤਾਂ
ਕਿਵੇਂ ਪਾ ਲੈਂਦੀ ਹਾਂ!

ਉਹ ਅਕਸਰ ਹੈਰਾਨ ਹੁੰਦਾ ਹੈ
ਕਿ ਨੇਜ਼ਿਆਂ ਦੀਆਂ ਨੋਕਾਂ 'ਤੇ ਟੰਗੀ
ਮੈਂ 'ਸੀ' ਕਿਉਂ ਨਹੀਂ ਕਰਦੀ!

ਉਹ ਅਕਸਰ ਹੈਰਾਨ ਹੁੰਦਾ ਹੈ
ਕਿ ਮਘਦਿਆਂ ਕੋਲਿਆਂ 'ਤੇ ਤੁਰ
ਮੈਂ ਪੈਰਾਂ ਦਿਆਂ ਛਾਲਿਆਂ ਤੋਂ
ਕਿਵੇਂ ਬਚ ਜਾਂਦੀ ਹਾਂ!

ਉਹ ਅਕਸਰ ਹੈਰਾਨ ਹੁੰਦਾ ਹੈ
ਕਿ ਬੰਜਰਾਂ ਤੇ ਮਾਰੂਥਲਾਂ
ਵਿਚ ਰਹਿ ਕੇ
ਮੈਂ ਪਾਣੀ ਕਿਉਂ ਨਹੀਂ ਮੰਗਦੀ!

ਉਹ ਅਕਸਰ ਹੈਰਾਨ ਹੁੰਦਾ ਹੈ
ਦਿਨਾਂ ਤੇ ਰਾਤਾਂ ਦੇ ਸਫ਼ਰ ਵਿਚ
ਵੇਖ ਮੇਰੀ ਕਿਸ਼ਤਾਂ 'ਚ ਖ਼ੁਸ਼ਕਸ਼ੀ
ਤੇ ਅਗਲੀ ਭਲਕ ਫਿਰ ਜ਼ਿੰਦਾ ਹੋਣ 'ਤੇ।

ਉਹ ਅਕਸਰ ਹੈਰਾਨ ਹੁੰਦਾ ਹੈ
ਮੇਰੇ ਬੇਸ਼ੁਮਾਰ ਜ਼ਖ਼ਮਾਂ ਤੇ ਹਾਸਿਆਂ ਨੂੰ ਤੱਕ!

ਉਹ ਅਕਸਰ ਹੈਰਾਨ ਹੁੰਦਾ ਹੈ
ਕਿ ਕੋਈ ਫੁੱਲ ਮਾਰੇ ਜਾਂ ਪੱਥਰ
ਮੈਨੂੰ ਇਕੋ ਹੀ ਪੀੜ ਕਿਉਂ ਹੁੰਦੀ ਹੈ!

ਤੇ ਮੇਰਾ ਜੁਆਬ ਸੁਣ
ਉਹ ਹੋਰ ਵੀ ਹੈਰਾਨ ਹੁੰਦਾ ਹੈ
ਕਿ ਸਿਰ ਤਲੀ 'ਤੇ ਰੱਖ
ਮੈਂ ਕਿਸੇ ਨਾਲ ਕੀਤੇ
ਬੱਸ ਵਾਅਦੇ ਤਕ ਪਹੁੰਚਣਾ ਹੈ!

---

## ਮਰਨ ਦਾ ਇਹ ਵੀ ਇਕ ਢੰਗ ਹੁੰਦਾ ਹੈ

ਪਾਣੀ ਦਾ ਨਹੀਂ
ਅੱਗ ਦਾ ਸੁਮੰਦਰ
ਛਵ੍ਹੀਆਂ ਦੀ ਰੁੱਤ
ਹਰ ਮੋੜ 'ਤੇ ਸੂਲੀ
ਪੈਰਾਂ 'ਚ ਸੁਲਗਦਾ ਸਫ਼ਰ
ਕੰਡਿਆਂ ਦੀ ਵਾੜ ਸੀ
ਤੇ ਕਿਹਾ ਗਿਆ
ਬਿਨਾਂ ਝਰੀਟ ਦੇ ਲੰਘੋ!

ਜ਼ੁਲਮ ਵਿਰੁੱਧ ਲੜਨਾ
ਤੇ ਫਿਰ ਬਿਨਾਂ ਹਥਿਆਰ ਦੇ!
ਬਸ ਮੌਤ ਦਾ ਇਕ ਰੰਗ ਹੁੰਦਾ ਹੈ
ਤੇ ਮਰਨ ਦਾ
ਇਹ ਵੀ ਇਕ ਢੰਗ ਹੁੰਦਾ ਹੈ
ਤੇ ਮਰਨ ਦਾ
ਇਹ ਵੀ ਇਕ ਢੰਗ ਹੁੰਦਾ ਹੈ!

---

## ਉਸ ਕਦੇ ਨਹੀਂ ਸੀ ਸੋਚਿਆ

ਹਰ ਰਾਹ 'ਤੇ ਅੱਗ ਲਾਉਣ ਵੇਲੇ
ਉਸ ਨਹੀਂ ਸੀ ਸੋਚਿਆ
ਕਿ ਆਪਦੇ ਘਰ ਨੂੰ ਵੀ
ਉਨ੍ਹਾਂ ਰਾਹਾਂ ਤੋਂ ਹੀ ਜਾਣਾ ਹੈ।

ਹਰ ਮੋੜ 'ਤੇ ਪੱਥਰ ਰੱਖਣ ਵੇਲੇ
ਉਸ ਨਹੀਂ ਸੀ ਸੋਚਿਆ
ਕਿ ਉਹਦੇ ਆਪਣੇ ਪੈਰ ਨੂੰ ਵੀ
ਠੋਕਰ ਉਸੇ ਪੱਥਰ ਤੋਂ ਲੱਗਣੀ ਹੈ।

ਸਭ ਦੁਸ਼ਮਣਾਂ ਦੀਆਂ ਬਾਹਾਂ
ਕਤਲ ਕਰਨ ਵੇਲੇ
ਉਸ ਨਹੀਂ ਸੀ ਸੋਚਿਆ
ਕਿ ਆਪ ਨੂੰ ਜਦ ਕਿਸੇ ਬਾਂਹ ਦੀ ਲੋੜ ਪਈ
ਤਾਂ ਉਹਦੇ ਆਪਣਿਆਂ ਨੇ ਰੁੱਸ ਜਾਣਾ ਏ।

ਅਧੂਰੀ ਜ਼ਿੰਦਗੀ ਜੀਣ ਨਾਲੋਂ
ਉਹ ਤੂਫ਼ਾਨਾਂ ਨਾਲ ਟੱਕਰਾਂ ਲੈ ਕੇ
ਫਨਾਹ ਹੋ ਜਾਂਦਾ
ਜੇ ਉਹਨੂੰ ਜ਼ਿੰਦਗੀ 'ਤੇ ਕੋਈ ਗਿਲਾ ਸੀ
ਤਾਂ ਜ਼ਿੰਦਗੀ ਨਾਲ ਜੂਝਦਾ
ਲੜਦਾ, ਮਰਦਾ ਤੇ ਫਿਰ ਅਮਰ ਹੋ ਜਾਂਦਾ
ਤਾਂ ਅੱਜ ਉਹਦਾ ਵੀ ਨਾਮ
ਵਕਤ ਦੇ ਇਨ੍ਹਾਂ ਸ਼ਹੀਦਾਂ ਵਿਚ ਹੁੰਦਾ।

---

## ਮੈਂ ਵੇਖਿਆ

ਇਕ ਵਾਰ ਮੈਂ ਵੇਖਿਆ
ਸਿੱਲ੍ਹੀ ਧਰਤੀ
ਕਿਣਮਿਣ ਤੋਂ ਬਾਅਦ ਵੱਤਰ ਸੀ

ਕੋਈ ਕਿਸਾਨ ਹਲ਼ ਵਾਹੁੰਦਾ
ਬਹੁਤ ਖ਼ੂਬਸੂਰਤ ਖੰਭਾਂ ਵਾਲ਼ੇ
ਪਰਿੰਦਿਆਂ ਦਾ ਜੋੜਾ
ਹਲ਼ ਦੇ ਪਿੱਛੇ-ਪਿੱਛੇ ਤੁਰਦਾ
ਝੂਮਦਾ ਤੇ ਚਹਿਚਹਾਉਂਦਾ

ਇਉਂ ਲੱਗਿਆ
ਜਿਵੇਂ ਉਹ ਵੀ ਕਿਰਤੀ ਹੱਥਾਂ ਵਿਚ
ਆਪਣਾ ਹਿੱਸਾ ਹੈ ਪਾਉਂਦਾ।

ਕਦੀ ਅੱਗੇ ਕਦੀ ਪਿੱਛੇ
ਕਦੀ ਪਿੱਛੇ ਕਦੀ ਅੱਗੇ
ਕਿਸਾਨ ਦਾ ਦਿਲ ਬਹਿਲਾਉਂਦਾ

ਦੂਰੋਂ ਰੋਟੀ ਲੈ ਕੇ ਆਉਂਦੀ
ਮੁਟਿਆਰ ਵੱਲ
ਉਹ ਤਿੰਨੋ ਤੱਕਦੇ
ਫਿਰ ਚਾਰੇ ਜਣੇ
ਸਾਂਝਾ ਚੋਗ ਚੁਗਦੇ।

ਬੜੇ ਵਰ੍ਹੇ ਬੀਤ ਗਏ
ਇਕ ਦਿਨ ਉਧਰ ਮੈਂ ਗਈ
ਨਾ ਕਿਸਾਨ ਨਾ ਪਰਿੰਦਾ ਕੋਈ
ਨਾ ਹੀ ਕਿਧਰੇ ਕੋਈ ਭੱਤੇ ਵਾਲੀ
ਬੱਸ ਇਕ ਖ਼ੁਸ਼ਕ ਜਿਹੀ ਰੁੱਤ
ਬੇਸ਼ੁਮਾਰ ਖ਼ਲਕਤ
ਉੱਚੀਆਂ ਸੀਮਿੰਟੀ ਇਮਾਰਤਾਂ।

---

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।




ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ ! !

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ* | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

* Rates may change without notice

ਕੀ ਤੁਸੀਂ ਉਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ✦ ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ✦ ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ✦ ਕੀ ਤੁਸੀਂ ਘਰ ਦੇ ਮੁਖੀ ਹੋ ?
- ✦ ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ✦ ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ । ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



**Jessie Singh**
(C.A.I.B)

- ✦ Life Insurance
- ✦ Mortgage Insurance
- ✦ Disability Insurance
- ✦ Critical Illness Insurance
- ✦ Longterm Care Insurance
- ✦ Travel Insurance
- ✦ Health Plans



**Jasvir Deol**
(C.A.I.B)

*For All Insurance Needs Book Appointment Today.*

## Calgary

**Bus: (403) 717 - 0666**
**Cell: (403) 830 - 7007**

## Edmonton

**Bus: (780) 465 - 6900**
**Cell: (780) 906 - 4497**

MILLBOURNE ROAD
# MEDICAL CLINIC
WALK-INS WELCOME FAMILY PHYSICIANS



Dr. V.K. Thapar (M.D., CCFP)*
By Appointments Only

Dr. B.S. Jassar (M.D. , Ph.D, CCFP)*
Cell: 780 918 0516

Dr. S. Bananda (M.D.)

Dr. Farhat Siddiqui (M.D.)

ਤੁਹਾਡੀ ਸਹਾਇਤਾ ਲਈ ਮਾਹਿਰ ਡਾਕਟਰਾਂ ਦੀ ਟੀਮ ਹਾਜ਼ਰ ਹੈ।
ਹੁਣ ਤੁਸੀ ਸਲਾਹ ਮਸ਼ਵਰੇ ਲਈ ਲੇਡੀ ਡਾਕਟਰ ਸਦੀਕੀ ਨੂੰ ਵੀ ਮਿਲ ਸਕਦੇ ਹੋ।

Ph: 780 462 4229 Fax: 780 462 3315

131 Millbourne Road East, Lee Ridge Plaza Edmonton, AB T6K 1P6

* Professional Corporation

WESTFORK Interiors

Specializing in Cabinets & Counter tops

Kitchen & Vanities, Custom Cabinets, Staining & Spraying Doors

Endless Options
- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and delivery.
- One Location - Multiple Considerations
- Complete Range of Counter tops including laminate.

Custom Cabinetry
Exceptional Quality Customised Solutions
Premium Construction at Competitive Price.

ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ
ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ
ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ ਵੈਸਟਫੋਰਕ ਇੰਟੀਰੀਅਰਜ਼



Westfork Interiors, 8307 Argyll Road, Edmonton T6C 4B2
Tel: 780-490-4983
Fax: 780-490-4982
www.westforkinteriors.com
info@westforkinteriors.com

Gurmail Matharu : 780-990-9349
Ranjit Matharu : 780-907-9889



Passport Photos
by:
Kanwal Lyall

All types of Immigration, Passport, PIO, Citizenship Photos

Phone: 780-952-8017 lyallstudio@gmail.com

Auto Shine

Interior Shampooing ✦ Power Polishing ✦ Engine Cleaning ✦ Fabric Guard ✦ Tar Ramoval

Move to New & Bigger Location for Better Service



DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
10365 59 Ave NW, Edmonton AB T6H1E7

Fancy DOORS & MOULDINGS LTD.

JELD-WEN WINDOWS & DOORS | ALEXANDRIA Moulding | Masonite

FALL SHOWCASE

CHECK OUT OUR QUALITY SELECTION

Interior Doors
Cheyenne — Smooth, H/C, Pre-Hung 18" x 36" MDF Jamb, 3 Hinges
Bostonian — 6-Panel, Pre-Hung 18" x 36" MDF Jamb, 3 Hinges

Exterior Doors
Fibreglass "Parliament" Pre-Hung (32" or 36" x80") with 4.5" Jamb
6-Panel Steel Door with Brick Moulding Pre-Hung (32" or 36") with 4.5" Jamb



French Doors



A. 3-Panel Mission Shaker, Fir
B. 3-Panel Equal Shaker, MDF
C. 5-Panel Shaker, MDF

Single or Double "Paris" Doors
Pantry Slab
Square Ring with Band

Exterior Wood Doors
Prefinished 32" x 32" x 96"



SAVE ON DOOR KNOBS AND HANDLES!

BOSTAT Clearance Locks

| | |
|---|---|
| Keyed Lever | $15.00 |
| Deadbolt | $15.00 |
| Privacy Lever | $12.00 |
| Passage Lever | $12.00 |

*Please Note - All Sales of these locks are final and carry no warranty!

2 Piece Deadbolt $15.00

Passage Knob $10.99

MOULDING & MILLWORK HIGHLAND PARK SERIES ~ CLEAN, MODERN & ELEGANT!

#546 Casing 1¼" x 5½" SPERO™
#8039 Casing ¾" x 3½" MDF Primed
#8237 Baseboard ⅝" x 5½" MDF Primed
#8081 Casing ⅝" x 3¼" MDF Primed
#8281 Baseboard ½" x 6" MDF Primed

ALEXANDRIA Moulding MOULDING SPECIALS!

#5010 1 3/16" x 4 3/16" MDF Primed
#412 Baseboard ⅝" x 4¼" MDF Primed
#411 Casing 11/16" x 3" MDF Primed
#3140 ⅜" x 3¼" MDF Primed
#356 2 ¼" x 3/8" MDF Primed

SAVE ON BATHROOM FIXTURES!

Infinity 4 Piece Bath Set — Robe Hook, Towel Bar, Towel Ring, Paper Holder

Sunglow 4 Piece Bath Set — Towel Bar, Robe Hook, Paper Holder, Towel Ring

Interior & Exterior, Prehung Units, Locks & Hardware, French Doors, Bi-Folds, Mouldings & Accessories
Commercial Doors & Hardware, Custom Railing Supplied & Installed
Alberta Location: 9129 - 35 Avenue, Edmonton, AB, T6E 5Y1
Ph: 780-432-7700
Fax: 780-432-7710 www.fancy-doors.com

Limited time offer. Expires November 31, 2012














ਪੰਜਾਬੀ ਕਲਚਰਲ ਐਸੋਸੀਏਸ਼ਨ ਆਫ਼ ਅਲਬਰਟਾ ਵਲੋਂ ਗ਼ਦਰ ਸ਼ਤਾਬਦੀ ਨੂੰ ਸਮਰਪਤ ਕਰਵਾਏ ਗਏ 31ਵੇਂ ਸਲਾਨਾ ਸਮਾਗਮ ਦੀਆਂ ਵੱਖ-ਵੱਖ ਝਲਕੀਆਂ।


# Elite Driving School

Learn to drive with experienced,
caring & friendly instructor
Lessons available in English, Hindi, Punjabi & Urdu

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience

15 Hours in Class Room
& 10 Hours in Car
Package Available



- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.





Gurmail Dhaliwal (Garry)
780-265-6990



2019 61st St NW, Edmonton, AB, T6L 1M5
Tel: 780-265-6990 Fax: 780-461-6990
Email: elitedriving@hotmail.com, www.elitedrivingschoolltd.ca

# ਕੋਈ ਵੀ ਲਹਿਰ ਮਾਨਵੀ ਧਰਾਤਲ ਤੋਂ ਬਿਨਾਂ ਅੱਗੇ ਨਹੀਂ ਵੱਧ ਸਕਦੀ : ਪਾਸ਼



ਮੁਲਾਕਾਤੀ
ਸੁਖਵਿੰਦਰ ਸਿੰਘ ਰੰਧਾਵਾ

*ਇੰਨ੍ਹੀ ਦਿਨੀਂ ਅਵਤਾਰ ਪਾਸ਼ ਦੀ ਵਾਰਤਕ ਚਿੱਠੀਆਂ ਅਤੇ ਉਸ ਨਾਲ ਕੀਤੀਆਂ ਕੁਝ ਮੁਲਾਕਾਤਾਂ ਦੀ ਪੁਸਤਕ 'ਤਲਵੰਡੀ ਸਲੇਮ ਨੂੰ ਜਾਂਦੀ ਸੜਕ' ਛਪ ਕੇ ਆਈ ਹੈ। ਇਸ ਪੁਸਤਕ ਦਾ ਸੰਕਲਨ ਅਤੇ ਸੰਪਾਦਨ ਪਾਸ਼ ਦੇ ਪਿਤਾ ਸੋਹਣ ਸਿੰਘ ਸੰਧੂ ਦਾ ਕੀਤਾ ਹੋਇਆ ਹੈ ਪਰ ਪੁਸਤਕ ਦੇ ਲੋਕ ਅਰਪਣ ਵੇਲੇ ਸੋਹਣ ਸਿੰਘ ਸੰਧੂ ਵੀ ਸਰੀਰਕ ਤੌਰ 'ਤੇ ਵਿਛੜ ਚੁੱਕੇ ਸਨ। ਚੇਤਨਾ ਪ੍ਰਕਾਸ਼ਨ ਵਲੋਂ ਛਾਪੀ ਗਈ ਇਸ ਪੁਸਤਕ ਵਿਚੋਂ ਡਾ. ਸੁਖਵਿੰਦਰ ਸਿੰਘ ਰੰਧਾਵਾ ਦੀ 1985 ਵਿਚ ਅਵਤਾਰ ਪਾਸ਼ ਨਾਲ ਹੋਈ ਮੁਲਾਕਾਤ ਦੇ ਕੁਝ ਅੰਸ਼ ਧੰਨਵਾਦ ਸਹਿਤ ਛਾਪੇ ਜਾ ਰਹੇ ਹਨ। ਇਸ ਮੁਲਾਕਾਤ ਵਿਚ ਪੰਜਾਬੀ ਕਵਿਤਾ ਅਤੇ ਕੁਝ ਹੋਰ ਮਸਲਿਆਂ 'ਤੇ ਹੋਈ ਗੱਲਬਾਤ ਅੱਜ ਵੀ ਪ੍ਰਸੰਗਕ ਹੈ। – ਸੰਪਾਦਕ*

*ਪਾਸ਼ ਨਾਲ ਇਕ ਭਰਪੂਰ ਸਾਹਿਤਕ ਮੁਲਾਕਾਤ ਮੈਂ 1985 ਵਿਚ ਆਪਣੀ ਐਮ.ਫ਼ਿਲ ਦੀ ਖੋਜ ਦੇ ਸਿਲਸਿਲੇ 'ਚ ਕੀਤੀ ਸੀ। ਉਦੋਂ ਉਹ ਉੱਗੀ ਪਿੰਡ (ਜਲੰਧਰ) ਦੇ ਅੱਡੇ 'ਤੇ ਇਕ ਛੋਟਾ ਜਿਹਾ ਪ੍ਰਾਈਵੇਟ ਸਕੂਲ ਚਲਾ ਰਿਹਾ ਸੀ। ਮੈਂ ਉਥੇ ਹੀ ਚਲਾ ਗਿਆ। ਅਸੀਂ ਸਕੂਲ ਦੀ ਛੱਤ 'ਤੇ ਬੈਠ ਗਏ। ਕੋਸੀ-ਕੋਸੀ ਧੁੱਪ ਸੀ। ਕੋਈ ਡੇਢ-ਪੌਣੇ ਦੋ ਘੰਟੇ ਗੱਲਾਂ-ਬਾਤਾਂ ਦਾ ਸਿਲਸਿਲਾ ਚਲਦਾ ਰਿਹਾ। ਮੈਂ ਉਸ ਤੋਂ ਬਹੁਤ ਪ੍ਰਭਾਵਤ ਹੋਇਆ ਸਾਂ- ਇਕ ਕਵੀ ਦੇ ਤੌਰ 'ਤੇ ਵੀ ਅਤੇ ਇਕ ਬੁੱਧੀਜੀਵੀ ਦਾਰਸ਼ਨਿਕ ਦੇ ਤੌਰ 'ਤੇ ਵੀ। ਉਸ ਦੇ ਜਵਾਬ ਬਹੁਤ ਸਪੱਸ਼ਟ ਤੇ ਠੋਸ ਸਨ। ਇਸ ਮੁਲਾਕਾਤ ਦੀ ਰਿਕਾਰਡਿਡ ਟੇਪ ਹਾਲਾਂ ਵੀ ਮੇਰੇ ਪਾਸ ਸੁਰੱਖਿਅਤ ਹੈ*
*– ਸੁਖਵਿੰਦਰ ਸਿੰਘ ਰੰਧਾਵਾ*

*ਸੁਖਵਿੰਦਰ ਸਿੰਘ ਰੰਧਾਵਾ- ਜੁਝਾਰ-ਵਿਦਰੋਹੀ ਕਵਿਤਾ ਕਿਸ ਹੱਦ ਤਕ ਪੰਜਾਬੀ ਕਾਵਿ-ਪਰੰਪਰਾ ਨਾਲ ਜੁੜੀ ਹੋਈ ਹੈ ਅਤੇ ਕਿਸ ਹੱਦ ਤਕ ਪਰ੍ਹੇ ਜਾਂਦੀ ਹੈ?*

ਪਾਸ਼ : ਵਿਸ਼ੇ ਪੱਖ ਤੋਂ ਤਾਂ ਇਕ ਲੜੀ ਤੁਰੀ ਆ ਰਹੀ ਹੈ, ਪਰੰਪਰਾ ਨਾਲ ਜੋੜ ਬਹੁਤ ਸਪੱਸ਼ਟ ਹੈ ਪਰ ਰੂਪਕ ਪੱਖ ਤੋਂ ਇਹ ਜੋੜ ਬਹੁਤਾ ਸਪੱਸ਼ਟ ਨਹੀਂ। ਮੈਂ ਸਮਝਦਾਂ ਕਿ ਸ਼ੁਰੂ ਤੋਂ ਲੈ ਕੇ ਪੰਜਾਬੀ ਕਵਿਤਾ ਸਮਾਜਮੁਖੀ ਰਹੀ ਹੈ। ਕਦੇ ਇਸ ਤਰ੍ਹਾਂ ਨਹੀਂ ਲੱਗਦੈ ਕਿ ਪੰਜਾਬੀ ਕਵੀ ਸਮਾਜ ਤੋਂ ਪਲਾਇਨ ਕਰ ਰਿਹਾ ਹੋਵੇ। ਪੰਜਾਬੀ ਕਵਿਤਾ ਦਾ ਤਾਂ ਜਨਮ ਹੀ ਇਸ ਤਰ੍ਹਾਂ ਹੋਇਆ ਕਿ ਗੁਰੂ ਨਾਨਕ ਵਰਗੇ ਕਵੀ ਸਿੱਧੇ ਰੂਪ ਵਿਚ ਸਮਾਜ ਨਾਲ ਜੁੜੇ ਹੋਏ ਸਨ। ਥੋੜ੍ਹੇ ਜਿਹੇ ਸਮੇਂ 'ਚ ਚੱਲੀਆਂ ਕੁਝ ਕੁ ਉਪ ਧਾਰਾਵਾਂ ਨੂੰ ਛੱਡ ਕੇ (ਜਿਵੇਂ ਕਿ ਪ੍ਰਯੋਗਵਾਦੀ) ਸਾਡੀ ਕਵਿਤਾ ਹਮੇਸ਼ਾ ਸਮਾਜਕ ਸਮੱਸਿਆਵਾਂ ਨਾਲ ਜੁੜੀ ਰਹੀ ਹੈ। ਸਮੁੱਚੇ ਤੌਰ 'ਤੇ ਮੈਂ ਕਹਿ ਸਕਦਾ ਹਾਂ ਕਿ ਵਿਸ਼ੇ ਪੱਖ ਤੋਂ ਤਾਂ ਬਿਲਕੁਲ ਜੁਝਾਰ-ਵਿਦਰੋਹੀ ਕਵਿਤਾ ਪੰਜਾਬੀ ਕਾਵਿ-ਪਰੰਪਰਾ ਨਾਲ ਜੁੜੀ ਹੋਈ ਹੈ ਪਰ ਰੂਪਕ ਪੱਖ ਤੋਂ ਵੀ ਏਨੀ ਪਰ੍ਹੇ ਨਹੀਂ ਜਾਂਦੀ ਕਿ ਇਸ ਨੂੰ ਪਰੰਪਰਾ ਨਾਲੋਂ ਕੱਟੀ ਹੋਈ ਸਮਝਿਆ ਜਾਵੇ ਕਿਉਂਕਿ ਖੁੱਲ੍ਹੀ ਕਵਿਤਾ ਦਾ ਜੇ ਇਸ ਕਾਵਿ 'ਚ ਪ੍ਰਯੋਗ ਹੋਇਆ ਹੈ ਤਾਂ ਇਹ ਇਸਦੀ ਹੀ ਦੇਣ ਨਹੀਂ ਸਗੋਂ ਤਰੱਕੀ ਪਸੰਦ ਲਹਿਰ ਤੋਂ ਪਹਿਲਾਂ ਵੀ ਇਸ ਦਾ ਪ੍ਰਯੋਗ ਹੋਇਆ ਮਿਲਦਾ ਹੈ।

*? ਸਮਾਜ-ਮੁੱਖਤਾ ਦੇ ਨੁਕਤੇ ਤੋਂ ਜੁਝਾਰ-ਵਿਦਰੋਹੀ ਕਵਿਤਾ ਕਿੰਨੀ ਕੁ ਗੁਣਾਤਮਕ ਤਬਦੀਲੀ ਲਿਆਉਣ ਦੇ ਸਮਰੱਥ ਸਿੱਧ ਹੋਈ ਹੈ?*

ਜਵਾਬ : ਗੁਣਾਤਮਕ ਪੱਖੋਂ ਵਰਣਨਯੋਗ ਪੱਧਰ ਤਕ ਤਬਦੀਲੀ ਤਾਂ ਲਿਆਂਦੀ ਹੀ ਗਈ ਹੈ। ਗ਼ਦਰ ਲਹਿਰ ਵੇਲੇ ਜਾਂ ਕਿਰਤੀ ਲਹਿਰ ਵੇਲੇ ਜਿਹੜੀ ਸਮਾਜ ਮੁੱਖ ਕਵਿਤਾ ਲਿਖੀ ਜਾਂਦੀ ਰਹੀ, ਉਹ ਨਿਰੋਲ ਪ੍ਰਚਾਰ ਪੱਧਰ ਦੀ ਰਚਨਾ ਸੀ। ਤੁਕਬੰਦੀ ਤਾਂ ਭਾਵੇਂ ਪੂਰੀ ਹੁੰਦੀ ਸੀ, ਛੰਦਾਂ ਦੀ ਸੂਝ ਵੀ ਪੂਰੀ ਹੋਵੇਗੀ ਪਰ ਉਸ ਵਿਚ ਸਾਹਿਤਕ ਚੇਤਨਾ ਜਾਂ ਸਾਹਿਤਕ ਗੁਣਾਂ ਦੀ ਘਾਟ ਬਹੁਤ ਪ੍ਰਮੁੱਖ ਸੀ। ਗੁਣਾਤਮਕ ਪੱਖੋਂ ਸਮਾਜਵਾਦੀ ਕਵਿਤਾ ਨੂੰ ਉੱਚਾ ਸਾਹਿਤਕ ਪੱਧਰ ਪ੍ਰਦਾਨ ਕਰਨ 'ਚ ਜੁਝਾਰੂ ਕਵਿਤਾ ਸਫ਼ਲ ਸਿੱਧ ਹੋਈ ਹੈ। ਗਿਣਾਤਮਕ ਪੱਖ ਤੋਂ ਵੀ ਇਹ ਤਾਂ ਮੈਂ ਨਹੀਂ ਕਹਿੰਦਾ ਕਿ ਸਮੁੱਚੀ ਕ੍ਰਾਂਤੀਕਾਰੀ ਕਵਿਤਾ ਬਹੁਤ ਉਚੇਰੇ ਪੱਧਰ ਦੀ ਹੈ ਪਰ ਇਸ ਦਾ ਕਾਫ਼ੀ ਭਾਗ ਸਮੁੱਚੀ ਕਵਿਤਾ ਨੂੰ ਉਚੇਰਾ ਪੱਧਰ ਪ੍ਰਦਾਨ ਕਰਨ ਵਾਲਾ ਹੈ।

*? ਜੁਝਾਰੂ-ਵਿਦਰੋਹੀ ਕਾਵਿ-ਚੇਤਨਾ ਨੂੰ ਇਤਿਹਾਸ-ਚੇਤਨਾ ਦਾ ਨਾਂ ਦੇਣਾ ਚਾਹੀਦਾ ਹੈ ਜਾਂ ਰਾਜਨੀਤਕ ਚੇਤਨਾ ਦਾ, ਜਾਂ ਕੋਈ ਹੋਰ?*

ਜਵਾਬ : ਜੇ ਰਾਜਸੀ ਚੇਤਨਾ ਹੀ ਕਹਿ ਲਈਏ ਤਾਂ ਰਾਜਸੀ ਚੇਤਨਾ ਕਿਸੇ ਵਿਚਾਰਧਾਰਾ ਦੀ ਉਪਜ ਹੁੰਦੀ ਹੈ ਜਾਂ ਉਸ ਨਾਲ ਸਬੰਧਤ ਹੁੰਦੀ ਹੈ ਜਾਂ ਉਸ ਦੀ 'ਬਾਈ ਪ੍ਰੋਡਕਟ' ਹੁੰਦੀ ਹੈ ਕਿਉਂਕਿ ਸਾਡਾ ਦਵੰਦਾਤਮਕ ਪਦਾਰਥਵਾਦ ਦਾ ਫ਼ਲਸਫ਼ਾ ਹੀ ਇਤਿਹਾਸਮੁਖੀ ਹੈ, ਇਸੇ ਵਿਚਾਰਧਾਰਾ ਨਾਲ ਜੁੜ ਕੇ ਕਵਿਤਾ ਲਿਖੀ ਗਈ ਹੈ, ਇਸ ਲਈ ਇਹਦੇ 'ਚ ਕੋਈ ਗ਼ਲਤ ਗੱਲ ਨਹੀਂ ਕਿ ਇਹ ਇਤਿਹਾਸ-ਚੇਤਨਾ ਵਾਲੀ ਕਵਿਤਾ ਹੈ। ਜਿਹੜਾ ਤੁਸੀਂ ਫ਼ਰਕ ਪਾਇਐ ਕਿ ਇਤਿਹਾਸ ਚੇਤਨਾ ਤੇ ਰਾਜਸੀ ਚੇਤਨਾ ਸਾਡੀ ਵਿਚਾਰਧਾਰਾ ਮੁਤਾਬਕ ਦੋਵਾਂ 'ਚ ਫ਼ਰਕ ਕੋਈ ਨਹੀਂ।

*? ਕੀ ਇਤਿਹਾਸਕ ਵੇਰਵਿਆਂ ਜਾਂ ਇਤਿਹਾਸ ਨਾਇਕਾਂ ਨਾਲ ਜੁੜੇ ਬਿੰਬਾਂ ਨੂੰ ਜੁਝਾਰਵਾਦੀ ਕਵਿਤਾ ਕੋਈ ਗਤੀਸ਼ੀਲ ਸਾਰਥਕ ਬਿੰਬ ਪ੍ਰਦਾਨ ਕਰਨ ਦੇ ਸਮਰੱਥ ਸਿੱਧ ਹੋਈ? ਅਕਸਰ ਇਹ ਦੋਸ਼ ਲਾਇਆ ਜਾਂਦਾ ਹੈ ਕਿ ਇਹ ਵੇਰਵੇ ਸਥਿਰ ਮੁੱਖ ਹਨ?*

ਜਵਾਬ : ਮੈਂ ਖ਼ੁਦ ਵੀ ਸਮਝਦੈਂ ਕਿ ਅਰੰਭਲੇ ਸਾਲਾਂ ਵਿਚ ਜਿਸ ਤਰ੍ਹਾਂ ਇਨ੍ਹਾਂ ਬਿੰਬਾਂ ਦੀ ਵਰਤੋਂ ਕੀਤੀ ਗਈ, ਉਸ 'ਚ ਗਤੀਸ਼ੀਲਤਾ ਨਹੀਂ। ਬਾਅਦ ਦੇ ਸਾਲਾਂ 'ਚ ਇਸ ਪੱਖ ਤੋਂ ਕਾਫ਼ੀ ਵਿਕਾਸ ਆ ਗਿਆ। ਜੋ ਅਕਾਦਮਿਕ ਹਲਕਿਆਂ 'ਚ ਅਜਿਹਾ ਦੋਸ਼ ਲਾਇਆ ਜਾਂਦਾ ਹੈ ਤਾਂ ਮੈਂ ਖ਼ੁਦ ਇਸ ਨਾਲ ਸਹਿਮਤ ਹਾਂ। ਪਹਿਲਾਂ-ਪਹਿਲ ਸਾਡੇ ਕੋਲ ਇਕ ਕਾਹਲ ਸੀ, ਲਹਿਰ ਦਾ ਸ਼ੋਰ ਸੀ, ਵਿਚਾਰਧਾਰਾ ਦੀ ਇਕ ਤੱਤ-ਭੜੱਥੀ ਸਮਝ ਸੀ। ਵਰਤਮਾਨ ਦੇ ਸੰਘਰਸ਼-ਨਾਇਕਾਂ ਨੂੰ ਬੀਤੇ ਦੇ ਸੰਘਰਸ਼ -ਨਾਇਕਾਂ ਨਾਲ ਤੋਲਣਾ ਇਕ ਗ਼ਲਤੀ ਹੀ ਸੀ। ਕਵੀ ਅਚੇਤ ਹੀ ਆਪਣੇ ਆਪ ਨੂੰ ਵੱਡੇ ਸਮਝ ਬੈਠੇ।

*? ਕਈ ਥਾਈਂ ਕਵੀ ਖ਼ੁਦ ਨਾਇਕ ਹੋਣ ਲਈ ਕਾਹਲਾ ਹੈ ਅਤੇ ਕਦੇ ਉਹ ਇਤਿਹਾਸ-ਨਾਇਕਾਂ ਤੋਂ ਪ੍ਰੇਰਨਾ ਲੈਂਦਾ ਪ੍ਰਤੀਤ ਹੁੰਦਾ ਹੈ, ਕਾਰਨ?*

ਜਵਾਬ : ਇਸ ਦੇ ਕਾਰਨ ਉਸ ਵੇਲੇ ਦੇ ਇਤਿਹਾਸ 'ਚ ਹਨ। ਇਹ ਲਹਿਰ ਅੰਡਰ ਗਰਾਉਂਡ ਰੂਪ 'ਚ ਲੜੀ ਗਈ। ਜਿਹੜੇ ਲਹਿਰ ਦੇ ਨੇਤਾ ਸੀ ਉਨ੍ਹਾਂ ਦਾ ਆਮ ਜਨਤਾ ਨਾਲ ਸਿੱਧਾ ਸੰਪਰਕ ਨਹੀਂ ਸੀ। ਇਹ ਕਵੀ ਹੀ ਸੀ ਜੋ ਲਹਿਰ ਦੇ ਬੁਲਾਰਿਆਂ ਦੇ ਰੂਪ ਵਿਚ ਸਾਹਮਣੇ ਆਏ। ਇਸੇ ਮਜਬੂਰੀ ਕਾਰਨ ਕਵੀਆਂ ਨੂੰ ਵਧੇਰੇ ਨਾਇਕਤਵ ਪ੍ਰਾਪਤ ਹੋਇਐ। ਜਦੋਂ ਲਹਿਰ ਸਿਆਣੀ ਹੋਈ, ਲਹਿਰ ਦੇ ਨੇਤਾ ਪਰੌੜ ਹੋਏ ਤਾਂ ਉਦੋਂ ਉਨ੍ਹਾਂ ਕੋਲ ਇਹ ਨਾਇਕਤਵ ਨਾ ਰਿਹਾ। ਇਹ ਨਾਇਕਤਵ ਗ਼ਲਤੀ ਨਾਲ ਪ੍ਰਾਪਤ ਹੋਇਆ ਸੀ ਜੋ ਲਹਿਰ ਦੇ ਪਰੌੜ ਹੋਣ ਨਾਲ ਕੋਲ ਨਾ ਰਿਹਾ।

*? ਕੀ ਜੁਝਾਰ-ਵਿਦਰੋਹੀ ਕਵਿਤਾ ਦੇ ਅਰਥਾਂ ਨੂੰ ਲਹਿਰ ਦੇ ਅਰਥਾਂ, ਮਾਰਕਸਵਾਦੀ ਵਿਚਾਰਧਾਰਾ ਦੇ ਅਰਥਾਂ ਨਾਲ ਹੀ ਜੋੜ ਕੇ ਦੇਖਿਆ ਜਾਣਾ ਚਾਹੀਦਾ ਹੈ ਜਾਂ ਵਿਸ਼ਾਲ ਮਾਨਵੀ ਧਰਾਤਲ ਉਤੇ ਵੀ ਇਸ ਦੀ ਕੋਈ ਅਰਥਸ਼ੀਲਤਾ ਹੈ?*

ਜਵਾਬ : ਮੇਰਾ ਖ਼ਿਆਲ ਹੈ ਕਿ ਕੋਈ ਲਹਿਰ ਮਾਨਵੀ ਧਰਾਤਲ ਤੋਂ ਬਿਨਾ exist ਨਹੀਂ ਹੋ ਸਕਦੀ। ਹੋਰ ਗੱਲ ਐ- ਲਹਿਰ ਭਾਵੇਂ ਸਾਹਿਤ 'ਚ ਹੋਵੇ ਜਾਂ ਸਮਾਜ ਵਿਚ, ਇਸ ਦੇ ਬੁਨਿਆਦੀ ਕਾਰਨ ਉਸ ਵੇਲੇ ਦੇ ਇਤਿਹਾਸ ਵਿਚ ਪਏ ਹੁੰਦੇ ਹਨ। ਕੁਝ ਕਾਰਨ ਸਨ ਜਿਨ੍ਹਾਂ ਕਰ ਕੇ ਪੰਜਾਬ ਵਿਚ ਹਥਿਆਰਬੰਦ ਲਹਿਰ ਦਾ ਜਨਮ ਹੋਇਆ। ਸਮਾਜ ਦਾ ਵਿਕਾਸ ਇਸ ਖ਼ਾਸ ਪੜ੍ਹਾਅ 'ਤੇ ਆ ਕੇ ਇਹੋ ਜਿਹੀਆਂ ਲਹਿਰਾਂ ਨੂੰ ਪੈਦਾ ਕਰਦਾ ਹੈ ਅਤੇ ਇਹ ਕੁਦਰਤੀ ਹੈ ਕਿ ਸਾਹਿਤ ਵਿਚ ਵੀ ਤੇ ਸਮਾਜ ਵਿਚ ਵੀ ਇਹ ਲਹਿਰਾਂ ਇਕੋ ਵੇਲੇ ਪੈਦਾ ਹੋਈਆਂ। ਦੋਵੇਂ ਇਕ ਦੂਜੀ ਤੋਂ ਪ੍ਰਭਾਵਤ ਸਨ। ਇਹ ਕਵਿਤਾ ਲਹਿਰ ਤੋਂ ਪ੍ਰਭਾਵਤ ਜ਼ਰੂਰ ਸੀ ਪਰ ਇਹ ਕਹਿਣਾ ਕਿ ਇਹਦੀ ਸਾਰੀ ਹੋਂਦ, ਇਸ ਹੋਂਦ ਦੀ ਪਾਸਾਰਤਾ ਤੇ ਵਿਸ਼ਾਲਤਾ ਲਹਿਰ ਵਾਲੀ ਹੀ ਸੀ, ਠੀਕ ਨਹੀਂ। ਪੰਜਾਬੀ ਕਵਿਤਾ ਵਿਚ ਕ੍ਰਾਂਤੀਕਾਰੀ ਅੰਸ਼ ਭਰਨ ਵਿਚ ਇਸ ਲਹਿਰ ਨੇ ਬਹੁਤ ਹਿੱਸਾ ਪਾਇਆ। ਇਹ ਕਵਿਤਾ ਰਾਜਨੀਤੀ ਤੋਂ ਪ੍ਰਭਾਵਤ ਜ਼ਰੂਰ ਸੀ ਪਰ ਇਹੋ ਇਕੋ-ਇਕ ਪੱਖ ਨਹੀਂ। ਲਹਿਰ ਦੇ ਰੂਪ ਤਾਂ ਰਾਜਨੀਤੀ Tactics ਦੇ ਆਧਾਰ 'ਤੇ ਬਦਲਦੇ ਰਹੇ ਪਰ ਕਵਿਤਾ ਦੇ ਨਹੀਂ। ਲਹਿਰ ਦੀ ਪਛਾਣ ਬਾਰੇ ਤਾਂ ਸਿਆਸਤਦਾਨਾਂ ਨੂੰ ਪਤਾ ਹੋਊ ਪਰ

ਕਵਿਤਾ ਦੀ ਇਕ ਵੱਖਰੀ ਪਛਾਣ ਜ਼ਰੂਰ ਬਣ ਗਈ ਹੈ।

*? ਕੀ ਜੁਝਾਰ-ਵਿਦਰੋਹੀ ਕਵਿਤਾ ਲਗਾਤਾਰ ਲਿਖੀ ਜਾ ਰਹੀ ਹੈ ਜਾਂ ਲਿਖੀ ਜਾਂਦੀ ਰਹੇਗੀ ਕਿਉਂਕਿ ਲਹਿਰ ਮੱਠੀ ਪੈ ਗਈ ਹੈ?*

ਜਵਾਬ : ਮੈਂ ਸਮਝਨੈਂ ਬਈ ਨਕਸਲਵਾੜੀ ਲਹਿਰ 1967-68 ਤੋਂ ਅਰੰਭ ਹੋ ਕੇ ਆਪਣੇ ਵਿਕਾਸ ਦੇ ਵੱਖ-ਵੱਖ ਰੂਪਾਂ ਵੱਲ ਵਧਦੀ ਰਹੀ ਹੈ। ਲਹਿਰ 'ਚ ਪਾਟੋ-ਧਾੜ ਜਾਂ ਹੋਰ ਵੱਖ-ਵੱਖ ਦਿਸ਼ਾਵਾਂ ਆਈਆਂ ਪਰ ਇਨ੍ਹਾਂ ਨਾਲ ਹੀ ਜਥੇਬੰਦਕ ਖੇਤਰ ਵਿਚ ਹੋਰ ਵਿਸ਼ਾਲਤਾ ਆਈ। ਐਂ ਨਹੀਂ ਲਗਦੈ ਕਿ ਸਿਆਸੀ ਖੇਤਰ ਵਿਚ ਇਸ ਦਾ ਖ਼ਾਤਮਾ ਹੋ ਗਿਆ... ਆਮ ਲੋਕ ਜਦੋਂ ਗੱਲ ਕਰਦੇ ਕਿ ਲਹਿਰ ਹੈਗੀ ਜਾਂ ਨਹੀਂ ਹੈਗੀ, ਉਹ ਲਹਿਰ ਦੇ ਮਿਲੀਟੈਂਸੀ ਜਾਂ ਮਾਰਧਾੜ ਵਾਲੇ ਰੂਪ ਦੀ ਗੱਲ ਕਰਦੇ ਆ। ਕਿਉਂਕਿ ਲਹਿਰ ਮਿਲੀਟੈਂਸੀ 'ਤੇ ਅਧਾਰਤ ਨਹੀਂ ਹੁੰਦੀ ਜਾਂ ਉਹਦਾ ਪ੍ਰਧਾਨ ਸਰੂਪ ਅਜਿਹਾ ਨਹੀਂ ਰਿਹਾ, ਇਸ ਕਰ ਕੇ ਆਮ ਲੋਕਾਂ ਨੂੰ ਲਗਦੈ ਕਿ ਲਹਿਰ ਖ਼ਤਮ ਹੋ ਗਈ। ਜਿਥੋਂ ਤਾਈਂ ਕਵਿਤਾ ਦਾ ਸੁਆਲ ਹੈ, ਇਸ ਨੇ ਲਹਿਰ ਦੇ ਅੱਗੇ ਵਾਲੇ ਰੂਪਾਂ ਨੂੰ ਤਿਆਗ ਕੇ ਨਵੇਂ ਰੂਪ ਅਖ਼ਤਿਆਰ ਕੀਤੇ ਜਾਂ ਉਸ ਆਰਗੇਨਾਈਜ਼ੇਸ਼ਨ 'ਤੇ ਆਪਣੇ ਆਪ ਨੂੰ ਬੇਸ ਕੀਤੈ। ਮਾਰਧਾੜ ਵਾਲਾ Emotionally ਕਵੀ ਨੂੰ ਬਹੁਤ provoke ਕਰਦਾ ਹੈ, ਉਸ ਤਰ੍ਹਾਂ ਦਾ ਤਾਂ ਕੁਝ ਹੈ ਨਹੀਂ। ਹੁਣ ਜਿਹੜੇ ਲਹਿਰ ਨਾਲ ਜੁੜੇ ਕਵੀ ਆ ਉਹ ਆਪਣੀ ਕ੍ਰਾਂਤੀਕਾਰੀ ਚੇਤਨਾ ਨੂੰ ਇਸ ਤਰ੍ਹਾਂ ਵਿਅਕਤ ਕਰਦੇ ਆ, ਇਹ ਹਰ ਕਵੀ ਦੀ ਆਪਣੀ-ਆਪਣੀ ਮਜਬੂਰੀ ਆ। ਇਹਨੂੰ ਆਪਾਂ ਇਕੋ ਚੌਖਟੇ ਵਿਚ ਰੱਖ ਕੇ ਨਹੀਂ ਵੇਖ ਸਕਦੇ। ਜੇ ਲਹਿਰ ਨਾਲ ਸਬੰਧਤ ਕਵੀ ਆਪਣੀ ਪ੍ਰਤੀਬੱਧਤਾ 'ਚ ਪੱਕੇ ਹਨ ਤਾਂ ਫਿਰ ਇਸ ਕਵਿਤਾ ਦਾ ਖ਼ਾਤਮਾ ਸੰਭਵ ਨਹੀਂ ਅਤੇ ਨਾ ਹੀ ਅੱਗੇ ਤੋਂ ਉਹ ਕਾਰਨ ਖ਼ਤਮ ਹੋ ਗਏ ਹਨ ਜਿਨ੍ਹਾਂ ਕਾਰਨ ਇਹ ਕਾਵਿ ਧਾਰਾ ਹੋਂਦ ਵਿਚ ਆਈ।

*? ਦੂਸਰੇ ਸਾਹਿਤ ਰੂਪਾਂ ਦੇ ਸਨਮੁੱਖ ਕਵਿਤਾ ਦੀ ਸਥਿਤੀ ਬਾਰੇ ਕੀ ਖ਼ਿਆਲ?*

ਜਵਾਬ : ਭਾਸ਼ਾ ਦਾ ਜਿਵੇਂ ਵਿਕਾਸ ਹੋਇਐ ਇਹ ਮਨੁੱਖ ਦੀਆਂ ਕਾਰ-ਵਿਹਾਰੀ ਲੋੜਾਂ ਕਰਕੇ ਹੋਇਆ। ਸਾਰੀ ਦੀ ਸਾਰੀ ਭਾਸ਼ਾ-ਭਾਵੇਂ ਕੋਈ ਵੀ ਬੋਲੀ ਹੋਵੇ, ਉਹ ਸਾਰੀ ਆਦਮੀ ਦੀਆਂ ਖਾਣ-ਪੀਣ ਅਤੇ ਜਿਉਂਦੇ ਰਹਿਣ ਦੀਆਂ ਲੋੜਾਂ ਤੋਂ ਸ਼ਬਦਾਵਲੀ ਲੈਂਦੀ ਹੈ ਤੇ ਵਿਕਾਸ ਕਰਦੀ ਹੈ। ਜਦ ਜ਼ਿੰਦਗੀ ਵਿਚ ਚੇਤਨਤਾ ਦੇ ਯੁੱਗ ਪੈਦਾ ਹੋਏ, ਉਦੋਂ ਅਨੁਭਵ ਤੇ ਸੰਵੇਦਨਾ ਏਨੀ ਤੀਬਰ ਹੋ ਜਾਂਦੀ ਆ ਕਿ ਕਾਰ-ਵਿਹਾਰੀ ਲੋੜਾਂ ਨੂੰ ਪੂਰੀਆਂ ਕਰਨ ਲਈ ਘੜੀ ਗਈ ਭਾਸ਼ਾ ਇਸਨੂੰ ਪ੍ਰਗਟਾਉਣ ਦੇ ਸਮਰੱਥ ਨਹੀਂ ਰਹਿੰਦੀ। ਜਦੋਂ ਭਾਵ ਏਨਾ ਤੀਬਰ ਹੋਵੇ ਕਿ ਸਾਧਾਰਨ ਕਾਰੋਬਾਰੀ ਭਾਸ਼ਾ ਉਸ ਨੂੰ ਪ੍ਰਗਟਾਉਣ ਦੇ ਸਮਰੱਥ ਨਾ ਹੋਵੇ ਤਾਂ ਕਵਿਤਾ ਹੋਂਦ ਵਿਚ ਆਉਂਦੀ ਹੈ। ਇਵੇਂ ਨਹੀਂ ਕਿਹਾ ਜਾ ਸਕਦੈ ਕਿ ਆਣ ਵਾਲੇ ਕਿਸੇ ਵੀ ਯੁੱਗ ਵਿਚ, ਕਿਸੇ ਵੀ ਸਮੇਂ ਵਿਚ ਕਵਿਤਾ ਦਾ ਮਹੱਤਵ ਖ਼ਤਮ ਹੋ ਜਾਵੇਗਾ। ਕਵਿਤਾ ਦਾ ਹਮੇਸ਼ਾ ਖ਼ਾਸ ਵਰਗ ਰਿਹਾ ਹੈ, ਵਾਰਤਕ ਉਹ ਲੋੜ ਪੂਰੀ ਨਹੀਂ ਕਰਦੀ।

*? ਤੁਹਾਡੀ ਪਹਿਲੀ ਕਾਵਿ-ਪੁਸਤਕ 'ਲੋਹ ਕਥਾ' 1970 'ਚ ਛਪੀ। ਇਸ ਵਿਚ ਨਾਅਰੇ ਦੀ ਗੂੰਜ ਕੁਝ ਜ਼ਿਆਦਾ ਹੀ ਪ੍ਰਬਲ ਹੈ, ਕੁਝ ਕਹਿਣਾ ਚਾਹੋਗੇ?*

ਜਵਾਬ : ਇਹੀ ਕਿ ਮੇਰਾ ਸਮੁੱਚਾ ਅਨੁਭਵ-ਭਾਵੇਂ ਰਾਜਨੀਤਕ ਤੇ ਭਾਵੇਂ ਸਾਹਿਤਕ, ਉਹ ਕਚੇਰਾ ਸੀ। ਜਿਵੇਂ-ਜਿਵੇਂ ਜ਼ਿੰਦਗੀ ਨੂੰ ਅਨੁਭਵ ਕਰਨ ਦੀ ਮੇਰੀ ਸਮਰੱਥਾ ਵਿਸ਼ਾਲ ਹੁੰਦੀ ਗਈ, ਉਵੇਂ-ਉਵੇਂ ਜੋ ਕੁਝ ਮੈਂ ਕਹਿਣਾ, ਉਹਦੇ 'ਚ ਸਫ਼ਾਈ ਤੇ ਡੂੰਘਾਈ ਆਉਂਦੀ ਗਈ। ਇਹ ਤਾਂ ਮੈਂ ਆਪ ਵੀ ਮੰਨਦਾ ਆਂ।



ਆਪਣੀਆਂ ਭੈਣਾਂ, ਭਰਾ ਅਤੇ ਮਾਤਾ-ਪਿਤਾ ਨਾਲ ਪਾਸ਼

*? 'ਉਡਦੇ ਬਾਜ਼ਾਂ ਮਗਰ' (1974) ਪੁਸਤਕ ਨਕਲਸਵਾੜੀ ਲਹਿਰ ਦੇ ਮੱਠੇ ਪੈ ਜਾਣ ਦੇ ਵੇਲੇ ਦੀ ਉਪਜ ਹੈ?*

ਜਵਾਬ : ਨਹੀਂ! ਇਸ ਤਰ੍ਹਾਂ ਤਾਂ ਨਹੀਂ ਕਿਹਾ ਜਾ ਸਕਦਾ ਉਦੋਂ ਲਹਿਰ ਮਿਲੀਟੈਂਸੀ ਦਾ ਪਹਿਲਾ ਰੂਪ ਤਿਆਗ ਕੇ ਨਵੇਂ ਪੜਾਅ ਵਿਚ ਦਾਖ਼ਲ ਹੋ ਚੁੱਕੀ ਸੀ।

*? 'ਲੋਹ ਕਥਾ 'ਚ ਵਿਰੋਧੀ ਧਿਰ ਦੇ 'ਗਲ ਪੈਣ' ਦੀ ਸਥਿਤੀ ਸੀ। ਗੁੱਸਾ ਉਗਲੱਛਿਆ ਜਾ ਰਿਹਾ ਸੀ, ਉਹ ਇਸ ਪੁਸਤਕ 'ਚ ਨਹੀਂ। ਕੀ 'ਉਡਦੇ ਬਾਜ਼ਾਂ ਮਗਰ ਦੀ ਰਚਨਾ ਵੇਲੇ ਸਿਰਜਣ-ਪ੍ਰਕਿਰਿਆ ਵਿਚ ਸਵੈ-ਪੜਚੋਲ ਦਾ ਦੌਰ ਸ਼ੁਰੂ ਹੋ ਗਿਆ ਸੀ?*

ਜਵਾਬ : ਨਹੀਂ, ਐਂ ਤਾਂ ਨਹੀਂ ਕਿਹਾ ਜਾ ਸਕਦਾ ਬਈ 'ਉਡਦੇ ਬਾਜ਼ਾਂ ਮਗਰ' ਕਿਤਾਬ ਦੀ ਰਚਨਾ ਪ੍ਰਕਿਰਿਆ ਵੇਲੇ ਮੇਰਾ ਇਹ ਮਾਨਸਿਕ ਦੌਰ ਸ਼ੁਰੂ ਹੋ ਗਿਆ ਸੀ। ਮੈਨੂੰ ਇਹ ਤਾਂ ਨਹੀਂ ਲੱਗਦੈ। ਪਹਿਲੀ ਕਿਤਾਬ ਵਿਚ ਮੇਰੇ ਰੋਹ ਦਾ ਕਥਾਰਸਿਸ ਸੀ। ਤੁਸੀਂ 'ਉਗਲੱਛਣਾ' ਠੀਕ ਹੀ ਸ਼ਬਦ ਵਰਤਿਐ ਜਿਹੜੀ ਦੂਜੀ ਕਿਤਾਬ ਆ ਉਹ ਜਿਹੜਾ Rough experience ਸੀ ਲਹਿਰ ਦਾ, ਉਹ ਚੇਤੰਨਤਾ ਦੀ ਲੈਵਲ ਤਕ ਮੇਰੇ ਅਚੇਤ ਵਿਚ ਘੁਲ-ਮਿਲ ਗਿਆ ਸੀ। ਕੋਈ ਅੰਦਰਲੀ ਪ੍ਰਕਿਰਿਆ ਹੋਈ ਹੋਊ। ਉਦੋਂ ਘਟਨਾਵਾਂ ਦਾ ਫ਼ੌਰੀ ਪ੍ਰਤੀਕਰਮ ਨਹੀਂ ਰਿਹਾ। ਏਨਾ ਹੈ ਕਿ ਇਹਦੇ 'ਚ ਇਕ ਪ੍ਰਤੀਕਰਮ ਹੈ, ਵਿਸ਼ਲੇਸ਼ਣ ਹੈ ਜਿਹੜਾ ਕਿ ਤੀਜੀ ਕਿਤਾਬ ਵਿਚ ਹੋਰ ਵੀ ਵੱਧ ਗਿਆ।

*? 'ਸਾਡੇ ਸਮਿਆਂ ਵਿਚ' ਸੰਵਾਦ ਦੀ ਜੁਗਤ ਕਈ ਦਿਸ਼ਾਵਾਂ ਵਿਚ ਫੈਲਦੀ ਹੈ। ਤੁਸੀਂ ਇਕੋ ਵੇਲੇ ਕਈ ਧਿਰਾਂ ਨਾਲ ਸੰਵਾਦ ਰਚਾ ਰਹੇ ਹੋ। 'ਕਵੀ-ਵਿਰੋਧੀ ਧਿਰ ਵਿਚ ਵਿਚਾਲੇ ਦੇ ਲੋਕ' ਦਾ ਜੋ ਤਿਕੋਣ ਤੁਸੀਂ ਬਣਾਇਐ, ਕੀ ਇਸ ਬਾਰੇ ਸੁਚੇਤ ਸੀ?*

ਜਵਾਬ : ਇਹਦੇ 'ਚ ਹੁਣ ਮੈਨੂੰ ਇਕ ਨੁਕਸ ਲਗਦੈ। ਕਵੀ ਜਦੋਂ ਆਪ ਨਾਲ ਸਬੰਧਤ ਜ਼ਿੰਦਗੀ ਬਾਰੇ ਬਹੁਤਾ ਸੁਚੇਤ ਹੋ ਜਾਵੇ ਤਾਂ ਰਚਨਾ ਵਿਚ ਕਾਵਿਕਤਾ ਘੱਟ ਜਾਂਦੀ ਹੈ।

*? ਤਾਂ ਕੀ ਕਵਿਤਾ ਭਾਵਾਂ ਦਾ ਆਪ ਮੁਹਾਰਾ ਹੜ੍ਹ ਹੋ ਗਈ?*

ਜਵਾਬ : ਨਹੀਂ ਦੋਨਾਂ ਗੱਲਾਂ ਨੂੰ ਏਨਾ ਸ਼ੁੱਧ ਰੂਪ ਵਿਚ ਨਹੀਂ ਲਿਆ ਜਾ ਸਕਦਾ। ਮੇਰੇ ਮੁਤਾਬਕ ਜ਼ਿਆਦਾ ਸੁਚੇਤ ਹੋਣਾ ਕਾਵਿਕਤਾ ਦੇ ਘਟਣ ਦਾ ਕਾਰਨ ਬਣਦੈ।

*? ਕੀ ਪਹਿਲੀਆਂ ਦੋਵਾਂ ਪੁਸਤਕਾਂ ਦੇ ਮੁਕਾਬਲੇ 'ਤੇ 'ਸਾਡੇ ਸਮਿਆਂ ਵਿਚ' ਦੇ ਸੰਦਰਭ ਵਿਚ ਤੁਹਾਡਾ ਇਹ ਕਥਨ ਸਵੈ-ਵਿਰੋਧ ਦਾ ਲਖਾਇਕ ਤਾਂ ਨਹੀਂ? ਮੈਨੂੰ ਲੱਗਦੈ ਮਗਰਲੀ ਕਵਿਤਾ 'ਚ ਕਵਿਤਾਵਾਂ ਦਾ ਅੰਸ਼ ਵਧਿਆ।*

ਜਵਾਬ : ਮੈਨੂੰ ਐਂ ਲੱਗਦੈ ਜਿੰਨਾ ਮੈਂ ਅਧਿਐਨ ਰਾਹੀਂ ਜਾਂ ਆਪਣੇ ਅਨੁਭਵਾਂ ਦੇ ਵਿਕਾਸ ਰਾਹੀਂ ਕਾਵਿਕਤਾ ਬਾਰੇ ਚੇਤੰਨ ਹੋਇਆ, ਜਿੰਨੀ ਮੇਰੀ ਪਕੜ ਬਣ ਗਈ ਆ, ਜਿੰਨਾ ਮੇਰਾ ਉਹਦੇ 'ਤੇ ਕਾਬੂ ਹੋ ਗਿਆ ਉਸ ਪੱਧਰ ਤਕ ਮੈਂ intense ਨਹੀਂ ਪਾ ਸਕਿਆ। ਕਵਿਤਾ ਵਿਚ ਪਹਿਲੀਆਂ ਦੋਨਾਂ ਪੁਸਤਕਾਂ ਦੇ ਮੁਕਾਬਲੇ ਵਿਚ ਤਾਂ ਕਵਿਤਾ ਦਾ ਵਿਕਾਸ ਹੋਣਾ ਹੀ ਹੈ। ਮਗਰਲੀ ਵਿਚ ਏਦੂੰ ਵੱਧ ਹੋਵੇਗਾ ਪਰ ਜਿੰਨੀ ਮੈਨੂੰ ਕਾਵਿਕਤਾ ਬਾਰੇ ਸੋਝੀ ਹੈ, ਪਕੜ ਹੈ ਉਸ ਲੈਵਲ ਬਾਰੇ ਮੈਂ ਕਹਿਨਾ ਕਿ ਮੇਰੀ ਵਿਸ਼ਲੇਸ਼ਣ ਕਰਨ ਦੀ ਸਥਿਤੀ ਨੇ ਉਸ ਦੀ ਪੂਰੀ ਸੰਭਾਵਨਾ ਨੂੰ ਪ੍ਰਗਟਾਉਣ ਦਾ ਪੂਰਾ ਮੌਕਾ ਨਹੀਂ ਦਿੱਤਾ ਹੋਊ। ਕਿਤੇ-ਕਿਤੇ ਮੈਨੂੰ ਲੱਗਦੈ ਕਾਵਿਕਤਾ ਵਧੀ।

*? ਇਸ ਪੁਸਤਕ ਵਿਚ ਭਾਸ਼ਾ ਦਾ ਵੀ ਬਹੁਤ ਸ਼ਾਨਦਾਰ ਪ੍ਰਯੋਗ ਹੋਇਆ ਜਿਵੇਂ 'ਉਦਾਸੀ ਚੁਗੀ ਹੋਈ ਕਪਾਹ ਦੇ ਖੇਤ ਵਰਗੀ'। ਕੀ ਵਿਚਾਰਧਾਰਾ ਦੇ ਭਾਰੂ ਹੋਣ ਨਾਲ ਕਾਵਿਕਤਾ ਦਾ ਅੰਸ਼ ਘਟਿਆ?*

ਜਵਾਬ : ਕਵੀ ਦੇ ਤੌਰ 'ਤੇ ਜਦੋਂ ਮੈਂ ਦੁਨੀਆ ਨੂੰ ਅਨੁਭਵ ਕਰਨ ਲੱਗ ਪਿਆ ਤਾਂ ਮੈਨੂੰ ਹਰ ਚੀਜ਼, ਹਰ ਪਾਸੇ ਕਵਿਤਾ ਹੀ ਮਹਿਸੂਸ ਹੋਈ। ਸੂਰਜ ਦੇ ਚੜ੍ਹਨ ਵਿਚ ਵੀ, ਡੁੱਬਣ ਵਿਚ ਵੀ, ਕਪਾਹਾਂ ਦੇ ਖਿੜੇ ਰਹਿਣ ਵਿਚ ਵੀ, ਚੁਗੇ ਜਾਣ ਵਿਚ ਵੀ, ਭੱਦੇ ਜਾਨਵਰਾਂ ਦੀਆਂ ਆਵਾਜ਼ਾਂ ਵਿਚ ਵੀ, ਬਿੱਲੀ ਦੀ ਵਿਹੜੇ ਵਿਚ ਲੱਗੀ ਪੈੜ ਵਿਚ ਵੀ, ਜਿਵੇਂ ਤੁਸੀਂ ਬਿੰਬਾਂ ਦੀ ਗੱਲ ਕੀਤੀ ਹੈ ਇਹ ਮੇਰੀ ਅੰਦਰਲੀ ਕਾਵਿ ਚੇਤਨਾ ਦਾ ਵਿਕਾਸ ਸੀ। ਇਸ ਨੂੰ ਤਾਂ ਮੈਂ ਪਹਿਲਾਂ ਹੀ ਮੰਨ ਚੁੱਕਾ ਹਾਂ। ਜਿਹਨੂੰ ਮੈਂ ਕਹਿਨਾ ਕਿ ਪੂਰੀ ਸਮਰਥਾ ਨਾਲ ਪ੍ਰਗਟਾਅ ਨਹੀਂ ਸਕਿਆ। ਉਹਦੇ ਵਿਚ ਵਿਰੋਧਾਭਾਸ ਵਾਲੀ ਕੋਈ ਗੱਲ ਨਹੀਂ। ਜਦੋਂ ਵੀ ਬੰਦਾ ਵਿਸ਼ਲੇਸ਼ਣ ਕਰਨ 'ਤੇ ਉਤਰ ਆਉਂਦਾ, ਉਦੋਂ ਸਿਧਾਂਤ ਜਾਂ ਦਲੀਲ ਕਿਸੇ ਨਾ ਕਿਸੇ ਲੈਵਲ 'ਤੇ ਸੰਵੇਦਨਾ 'ਤੇ ਭਾਰੂ ਹੋ ਜਾਂਦੀ ਆ। ਬੰਦਾ ਕਿਹੜਾ ਲਿਖਣ ਵੇਲੇ ਏਨਾ ਸੁਚੇਤ ਹੁੰਦਾ ਕਿ ਏਥੇ ਕਾਵਿਕਤਾ ਜ਼ਿਆਦਾ ਭਰ ਦਿਆਂ ਏਥੇ ਘਟ। ਜਿਹੜੀ ਛੋਕੜਲੀ ਕਵਿਤਾ ਹੈ 'ਕਾਮਰੇਡ ਨਾਲ ਗੱਲਬਾਤ' ਉਹਦੇ ਵਿਚ ਭਾਵੇਂ ਮੇਰੀ ਉਦੋਂ ਤਕ ਦੀ ਬਣੀ ਕਾਵਿ-ਸਮਰੱਥਾ ਦਾ ਤਰਕ ਭਾਰੂ ਹੋ ਗਿਆ; ਹੋ ਸਕਦੈ ਜੇ ਹੁਣ ਮੈਂ ਉਹ ਕਵਿਤਾ ਲਿਖਾਂ, ਕਰਾਫ਼ਟਮੈਨਸ਼ਿਪ ਦਾ ਖ਼ਿਆਲ ਰੱਖਾਂ ਤਾਂ ਮੈਂ ਉਹਦੇ ਵਿਚ ਜ਼ਿਆਦਾ ਕਾਵਿਕਤਾ ਭਰ ਦਊਂ, ਬੁੱਧੀ ਤੇ ਸੰਵੇਦਨਾ ਵਿਚ ਯੋਗ ਸੁਮੇਲ ਹੋਣਾ ਜ਼ਰੂਰੀ ਹੈ।

*? ਤੁਹਾਡੇ ਖ਼ਿਆਲ ਅਨੁਸਾਰ ਤੁਸਾਂ ਜ਼ਿਆਦਾ ਕਿਹੜੀਆਂ ਵਿਧੀਆਂ ਦੀ ਸੁਚੇਤ-ਅਚੇਤ ਵਰਤੋਂ ਕੀਤੀ?*

ਜਵਾਬ : ਵਿਧੀਆਂ, ਜੁਗਤਾਂ ਬਾਰੇ ਮੈਂ ਬਹੁਤਾ ਸਪੱਸ਼ਟ ਨਹੀਂ ਰਿਹਾ। ਨਾ ਹੀ ਕਿਸੇ ਵਿਧੀ ਜਾਂ ਜੁਗਤ ਦੀ ਵਰਤੋਂ ਕੀਤੀ ਹੈ। ਇਹਦਾ ਮਤਲਬ ਇਹਦੇ ਬਾਰੇ ਮੈਂ ਕੋਈ ਦਾਅਵੇ ਨਾਲ ਨਹੀਂ ਕਹਿ ਸਕਦਾ। ਇਸ ਬਾਰੇ ਮੈਨੂੰ ਬਹੁਤਾ ਗਿਆਨ ਨਹੀਂ। ਜਿਵੇਂ ਲਿਖਿਆ ਗਿਆ-ਲਿਖਿਆ ਗਿਆ। ਮੈਨੂੰ ਲਿਖਣ ਵੇਲੇ ਕੁਝ ਪਤਾ ਨਹੀਂ ਹੁੰਦਾ।

*? ਆਪਣੀ ਸਮੁੱਚੀ ਰਚਨਾ ਪ੍ਰਕਿਰਿਆ ਦੌਰਾਨ ਮਿੱਥਾਂ ਤੋੜਨ ਬਾਰੇ ਬਹੁਤ ਸੁਚੇਤ ਜਾਪਦੇ ਹੋ?*

ਜਵਾਬ : ਮੈਂ ਤਾਂ ਇਹੀ ਕਹਿ ਸਕਦਾਂ ਕਿ ਜਿਵੇਂ ਤੁਸੀਂ ਕਹਿੰਦੇ ਹੋ ਕਿ ਮੈਂ ਮਿੱਥਾਂ ਤੋੜਨ ਵੱਲ ਬਹੁਤ ਚੇਤੰਨ ਤੇ ਸੁਚੇਤ ਹੋ ਕੇ ਰੁੱਝਿਆ ਹੋਇਆਂ। ਇਸ ਤਰ੍ਹਾਂ ਨਹੀਂ ਹੋਇਆ। ਵਰਤਮਾਨ ਸਮੇਂ 'ਚ ਪ੍ਰਚਲਿਤ ਮਿੱਥਾਂ ਜਦੋਂ ਵਰਤਮਾਨ-ਮੁੱਲਾਂ ਦੇ ਹਾਣ ਦੀਆਂ ਨਹੀਂ ਪ੍ਰਤੀਤ ਹੁੰਦੀਆਂ ਤਾਂ ਇਕ ਪੀੜ ਪੈਦਾ ਹੁੰਦੀ ਹੈ, ਇਕ Contrast ਪੈਦਾ ਹੁੰਦੀ ਹੈ। ਇਹੀ ਪ੍ਰਸ਼ਨ ਮੈਨੂੰ ਇਕ ਵਾਰ ਸੁਰਜੀਤ ਪਾਤਰ ਨੇ ਪੁੱਛਿਆ ਸੀ, 'ਚਿੜੀਆਂ ਦਾ ਚੰਬਾ' ਦੇ ਸੰਦਰਭ ਵਿਚ। ਹੁਣ ਮੈਨੂੰ ਸਮਝ ਆਈ ਉਹ ਕਿਉਂ ਪੁੱਛਣਾ ਚਾਹੁੰਦਾ ਹੋਊ। ਕਹਿੰਦਾ-ਕਿੱਦਾਂ ਲਿਖੀ ਸੀ ਤੂੰ ਇਹ ਕਵਿਤਾ? ਤੂੰ ਉਸ ਵੇਲੇ ਕੀ ਕਰ ਰਿਹਾ ਸੀ, ਕੀ ਸੋਚ ਰਿਹਾ ਸੀ... ਉਹ ਤਾਂ ਐਂ ਦੇਖਣਾ ਚਾਹੁੰਦਾ ਸੀ ਕਿ ਸੀਮਤ ਜਿਹਾ ਹੀ ਅਨੁਭਵ ਹੈ ਕੁੜੀਆਂ ਬਾਰੇ ਉਹਨੂੰ ਮੈਂ ਇਹ ਜਵਾਬ ਦਿੱਤਾ ਸੀ ਤੇ ਤੁਹਾਨੂੰ ਵੀ ਉਹੀ ਦੇ ਰਿਹਾ ਹਾਂ। ਇਕ ਦਿਨ ਰਾਤ ਨੂੰ ਮੈਂ ਖੂਹ 'ਤੇ ਗਿਆ ਸੀ। ਮਾੜਾ-ਮਾੜਾ ਹਨੇਰਾ ਸੀ, ਥੋੜ੍ਹੀਆਂ ਥੋੜ੍ਹੀਆਂ ਕਣੀਆਂ ਵੀ ਪੈ ਰਹੀਆਂ ਸਨ। ਪਿੰਡ ਕੋਈ ਵਿਆਹ ਸੀ। ਕੁੜੀਆਂ ਗਾ ਰਹੀਆਂ ਸਨ। ਉਹਦੇ ਵਿਚ 'ਚਿੜੀਆਂ ਦਾ ਚੰਬਾ' ਵਾਲਾ ਲੋਕ ਗੀਤ ਸੀ। ਮੈਂ ਸਾਰੀਆਂ ਕੁੜੀਆਂ ਨੂੰ ਉਨ੍ਹਾਂ ਦੀਆਂ ਆਵਾਜ਼ਾਂ ਤੋਂ ਪਛਾਣਦਾ ਸਾਂ। ਪਤਾ ਈ ਹੁੰਦੈ। ਮੈਂ ਸੋਚਿਆ-ਇਹ ਕਿੱਡੇ ਭੁਲੇਖੇ ਵਿਚ ਹਨ। ਇਹ ਕਿਥੇ ਚਲੀਆਂ ਜਾਣਗੀਆਂ? ਐਥੇ ਇਨ੍ਹਾਂ ਨੇ ਘਾਹ ਖੋਤਣਾ। ਰੋਟੀਆਂ ਏਥੇ ਨਹੀਂ ਉਥੇ ਢੋਹ ਲੈਣਗੀਆਂ। ਜ਼ਿੰਦਗੀ ਦੀ ਲੋਕ ਚੇਤਨਾ ਵਿਚ ਉਡਾਰ ਕਿੰਨੀ ਉਚੀ ਆ, ਕਲਪਨਾ ਕਿੰਨੀ ਉਚੀ, ਸੁਪਨੇ ਕਿੱਡੇ ਉੱਚੇ-ਉੱਚੇ ਪਰ ਅਸਲ ਵਿਚ ਇਨ੍ਹਾਂ ਨੂੰ ਏਥੇ ਹਾਸਲ ਕੀ ਆ? ਏਸੇ ਤਰ੍ਹਾਂ ਕੋਈ ਪਿੰਡ ਹੌਲੀ-ਹੌਲੀ ਬਦਲ ਜਾਂਦਾ ਹੈ ਦਾਨਾਬਾਦ ਵਿਚ। ਐਂ ਮੈਂ ਨਹੀਂ ਸੋਚਿਆ ਕਿ ਫਲਾਂ ਗਾਣੇ ਦੀ ਮਿੱਥ ਨੂੰ ਤੋੜ ਕੇ ਉਲਟਾ ਦਿਆਂ, ਅਸਲ ਵਿਚ ਇਹ ਮੇਰੇ ਜ਼ਿੰਦਗੀ ਦੇ ਕਮਾਏ ਹੋਏ ਆਪਣੇ ਨਿੱਜੀ ਤੇ ਸ਼ੁੱਧ ਅਨੁਭਵ ਹਨ। ਜਿਥੇ ਮੇਰੇ ਅਨੁਭਵਾਂ ਨਾਲ ਟਕਰਾ ਜਾਂ Contrast ਪੈਦਾ ਹੋਇਆ, ਉਥੇ ਆਪ ਮੁਹਾਰਾ ਲਿਖਿਆ ਗਿਆ....।

*? ਕੀ ਕਿਸੇ ਕ੍ਰਾਂਤੀਕਾਰੀ ਕਵੀ ਲਈ ਮਿੱਥਾਂ ਦਾ ਵਿਸਫ਼ੋਟਿਕ -ਨਾਕਾਰਨ ਕਰਨਾ, ਉਸ ਦੀ ਜ਼ਰੂਰੀ ਲੋੜ ਹੈ?*

ਜਵਾਬ : ਕ੍ਰਾਂਤੀ ਦੀ ਲੋੜ ਸਮਾਜ 'ਚ ਉਦੋਂ ਪੈਦਾ ਹੁੰਦੀ ਹੈ ਜਦੋਂ ਜਨਜੀਵਨ ਵਿਚ ਪ੍ਰਧਾਨ ਮੁੱਲ ਸਮਾਂ ਵਿਹਾ ਚੁਕੇ ਹੋਣ ਪਰ ਲੋਕਾਂ ਨੇ ਉਨ੍ਹਾਂ ਨੂੰ ਉਵੇਂ ਪਹਿਨਿਆਂ ਹੋਇਆ ਹੋਵੇ। ਕ੍ਰਾਂਤੀ ਕੋਈ ਥੋਪੀ ਜਾਣ ਵਾਲੀ ਚੀਜ਼ ਥੋੜ੍ਹੈ। ਏਹੋ ਜਿਹੇ ਕਾਰਨਾਮਿਆਂ ਵਿਚੋਂ ਹੀ ਪੈਦਾ ਹੁੰਦੀ ਆ। ਇਸ ਲਈ ਜੇ ਲੋਕ ਇਹ ਕਹਿੰਦੇ ਆ ਕਿ ਕਿਸੇ ਵੀ ਕ੍ਰਾਂਤੀਕਾਰੀ ਚੇਤਨਾ ਵਾਲੇ ਕਵੀ ਲਈ ਮਿੱਥਾਂ ਦਾ ਵਿਸਫ਼ੋਟਕ ਨਕਾਰਣ ਜ਼ਰੂਰੀ ਹੈ, ਉਹ ਵੀ ਗ਼ਲਤ ਨਹੀਂ ਕਹਿੰਦੇ। ਸਿਰ ਪਰਨੇ ਖੜ੍ਹੀਆਂ ਮਿੱਥਾਂ ਦਾ ਖੰਡਨ ਸਿਧਾਂਤਕ ਰੂਪ ਵਿਚ ਹੈ ਤਾਂ ਜ਼ਰੂਰੀ ਪਰ ਜੇ ਕੋਈ ਧਾਰ ਕੇ ਅਜਿਹਾ ਕਰਨਾ ਸ਼ੁਰੂ ਕਰ ਦੇਵੇ ਤਾਂ ਕਾਵਿਕਤਾ ਦਾ ਘਟਣਾ ਨਿਸ਼ਚਿਤ ਹੈ। ਕਵਿਤਾ ਸਭ ਤੋਂ ਸੌਖਾ ਵਾਰ ਹੈ ਸਮਾਂ ਵਿਹਾ ਚੁੱਕੀਆਂ ਮਿੱਥਾਂ 'ਤੇ। ਕਵਿਤਾ 'ਚ ਜਾਨ ਉਦੋਂ ਹੀ ਪੈਂਦੀ ਹੈ ਜਦੋਂ ਅਸੀਂ ਮਿੱਥਾਂ ਤੋੜਦੇ ਹਾਂ। ਮੈਂ ਤਾਂ ਇਹ ਵੀ ਕਹਿਨਾਂ ਬੰਦੇ ਨੂੰ ਸੱਚ ਬੋਲਣਾ ਚਾਹੀਦਾ ਹੈ। ਭ੍ਰਿਸ਼ਟਾਚਾਰ ਐਸ ਵੇਲੇ ਭਾਰੂ ਹੋਇਆ। ਸੱਚਾਈ ਦੀ ਹਰ ਥਾਂ ਜਿੱਤ ਹੁੰਦੀ ਆ ਲੋਟੂ ਸਮਾਜ ਦਾ ਸਭ ਤੋਂ ਘ੍ਰਿਣਤ ਅੰਗ ਹੈ। ਇਹ ਗੱਲਾਂ ਵੀ ਮਿੱਥ ਚੁੱਕੀਆਂ ਭਾਵੇਂ ਕਿ ਇਹ ਉਸ ਤਰ੍ਹਾਂ ਭੰਜਣਯੋਗ ਨਹੀਂ ਹਨ।

*? ਕੀ ਮਿੱਥ ਤੋੜਨ ਦੀ ਵਿਧੀ ਨੇ ਤੁਹਾਡੀ ਕਵਿਤਾ ਨੂੰ ਵਧੇਰੇ ਲੌਕਿਕ ਬਣਾਉਣ ਵਿਚ ਮਹੱਤਵਪੂਰਨ ਯੋਗਦਾਨ ਨਹੀਂ ਪਾਇਆ?*

ਜਵਾਬ : ਇਹ ਠੀਕ ਆ

*? ਜਦੋਂ ਅਸੀਂ ਛੰਨੀ ਦੀ ਗੱਲ ਕਰਾਂਗੇ, ਚੋਰੀ ਦੀ ਗੱਲ ਕਰਾਂਗੇ, ਪਰਮਾਤਮਾ ਇਕ ਹੈ, ਸਾਰੇ ਮਨੁੱਖ ਬਰਾਬਰ ਹਨ ਜਾਂ ਚਿੜੀਆਂ ਦੇ ਚੰਬੇ ਦੀ ਗੱਲ ਕਰਾਂਗੇ ਤਾਂ ਜ਼ਿਆਦਾ ਲੌਕਿਕਤਾ ਨਹੀਂ ਆਉਂਦੀ?*

ਜਵਾਬ : ਜਿਹੜੀਆਂ ਮਿੱਥਾ ਆਮ ਜੀਵਨ ਨਾਲ ਸਬੰਧਤ ਹਨ, ਜੇ ਉਨ੍ਹਾਂ ਦੀ ਗੱਲ ਕੀਤੀ ਜਾਵੇ ਤਾਂ ਕੁਦਰਤੀ ਹੈ ਕਿ ਲੌਕਿਕਤਾ ਜ਼ਿਆਦਾ ਹੋਵੇਗੀ ਪਰ



ਜਿਵੇਂ 'ਕਾਮਰੇਡ ਨਾਲ ਗੱਲਬਾਤ' ਵਿਚ ਪ੍ਰਚਲਿਤ ਕਿਸੇ ਗੱਲ ਨੂੰ ਨਹੀਂ ਉਲਟਾਇਆ ਗਿਆ, ਇਸ ਕਵਿਤਾ ਵਿਚ ਜਨਜੀਵਨ ਦੇ ਇਕ ਵਿਸ਼ੇਸ਼ ਸੰਗੀਤ ਵਰਗ ਨਾਲ ਸਬੰਧਤ ਮਿੱਥਾਂ ਨੂੰ ਹੀ ਤੋੜਿਆ ਗਿਆ ਹੈ। ਕੁਦਰਤੀ ਹੈ ਇਥੇ ਲੋਕਿਕਤਾ ਘੱਟ ਹੋਵੇਗੀ।

*? ਕੀ ਮਿੱਥ-ਭੰਜਨ ਪ੍ਰਕਿਰਿਆ 'ਚ ਅਚੇਤ ਜਿਹੇ, ਵਿਰੋਧੀ ਜੁੱਟਾਂ ਦੀ ਸਿਰਜਨਾ ਕਰਨ ਬਾਰੇ ਤੁਸੀਂ ਸੁਚੇਤ ਸੀ ?*

ਜਵਾਬ : ਮਾਰਕਸਵਾਦੀ ਵਿਚਾਰਧਾਰਾ 'ਚ ਇਕ ਮਦ ਹੈ – Unity and struggle of opposites. ਇਹਦੀ ਰੋਸ਼ਨੀ 'ਚ ਸੁਚੇਤ ਹੋ ਕੇ ਜਦੋਂ ਮੈਂ ਦੁਨੀਆ ਨੂੰ ਦੇਖਦਾਂ ਤਾਂ ਮੈਨੂੰ ਕਈ ਇਸ ਤਰਾਂ ਦੀਆਂ ਗੱਲਾਂ ਦਿਸਦੀਆਂ। ਇਹਦਾ ਭਾਵ ਸਿਧਾਂਤ ਪੱਧਰ 'ਤੇ ਮੈਨੂੰ ਇਸ ਦਾ ਬੋਧ ਹੈ। ਲੇਕਿਨ ਕਵਿਤਾ 'ਚ ਸੁਚੇਤ ਹੋ ਕੇ ਨਹੀਂ ਲਿਖਿਆ। ਇਹ ਤਾਂ ਮੈਨੂੰ ਤੁਹਾਡੇ ਕਹਿਣ 'ਤੇ ਖ਼ਿਆਲ ਆਇਐ।

*? ਹੋ ਸਕਦੈ ਵਿਚਾਰਧਾਰਾ ਦਾ ਅਚੇਤ ਜਿਹਾ ਦਖ਼ਲ ਹੋਵੇ ?*

ਜਵਾਬ : ਇਉਂ ਤਾਂ ਹੋਣੈ। ਆਹ ਸਤਰਾਂ ਹਨ :-
ਉਦੋਂ ਤੂੰ ਭਾਸ਼ਾ ਤੇ ਦਿਮਾਗ ਦੇ ਮੌਲਣ ਵਿਚ
ਸੰਦ ਦਾ ਯੋਗਦਾਨ ਸੋਚਦੇ ਹੋਇਆਂ
ਗੁੰਮ-ਸੁੰਮ ਤੁਰ ਗਿਆ ਸੈਂ
ਕਮਰਿਉਂ ਬਾਹਰ ਜਿਥੇ ਰਾਤ ਤੇ ਸਵੇਰ
ਧਰਤ ਦੇ ਉਲਟ ਸਿਰਿਆਂ 'ਤੇ ਖੜੋ ਕੇ
ਲੜ ਰਹੇ ਸਨ ਕੱਚੀ ਉਮਰ ਦੇ ਆਸ਼ਕਾਂ ਵਾਂਗ
ਇਕ ਹੋਣ ਦੇ ਲੋਭ ਵਿਚ।

ਉਂਜ ਤਾਂ ਹਰ ਚੀਜ਼ ਸਿਧਾਂਤਕ ਤੌਰ 'ਤੇ ਸਹੀ ਸੀ ਇਥੇ ਮੈਨੂੰ ਲੱਗਦੈ ਤੁਹਾਡੀ ਗੱਲ ਠੀਕ ਹੀ ਹੈ।

*? ਤੁਸੀਂ ਦਿੱਲੀ ਦੰਗਿਆਂ ਬਾਰੇ ਸਪੱਸ਼ਟ ਲਿਖਿਆ*
*ਮੈਂ ਨਹੀਂ ਚਾਹੁੰਦਾ*
*ਕਿ ਮੈਂ ਇਸ ਬਿਨਾਅ 'ਤੇ ਬਚਦਾ ਫਿਰਾਂ*
*ਕਿ ਮੇਰਾ ਨਾਂ ਪਤਾ ਨਹੀਂ ਭਜਨ ਲਾਲ ਬਿਸ਼ਨੋਈ ਨੂੰ*
*ਇਸ ਗੁੰਡਿਆਂ ਦੀ ਸਲਤਨਤ ਦਾ ਜੋ ਵੀ ਨਾਂ ਹੈ*
*ਮੈਂ ਉਸ ਦਾ ਨਾਗਰਿਕ ਹੋਣ 'ਤੇ ਥੁੱਕਦਾ ਹਾਂ।*
*ਕੀ ਤੁਹਾਡਾ ਮਕਸਦ ਅਸਲ ਸੱਚ ਨੂੰ ਕਾਵਿ-ਸੱਚ 'ਚ ਰੁਪਾਂਤਰਿਤ ਕਰਨਾ ਸੀ ?*

ਜਵਾਬ : ਅਜਿਹਾ ਨਹੀਂ ਕਿ ਮੈਂ ਅਸਲ ਸੱਚ ਨੂੰ ਪੇਸ਼ ਕਰਨ 'ਚ ਕਾਹਲਾ ਸਾਂ। ਮੇਰੇ ਸਾਹਮਣੇ ਅਜਿਹੀ ਕੋਈ ਗੱਲ ਨਹੀਂ ਸੀ। ਮੈਂ ਉਸ ਵੇਲੇ ਮੂਕ ਦਰਸ਼ਕ ਬਣਿਆ ਕਿਸ ਤਰ੍ਹਾਂ ਰਹਿ ਸਕਦਾ ਹਾਂ ਜਦੋਂ ਕਿ ਦਿਸਦੀ ਸ਼ਕਲ-ਸੂਰਤ ਦੇ ਆਧਾਰ 'ਤੇ ਹੀ ਲੋਕਾਂ ਨੂੰ ਕਤਲ ਕੀਤਾ ਜਾ ਰਿਹਾ ਹੋਵੇ। ਇਸੇ ਕਰ ਕੇ ਹੀ ਇਹ ਕਵਿਤਾ ਲਿਖੀ ਗਈ...

*? ਕੀ ਤੁਹਾਨੂੰ ਆਪਣੀ ਨਿਵੇਕਲੀ ਕਾਵਿ-ਪਛਾਣ ਬਾਰੇ ਅਹਿਸਾਸ ਹੈ ?*

ਜਵਾਬ : ਪਹਿਲਾਂ ਤਾਂ ਨਹੀਂ ਸੀ ਪਰ ਹੁਣ ਮੈਨੂੰ ਲਗਦੈ ਕਿ ਮੇਰੇ 'ਚ ਵੀ ਕੋਈ ਵਿਲੱਖਤਾ ਹੈ ਸਹੀ।

*? ਨਿਸ਼ਚੇ ਹੀ ਵਿਲੱਖਣਤਾ ਤੁਹਾਡੀ ਵਖਰੀ ਕਾਵਿ-ਪਛਾਣ ਸਥਾਪਤ ਕਰਦੀ ਹੈ*

(ਪਾਸ਼ ਦੇ ਚਿਹਰੇ 'ਤੇ ਇਕ ਗੰਭੀਰ ਮੁਸਕਾਨ ਫੈਲ ਗਈ)

# ਪਾਸ਼ ਦੀਆਂ ਕਵਿਤਾਵਾਂ

## ਚਿੜੀਆਂ ਦਾ ਚੰਬਾ ......

ਚਿੜੀਆਂ ਦਾ ਚੰਬਾ ਉੱਡ ਕੇ ਕਿਤੇ ਨਹੀਂ ਜਾਵੇਗਾ
ਐਥੇ ਹੀ ਕਿਤੇ ਉਰੇ ਪਰੇ ਬੰਨਿਆਂ ਤੋਂ ਘਾਹ ਖੋਤੇਗਾ ,
ਰੁੱਖੀਆਂ ਮਿੱਸੀਆਂ ਰੋਟੀਆਂ ਢੋਇਆ ਕਰੇਗਾ
ਤੇ ਮੈਲੀਆਂ ਚੁੰਨੀਆਂ ਭਿਉਂ ਕੇ
ਲੋਆਂ ਨਾਲ ਲੂਸੇ ਚਿਹਰਿਆਂ 'ਤੇ ਫੇਰੇਗਾ ।

ਚਿੜੀਆਂ ਦਾ ਚੰਬਾ ਉੱਡ ਕੇ ਕਿਤੇ ਨਹੀਂ ਜਾਵੇਗਾ
ਐਥੇ ਹੀ ਕਿਤੇ ਉਰੇ ਪਰੇ ਲੁਕ ਕੇ
ਕੱਲਮ ਕੱਲਿਆਂ ਰੋਇਆ ਕਰੇਗਾ
ਸਰਾਪੇ ਜੋਬਨਾਂ ਦੇ ਮਰਸੀਏ ਗਾਇਆ ਕਰੇਗਾ ।

ਚਿੜੀਆਂ ਦੇ ਚੰਬੇ ਨੂੰ ਭੋਰਾ ਵੀ ਖ਼ਬਰ ਨਾ ਹੋਵੇਗੀ
ਅਚਾਨਕ ਕਿਤਿਉਂ ਲੋਹੇ ਦੀਆਂ ਚੁੰਝਾਂ ਦਾ ਜਾਲ
ਉਸ ਜੋਗੇ ਆਸਮਾਨ ਉੱਤੇ ਵਿਛ ਜਾਵੇਗਾ
ਅਤੇ ਲੰਮੀ ਉਡਾਰੀ ਦਾ ਉਹਦਾ ਸੁਫ਼ਨਾ
ਉਹਦੇ ਹਰਨੋਟਿਆਂ ਨੈਨਾਂ ਤੋਂ ਭੈਅ ਖਾਵੇਗਾ ।

ਚਿੜੀਆਂ ਦਾ ਚੰਬਾ ਮੁਫ਼ਤ ਹੀ ਪਰੇਸ਼ਾਨ ਹੁੰਦਾ ਹੈ
ਬਾਬਲ ਤਾਂ ਡੋਲੇ ਨੂੰ ਤੋਰ ਕੇ
ਉੱਖੜੇ ਬੂਹੇ ਨੂੰ ਇੱਟਾਂ ਲਵਾਏਗਾ
ਤੇ ਗੁੱਡੀਆਂ ਪਾੜ ਕੇ
ਪਸੀਨੇ ਨਾਲ ਗਲੇ ਹੋਏ ਕੁੜਤੇ ਉੱਤੇ ਟਾਕੀ ਸੰਵਾਏਗਾ
ਜਦੋਂ ਉਹ ਆਪ ਹੀ ਗਲੋਟੀਆਂ ਜਿਉਂ ਕੱਤਿਆ ਜਾਵੇਗਾ
ਚਿੜੀਆਂ ਦੇ ਚੰਬੇ ਨੂੰ ਮੋਹ ਚਰਖੇ ਦਾ ਉੱਕਾ ਨਹੀਂ ਸਤਾਏਗਾ ।

ਚਿੜੀਆਂ ਦਾ ਚੰਬਾ ਉੱਡ ਕੇ
ਕਿਸੇ ਵੀ ਦੇਸ ਨਹੀਂ ਜਾਏਗਾ
ਸਾਰੀ ਉਮਰ ਕੰਡ ਚਰੀਆਂ ਦੀ ਹੰਡਾਏਗਾ
ਤੇ ਚਿੱਟੇ ਚਾਦਰੇ 'ਤੇ ਲੱਗਿਆ
ਉਹਦੀ ਮਾਹਵਾਰੀ ਦਾ ਖ਼ੂਨ ਉਸ ਦਾ ਮੂੰਹ ਚਿੜਾਏਗਾ ।

---

## ਤੂੰ ਇਸ ਤਰ੍ਹਾਂ ਕਿਉਂ ਨਹੀਂ ਬਣ ਜਾਂਦੀ

ਤੂੰ ਇਸ ਤਰ੍ਹਾਂ ਕਿਉਂ ਨਹੀਂ ਬਣ ਜਾਂਦੀ
ਜਿੱਦਾਂ ਮੂੰਹ ਜ਼ੁਬਾਨੀ ਗੀਤ ਹੁੰਦੇ ਨੇ

ਹਰ ਵਾਰ ਤੈਨੂੰ ਫੱਟੀ ਵਾਂਗ ਲਿਖਣਾ ਕਿਉਂ ਪੈਂਦਾ ਹੈ

ਮੂੰਹ ਜ਼ੋਰ ਤ੍ਰਿਕਾਲਾਂ ਦੇ ਖੜਕੇ ਚੋਂ
ਤੇਰੇ ਟੱਲੀ ਵਾਂਗ ਲਹਿਰਾਂ 'ਚ ਟੁਟਦੇ
ਬੋਲਾਂ ਨੂੰ ਨਿਤਾਰ ਸਕਣਾ ਬਹੁਤ ਔਖਾ ਹੈ
ਸੰਖ ਦੀ ਆਵਾਜ਼ ਵਾਂਗ ਮੈਂ ਚਾਹੁੰਦਾ ਹਾਂ
ਤੂੰ ਡੁੱਬਦੇ ਸੂਰਜ ਦਾ ਗ਼ਮ ਵੰਡਾਵੇਂ
ਤੇ ਰੱਬ ਦੇ ਨਾਂ ਵਾਂਗ ਮੇਰੀ ਰੂਹ ਚ ਤਰਦੀ ਫਿਰੇਂ
ਦੇਖ ਮੈਂ ਤਾਰਿਆਂ ਦਾ ਸਾਹਮਣਾ ਕਰਨਾ ਹੈ
ਜਿਵੇਂ ਹਾਰਨ ਬਾਅਦ ਕੋਈ ਆਦਮੀ
ਵੈਰੀ ਦੀਆਂ ਅੱਖਾਂ ਚ ਤੱਕਦਾ ਹੈ
ਮੈਂ ਨਿੱਕੀ ਨਿੱਕੀ ਲੋਅ ਚ
ਕਿਰ ਗਈ ਗਾਨੀ ਵਾਂਗ
ਟੋਹ ਟੋਹ ਕੇ ਆਪਣਾ ਆਪ ਲੱਭਣਾ ਹੈ

---

## ਸਭ ਤੋਂ ਖ਼ਤਰਨਾਕ

ਕਿਰਤ ਦੀ ਲੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਪੁਲਸ ਦੀ ਕੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਗੱਦਰੀ-ਲੋਭ ਦੀ ਮੁੱਠ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਬੈਠੇ ਸੁੱਤਿਆਂ ਫੜੇ ਜਾਣਾ-ਬੁਰਾ ਤਾਂ ਹੈ
ਡਰੂ ਜਿਹੀ ਚੁੱਪ ਵਿੱਚ ਮੜ੍ਹੇ ਜਾਣਾ -ਬੁਰਾ ਤਾਂ ਹੈ
ਸਭ ਤੋਂ ਖ਼ਤਰਨਾਕ ਨਹੀਂ ਹੁੰਦਾ....
ਸਭ ਤੋਂ ਖ਼ਤਰਨਾਕ ਹੁੰਦਾ ਹੈ
ਮੁਰਦਾ ਸਾਂਤੀ ਨਾਲ ਭਰ ਜਾਣਾ
ਨਾ ਹੋਣਾ ਤੜਪ ਦਾ, ਸਭ ਸਹਿਣ ਕਰ ਜਾਣਾ
ਘਰਾਂ ਤੋਂ ਨਿਕਲਣਾ ਕੰਮ ਤੇ
ਤੇ ਕੰਮ ਤੋਂ ਘਰ ਜਾਣਾ ,
ਸਭ ਤੋਂ ਖ਼ਤਰਨਾਕ ਹੁੰਦਾ ਹੈ
ਸਾਡੇ ਸੁਪਨਿਆਂ ਦਾ ਮਰ ਜਾਣਾ ...
ਸਭ ਤੋਂ ਖ਼ਤਰਨਾਕ ਉਹ ਘੜੀ ਹੁੰਦੀ ਹੈ
ਤੁਹਾਡੇ ਗੁੱਟ 'ਤੇ ਚਲਦੀ ਹੋਈ ਵੀ ਜੋ
ਤੁਹਾਡੀ ਨਜ਼ਰ ਦੇ ਲਈ ਖੜੀ ਹੁੰਦੀ ਹੈ ..
ਸਭ ਤੋਂ ਖ਼ਤਰਨਾਕ ਉਹ ਅੱਖ ਹੁੰਦੀ ਹੈ
ਜੋ ਸਭ ਕੁਝ ਦੇਖਦੀ ਹੋਈ ਠੰਡੀ ਯੱਖ ਹੁੰਦੀ ਹੈ
ਜਿਸ ਦੀ ਨਜ਼ਰ ਦੁਨੀਆ ਨੂੰ ਮੁਹੱਬਤ ਨਾਲ ਚੁੰਮਣਾ ਭੁੱਲ ਜਾਂਦੀ ਹੈ
ਸਭ ਤੋਂ ਖ਼ਤਰਨਾਕ ਉਹ ਚੰਨ ਹੁੰਦਾ ਹੈ
ਜੋ ਹਰ ਕਤਲ ਕਾਂਡ ਦੇ ਬਾਅਦ
ਸੁੰਨ ਹੋਏ ਵਿਹੜਿਆਂ ਵਿੱਚ ਚੜਦਾ ਹੈ
ਪਰ ਤੁਹਾਡੀਆਂ ਅੱਖਾਂ ਨੂੰ ਮਿਰਚਾਂ ਵਾਂਗ ਨਹੀਂ ਲੜਦਾ
ਸਭ ਤੋਂ ਖ਼ਤਰਨਾਕ ਉਹ ਗੀਤ ਹੁੰਦਾ ਹੈ
ਤੁਹਾਡੇ ਕੰਨਾਂ ਤੱਕ ਪਹੁੰਚਣ ਲਈ
ਜਿਹੜਾ ਕੀਰਨਾ ਉਲੰਘਦਾ ਹੈ
ਡਰੇ ਹੋਏ ਲੋਕਾਂ ਦੇ ਵਾਰ ਮੂਹਰੇ
ਵੈਰੀ ਦੀ ਖੰਘ ਖੰਘਦਾ ਹੈ
ਸਭ ਤੋਂ ਖ਼ਤਰਨਾਕ ਉਹ ਦਿਸ਼ਾ ਹੁੰਦੀ ਹੈ
ਜਿਹਦੇ ਵਿੱਚ ਆਤਮਾ ਦਾ ਸੂਰਜ ਡੁੱਬ ਜਾਵੇ
ਤੇ ਉਸ ਦੀ ਮਰੀ ਹੋਈ ਧੁੱਪ ਦੀ ਕੋਈ ਛਿਲਤਰ
ਤੁਹਾਡੇ ਜਿਸਮ ਦੇ ਪੂਰਬ 'ਚ ਖੁੱਭ ਜਾਵੇ....

----

## ਯੁੱਗ ਪਲਟਾਵਾ

ਅੱਧੀ ਰਾਤੇ
ਮੇਰਾ ਕਾਂਬਾ ਸੱਤ ਰਜਾਈਆਂ ਨਾਲ ਵੀ ਨਾ ਰੁਕਿਆ
ਸਤਲੁਜ ਮੇਰੇ ਬਿਸਤਰੇ 'ਤੇ ਲਹਿ ਗਿਆ
ਸੱਤ ਰਜਾਈਆਂ, ਗਿੱਲੀਆਂ
ਤਾਪ ਇਕ ਸੌ ਛੇ, ਇਕ ਸੌ ਸੱਤ
ਹਰ ਸਾਹ ਮੁੜਕੋ ਮੁੜਕੀ
ਯੁੱਗ ਨੂੰ ਪਲਟਾਉਣ ਵਿਚ ਮਸਰੂਫ਼ ਲੋਕ
ਬੁਖ਼ਾਰ ਨਾਲ ਨਹੀਂ ਮਰਦੇ
ਮੌਤ ਦੇ ਕੰਧੇ 'ਤੇ ਜਾਣ ਵਾਲਿਆਂ ਲਈ
ਮੌਤ ਤੋਂ ਪਿਛੋਂ ਜ਼ਿੰਦਗੀ ਦਾ ਸਫ਼ਰ ਸ਼ੁਰੂ ਹੁੰਦਾ ਹੈ
ਮੈਨੂੰ ਜਿਸ ਸੂਰਜ ਦੀ ਧੁੱਪ ਵਰਜਿਤ ਹੈ
ਮੈਂ ਉਸ ਦੀ ਛਾਂ ਤੋਂ ਵੀ ਇਨਕਾਰ ਕਰ ਦੇਵਾਂਗਾ
ਮੇਰਾ ਲਹੂ ਤੇ ਮੁੜਕਾ ਮਿੱਟੀ ਵਿਚ ਡੁੱਲ ਗਿਆ ਹੈ
ਮੈਂ ਮਿੱਟੀ ਵਿਚ ਦੱਬੇ ਜਾਣ 'ਤੇ ਵੀ ਉੱਗ ਆਵਾਂਗਾ.........

----

## ਉੱਡਦਿਆਂ ਬਾਜ਼ਾਂ ਮਗਰ

ਉੱਡ ਗਏ ਹਨ ਬਾਜ਼ ਚੁੰਝਾਂ 'ਚ ਲੈ ਕੇ
ਸਾਡੀ ਚੈਨ ਦਾ ਇੱਕ ਪਲ ਬਿਤਾ ਸਕਣ ਦੀ ਖਾਹਿਸ਼
ਦੋਸਤੋ ਹੁਣ ਚੱਲਿਆ ਜਾਵੇ
ਉੱਡਦਿਆਂ ਬਾਜ਼ਾਂ ਮਗਰ...

ਇਹ ਤਾਂ ਸਾਰੀ ਉਮਰ ਨਹੀ ਲੱਥਣਾ
ਭੈਣਾਂ ਦੇ ਵਿਆਹਾਂ ਉੱਤੇ ਚੁੱਕਿਆ ਕਰਜ਼ਾ,
ਪੈਲੀਆਂ ਵਿੱਚ ਛਿੜਕੇ ਹੋਏ ਲਹੂ ਦਾ
ਹਰ ਕਤਰਾ ਵੀ ਇਕੱਠਾ ਕਰਕੇ
ਏਨਾ ਰੰਗ ਨਹੀ ਬਣਨਾ,
ਕਿ ਚਿਤਰ ਲਵਾਂਗੇ, ਇੱਕ ਸ਼ਾਂਤ
ਮੁਸਕਰਾਉਂਦੇ ਹੋਏ ਜਣੇ ਦਾ ਚਿਹਰਾ
ਅਤੇ ਹੋਰ
ਕਿ ਜ਼ਿੰਦਗੀ ਦੀਆਂ ਪੂਰੀਆਂ ਰਾਤਾਂ ਵੀ ਗਿਣੀ ਚੱਲੀਏ
ਤਾਰਿਆਂ ਦੀ ਗਿਣਤੀ ਨਹੀ ਹੋਣੀ
ਕਿਉਂਕਿ ਹੋ ਨਹੀਂ ਸਕਣਾ ਇਹ ਸਭ
ਫਿਰ ਦੋਸਤੋ, ਹੁਣ ਚੱਲਿਆ ਜਾਵੇ
ਉੱਡਦਿਆਂ ਬਾਜ਼ਾਂ ਮਗਰ...

ਜੇ ਤੁਸੀਂ ਮਾਣੀ ਹੋਵੇ
ਗੰਡ 'ਚ ਜੰਮਦੇ ਤੱਤੇ ਗੁੜ ਦੀ ਮਹਿਕ
ਅਤੇ ਤੱਕਿਆ ਹੋਵੇ
ਸੁਹਾਗੀ ਹੋਈ ਵੱਤਰ ਭੋਂ ਦਾ
ਚੰਨ ਦੀ ਚਾਨਣੀ ਵਿੱਚ ਚਮਕਣਾ
ਤਾਂ ਤੁਸੀਂ ਜ਼ਰੂਰ ਕੋਈ ਚਾਰਾ ਕਰੋਗੇ
ਹਾਬੜੀ ਹੋਈ ਵੋਟ ਦੀ ਉਸ ਪਰਚੀ ਦਾ
ਜੋ ਲਾਲਾਂ ਸਿੱਟ ਰਹੀ ਹੈ ਸਾਡੇ ਖ਼ੁਹਾਂ ਦੀ ਹਰਿਆਵਲ 'ਤੇ ।
ਸੁਰੰਗ ਵਰਗੀ ਜ਼ਿੰਦਗੀ ਵਿੱਚ ਤੁਰਦੇ ਹੋਏ
ਜਦ ਪਰਤ ਆਉਂਦੀ ਹੈ ਆਪਣੀ ਆਵਾਜ਼ ਆਪਣੇ ਹੀ ਪਾਸ
ਤੇ ਅੱਖਾਂ 'ਚ ਰੜਕਦੇ ਰਹਿੰਦੇ
ਬੁੜੇ ਬਲਦ ਦੇ ਉੱਚੜੇ ਹੋਏ ਕੰਨ ਵਰਗੇ ਸੁਪਨੇ
ਜਦ ਚਿਮਟ ਜਾਵੇ ਗਲੀਆਂ ਦਾ ਚਿੱਕੜ
ਉਮਰ ਦੇ ਸਭ ਤੋਂ ਹਸੀਨ ਵਰ੍ਹਿਆਂ 'ਤੇ
ਤਾਂ ਕਰਨ ਲਈ ਏਹੋ ਬਚਦਾ ਹੈ
ਕਿ ਚੱਲਿਆ ਜਾਵੇ
ਉੱਡਦਿਆਂ ਬਾਜ਼ਾਂ ਮਗਰ

---

## ਤੀਸਰਾ ਮਹਾਂ ਯੁੱਧ

ਕਚਿਹਰੀਆਂ ਦੇ ਬਾਹਰ ਖੜ੍ਹੇ
ਬੁੱਢੇ ਕਿਰਸਾਨ ਦੀਆਂ ਅੱਖਾਂ 'ਚ ਮੋਤੀਆ ਉਤਰ
ਆਏਗਾ
ਸ਼ਾਮ ਤੱਕ ਹੋ ਜਾਏਗੀ ਧੌਲੀ
ਰੁਜ਼ਗਾਰ ਦਫ਼ਤਰ ਦੇ ਵੇਹੜੇ 'ਚ ਅੰਬ ਰਹੀ ਕੱਕੀ ਲੂਈਂ
ਬਹੁਤ ਛੇਤੀ ਭੁੱਲ ਜਾਏਗਾ ਪੁਰਾਣੇ ਢਾਬੇ ਦਾ ਨਵਾਂ ਨੌਕਰ
ਆਪਣੀ ਮਾਂ ਦੇ ਸਦਾ ਈ ਧੁੱਤ ਮੈਲੇ ਰਹਿਣ ਵਾਲੇ
ਪੋਣੇ ਦੀ ਮਿੱਠੀ ਮਹਿਕ
ਢੂੰਡਦਾ ਰਹੇਗਾ ਕੰਢੇ ਸੜਕ ਦੇ ਉਹ ਨਿੰਮੋਝੂਣਾ ਜੋਤਸ਼ੀ
ਆਪਣੇ ਹੀ ਹੱਥ ਤੋਂ ਮਿਟੀ ਹੋਈ ਭਾਗ ਦੀ ਰੇਖਾ
ਤੇ ਪੈਨਸ਼ਨ ਲੈਣ ਆਏ ਕਾਰ ਥੱਲੇ ਕੁਚਲੇ ਗਏ
ਪੁਰਾਣੇ ਫੌਜੀ ਦੀ ਟੁੱਟੀ ਹੋਈ ਸਾਇਕਲ
ਤੀਸਰਾ ਮਹਾਂ ਯੁੱਧ ਲੜਨ ਦੀ ਸੋਚੇਗੀ

ਤੀਸਰਾ ਮਹਾਂ ਯੁੱਧ
ਜੋ ਨਹੀਂ ਲੜਿਆ ਜਾਏਗਾ ਹੁਣ
ਜਰਮਨੀ ਤੇ ਭਾੜੇ ਦੀਆਂ ਫ਼ੌਜਾਂ ਵਿਚਾਲੇ
ਤੀਸਰਾ ਮਹਾਂ ਯੁੱਧ ਹਿੱਕਾਂ 'ਚ ਖੁਰ ਰਹੀ
ਜੀਣ ਦੀ ਬਾਦਸ਼ਾਹਤ ਲੜੇਗੀ
ਤੀਸਰਾ ਮਹਾਂ ਯੁੱਧ ਗੋਹੇ ਨਾਲ ਲਿੱਪੇ
ਕੋਠਿਆਂ ਦੀ ਸਾਦਗੀ ਲੜੂ
ਤੀਸਰਾ ਮਹਾਂ ਯੁੱਧ ਝੱਗੇ ਤੋਂ ਸੁੱਕ ਨਾ ਸਕਣ ਵਾਲੇ
ਬਰੋਜ਼ੇ ਦੇ ਛਿੱਟੇ ਲੜਨਗੇ
ਤੀਸਰਾ ਮਹਾਂ ਯੁੱਧ
ਮੂਤ ਦੇ ਫੰਬੇ 'ਚ ਲਿਪਟੀ ਵੱਢੀ ਗਈ ਉਂਗਲ ਲੜੇਗੀ--

ਬਣੇ ਸੰਵਰੇ ਜ਼ੁਲਮ ਦੇ ਚਿਹਰੇ ਉਤੇ ਲਿਸ਼ਕਦੀ
ਨਜ਼ਾਕਤ ਦੇ ਖ਼ਿਲਾਫ਼,
ਧਰਤੀ ਨੂੰ ਕੈਦ ਕਰਨਾ, ਚਾਹੁੰਦੇ ਚਾਬੀ ਦੇ ਛੱਲੇ ਖ਼ਿਲਾਫ਼
ਤੀਸਰਾ ਮਹਾਂ ਯੁੱਧ
ਕਦੇ ਵੀ ਨਾ ਖੁੱਲਣ ਵਾਲੀ ਮੁੱਠ ਦੇ ਖ਼ਿਲਾਫ਼ ਲੜਿਆ ਜਾਏਗਾ
ਤੀਸਰਾ ਮਹਾਂ ਯੁੱਧ
ਕੁਲੀਆਂ ਸ਼ਾਮਾਂ ਦੇ ਪਿੰਡੇ 'ਤੇ ਰੀਂਗਣ ਵਾਲੇ
ਭੁੱਚਰ ਜਿਹੇ ਕੰਡੇਰਨੇ ਦੇ ਖ਼ਿਲਾਫ਼ ਲੜਿਆ ਜਾਏਗਾ
ਜਿਹਦਾ ਅਕਸ ਮੇਰੀ ਦੰਦੀਆਂ ਕੱਢਦੀ ਧੀ ਦੀਆਂ ਅੱਖਾਂ 'ਚ ਹੈ

ਤੀਸਰਾ ਮਹਾਂ ਯੁੱਧ
ਕਿਸੇ ਖਸਤਾ ਜਹੇ ਖੀਸੇ 'ਚ ਮਚਕੋੜੇ ਗਏ
ਨਿੱਕੇ ਜਹੇ ਸੰਸਾਰ ਲਈ ਜਾਏਗਾ ਲੜਿਆ

---

# ਇਕ ਖੇਤ ਮਜ਼ਦੂਰ ਨਾਲ ਪਾਸ਼ ਦੀ ਮੁਲਾਕਾਤ

ਸੁਰਿੰਦਰ ਸਿੰਘ ਭਰਵੇਂ ਸਰੀਰ ਤੇ ਦਰਮਿਆਨੇ ਕਦ ਵਾਲਾ ਖੇਤ ਮਜ਼ਦੂਰ ਪਰਿਵਾਰ ਦਾ ਜੰਮਪਲ ਹੈ। ਗ਼ਰੀਬਾਂ ਦੇ ਬੱਚਿਆਂ ਦੇ ਨਾਂ ਭਾਵੇਂ ਘਰਦਿਆਂ ਨੇ ਕਿੰਨੇ ਵੱਡੇ ਰੱਖੇ ਹੋਣ, ਬਚਪਨ ਦੇ ਨਾਲ ਹੀ ਘਸ ਜਾਂਦੇ ਹਨ। ਜਾਂ ਮਿੱਟੀ ਦੇ ਖਿਡੌਣਿਆਂ ਵਾਂਗ ਟੁੱਟ ਜਾਂਦੇ ਹਨ। ਫੇਰ ਇਕ ਉਪ ਨਾਂਅ ਜਿਹਾ ਉਨ੍ਹਾਂ ਦੇ ਢਲ ਰਹੇ ਹੱਡਾਂ ਦੀ ਪਛਾਣ ਵਾਸਤੇ ਰਹਿ ਜਾਂਦਾ ਹੈ। ਸੁਰਿੰਦਰ ਸਿੰਘ ਨੂੰ ਵੀ ਤ੍ਰਿਸਕਾਰ ਨਾਲ ਸ਼ਿੰਦੀ ਕਿਹਾ ਜਾਂਦਾ ਹੈ। ਉਸ ਦਾ ਪਿੰਡ ਉੱਗੀ ਮੇਰੇ ਪਿੰਡ ਤੋਂ ਦੋ ਤਿੰਨ ਮੀਲ ਦੀ ਵਿੱਥ 'ਤੇ ਹੈ। ਇੰਟਰਵਿਊ ਕਰਨ ਲਈ ਮੈਂ ਦਿਨ ਛੁਪਾ ਨਾਲ ਉਹਦੇ ਘਰ ਪੁੱਜਾ ਤਾਂ ਉਹ ਠੰਢ ਲੱਗਣ ਕਰ ਕੇ ਢਿੱਲਾ ਜਿਹਾ ਸੀ। ਰਜਾਈ 'ਚ ਪਏ ਪਏ ਨੇ ਬੜੀ ਗੰਭੀਰਤਾ ਨਾਲ ਮੇਰੇ ਸਵਾਲਾਂ ਦੇ ਜਵਾਬ ਦਿੱਤੇ। ਗੱਲ ਕਰਦਿਆਂ ਕਦੇ ਉਸ ਦਾ ਚਿਹਰਾ ਇਕਦਮ ਪੱਥਰ ਵਾਂਗ ਸਖ਼ਤ ਹੋ ਜਾਂਦਾ, ਕਦੇ ਮੋਮ ਵਾਂਗ ਢਲ਼ ਜਾਂਦਾ, ਕਦੇ ਅੰਗਿਆਰਾਂ ਵਾਂਗ ਭਖਦਾ ਰਿਹਾ। ਜਿਥੇ ਕੋਈ ਹਿਸਾਬ ਕਿਤਾਬ ਲਾਉਣਾ ਹੁੰਦਾ ਉਹਦੇ ਆਂਢੀ ਗੁਆਂਢੀ ਤੇ ਹੋਰ ਯਾਰ ਮਿੱਤਰ ਜੋ ਮੇਰੇ ਆਉਣ ਕਰ ਕੇ ਆਏ ਬੈਠੇ ਸਨ, ਅੰਕੜੇ ਕੱਢਣ ਵਿਚ ਉਹਦੀ ਮੱਦਦ ਕਰਦੇ। ਜਿਥੇ ਕਿਤੇ ਉਸ ਨੂੰ ਕੋਈ ਗੱਲ ਯਾਦ ਨਾ ਹੁੰਦੀ ਕੋਲ ਬੈਠੇ ਕੁਝ ਬਜ਼ੁਰਗ ਉਹ ਨੂੰ ਯਾਦ ਕਰਾਉਂਦੇ ਜਾ ਉਹਦੀ ਗੱਲ ਵਿਚ ਦਰੁਸਤੀ ਕਰਦੇ। ਇੰਟਰਵਿਊ ਮਗਰੋਂ ਚੰਨ ਦੀ ਚਾਨਣੀ ਵਿਚ ਸਾਈਕਲ ਉਤੇ ਮੈਂ ਆਪਣੇ ਪਿੰਡ ਨੂੰ ਆਉਂਦਿਆਂ ਸੋਚ ਰਿਹਾ ਸਾਂ, "ਇਹ ਹਨ ਲੋਕ, ਜਿਹੜੇ ਸਮੁੱਚੇ ਸਮਾਜ ਦੀ ਜ਼ਿੰਦਗੀ ਦਾ ਥੰਮ ਹਨ ਅਤੇ ਇਨਸਾਨੀਅਤ ਦੇ ਤਕਾਜ਼ੇ ਨਾਲ ਜ਼ਿੰਦਗੀ 'ਤੇ ਸਾਰਿਆਂ ਨਾਲੋਂ ਵੱਧ ਹੱਕ ਵੀ ਇਨ੍ਹਾਂ ਦਾ ਹੀ ਹੋਣਾ ਚਾਹੀਦਾ ਹੈ। ਅਸੀਂ ਇਨਕਲਾਬ ਨੂੰ ਮੂੰਹ ਮਾਰਨ ਵਾਲੇ ਲਿਖਾਰੀ ਆਪਣੀ ਸੂਝ ਅਤੇ ਅਨੁਭਵ ਦੇ ਕੱਦ ਵਿਚ ਜ਼ਿੰਦਗੀ ਦੇ ਇਨ੍ਹਾਂ ਕਲਾਕਾਰਾਂ ਤੇ ਯੋਧਿਆਂ ਨਾਲੋਂ ਕਿੰਨੇ ਛੋਟੇ ਹਾਂ।" – ਪਾਸ਼

*? ਸੁਰਿੰਦਰ ਤੇਰੀ ਉਮਰ ਕਿੰਨੀ ਏ, ਤੇ ਕਿੰਨਾ ਕੁ ਚਿਰ ਹੋਇਆ ਹੋਊ ਕਮਾਉਣ ਲੱਗੇ ਨੂੰ ?*

ਜਵਾਬ : ਮੈਂ ਬਾਈ ਕੁ ਵਰ੍ਹਿਆਂ ਦਾ ਹੋਊਂਗਾ। ਕਮਾਉਂਦੇ ਦਾ ਮੈਂ ਤੈਨੂੰ ਵੇਰਵਾ ਗਿਣਾ ਦੇਨਾਂ, ਅੱਗੇ ਤੂੰ ਆਪ ਹਿਸਾਬ ਲਾ ਲਈਂ। ਪਹਿਲਾਂ ਇਕ ਸਾਲ ਤਾਂ ਪ੍ਰੇਮ ਸਹੁੰ ਨਾਲ ਲਾਇਆ, ਫੇਰ ਸੱਤ ਸਾਲ ਠਿੱਕਾ ਬਹਾਲ ਸਹੁੰ ਨਾਲ ਤੇ ਹੁਣ ਮੈਨੂੰ ਕਾਲੀਆਂ ਨਾਲ ਲੱਗੇ ਹੋਏ ਅੱਠਵਾਂ ਸਾਲ ਆ। (ਕਮਾਉਣ ਲੱਗੇ ਨੂੰ ਕੁੱਲ ਪੰਦਰਾਂ ਸਾਲ ਤੇ ਸੱਤਾਂ ਸਾਲਾਂ ਦਾ ਕਮਾਉਣ ਲੱਗਾ ਹੋਵੇਗਾ।)

*? ਕੁਝ ਪੜ੍ਹਿਆ ਵੀ ਏਂ ਕਿ ਨਹੀਂ ?*

ਜਵਾਬ : ਬਿਲਕੁਲ ਨਹੀਂ।

*? ਕਿਉਂ ਨਹੀਂ ਪੜ੍ਹਿਆ ?*

ਜਵਾਬ : ਗ਼ਰੀਬੀ ਕਰ ਕੇ ਈ। ਹੋਰ ਕਾਹਤੋਂ –

*? ਓਂ ਤੇਰਾ ਪੜ੍ਹਨ ਨੂੰ ਚਿੱਤ ਨਹੀਂ ਸੀ ਕਰਦਾ ?*

ਜਵਾਬ : ਚਿੱਤ ਕਿਉਂ ਨਹੀਂ ਸੀ ਕਰਦਾ ? ਮੈਂ ਤਾਂ ਚਾਹੁੰਦਾ ਸੀ ਪਰ ਮਾਪਿਆਂ ਨੂੰ ਪਈ ਹੋਈ ਸੀ ਕਿ ਇਹਨੂੰ ਕਿਸੇ ਨਾਲ ਕੰਮ 'ਤੇ ਰਖਾ ਦੇਈਏ। ਘਰ ਕਮਾਈ ਆਊ।

*? ਤੈਨੂੰ ਅੰਦਾਜ਼ਾ ਹੈ ਕਿ ਤੂੰ ਹੁਣ ਤਕ ਕਿੰਨੀ ਕੁ ਕਮਾਈ ਕੀਤੀ ਹੋਊ ?*

ਜਵਾਬ : ਲੈ ਲਿਖੀ ਚੱਲ। ਪਹਿਲੇ ਸਾਲ ਜਦ ਮੈਂ ਕੰਮ 'ਤੇ ਲੱਗਾ ਤਾਂ ਵੀਹ ਸੇਰ ਦਾਣੇ ਮਹੀਨੇ ਦੇ ਸੀ। (ਉਦੋਂ ਕਣਕ ਦਾ ਭਾਅ 12 ਰੁਪਏ ਮਣ) ਅਗਲੇ ਸਾਲ ਬਾਈ ਸੇਰ ਦਾਣੇ ਹੋ ਗਏ ਮਹੀਨੇ ਦੇ। ਤੀਜੇ ਸਾਲ 30 ਸੇਰ ਤੇ ਚੌਥੇ ਸਾਲ ਸੀਗੇ 35 ਸੇਰ, ਪੰਜਵੇਂ ਸਾਲ ਮਣ ਪੱਕੇ, ਫੇਰ ਛੇਵੇਂ, ਸੱਤਵੇਂ ਤੇ ਅੱਠਵੇਂ ਮਣ ਪਕੇ ਹੀ ਰਹੇ। (ਉਦੋਂ ਮਣ ਦਾ ਭਾਅ 18 ਰੁਪਏ ਸੀ) ਕਣਕ ਦੇ ਵਧਦੇ ਭਾਅ ਨਾਲ ਇਕ ਸਖ਼ਤ ਅੰਦਾਜ਼ਾ।

(72+90+120+150+196+216+240+380=1364 ਰੁਪਏ ਸੱਤ ਸਾਲਾਂ ਦੇ) ਫੇਰ ਜਦ ਮੈਂ 'ਕਾਲੀਆਂ' ਨਾਲ ਲਗਾ ਉਦੋਂ ਦਾਣਿਆਂ ਦਾ ਰਵਾਜ ਹੱਟ ਗਿਆ ਸੀ। 'ਕਾਲੀਆਂ' ਨਾਲ ਪਹਿਲੇ ਸਾਲ 380 ਰੁਪਏ, ਦੂਜੇ ਸਾਲ 400 ਰੁਪਏ, ਤੀਜੇ ਸਾਲ 640 ਰੁਪਏ, ਛੇਵੇਂ ਸਾਲ, 900 ਸੱਤਵੇਂ ਸਾਲ 1200 ਤੇ ਹੁਣ ਅੱਠਵੇਂ ਸਾਲ 1350 ਰੁਪਏ ਕੁੱਲ ਅੱਠਾਂ ਸਾਲਾਂ ਦੀ ਕਮਾਈ ਹੈ। (ਕੁੱਲ ਗਿਣਤੀ 380+400+500+600+640+900+1200+1350=5870 ਰੁਪਏ) (ਪੂਰੇ 16 ਸਾਲਾਂ ਦੀ ਕਮਾਈ = 1364+5870= 7234 ਰੁਪਏ)

*? ਤਾਂ ਫੇਰ ਤੇਰੀ ਸੋਲਾਂ ਵਰ੍ਹਿਆਂ ਦੀ ਕਮਾਈ 7234 ਰੁਪਏ ਹੋਈ।*

ਜਵਾਬ : ਹਾਂ, ਸੋਲਾਂ ਸਾਲਾਂ ਦੀ ਦਿਨ ਰਾਤ ਦੀ (ਭਾਵ ਚੌਵੀ ਘੰਟੇ) ਕਮਾਈ।

*? ਹੁਣ ਅਗਾਂਹ ਪੈਸੇ ਵਧਣ ਦੀ ਉਮੀਦ ਹੈ ?*

ਜਵਾਬ : ਨਹੀਂ, ਹੁਣ ਪੈਸੇ ਵੱਧਣੇ ਨਹੀਂ ਸਗੋਂ ਦੋ ਕੁ ਸਾਲ ਹੋਰ 1350 ਰਹਿ ਕੇ ਫੇਰ ਘਟਣੇ ਸ਼ੁਰੂ ਹੋ ਜਾਣੇ ਆ ਜਿਉਂ ਜਿਉਂ ਮੇਰੇ ਹੱਡ ਢਲਣਗੇ।

*? ਅੱਛਾ ਤੂੰ 16 ਸਾਲਾਂ ਵਿਚ ਕਿੰਨੀ ਕੁ ਪੈਦਾਵਾਰ ਕਰ ਕੇ ਮਾਲਕਾਂ ਨੂੰ ਦਿੱਤੀ ਹੋਊ ?*

ਜਵਾਬ : ਪਹਿਲੇ ਸਾਲ ਮੈਂ ਮੱਝਾਂ ਚਾਰਦਾ ਹੁੰਦਾ ਸੀ। ਉਹ ਹਰ ਸਾਲ ਹਜ਼ਾਰ ਡੇਢ ਹਜ਼ਾਰ ਦੀਆਂ ਦੋ ਤਿੰਨ ਝੋਟੀਆਂ ਵੇਚ ਲੈਂਦੇ ਸੀ ਤੇ ਦੁੱਧ ਵੇਚ-ਵੇਚ ਕੇ ਵੀ ਹਜ਼ਾਰ ਦੋ ਹਜ਼ਾਰ ਕਮਾ ਲੈਂਦੇ ਹੋਣਗੇ। ਇਸ ਤੋਂ ਬਿਨਾਂ ਸਵੇਰ ਨੂੰ ਚਾਰ ਪੰਜ ਭਰੀਆਂ ਪੱਠੇ ਵੱਢਣੇ। ਪਾਣੀ ਡਾਹੁਣਾ, ਪੱਠੇ ਪਾਉਣੇ ਵੀ ਮੇਰੇ ਜ਼ਿੰਮੇ ਈ ਸੀ। ਫੇਰ ਬਹਾਲ ਸਹੁੰ ਨਾਲ ਸੱਤਾਂ ਸਾਲਾਂ ਵਿਚ 20 ਕੁ ਹਜ਼ਾਰ ਦਾ ਕੰਮ ਕੀਤਾ ਹੋਊ। (ਇਹ ਸਾਰਾ ਹਿਸਾਬ ਕਿਤਾਬ ਨਾਲ ਬੈਠੇ ਸਿਆਣੀ ਉਮਰ ਦੇ ਬੰਦਿਆਂ ਨੇ ਮਾਲਕਾਂ ਦੀ ਕੁੱਲ ਪੈਦਾਵਾਰ ਦਾ ਹਿਸਾਬ ਲਾ ਕੇ ਉਸ 'ਤੇ ਕੰਮ ਕਰਨ ਵਾਲਿਆਂ ਮਿਹਨਤੀਆਂ ਦੇ ਹਿੱਸੇ ਕੱਢ ਕੇ ਸੁਰਿੰਦਰ ਦੀ ਕਮਾਈ ਦਾ ਬਣਾਇਆ।) ਤਿੰਨਾਂ ਸਾਲਾਂ ਵਿਚ ਮੈਂ ਹੁਣ ਦੇ ਮਾਲਕਾਂ ਨੂੰ 90 ਹਜ਼ਾਰ ਰੁਪਇਆ ਕਮਾ ਕੇ ਦਿੱਤਾ, ਉਦੂੰ ਪਹਿਲੇ ਤਿੰਨਾਂ ਸਾਲਾਂ ਵਿਚ 70 ਹਜ਼ਾਰ, ਉਦੂੰ ਪਹਿਲਾਂ ਇਕ ਸਾਲ। (ਇਹ ਰਕਮ ਮਾਲਕਾਂ ਦੇ ਪਸ਼ੂਆਂ ਅਤੇ ਮਸ਼ੀਨ ਆਦਿ ਦਾ ਖ਼ਰਚ ਤੇ ਕਿਤੇ-ਕਿਤੇ ਹੋਰ ਕਾਮੇ ਜਾਂ ਮਾਲਕ ਦੀ (ਨਾਂ ਬਰਾਬਰ) ਹੱਥ ਪਵਾਈ ਕੱਢ ਕੇ ਬਣਦੀ ਹੈ।)

*? ਇਸ ਤਰ੍ਹਾਂ ਤਾਂ ਤੇਰਾ ਸਖ਼ਤ ਤੋਂ ਸਖ਼ਤ ਵੀ ਹਿਸਾਬ ਲਾਈਏ ਤਾਂ ਤੇਰੀ ਮਿਹਨਤ ਨਾਲ ਉਕੇ-ਪੁੱਕੇ ਇਕ ਲੱਖ ਚੁਰਾਸੀ ਹਜ਼ਾਰ ਰੁਪਏ ਦੀ ਪੈਦਾਵਾਰ ਹੋਈ ਹੈ। ਇਸ ਰਕਮ ਵਿਚੋਂ ਤੈਨੂੰ ਮਿਲੇ ਹਨ ਸਿਰਫ਼ ਸੱਤ ਹਜ਼ਾਰ ਦੋ ਸੌ ਚੌਂਤੀ ਰੁਪਏ। ਬਾਕੀ ਦੇ ਇਕ ਲੱਖ 76 ਹਜ਼ਾਰ 7 ਸੌ 66 ਰੁਪਏ ਕਿੱਥੇ ਗਏ ?*

ਜਵਾਬ : ਮਾਲਕ ਸਾਂਭ ਗਏ। ਹੋਰ ਕਿੱਥੇ ਜਾਣੇ ਸੀ ?

*? ਫਿਰ ਇਸ ਲੁੱਟ ਖ਼ਿਲਾਫ਼ ਤੈਨੂੰ ਗੁੱਸਾ ਨਹੀਂ ਆਉਂਦਾ ?*

ਜਵਾਬ : ਤੂੰ ਗੁੱਸਾ ਕਹਿਨਾ ? ਮੇਰੇ ਅੰਦਰੋਂ ਲਾਟਾਂ ਨਿਕਲਦੀਆਂ, ਸਾਰਾ ਕੁਝ ਫਨਾਹ ਕਰ ਦੇਣ ਨੂੰ ਚਿੱਤ ਕਰਦਾ। ਪਰ ਮੈਂ ਕੱਲਾ ਕੀ ਕਰ ਸਕਦਾਂ ?

*? ਜਦ ਨੂੰ ਨਿੱਕਾ ਹੁੰਦਾ ਸੀ ਕੀ ਕੀ ਖ਼ਿਆਲ ਹੁੰਦਾ ਸੀ ਅੱਗੇ ਬਾਰੇ ?*

ਜਵਾਬ : ਕਾਹਦੇ ਖ਼ਿਆਲ ?

*? ਮੇਰਾ ਮਤਲਬ ਏ ਤੂੰ ਵੀ ਆਪਣੀ ਜ਼ਿੰਦਗੀ ਬਾਰੇ ਕੋਈ ਸੁਫਨੇ ਲੈਂਦਾ ਹੋਵੇਂਗਾ।*

ਜਵਾਬ : ਆਹੋ ਐਦਾਂ ਤਾਂ ਸਾਰੇ ਸੁਫਨੇ ਲੈਂਦੇ ਹੁੰਦੇ ਆ। ਮੈਂ ਸੋਚਦਾ ਹੁੰਦਾ ਸੀ ਵੱਡਾ ਹੋ ਕੇ ਕਾਰ ਲਊਂਗਾ। ਕਾਰ ਵਿਚ ਬਹਿ ਕੇ ਸ਼ਹਿਰ ਨੂੰ ਸੈਲ ਕਰਨ ਜਾਇਆ ਕਰੂੰ। ਵਿਚੇ ਆਪਣੀ ਵਹੁਟੀ ਤੇ ਨਿਆਣਿਆਂ ਨੂੰ ਬਿਠਾਲ ਕੇ ਸੈਲ ਕਰਾਇਆ ਕਰੂੰ...।

*? ਜਦ ਨੂੰ ਪਹਿਲਾਂ ਕੰਮ 'ਤੇ ਲੱਗਾ ਹੋਵੇਂਗਾ ਤੈਨੂੰ ਕਾਫ਼ੀ ਔਖੀ ਲਗਦੀ ਹੋਏਗੀ ਕੰਮ ਕਰਦਿਆਂ ?*

ਜਵਾਬ : ਨਹੀਂ, ਪਹਿਲਾਂ ਜਦ ਖੇਡਦੇ ਹੁੰਦੇ ਸੀ, ਖ਼ਾਹਸ਼ ਹੁੰਦੀ ਕਿ ਪੜ੍ਹਨ ਲੱਗਾਂਗੇ, ਫੇਰ ਪੜ੍ਹਨ ਤਾਂ ਨਾ ਲੱਗ ਹੋਇਆ। ਮੇਰੇ ਨਾਲ ਦੇ ਹੋਰ ਕਈ ਹਾਣੀ ਕੰਮ 'ਤੇ ਲੱਗ ਚੁੱਕੇ ਸੀ। ਜਦ ਉਹ ਤ੍ਰਿਕਾਲਾਂ ਨੂੰ ਘਰ ਆਉਂਦੇ ਸੀ ਤਾਂ ਉਨ੍ਹਾਂ ਦੇ ਮਾਂ ਪਿਉ ਉਨ੍ਹਾਂ ਨਾਲ ਬੜਾ ਚਾਅ ਮਲ੍ਹਾਰ ਕਰਦੇ ਸੀ। ਮੈਨੂੰ ਰਾਤ ਦਿਨ ਘਰੋਂ ਕੁੱਤੇ ਖਾਣੀ ਹੁੰਦੀ ਰਹਿੰਦੀ ਸੀ। ਫੇਰ ਮਨ ਵਿਚ ਆਉਂਦਾ ਸੀ ਕਿ ਮੈਂ ਵੀ ਕੰਮ 'ਤੇ ਲੱਗਾ ਹੋਵਾਂ ਤਾਂ ਘਰ ਦੇ ਮੈਨੂੰ ਵੀ ਤੇਹ ਕਰਿਆ ਕਰਨ।

*? ਮੇਰਾ ਮਤਲਬ ਏ ਜਦ ਤੂੰ ਕੰਮ 'ਤੇ ਲੱਗ ਗਿਆ ਤਾਂ ਕਿਵੇਂ 'ਮਹਿਸੂਸ ਕੀਤਾ'। ਤੈਨੂੰ ਕੰਮ ਕਰਦਿਆਂ ਜਾਂ ਗੁਲਾਮੀ ਮੰਨਣ ਨਾਲ ਰੂਹ ਨੂੰ ਤਕਲੀਫ਼ ਮਹਿਸੂਸ ਹੁੰਦੀ ਸੀ ਕਿ ਨਹੀਂ ?*

ਜਵਾਬ : ਜਦ ਮੈਂ ਕੰਮ 'ਤੇ ਲੱਗਾ ਤਾਂ ਔਖ ਜ਼ਰੂਰ ਹੁੰਦੀ ਸੀ ਪਰ ਘਰ ਦਿਆਂ ਦੇ ਚੰਗੇ ਵਤੀਰੇ ਨਾਲ ਖੁਸ਼ੀ ਵੀ ਹੁੰਦੀ ਸੀ। ਮਨ ਵਿਚ ਕਮਾਊ ਹੋਣ ਦੀ ਤਸੱਲੀ ਜਿਹੀ ਵੀ ਰਹਿੰਦੀ ਸੀ।

*? ਕੋਈ ਖਾਸ ਗੱਲ ਉਨ੍ਹਾਂ ਦਿਨਾਂ ਦੀ ਤੈਨੂੰ ਯਾਦ ਹੋਵੇ।*

ਜਵਾਬ : ਮੇਰੇ ਪੈਰੀਂ ਜੁੱਤੀ ਨਹੀਂ ਹੁੰਦੀ। ਪਸ਼ੂਆਂ ਮਗਰ ਭੱਜਦਿਆਂ (ਉਨ੍ਹਾਂ ਨੂੰ ਮੋੜਨ ਲਈ ਜਾਂਦਿਆਂ) ਪੈਰਾਂ ਵਿਚ ਕੰਡੇ ਲੱਗਦੇ ਸੀ। ਉਦੋਂ ਪੋਹਲੀ ਬੜੀ ਹੁੰਦੀ ਸੀ। ਪੈਰ ਛਿਲਤਰਾਂ ਨਾਲ ਭਰੇ ਰਹਿੰਦੇ ਸੀ। ਮੈਂ ਪੋਹਲੀ ਤੋਂ ਬੜੇ ਬਚਾਅ-ਬਚਾਅ ਕੇ ਪੈਰ ਰੱਖਣੇ। ਜਿਸ ਦਿਨ ਮੈਂ ਕਦੇ ਵੱਡੇ ਭਰਾ ਜੀ ਦੀ ਜਾਂ ਚਾਚੇ ਦੀ ਜੁੱਤੀ ਪਾ ਕੇ ਜਾਣਾ ਤਾਂ ਉਸ ਦਿਨ ਜਾਣ ਜਾਣ ਕੇ ਪੋਹਲੀ ਦੇ ਬੂਟੇ ਉਤੇ ਪੈਰ ਰੱਖ ਕੇ ਲੰਘਣਾ। ਏਦਾਂ ਕਰ ਕੇ ਮੈਨੂੰ ਬੜੀ ਖੁਸ਼ੀ ਹੁੰਦੀ ਸੀ ਜਿਦਾਂ ਮੈਂ ਕਿਸੇ ਦੁਸ਼ਮਣ ਨੂੰ ਮਾਰ ਰਿਹਾ ਹੋਵਾਂ।

*? ਤੇਰੇ ਕਪੜੇ ਕੀ-ਕੀ ਹੁੰਦੇ ਸੀ ?*

ਜਵਾਬ : ਚਾਰਖ਼ਾਨੇ ਦਾ ਇਕ ਝੱਗਾ ਤੇ ਇਕ ਕੱਛਾ। ਬੱਸ। ਉਹ ਵੀ ਕਈ ਮਹੀਨਿਆਂ ਮਗਰੋਂ ਧੋ ਹੁੰਦੇ ਸੀ। ਜਦ ਕਿਤੇ ਰਿਸ਼ਤੇਦਾਰੀ ਵਿਚ ਵਿਆਹ ਜਾਣਾ ਹੋਵੇ ਤਾਂ ਘਰ ਦੇ ਲੀਲਨ ਦਾ ਝੱਗਾ ਬਣਾ ਦਿੰਦੇ ਸੀ। ਉਦੋਂ ਮੈਨੂੰ ਬੜਾ ਚਾਅ ਚੜ੍ਹਦਾ ਸੀ।

*? ਫੇਰ ਤੇਰੇ ਸੁਪਨਿਆਂ ਦਾ ਕੀ ਬਣਿਆ ?*

ਜਵਾਬ : ਸੱਤ-ਅੱਠ ਸਾਲ ਕੰਮ ਕਰਨ ਮਗਰੋਂ ਮੈਨੂੰ ਸਮਝ ਆ ਗਈ ਕਿ ਕੰਮੀਆਂ ਦੇ ਮੁੰਡਿਆਂ ਦੇ ਸੁਫਨੇ ਪੂਰੇ ਨਹੀਂ ਹੁੰਦੇ। ਫਿਰ ਮੈਂ ਵੀ ਸੁਫਨੇ ਲੈਣੇ ਛੱਡ ਦਿੱਤੇ ਤੇ ਸਾਰੀ ਹਾਲਤ ਨੂੰ ਆਪਣੇ ਕਰਮਾਂ ਦੇ ਆਸਰੇ ਹੀ ਸਮਝਣ ਲੱਗ ਪਿਆ।

*? ਹੁਣ ਕੀ ਸਮਝਦਾ ਏਂ ਕਿ ਤੇਰੀ ਗ਼ਰੀਬੀ ਦਾ ਸਬੱਬ ਕੀ ਹੈ ?*

ਜਵਾਬ : ਹੁਣ ਮੈਂ ਸਮਝਦਾ ਬਈ ਕਰਮਾਂ-ਕੁਰਮਾਂ ਦੀ ਕੋਈ ਕਹਾਣੀ ਨਹੀਂ। ਕਹਾਣੀ ਏਹੋ ਆ ਬਈ ਦੁਨੀਆ ਦੇ ਅਸੂਲ ਈ ਗ਼ਲਤ ਹਨ। ਸਾਡੇ ਲੋਕਾਂ ਨੂੰ ਅਮੀਰ ਆਦਮੀ ਪਸ਼ੂਆਂ ਵਾਂਗ ਮੁੱਲ ਲੈ ਲੈਂਦੇ ਹਨ ਤੇ ਪਸ਼ੂਆਂ ਵਾਂਗ ਹੀ ਵਰਤਦੇ ਹਨ।

*? ਹੋਰ ਤੁਹਾਡੇ ਪਿੰਡ ਦੇ ਕਿੰਨੇ ਕੁ ਕਾਮੇ ਹਨ ਜ਼ਿਮੀਂਦਾਰਾਂ ਨਾਲ ਲੱਗੇ ਹੋਏ ?*

ਜਵਾਬ : ਸੌ ਕੁ ਹੋਣਗੇ। ਕਿਉਂ ?

*? ਤੈਨੂੰ ਉਨ੍ਹਾਂ ਨਾਲ ਕੋਈ ਸਾਂਝ, ਪਿਆਰ ਜਾਂ ਹਮਦਰਦੀ ਹੁੰਦੀ ਏ ਕਿ ਨਹੀਂ ?*

ਜਵਾਬ : ਸੱਚ ਪੁੱਛਦਾਂ ਤਾਂ ਘਰਦਿਆਂ ਨਾਲੋਂ ਵੀ ਬਾਹਲੀ ਹਮਦਰਦੀ ਮਸੂਸ ਹੁੰਦੀ ਆ। ਕਿਉਂਕਿ ਘਰ ਦੇ ਅਜੇ ਕਰਮਾਂ ਵਾਲੀ ਗੱਲ 'ਤੇ ਹੀ ਟਿਕੇ ਹੋਏ ਆ। ਉਹ ਕਾਮੇ ਵੀ ਮੇਰੇ ਆਂਗੂ ਹੱਡ ਰਗੜਾਉਂਦੇ ਹਨ ਤੇ ਦੁਖੀ ਹਨ। ਏਸ ਲਈ ਮੈਨੂੰ ਐਂ ਲਗਦਾ ਕਿ ਅਸੀਂ ਸਾਰੇ ਇਕੋ ਹੀ ਰੱਸੇ ਬੱਝੇ ਹੋਏ ਹਾਂ ਤੇ ਮੈਨੂੰ ਉਨ੍ਹਾਂ ਨਾਲ ਪਿਆਰ ਵੀ ਆਉਂਦਾ।

*? ਤਾਂ ਤੇ ਤੇਰੇ ਮਨ ਵਿਚ ਜੱਟਾਂ ਨਾਲ ਨਫ਼ਰਤ ਜ਼ਰੂਰ ਹੋਵੇਗੀ।*

ਜਵਾਬ : ਨਹੀਂ ਸਾਰੇ ਜੱਟ ਇਕੋ ਜਿਹੇ ਨਹੀਂ। ਨਫ਼ਰਤ ਮੈਨੂੰ ਬਹੁਤ ਆ ਪਰ ਸਿਰਫ਼ ਉਨ੍ਹਾਂ ਨਾਲ ਜਿਹੜੇ ਬਾਹਲਾ ਧੱਕਾ ਕਰਦੇ ਆ। ਜਿਦਾਂ ਮੈਂ ਇਕ ਵਾਰ ਜਿਹਨਾਂ ਨਾਲ ਲੱਗਾ ਹੋਇਆ ਸੀ ਉਨ੍ਹਾਂ ਦੀ ਗੱਲ ਏ। ਜਲੰਧਰ ਸਰਕਸ ਲੱਗੀ ਹੋਈ ਸੀ। ਮੇਰਾ ਚਿੱਤ ਕਰੇ ਕਿ ਦੇਖਣੀ ਜ਼ਰੂਰ ਆ। ਮੈਂ ਤ੍ਰਿਕਾਲਾਂ ਤਕ ਕੰਮ ਕਰਾ ਕੇ ਰਾਤ ਨੂੰ ਨਾਲ ਦੇ ਪਿੰਡ ਦਿਆਂ ਮੁੰਡਿਆਂ ਨਾਲ ਸੈਕਲ 'ਤੇ ਚਲਾ ਗਿਆ। ਜਦ ਦੂਜੇ ਦਿਨ ਸਵੇਰੇ ਉਨ੍ਹਾਂ ਦੇ ਖੂਹ 'ਤੇ ਗਿਆ ਉਹ ਮੈਨੂੰ ਗਾਲ੍ਹਾਂ ਕੱਢਣ ਲੱਗ ਪਏ ਕਿ ਰਾਤੀਂ ਪਾਣੀ ਲਾਉਣ ਕਿਉਂ ਨਹੀਂ ਆਇਆ। ਭਲਾ ਇਕ ਰਾਤ ਆਪ ਵੀ ਪਾਣੀ ਲਾ ਲੈਂਦੇ ਤਾਂ ਉਨ੍ਹਾਂ ਨੂੰ ਸ਼ੀਂਹ ਪੈਂਦਾ ਸੀ। ਐਹੋ ਜਿਹੇ ਜ਼ਿਮੀਂਦਾਰਾਂ ਤੋਂ ਮੈਨੂੰ ਬੜੀ ਨਫ਼ਰਤ ਆ। ਦੂਜੇ ਪਾਸੇ ਜਿਹੜੇ ਮੇਰੇ ਆਂਗੂ, ਆਪ ਕੰਮ ਕਰਦੇ ਆ, ਭਾਵੇਂ ਜੱਟ ਨੇ, ਬਾਹਮਣ ਜਾਂ ਕਿਸੇ ਜਾਤ ਦੇ ਹੋਣ, ਉਨ੍ਹਾਂ ਨਾਲ ਕੋਈ ਨਫ਼ਰਤ ਨਹੀਂ।

*? ਤੇਰਾ ਵਿਆਹ ਹੋ ਗਿਆ ਏ ਕਿ ਨਹੀਂ ?*

ਜਵਾਬ : ਨਹੀਂ। ਪਹਿਲਾਂ ਜੀ ਕਰਦਾ ਸੀ ਵਿਆਹ ਕਰਾਉਣ ਨੂੰ ਪਰ ਹੁਣ ਚਿੱਤ ਨਹੀਂ ਮੰਨਦਾ। ਹੁਣ ਮੈਂ ਸੋਚਦਾਂ ਵਿਆਹ ਕਰਾ ਕੇ ਮੁਸ਼ਕਲਾਂ ਵਧਣਗੀਆਂ ਹੀ।

*? ਜ਼ਿੰਦਗੀ ਵਿਚ ਮਨ ਪਰਚਾਵਾ ਕੀ ਏ ?*

ਜਵਾਬ : ਪਹਿਲਾਂ ਰਾਸਾਂ ਰੂਸਾਂ ਦੇਖ ਕੇ ਮੁੰਡਿਆਂ ਦੀ ਢਾਣੀ ਵਿਚ ਸ਼ੁਗਲ ਮੇਲਾ ਤੇ ਕੁੜੀਆਂ ਦੀਆਂ ਗੱਲਾਂ ਕਰ ਕੇ ਰੂਹ ਪਰਚ ਜਾਂਦੀ ਸੀ। ਹੁਣ ਜਦ ਨੌਜੁਆਨ ਸਭਾ ਵਿਚ ਜਾ ਬੈਠਾਂ ਜਾਂ ਹੋਰ ਪੜ੍ਹੇ ਲਿਖੇ ਚੰਗੇ ਮੁੰਡਿਆਂ ਨਾਲ ਗੱਲਾਂ ਬਾਤਾਂ ਕਰ ਕੇ ਜਾਂ ਮੁਲਕ ਦੀਆਂ ਹਾਲਤਾਂ ਬਾਰੇ ਗੱਲਾਂ ਸੁਣ ਕੇ ਦਿਲਚਸਪੀ ਹੁੰਦੀ ਆ।

*? ਗੌਰਮਿੰਟ ਤੁਹਾਡੀ ਭਲਾਈ ਦੀਆਂ ਕਈ ਸਕੀਮਾਂ ਬਣਾ ਰਹੀ ਹੈ। ਅੱਗੇ ਵੀ ਸਰਕਾਰ ਨੇ ਤੁਹਾਡਾ ਕਾਫ਼ੀ ਭਲਾ ਕੀਤਾ ਏ। ਤੁਸੀਂ ਇਸ ਬਾਰੇ ਕੀ ਸੋਚਦੇ ਓ ?*

ਜਵਾਬ : ਭਲਾਈ ਭਲੂਈ ਤਾਂ ਨਹੀਂ। ਹੁਣ ਮੇਰੇ ਤਾਏ ਦਾ ਪੁੱਤ ਆ ਚਰਨ। ਪਹਿਲਾਂ ਤਾਂ ਉਸ ਨੇ ਦਸ ਸਾਲ ਪੜ੍ਹਨ ਨੂੰ ਲਾਏ। ਫੇਰ ਦੋ ਸਾਲ ਕੋਰਸ ਕਰਦੇ ਨੂੰ ਹੋਏ (ਓਵਰ ਸੀਰੀ ਦਾ) ਪਰ ਖ਼ਰਚ ਪੂਰਾ ਨਹੀਂ ਹੋ ਰਿਹਾ। ਹੁਣ ਕਹਿੰਦਾ ਮੈਂ ਭਰਤੀ ਹੋ ਜਾਣਾ। ਦੱਸ, ਜਿੰਨਾ ਚਿਰ ਸਾਡੇ ਪੱਲੇ ਕੁਛ ਨਹੀਂ, ਜ਼ਿੰਦਗੀ ਵਿਚ ਚੈਨ ਨਹੀਂ। ਭਲਾ ਅਸੀਂ ਕਿਦਾਂ ਮੰਨ ਲਈਏ ਕਿ ਸਾਡਾ ਭਲਾ ਹੋਈ ਜਾਂਦਾ।

*? ਮੈਂ ਇਸ ਤੋਂ ਕਿਹਾ ਸੀ ਕਿ ਪਹਿਲਾਂ ਤੁਹਾਨੂੰ ਚੂਹੜੇ ਕਿਹਾ ਜਾਂਦਾ ਸੀ ਹੁਣ ਸਰਕਾਰ ਨੇ 'ਹਰੀਜਨ' ਨਾਂ ਦੇ ਦਿੱਤਾ ਹੈ। ਇਸ ਨਾਲ ਤੁਹਾਨੂੰ ਲਾਭ ਪੁੱਜਾ ?*

ਜਵਾਬ : ਨਾਂ ਬਦਲ ਦਿੱਤਾ ਤਾਂ ਕੀ ਹੋਇਆ ? ਸਾਨੂੰ ਕਮਾਈ 'ਚ ਤਾਂ ਕੋਈ ਫ਼ਰਕ ਨਹੀਂ ਪਿਆ। ਲੈ ਮੈਂ ਕਹਿੰਦਾਂ ਮੈਨੂੰ ਸਰਕਾਰ ਲੱਖ ਰੁਪਿਆ ਦੇ ਦੇਵੇ ਚੂਹੜਾ ਕਹੀ ਜਾਵੇ। ਇਹ ਸਾਰੀਆਂ ਗੱਲਾਂ ਸਾਡੇ ਲੋਕਾਂ ਨੂੰ ਭੁਲੇਖਿਆ 'ਚ ਪਾਉਣ ਲਈ ਹਨ।

*? ਤੂੰ ਵੋਟ ਕਿਹਨੂੰ ਪਾਉਂਦਾ ਹੁੰਦਾ ਏਂ ?*

ਜਵਾਬ : ਮੇਰੀ ਵੋਟ ਈ ਨਹੀਂ ਬਣੀ।

*? ਤੇਰੇ ਘਰ ਦੇ ਕਿਹਨੂੰ ਪਾਉਂਦੇ ਰਹੇ ਹਨ ?*

ਜਵਾਬ : ਜਿਹਦੇ ਨਾਲ ਮਜ਼ਦੂਰੀ ਕਰਨ ਲੱਗੇ ਹੋਏ ਹੋਣ, ਜਿਹਨੂੰ ਉਹ ਪਵਾਏ ਪਾ ਦਿੰਦੇ ਆ। ਬਾਹਲਾ ਤਾਂ ਕਾਂਗਰਸ ਨੂੰ ਈ ਪਾਉਂਦੇ ਰਹੇ ਆ।

*? ਭਲਾ ਕਾਂਗਰਸ ਨੂੰ ਹੀ ਕਿਉਂ ?*

ਜਵਾਬ : ਸਾਡੇ ਲੋਕ ਅਜੇ ਤੀਕ ਇਹੋ ਹੀ ਸਮਝਦੇ ਰਹੇ ਆ ਕਿ ਸਾਨੂੰ ਕਾਂਗਰਸ ਨੇ ਉਤਾਂਹ ਚੁੱਕਿਆ ਏ। ਪਹਿਲਾਂ ਸਾਡੇ ਠੂਠਾ ਵੀ ਅੱਡ ਹੁੰਦਾ ਸੀ। ਸਾਨੂੰ ਖੂਹ ਤੋਂ ਪਾਣੀ ਨਹੀਂ ਸੀ ਪੀਣ ਦਿੰਦੇ। ਹੁਣ ਜਟਾਂ ਦੇ ਘਰੋਂ ਭਾਂਡੇ ਵੀ ਮਿਲ ਜਾਂਦੇ ਆ। ਇਸ ਤਰ੍ਹਾਂ ਮਾੜਾ ਜਿਹਾ ਸੁਧਾਰ ਹੋਇਆ ਏ ਤਾਂ ਕਈ ਲੋਕ ਇਹ ਸਮਝਦੇ ਆ ਕਿ ਇਹ ਕਾਂਗਾਰਸ ਦੀ ਹੀ ਮੇਹਰਬਾਨੀ ਹੋਈ ਆ।

*? ਤੇ ਤੂੰ ਕੀ ਸਮਝਦਾ ਏ ਕਿ ਇਹ ਤਬਦੀਲੀ ਕਾਂਗਰਸ ਨੇ ਨਹੀਂ ਕੀਤੀ ?*

ਜਵਾਬ : ਮੇਰੇ ਖ਼ਿਆਲ ਵਿਚ ਇਹ ਆ ਕਿ ਗ਼ਰੀਬੀ ਵਿਚ ਤਾਂ ਕੋਈ ਤਬਦੀਲੀ ਹੋਈ ਹੀ ਨਹੀਂ। ਅੱਗੇ ਸਾਡੇ ਸਿਰ ਥੋੜ੍ਹਾ ਕਰਜ਼ਾ ਹੁੰਦਾ ਸੀ। ਜਾਂ ਪਿਛਲੇ ਸਮਿਆਂ ਸੁਣਿਆ ਕਿ ਹੁੰਦਾ ਹੀ ਨਹੀਂ ਸੀ। ਹੁਣ ਹਰੇਕ ਘਰ ਦਾ ਲੂੰ-ਲੂੰ ਕਰਜ਼ੇ 'ਚ ਬੱਝਾ ਪਿਆ। ਤੇ ਆਹ ਜਿਹੜੀ ਸੁਧਾਰ ਦੀ ਗੱਲ ਤੂੰ ਪੁੱਛੀ ਏ ਉਹ ਤਾਂ ਕੁਦਰਤੀ ਗੱਲ ਆ ਹੋਣਾ ਹੀ ਸੀ। ਸਾਡੀ ਜਾਤ ਨੂੰ ਵੀ ਜ਼ਮਾਨੇ ਦੀ ਦੇਖਾ ਦੇਖੀ ਥੋੜ੍ਹੀ ਬਹੁਤ ਅਕਲ ਆ ਰਹੀ ਏ। ਇਹ ਵੀ ਸਫ਼ਾਈ ਵੱਲ ਅੱਗੇ ਨਾਲੋਂ ਬਹੁਤਾ ਧਿਆਨ ਦੇਣ ਲੱਗ ਪਏ ਹਨ ਤੇ ਸਾਫ਼ ਰਹਿਣ ਨਾਲ ਜਾਂ ਥੋੜ੍ਹਾ ਬਹੁਤ ਪੜ੍ਹਨ ਨਾਲ ਲਿਖਣ ਨਾਲ ਦੂਜੇ ਲੋਕਾਂ ਦੀ ਸਾਡੇ ਵਾਸਤੇ ਨਫ਼ਰਤ ਵੀ ਘਟੀ ਏ। ਊਂ ਅਸੀਂ ਅੱਗੇ ਨਾਲੋਂ ਸੌਖੇ ਨਹੀਂ ਔਖੇ ਈ ਵਧੇਰੇ ਹੋਵਾਂਗੇ।

? ਇਹ ਗ਼ਰੀਬੀ ਹਟੂ ਕਿਸ ਤਰ੍ਹਾਂ ?

ਜਵਾਬ : ਜਿੰਨਾ ਚਿਰ ਸਾਰੀ ਦੁਨੀਆ ਦੇ ਲੋਕ ਇਕੋ ਜਿਹੇ ਨਹੀਂ ਹੁੰਦੇ, ਗ਼ਰੀਬੀ ਨਹੀਂ ਹੱਟ ਸਕਦੀ। ਜਿੱਦਾਂ ਸਰਮਾਏਦਾਰ ਲੋਕ ਆ। ਉਹ ਪੈਸੇ ਨਾਲ ਪੈਸਾ ਵਧਾਈ ਜਾਂਦੇ ਆ। ਅਕਾਲੀ ਕੋਲ ਸਰਮਾਇਆ ਸੀ। ਉਹਨੇ ਟਰੈਕਟਰ ਲੈ ਲਿਆ। ਚਲਾਉਂਦਾ ਉਸ ਨੂੰ ਮੈਂ ਹਾਂ। ਪਰ ਇਹਦੇ ਨਾਲ ਉਸ ਦਾ ਸਰਮਾਇਆ ਹੋਰ ਵਧੀ ਜਾਂਦਾ ਏ। ਜੇ ਹੁਣ ਏਨੇ ਈ ਸਾਧਨ (ਜਾਇਦਾਦ, ਮਸ਼ੀਨਾਂ ਆਦਿ) ਸਾਡੇ ਕੋਲ ਵੀ ਹੋਣ ਤਾਂ ਅਸੀਂ ਵੀ ਤਰੱਕੀ ਕਰ ਸਕਦੇ ਹਾਂ। ਜਿੰਨਾ ਚਿਰ ਇਕ ਧਿਰ ਕੋਲ ਜਾਇਦਾਦਾਂ ਹਨ, ਦੂਜੀ ਧਿਰ ਉਨ੍ਹਾਂ ਦੀਆਂ ਜਾਇਦਾਦਾਂ 'ਤੇ ਕੰਮ ਕਰਕੇ ਉਨ੍ਹਾਂ ਦਾ ਸਰਮਾਇਆ ਵਧਾਈ ਜਾਂਦੀ ਆ, ਨਾ ਗ਼ਰੀਬੀ ਘਟਣੀ ਆ ਤੇ ਨਾ ਉਨ੍ਹਾਂ 'ਤੇ ਸਾਡੇ ਵਿਚਲਾ ਪਾੜਾ।

? ਤਾਂ ਤੇਰਾ ਮਤਲਬ ਇਹ ਹੋਇਆ ਕਿ ਜਾਇਦਾਦ ਸਾਰਿਆਂ ਕੋਲ ਇਕੋ ਜਿੰਨੀ ਹੋਣੀ ਚਾਹੀਦੀ ਏ।

ਜਵਾਬ : ਹਾਂ, ਜਾਂ ਸਾਂਝੀ ਹੋਵੇ ਤੇ ਸਾਰੇ ਜਣੇ ਈ ਉਹਦੇ 'ਤੇ ਕੰਮ ਕਰਨ।


6TH Anniversary Special
NIRVANA
ENTERTAINMENT INC.
NIRVANA
Lunch & Dinner Buffet
7 Days a Week
(Veg. & Non-Veg.)
NIRVANA
1009-5075 Falconridge Blvd. N.E.
www.nirvanacalgary.com/nirvanantertainmentic.com
403-590-9797



# ਮੇਲਾ ਗ਼ਦਰ ਸ਼ਤਾਬਦੀ ਦਾ ਜਗਾ ਗਿਆ ਲੋਕਾਂ ਵਿਚ ਚੇਤਨਾ ਦੀ ਲਹਿਰ



ਡਾ. ਕਰਮਜੀਤ ਸਿੰਘ
+91-98763-23862
kjskurukshetra@yahoo.com









ਗ਼ਦਰੀ ਬਾਬਿਆਂ ਦੀ ਯਾਦ 'ਚ ਕਰਵਾਏ ਮੇਲੇ ਦੀਆਂ ਵੱਖ-ਵੱਖ ਝਲਕੀਆਂ।

ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਸੱਦੇ 'ਤੇ ਸਾਲ 2013 ਨੂੰ ਗ਼ਦਰ ਸ਼ਤਾਬਦੀ ਵਰ੍ਹੇ ਵਜੋਂ ਮਨਾਉਂਦਿਆਂ ਦੇਸ਼ ਅਤੇ ਵਿਦੇਸ਼ਾਂ ਹਜ਼ਾਰਾਂ ਸਮਾਗਮ ਕਰਵਾਏ ਗਏ। ਗ਼ਦਰੀ ਬਾਬਿਆਂ ਨੂੰ ਸਮਰਪਤ ਪ੍ਰੋਗਰਾਮਾਂ ਦੀ ਗਿਣਤੀ ਹੀ ਨਹੀਂ ਰਹੀ। ਦੇਸ਼ ਭਗਤ ਯਾਦਗਾਰ ਕਮੇਟੀ ਦੀ ਅਗਵਾਈ ਵਿਚ ਗ਼ਦਰੀਆਂ ਅਤੇ ਬੱਬਰ ਅਕਾਲੀਆਂ ਦੇ ਪਿੰਡਾਂ ਦੀ ਜ਼ਿਆਰਤ ਕੀਤੀ ਗਈ। ਮਾਝੇ, ਮਾਲਵੇ ਅਤੇ ਦੁਆਬੇ ਦੇ ਸੈਂਕੜੇ ਪਿੰਡਾਂ ਵਿਚ ਜਥੇ ਗਏ। ਪਿੰਡ ਦੇ ਲੋਕਾਂ ਨੇ ਜਥਿਆਂ ਦਾ ਜੋ ਸਵਾਗਤ ਕੀਤਾ ਅਤੇ ਜਿਸ ਤਰ੍ਹਾਂ ਆਓ ਭਗਤ ਕੀਤੀ; ਉਸ ਤੋਂ ਲੋਕਾਂ ਦੇ ਗ਼ਦਰੀਆਂ ਅਤੇ ਬੱਬਰਾਂ ਪ੍ਰਤੀ ਲਗਾਉ ਦਾ ਅੰਦਾਜ਼ਾ ਲਾਇਆ ਜਾ ਸਕਦਾ ਸੀ। ਪਿੰਡਾਂ ਵਿਚ ਇਨ੍ਹਾਂ ਸੂਰਮਿਆਂ ਦੀਆਂ ਯਾਦਾਂ ਨੂੰ ਲੋਕਾਂ ਸਾਹਮਣੇ ਲਿਆਂਦਾ ਗਿਆ। ਸਭ ਨੇ ਅਗਾਂਹ ਤੋਂ ਇਨ੍ਹਾਂ ਦੇਸ਼ ਭਗਤਾਂ ਦੀ ਵਿਰਾਸਤ ਨੂੰ ਸਾਂਭਣ ਦਾ ਭਰੋਸਾ ਵੀ ਦੁਆਇਆ। ਕਮੇਟੀ ਵਲੋਂ ਤਿਆਰ ਕੀਤੀ ਪੁਸਤਕ 'ਗ਼ਦਰ ਦੀ ਗੂੰਜ ਦੇ ਬੋਲ ਲਗਾਤਾਰ ਸੁਣਾਈ ਦਿੰਦੇ ਰਹੇ। 28 ਅਕਤੂਬਰ ਤੋਂ ਇਕ ਨਵੰਬਰ ਨੂੰ ਸਿਖ਼ਰ 'ਤੇ ਪਹੁੰਚਣ ਵਾਲੇ ਮੇਲੇ ਦੇ ਲੰਗਰ ਲਈ ਪਿੰਡ ਵਾਸੀਆਂ ਦਿਲ ਖੋਲ੍ਹ ਕੇ ਹਿੱਸਾ ਪਾਇਆ। ਬਾਬਿਆਂ ਬਾਰੇ ਪੁਸਤਕਾਂ ਦੀ ਵਿਕਰੀ ਵੀ ਨਾਲੋਂ ਨਾਲ ਹੁੰਦੀ ਰਹੀ।

28 ਅਕਤੂਬਰ ਤੋਂ ਦੇਸ਼ ਭਗਤ ਯਾਦਗਾਰ ਹਾਲ ਵਿਚ ਮੇਲੇ ਦਾ ਸ਼ੁੱਭ ਅਰੰਭ ਕਮੇਟੀ ਮੈਂਬਰਾਂ ਨੇ ਦੀਪ ਜਲਾ ਕੇ ਕੀਤਾ। ਚਾਰੋਂ ਦਿਨ ਵਿਦਿਆਰਥੀਆਂ ਦਾ ਉਤਸ਼ਾਹ ਦੇਖਣ ਵਾਲਾ ਸੀ। ਪ੍ਰਬੰਧਕਾਂ ਨੂੰ ਭੀੜਾਂ ਸੰਭਾਲਣ ਲਈ ਪੱਬਾਂ ਭਾਰ ਹੋਣਾ ਪੈ ਰਿਹਾ ਸੀ। ਗ਼ਦਰੀ ਸਾਹਿਤ ਨੂੰ ਗਾਉਣ ਲਈ ਸੀਨੀਅਰ-ਜੂਨੀਅਰ, ਏਕਲ ਅਤੇ ਸਮੂਹਕ 59 ਟੀਮਾਂ ਨੇ ਭਾਗ ਲਿਆ। ਇਨ੍ਹਾਂ ਟੀਮਾਂ ਨੂੰ ਇਨਾਮ ਪਿਆਰਾ ਸਿੰਘ ਦੁਸਾਂਝ ਅਤੇ ਮਲੂਕ ਸਿੰਘ ਬਾਠ ਦੇ ਪਰਿਵਾਰ ਵਲੋਂ ਦਿੱਤੇ ਗਏ। ਪੂਰਾ ਇਕ ਦਿਨ ਭਾਸ਼ਣ ਮੁਕਾਬਲਿਆਂ ਵਿਚ ਵੀ ਅਤੇ ਸੈਮੀਨਾਰ ਵਿਚ ਵੀ ਔਰਤਾਂ ਦੇ ਮੁੱਦਿਆਂ ਉਪਰ ਚਰਚਾ ਹੁੰਦੀ ਰਹੀ। ਖਾਪ ਪੰਚਾਇਤਾਂ ਦੀ ਨਕਾਰਾਤਮਕ ਭੂਮਿਕਾ ਦੀ ਨਿੰਦਾ ਕੀਤੀ ਗਈ। ਔਰਤਾਂ ਵਿਰੁੱਧ ਹਿੰਸਾ ਰੋਕਣ ਲਈ ਮਰਦਾਂ ਨੂੰ ਆਪਣੀ ਭੂਮਿਕਾ ਨਿਭਾਉਣ ਲਈ ਕਿਹਾ ਗਿਆ। ਅਜੋਕੇ ਸਮਾਜਕ ਮਾਹੌਲ ਦੀ ਨਿਸ਼ਾਨਦੇਹੀ ਵੀ ਕੀਤੀ ਗਈ। ਮਰਦ ਪ੍ਰਧਾਨ ਸਮਾਜ ਵਿਰੁੱਧ ਜੂਝਣ ਅਤੇ ਸੋਚ ਬਦਲਣ ਲਈ ਵੀ ਸੱਦਾ ਦਿੱਤਾ ਗਿਆ। ਅਜੋਕੇ ਅਸੁਰੱਖਿਅਤ ਮਾਹੌਲ ਦੀ ਗੱਲ ਲਗਾਤਾਰ ਛਾਈ ਰਹੀ। "ਔਰਤ : ਹੋਂਦ, ਦਮਨ ਅਤੇ ਇਨਸਾਫ਼ ਦਾ ਸਵਾਲ' ਵਿਸ਼ੇ ਉਪਰ ਪ੍ਰਮੁੱਖ ਭਾਸ਼ਣ ਪ੍ਰੀਤ ਲੜੀ ਦੀ ਸੰਪਾਦਕ ਪੂਨਮ ਦਾ ਸੀ। ਉਸ ਨੇ ਸਮੁੱਚੇ ਨਾਰੀਵਾਦੀ ਸਰੋਕਾਰਾਂ ਨੂੰ ਉਭਾਰਿਆ। ਡਾ. ਪਰਮਿੰਦਰ ਸਿੰਘ ਨੇ ਔਰਤ ਖਾਸ ਤੌਰ 'ਤੇ ਦਲਿਤ ਔਰਤ ਦੀ ਮੁਕਤੀ 'ਤੇ ਜ਼ੋਰ ਦਿੱਤਾ।

ਪੇਂਟਿੰਗ ਮੁਕਾਬਲਿਆਂ ਦੌਰਾਨ ਵਿਦਿਆਰਥੀਆਂ ਨੇ ਸਮਾਜਕ ਸਮੱਸਿਆਵਾਂ ਨੂੰ ਕੈਨਵਸ 'ਤੇ ਉਤਾਰਿਆ। ਕੁਇਜ਼ ਮੁਕਾਬਲਿਆਂ ਵਿਚ ਵਿਦਿਆਰਥੀਆਂ ਨੂੰ ਗ਼ਦਰੀ ਇਤਿਹਾਸ ਦੇ ਬੜੇ ਬਾਰੀਕ ਪ੍ਰਸ਼ਨ ਪੁੱਛੇ ਗਏ। ਜਿਸ ਯੋਗਤਾ ਨਾਲ ਵਿਦਿਆਰਥੀਆਂ ਨੇ ਇਨ੍ਹਾਂ ਦੇ ਉਤਰ ਦਿੱਤੇ, ਉਹ ਪੜ੍ਹਿਆਂ ਲਿਖਿਆ ਲਈ ਵੀ ਵੰਗਾਰ ਸਨ। ਕੁਇਜ਼ ਦੇ ਮੁਕਾਬਲੇ ਦੇ ਬਹਾਨੇ ਸਭ ਗ਼ਦਰੀ ਇਤਿਹਾਸ ਵਿਚੋਂ ਗੁਜ਼ਰੇ। ਪੇਂਟਿੰਗ ਮੁਕਾਬਲਿਆਂ ਵਿਚ ਪੰਜ ਸੌ ਤੋਂ ਵੱਧ ਵਿਦਿਆਰਥੀਆਂ ਨੇ ਹਿੱਸਾ ਲਿਆ।

ਸ਼ਤਾਬਦੀ ਮੇਲੇ ਦੌਰਾਨ ਹੋਏ ਸੈਮੀਨਾਰਾਂ ਨੇ ਬੜੇ ਭਖਦੇ ਮਸਲੇ ਉਭਾਰੇ। ਖ਼ਾਸ ਤੌਰ 'ਤੇ ਗ਼ਦਰੀ ਵਿਰਾਸਤ ਨੂੰ ਕੱਟੜਪੰਥੀਆਂ ਵਲੋਂ ਹਥਿਆਉਣ ਦੀ ਸਾਜ਼ਸ਼ ਨੂੰ ਨੰਗਿਆਂ ਕੀਤਾ ਗਿਆ। ਬਸਤੀਵਾਦੀਆਂ ਵਲੋਂ ਕੀਤੇ ਸਭਿਆਚਾਰਕ ਕੰਮਾਂ ਦੀ ਅਸਲੀਅਤ ਨੂੰ ਸਾਹਮਣੇ ਲਿਆਂਦਾ ਗਿਆ। ਗ਼ਦਰੀ ਕਵਿਤਾ ਨੂੰ ਉਸ ਦੇ ਸਿਰਜੇ ਪਰਿਪੇਖ ਵਿਚ ਸਮਝਿਆ ਗਿਆ। ਇਹ ਵੀ ਰੇਖਾਂਕਿਤ ਕੀਤਾ ਗਿਆ ਕਿ ਗ਼ਦਰੀਆਂ ਦੀ ਕੁਰਬਾਨੀ ਅਤੇ ਅੰਗਰੇਜ਼ੀ ਹਕੂਮਤ ਲਈ ਜਾਨਾਂ ਦੇਣ ਵਾਲੇ ਲੋਕਾਂ ਨੂੰ ਇਕੋ ਪਲੜੇ ਨਹੀਂ ਰੱਖਿਆ ਜਾ ਸਕਦਾ। ਗ਼ਦਰੀ ਧਰਮਾਂ ਦੇ ਬਖੇੜਿਆਂ ਤੋਂ ਉਪਰ ਸਨ, ਇਸ ਲਈ ਉਨ੍ਹਾਂ ਨੂੰ ਕਿਸੇ ਧਰਮ ਨਾਲ ਜੋੜ ਕੇ ਨਹੀਂ ਦੇਖਿਆ ਜਾ ਸਕਦਾ। ਪੂਰਾ ਇਕ ਸੈਮੀਨਾਰ ਪਰਵਾਸੀਆਂ ਨੂੰ ਸਮਰਪਤ ਸੀ। ਬੁਲਾਰਿਆਂ ਨੇ ਲੋਕ-ਪੱਖੀ ਤਾਕਤਾਂ ਨੂੰ ਇਕ ਥਾਂ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਅਨੁਸਾਰ ਭਾਰਤ ਵਿਚ ਵੀ ਅਜਿਹਾ ਹੋਣਾ ਚਾਹੀਦਾ ਹੈ। ਗ਼ਦਰੀ ਬੀਬੀਆਂ ਦੀ ਲਾਮਿਸਾਲ ਕੁਰਬਾਨੀ ਨੂੰ ਵੀ ਯਾਦ ਕੀਤਾ ਗਿਆ।

ਪੰਜ ਦਿਨਾਂ ਮੇਲੇ ਦੌਰਾਨ ਸਭਿਆਚਾਰਕ ਪ੍ਰੋਗਰਾਮਾਂ ਦਾ ਵਿਸ਼ਾ ਵੀ ਅਗਾਂਹਵਧੂ ਹੀ ਰਿਹਾ। 'ਮੌਤ ਔਰ ਮਾਯੂਸੀ ਕੇ ਸਾਏ' ਦਸਤਾਵੇਜ਼ੀ ਫ਼ਿਲਮ ਦਿਖਾਈ ਗਈ। ਸੋਹਣ ਸਿੰਘ ਭਕਨਾ ਦੀ ਫ਼ਿਲਮ ਦੇ ਕੁਝ ਅੰਸ਼ਾਂ ਤੋਂ ਇਲਾਵਾ ਨਿਰਮਾਣ ਅਧੀਨ ਫ਼ਿਲਮ 'ਗ਼ਦਰ 19-13' ਦੇ ਕੁਝ ਭਾਗ ਵੀ ਦਰਸ਼ਕਾਂ ਨਾਲ ਸਾਂਝੇ ਕੀਤੇ ਗਏ। ਸ਼ਾਮ ਨੂੰ ਵਿਦਿਆਰਥੀਆਂ ਵਲੋਂ ਕੋਰੀਓਗ੍ਰਾਫ਼ੀਆਂ ਵੀ ਪੇਸ਼ ਕੀਤੀਆਂ ਜਾਂਦੀਆਂ ਰਹੀਆਂ। ਅਖ਼ੀਰਲੀ ਰਾਤ "ਅੱਗ ਲਾਉਂਦੀ ਰਹੀ ਸਮੁੰਦਰਾਂ 'ਚ ਤਾਰੀਆਂ', 'ਚਮੁਖੀਆ', 'ਨਵੀਂ ਵਿਨੋਦਨੀ', 'ਮੱਕੜ ਜਾਲ' ਅਤੇ 'ਤੂੰ ਚਰਖਾ ਘੂਕਦਾ ਰੱਖ ਜ਼ਿੰਦੇ' ਗ਼ਦਰੀ ਸਰੋਕਾਰਾਂ ਨਾਲ ਜੁੜੇ ਨਾਟਕਾਂ ਦਾ ਪ੍ਰਦਰਸ਼ਨ ਕੀਤਾ ਗਿਆ। ਹਜ਼ਾਰਾਂ ਦਰਸ਼ਕਾਂ ਨੇ ਹਾਲ ਵਿਚ, ਬਾਹਰਲੇ ਪੰਡਾਲ ਵਿਚ ਅਤੇ ਹੋਰ ਥਾਈਂ ਵੀ ਸਕਰੀਨਾਂ ਰਾਹੀਂ ਇਹ ਨਾਟਕ ਤੇ ਸਭਿਆਚਾਰਕ ਪ੍ਰੋਗਰਾਮ ਦੇਖਿਆ। ਇਸ ਪ੍ਰੋਗਰਾਮ ਦਾ ਮਮਮ.ਬਬਫ;ਜਡਕ.ਜਅ ਵਲੋਂ ਸਿੱਧਾ ਪ੍ਰਸਾਰਣ ਵੀ ਕੀਤਾ ਗਿਆ ਜਿਸ ਨੂੰ ਵਿਸ਼ਵ ਭਰ ਵਿਚ ਵੇਖਿਆ ਗਿਆ।

ਪਹਿਲੀ ਨਵੰਬਰ ਨੂੰ ਸ੍ਰੀ ਗੰਧਰਵ ਸੇਨ ਕੋਛੜ ਤੇ ਕਾਮਰੇਡ ਚੈਨ ਸਿੰਘ ਨੇ ਸਾਂਝੇ ਤੌਰ 'ਤੇ ਝੰਡਾ ਝੁਲਾਇਆ ਅਤੇ 150 ਕਲਾਕਾਰਾਂ ਨੇ ਅਮੋਲਕ ਸਿੰਘ ਦੁਆਰਾ ਲਿਖੇ ਝੰਡੇ ਦੇ ਗੀਤ ਦੀ ਪੇਸ਼ਕਾਰੀ ਕੀਤੀ, ਜਿਸ ਵਿਚ ਗ਼ਦਰ ਲਹਿਰ ਨਾਲ ਜੁੜੇ ਇਤਿਹਾਸਕ ਦ੍ਰਿਸ਼ਾਂ ਅਤੇ ਵਿਚਾਰਧਾਰਕ ਸਿਧਾਂਤਾਂ ਦਾ ਨਾਟਕੀਕਰਨ ਕੀਤਾ ਗਿਆ ਸੀ। ਛੋਟੇ ਛੋਟੇ ਬੱਚਿਆਂ ਦੀ ਹਿੱਸੇਦਾਰੀ ਨੇ ਇਸ ਗੀਤ ਨੂੰ ਯਾਦਗਾਰੀ ਬਣਾ ਦਿੱਤਾ। ਗੁਰਮੁੱਖ ਸਿੰਘ, ਨੀਰਜ ਕੌਸ਼ਿਕ ਦੁਆਰਾ ਨਿਰਦੇਸ਼ਤ ਨਾਟਕ 'ਆ ਕੇ ਰਹੂ ਬਸੰਤ' ਨੇ ਚੰਗਾ ਰੰਗ ਬੰਨ੍ਹਿਆਂ। ਬਜ਼ੁਰਗ ਔਰਤਾਂ ਵਲੋਂ 'ਹਕੂਮਤ ਦੇ ਸਿਆਪੇ' ਨੇ ਮੇਲੇ ਵਿਚ ਨਵਾਂ ਹੀ ਰੰਗ ਭਰ ਦਿੱਤਾ।

ਦੇਸ਼ ਭਗਤ ਯਾਦਗਾਰ ਕਮੇਟੀ ਵਲੋਂ ਜਲੰਧਰ ਵਿਚ ਕੱਢੇ ਗਏ ਗ਼ਦਰੀ ਮਾਰਚ ਨੂੰ ਜਿੰਨਾਂ ਹੁੰਗਾਰਾ ਇਸ ਵਾਰ ਮਿਲਿਆ, ਸ਼ਾਇਦ ਇੰਨਾ ਪਹਿਲਾਂ ਕਦੇ ਨਹੀਂ ਮਿਲਿਆ। ਤਿੰਨ ਕਿਲੋਮੀਟਰ ਲੰਮਾ ਮਾਰਚ 'ਅਜੀਤ ਦੇ ਸੰਪਾਦਕ ਬਰਜਿੰਦਰ ਸਿੰਘ ਨੂੰ ਵੀ ਨਾਲ ਤੋਰ ਲਿਆਇਆ। ਗ਼ਦਰੀ ਲਹਿਰ ਦੇ ਝੰਡਿਆਂ ਨਾਲ ਸਾਰਾ ਸ਼ਹਿਰ ਰੰਗ-ਬਰੰਗਾ ਹੋ ਗਿਆ। ਪਹਿਲਾਂ ਵਾਂਗ ਹੀ ਗ਼ਦਰੀ ਮੇਲੇ ਦੀ ਵਿਸ਼ੇਸ਼ਤਾ ਇਸ ਵਾਰ ਵੀ ਇਨਕਲਾਬੀ ਸਾਹਿਤ ਦੀ ਪ੍ਰਦਰਸ਼ਨੀ ਰਹੀ। ਦਰਜਨਾਂ ਪ੍ਰਕਾਸ਼ਕਾਂ ਨੇ ਆਪਣੇ ਸਟਾਲੇ ਲਾਏ। ਪੰਜੇ ਦਿਨ ਲੋਕ ਕਿਤਾਬਾਂ ਲੱਭਦੇ ਰਹੇ। ਇਕ ਅੰਦਾਜ਼ੇ ਅਨੁਸਾਰ ਇਸ ਵਾਰ ਪੰਦਰਾਂ ਲੱਖ ਤੋਂ ਉਪਰ ਸਾਹਿਤ ਲੋਕਾਂ ਨੇ ਖਰੀਦਿਆ। ਇਸ ਤੋਂ ਇਹ ਗੱਲ ਵੀ ਗ਼ਲਤ ਸਾਬਤ ਹੋ ਗਈ ਕਿ ਪੰਜਾਬੀ ਪੁਸਤਕਾਂ ਖ਼ਰੀਦਦੇ ਨਹੀਂ ਅਤੇ ਪਾਠਕ ਘੱਟ ਰਹੇ ਹਨ।

ਜਿਹੜੇ ਲੋਕ ਵੀ ਮੇਲੇ ਵਿਚ ਲਗਾਤਾਰ ਰਹੇ ਉਨ੍ਹਾਂ ਨੇ ਮੇਲੇ ਦੇ ਇਹ ਸਾਰੇ ਰੰਗ ਆਪਣੇ ਅੰਦਰ ਵਸਾ ਲਏ। ਸਵੈ-ਅਨੁਸ਼ਾਸਨ ਵੀ ਕਮਾਲ ਦਾ ਸੀ। ਲੰਗਰ ਹਾਲ ਵਿਚ ਕੋਈ ਖਿੱਚਾ ਧੂਹੀ ਨਹੀਂ। ਹਰ ਥਾਂ ਲੋਕ ਆਪਣੀ ਜ਼ਿੰਮੇਵਾਰੀ ਨਿਭਾਅ ਰਹੇ ਸਨ। ਔਰਤਾਂ, ਮਰਦ, ਨੌਜਵਾਨ ਕੁੜੀਆਂ ਮੁੰਡੇ ਅੱਧੀ ਰਾਤ ਨੂੰ ਵੀ ਹਰ ਥਾਂ ਨਜ਼ਰ ਆ ਰਹੇ ਸਨ। ਕਿਸੇ ਦੀ ਅੱਖ ਮੈਲੀ ਨਹੀਂ ਦੇਖੀ ਗਈ। ਅਸਲ ਵਿਚ ਇਹ ਹੈ ਲੋਕਾਂ ਦਾ ਮੇਲਾ, ਲੋਕਾਂ ਲਈ, ਜਿਥੇ ਇਨਕਲਾਬੀ ਵਿਰਸੇ ਨਾਲ ਜੁੜ ਕੇ ਭਵਿੱਖ ਵਿਚ ਵੀ ਕੁਝ ਕਰਨ ਦੀ ਪ੍ਰੇਰਨਾ ਲੈ ਕੇ ਹਰ ਕੋਈ ਆਪਣੇ ਘਰ ਮੁੜਦਾ ਹੈ।

## ਪ੍ਰੋਗਰੈਸਿਵ ਪੀਪਲਜ਼ ਫਾਉਂਡੇਸ਼ਨ ਵਲੋਂ ਗ਼ਦਰ ਲਹਿਰ 'ਤੇ ਕਿਤਾਬ ਜਾਰੀ



ਜਲੰਧਰ (ਨਦਬ) : ਬੀਤੇ ਦਿਨੀਂ ਜਲੰਧਰ ਦੇ ਦੇਸ਼ਭਗਤ ਯਾਦਗਾਰ ਹਾਲ ਵਿੱਚ ਗ਼ਦਰੀ ਬਾਬਿਆਂ ਦੀ ਯਾਦ 'ਚ ਕਰਵਾਏ ਗਏ ਮੇਲੇ ਦੌਰਾਨ ਮੇਲੇ ਦੇ ਦੂਸਰੇ ਦਿਨ ਡਾ. ਪੀ ਆਰ ਕਾਲੀਆ ਦੁਆਰਾ ਸੰਪਾਦਿਤ ਗ਼ਦਰ ਲਹਿਰ ਬਾਰੇ ਵਿਸ਼ੇਸ਼ ਕਿਤਾਬ 'ਗ਼ਦਰ ਮੂਵਮੈਂਟ ਐਂਡ ਇੰਡੀਆਜ਼ ਐਂਟੀ-ਇੰਪਰੀਅਲਿਸਟ ਸਟਰਗਲ' ਜਾਰੀ ਕੀਤੀ ਗਈ। ਇਸ ਕਿਤਾਬ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਸਿਰੇ ਚਾੜ੍ਹਿਆ ਗਿਆ ਹੈ। ਜਿਸ ਵਿੱਚ ਵੱਖ-ਵੱਖ ਪੱਖਾਂ ਤੋਂ ਗ਼ਦਰ ਲਹਿਰ 'ਤੇ ਰੌਸ਼ਨੀ ਪਾਉਂਦੇ ਉੱਘੇ ਵਿਦਵਾਨਾਂ ਦੇ ਲੇਖ ਸ਼ਾਮਲ ਕੀਤੇ ਗਏ ਹਨ। ਕਿਤਾਬ ਵਿੱਚ ਪ੍ਰਸਿੱਧ ਪੱਤਰਕਾਰ ਗੋਬਿੰਦ ਠੁਕਰਾਲ, ਡਾ. ਰਘੁਬੀਰ ਸਿੰਘ ਸਿਰਜਣਾ, ਪ੍ਰਸਿੱਧ ਕਹਾਣੀਕਾਰ ਵਰਿਆਮ ਸੰਧੂ ਸਮੇਤ ਹੋਰ ਕਈ ਵਿਦਵਾਨਾਂ ਦੀਆਂ ਲਿਖਤਾਂ ਨੂੰ ਸ਼ਾਮਲ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਕਿਤਾਬ ਨੂੰ ਪ੍ਰੋਗਰੈਸਿਵ ਪੀਪਲਜ਼ ਫਾਉਂਡੇਸ਼ਨ ਆਫ਼ ਐਡਮਿੰਟਨ ਵੱਲੋਂ ਛਪਵਾਇਆ ਗਿਆ ਹੈ। ਕਿਤਾਬ ਬਾਰੇ ਗੱਲ ਕਰਦਿਆਂ ਪ੍ਰੋਗਰੈਸਿਵ ਪੀਪਲਜ਼ ਫਾਉਂਡੇਸ਼ਨ ਆਫ਼ ਐਡਮਿੰਟਨ ਦੇ ਪ੍ਰਧਾਨ ਦਲਬੀਰ ਸਾਂਗਿਆਣ ਅਤੇ ਸਕੱਤਰ ਕਿਰਤਮੀਤ ਕੁਹਾੜ ਨੇ ਦੱਸਿਆ ਕਿ ਇਸ ਕਿਤਾਬ ਨੂੰ ਤਿਆਰ ਕਰਨ ਲਈ ਡਾ. ਪੀ ਆਰ ਕਾਲੀਆ ਵੱਲੋਂ ਕਾਫ਼ੀ ਮਿਹਨਤ ਕੀਤੀ ਗਈ ਹੈ। ਇਹ ਉਨ੍ਹਾਂ ਦੇ ਯਤਨਾਂ ਦਾ ਹੀ ਨਤੀਜਾ ਹੈ ਕਿ ਕਿਤਾਬ ਨਿਸਚਿਤ ਸਮੇਂ ਵਿੱਚ ਸਾਡੇ ਸਾਹਮਣੇ ਆ ਗਈ ਹੈ। ਕਿਤਾਬ ਦੇ ਵਿਸ਼ੇ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਕਿਤਾਬ ਵਿੱਚ ਉਨ੍ਹਾਂ ਹੀ ਵਿਦਵਾਨਾਂ ਦੀਆਂ ਲਿਖਤਾਂ ਨੂੰ ਸ਼ਾਮਿਲ ਕੀਤਾ ਗਿਆ ਹੈ, ਜਿਨ੍ਹਾਂ ਨੂੰ ਲਹਿਰ ਦੇ ਮਹੱਤਵ ਅਤੇ ਇਸ ਨਾਲ ਜੁੜੇ ਵੱਖ-ਵੱਖ ਸਰੋਕਾਰਾਂ ਦੀ ਚੰਗੀ ਸਮਝ ਹੈ। ਸਾਂਗਿਆਣ ਨੇ ਕਿਹਾ ਕਿ ਗ਼ਦਰੀ ਬਾਬਿਆਂ ਦੀ ਯਾਦ ਵਿੱਚ ਇਹ ਸਾਡੇ ਵੱਲੋਂ ਇੱਕ ਸਰਧਾਂਜਲੀ ਹੈ। ਉਨ੍ਹਾਂ ਗੱਲਬਾਤ ਕਰਦਿਆਂ ਅੱਗੇ ਦੱਸਿਆ ਕਿ ਇਸ ਕਿਤਾਬ ਨੂੰ ਐਡਮਿੰਟਨ (ਕਨੇਡਾ) ਵਿਖੇ ਪੀ.ਪੀ.ਐਫ਼.ਈ. ਵਲੋਂ 16 ਨਵੰਬਰ ਨੂੰ ਕਰਵਾਏ ਜਾ ਰਹੇ ਗ਼ਦਰ ਸ਼ਤਾਬਦੀ ਜਨਤਕ ਸਮਾਗਮ ਦੌਰਾਨ ਵੀ ਰਿਲੀਜ਼ ਕੀਤਾ ਜਾਵੇਗਾ।

ਸਫ਼ਾ ਇਕ ਦੀ ਬਾਕੀ

## ਦੇਸ਼ 'ਚ ਖੋਲ੍ਹੇ ਗਏ ਦੋ ਤਾਲਿਆਂ ....

ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਖੋਲ੍ਹੇ ਗਏ ਦੋ ਤਾਲਿਆਂ ਨੇ ਦੇਸ਼ ਦੀ ਤਕਦੀਰ ਤੇ ਤਸਵੀਰ ਬਦਲ ਕੇ ਰੱਖ ਦਿੱਤੀ ਹੈ। ਉਨ੍ਹਾਂ ਕਿਹਾ ਕਿ 1986 ਵਿੱਚ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਰਾਮ ਜਨਮ ਭੂਮੀ ਦਾ ਤਾਲਾ ਖੋਲ੍ਹਿਆ ਸੀ ਤੇ 90ਵਿਆਂ ਵਿੱਚ ਵਿੱਤ ਮੰਤਰੀ ਡਾ. ਮਨਮੋਹਨ ਸਿੰਘ ਨੇ 'ਬਾਜ਼ਾਰ' ਦਾ ਤਾਲਾ ਖੋਲ੍ਹ ਕੇ ਉਦਾਰਵਾਦੀ ਨੀਤੀਆਂ ਲਾਗੂ ਕੀਤੀਆਂ ਸਨ। ਉਨ੍ਹਾਂ ਕਿਹਾ ਕਿ ਜੋ ਵਿਕਾਸ ਦਾ ਮਾਡਲ ਪੇਸ਼ ਕੀਤਾ ਜਾ ਰਿਹਾ ਹੈ ਉਸ ਨਾਲ ਸਰਮਾਏਦਾਰੀ ਮਜ਼ਬੂਤ ਹੋ ਰਹੀ ਹੈ ਤੇ ਆਮ ਲੋਕ ਗਰੀਬ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਖੋਲ੍ਹੇ ਗਏ ਇਨ੍ਹਾਂ ਦੋਵੇਂ ਤਾਲਿਆਂ ਨਾਲ ਇਸਲਾਮਿਕ ਕੱਟੜਵਾਦਤਾ ਤੇ ਮਾਓਵਾਦੀ ਵਿਚਾਰਧਾਰਾ ਭਾਰੂ ਹੋਈਆਂ। ਇਸ ਕਾਰਨ ਦੇਸ਼ ਵਿੱਚ ਸਖਤੀ ਦਾ ਦੌਰ ਸ਼ੁਰੂ ਹੋਇਆ।

ਅਰੁੰਧਤੀ ਨੇ ਅੰਨਾ ਹਜ਼ਾਰੇ ਤੇ ਦਾਮਿਨੀ ਕਾਂਡ ਬਾਰੇ ਉੱਠੇ ਲੋਕਾਂ ਦੇ ਰੋਹ ਨਾਲ ਸਹਿਮਤੀ ਨਾ ਪ੍ਰਗਟਾਉਂਦਿਆਂ ਕਿਹਾ ਕਿ ਜਦੋਂ ਵੀ ਅਜਿਹੇ ਹਾਲਾਤ ਬਣਦੇ ਹਨ ਤਾਂ ਕੇਂਦਰ ਸਖਤ ਕਾਨੂੰਨ ਬਣਾ ਕੇ ਤਾਕਤਾਂ ਨੂੰ ਆਪਣੇ ਹੱਥਾਂ ਵਿੱਚ ਲੈ ਲੈਂਦਾ ਹੈ ਜਿਨ੍ਹਾਂ ਦਾ ਬਾਅਦ ਵਿਚ ਦੁਰਉਪਯੋਗ ਵੀ ਹੁੰਦਾ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਮੰਤਰੀ ਪੀ. ਚਿਦੰਬਰਮ ਦਾ ਇਹ ਕਹਿਣਾ ਕਿ 70 ਫੀਸਦੀ ਲੋਕ ਸ਼ਹਿਰਾਂ ਵਿੱਚ ਆ ਜਾਣ, ਕਿੰਨਾ ਹਾਸੋਹੀਣਾ ਹੈ। ਅਰੁੰਧਤੀ ਰਾਏ ਨੇ ਕਿਹਾ ਕਿ ਪਿੰਡਾਂ ਦੇ ਲੋਕਾਂ ਦੇ ਸ਼ਹਿਰ ਵਿੱਚ ਆਉਣ ਨਾਲ ਪ੍ਰਸ਼ਾਸਨ ਨੂੰ ਉਨ੍ਹਾਂ 'ਤੇ ਸਖਤੀ ਕਰਨੀ ਸੌਖੀ ਹੋ ਜਾਵੇਗੀ ਤੇ ਹਰ ਕੋਈ ਸੁਰੱਖਿਆ ਦੀ ਲੋੜ ਮਹਿਸੂਸ ਕਰੇਗਾ ਤੇ ਇਸੇ ਆੜ ਵਿੱਚ ਦੇਸ਼ ਨੂੰ ਪੁਲੀਸ ਸਟੇਟ ਵੱਲ ਧੱਕਿਆ ਜਾ ਰਿਹਾ ਹੈ।

# ਸਮਾਜਕ ਸਰੋਕਾਰਾਂ ਦੀ ਨਿਖਰੀ ਹੋਈ ਪੇਸ਼ਕਾਰੀ 'ਕੱਚੇ ਕੋਠੇ ਦੀ ਛੱਤ'



ਮੱਖਣ ਕੁਹਾੜ
+1-587 708 5328
makhansinghkohar@gmail.com

'ਕੱਚੇ ਕੋਠੇ ਦੀ ਛੱਤ' ਦਵਿੰਦਰ ਕੌਰ ਗੁਰਾਇਆ ਦੀ ਪਹਿਲੀ ਕਾਵਿ ਪੁਸਤਕ ਹੈ ਪਰ ਇਸ ਪਹਿਲੀ ਪੁਸਤਕ ਨਾਲ ਹੀ 'ਦਵਿੰਦਰ' ਸੱਚਮੁੱਚ ਹੀ ਕੱਚੇ ਕੋਠੇ ਦੀ ਕਲਾਤਮਕ ਢੰਗ ਨਾਲ ਬਣੀ ਐਸੀ ਛੱਤ ਹੋ ਨਿਬੜੀ ਹੈ ਜੋ ਮੀਂਹ, ਧੁੱਪਾਂ, ਝੱਖੜਾਂ ਤੋਂ ਕੱਚੇ ਕੋਠੇ ਦੀਆਂ ਕੰਧਾਂ ਦਰਵਾਜ਼ਿਆਂ ਨੂੰ ਸੁਰੱਖਿਅਤ ਰੱਖਦੀ ਹੈ। ਭਾਵੇਂ ਆਪ ਕਿੰਨੀ ਵਾਰੀ ਟੁੱਟਦੀ-ਖੁਰਦੀ ਹੈ ਪਰ ਘਰ ਬਚਾਉਣ ਲਈ ਖ਼ੁਦ ਨੂੰ ਹਰ ਹਾਲਤ ਵਿਚ ਮਜ਼ਬੂਤ ਜਾਨ ਬਣਾਈ ਰੱਖਦੀ ਹੈ।

ਦਵਿੰਦਰ ਗੁਰਾਇਆ ਬਹੁਤ ਹੀ ਪਛੜੇ ਪਿੰਡ ਰਾਵੀ ਦਰਿਆ ਦੇ ਕਿਨਾਰੇ, ਪਾਕਿਸਤਾਨ ਦੀ ਸਰਹੱਦ ਕੋਲ ਗ਼ਰੀਬ ਕਿਸਾਨੀ ਦੇ ਦਰਦ ਹੰਢਾਉਂਦਿਆਂ, ਹੜ੍ਹਾਂ ਦੀ ਮਾਰ ਝੱਲਦਿਆਂ ਜੰਮੀ ਪਲੀ ਹੈ। ਉਸ ਨੇ ਆਪਣੇ ਪਿੰਡੇ 'ਤੇ ਹੜ੍ਹ, ਸੇਮ, ਸੋਕੇ, ਕੱਲਰੀ ਜ਼ਮੀਨ ਵਾਲੇ ਪਿੰਡ ਦਾ ਹਰ ਦਰਦ ਹੰਢਾਇਆ ਹੈ। ਐਸੀ ਕੁੜੀ ਜਿਸ ਨੇ ਮਰਦ ਪ੍ਰਧਾਨ, ਜਗੀਰੂ ਸਮਾਜ ਦੇ ਸਾਰੇ ਉਹ ਦੁਖੜੇ ਤੇ ਵਿਤਕਰੇ ਸਹਿਣ ਵੀ ਕੀਤੇ ਅਤੇ ਉਨ੍ਹਾਂ ਖ਼ਿਲਾਫ਼ ਜੂਝੀ ਵੀ। ਐਸਾ ਪਿੰਡ, ਐਸਾ ਪਰਿਵਾਰ ਜਿਥੇ ਛੱਪੜ 'ਚੋਂ ਕੰਵਲ ਦੇ ਫੁੱਲ ਖਿੜਨ ਵਾਂਗ ਨਿਰਮਲ ਸਿੰਘ 'ਆਜ਼ਾਦ' ਪ੍ਰਸਿੱਧ ਅਰਥ ਸ਼ਾਸਤਰੀ ਵਜੋਂ ਉਭਰਿਆ ਤੇ ਜਿਸ ਨੇ ਗ਼ਰੀਬ ਕਿਸਾਨੀ ਨੂੰ ਨਵੀਂ ਜ਼ਿੰਦਗੀ ਦੇਣ ਲਈ ਸਮੂਹ ਅਰਥ ਸ਼ਾਸਤਰੀਆਂ ਸਾਹਮਣੇ ਨਵੀਂ ਵੰਗਾਰ ਪੇਸ਼ ਕੀਤੀ। ਏਸੇ ਹੀ ਪਿੰਡੋਂ ਐਸੀ ਔਰਤ, ਜਿਸ ਨੇ ਤੰਗੀਆਂ ਦੇ ਬਾਵਜੂਦ ਐਮ.ਏ., ਬੀ.ਐਡ. ਕਰ ਕੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਤੇ ਪੀ.ਐਚ.ਡੀ. ਦੀਆਂ ਉਚੀਆਂ ਪੌੜੀਆਂ ਚੜ੍ਹਨ ਦੇ ਯਤਨ ਵੀ ਕੀਤੇ ਅਤੇ ਕਵਿਤਾ ਵਰਗੀ ਬਰੀਕ ਕਲਾ ਨੂੰ ਸਾਧ ਕੇ ਉਸ ਰਾਹੀਂ ਆਪਣੇ ਮਨ ਦੇ ਹਾਵ ਭਾਵ ਪ੍ਰਗਟ ਕਰਨ ਦੇ ਸਮਰਥ ਹੋਈ।

ਅਮਰੀਕਾ ਵਰਗੇ ਸਾਮਰਾਜੀ ਮੁਲਕ ਪੁੱਜ ਕੇ ਵੀ ਉਹ ਡਾਲਰਾਂ ਦੀ ਚਕਾਚੌਂਧ ਵਿਚ ਗੁਆਚੀ ਨਹੀਂ ਸਗੋਂ ਆਪਣੀ ਹੋਂਦ ਨੂੰ ਇਸ ਕਦਰ ਬੁਲੰਦ ਕੀਤਾ ਕਿ ਡਾਲਰ ਉਸ ਦੀ ਜੀਵਨ ਸ਼ੈਲੀ ਨੂੰ ਤਬਦੀਲ ਨਾ ਕਰ ਸਕਣ ਤੇ ਕਵਿਤਾ ਉਸ ਦੀ ਪੱਕੀ ਸਹੇਲੀ ਬਣੀ ਰਹੇ। ਦਵਿੰਦਰ ਕੌਰ ਨੇ 'ਕੱਚੇ ਕੋਠੇ ਦੀ ਛੱਤ' ਕਾਵਿ ਪੁਸਤਕ ਲਿਖ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਔਰਤ ਚਾਹਤ ਕਰੇ ਤਾਂ ਉਸ ਨੂੰ ਹਰ ਹਾਲਤ ਵਿਚ ਪੂਰੀ ਕਰ ਸਕਦੀ ਹੈ। ਔਰਤ ਹਰ ਤਰ੍ਹਾਂ ਮਰਦ ਦੇ ਬਰਾਬਰ ਹੈ। ਪੰਜਾਬ (ਭਾਰਤ) ਰਹਿੰਦਿਆਂ ਉਹ ਸਿਰਫ਼ ਕਵਿਤਾ ਲਿਖਦੀ ਹੀ ਨਹੀਂ ਸੀ, ਕਵਿਤਾ ਦੇ ਸੰਦਰਭਾਂ-ਸਰੋਕਾਰਾਂ ਨੂੰ ਉਹ ਬਹੁਤ ਨੇੜਿਓਂ ਬਰੀਕ ਬੀਨੀ ਨਾਲ ਘੋਖਦੀ ਵੀ ਸੀ ਤੇ ਉਨ੍ਹਾਂ ਦੇ ਹੱਲ ਲਈ ਯਤਨਸ਼ੀਲ ਵੀ ਸੀ। ਉਹ ਐਸੀ ਲੇਖਕਾ ਨਹੀਂ ਹੈ ਜੋ ਸਿਰਫ਼ ਲਿਖਣ ਤਕ ਹੀ ਸੀਮਤ ਰਹਿ ਕੇ ਉੱਚ ਬੌਧਿਕਤਾ ਦਾ ਪ੍ਰਗਟਾਵਾ ਕਰੇ ਸਗੋਂ ਉਹ ਦੁੱਖ ਝੱਲਦਿਆਂ ਔਰਤਾਂ, ਗ਼ਰੀਬ ਕਿਸਾਨਾਂ, ਦਿਹਾਤੀ ਮਜ਼ਦੂਰਾਂ, ਲੇਖਕਾਂ ਨੂੰ ਜਥੇਬੰਦ ਕਰਨ ਦੇ ਕਾਰਜ ਵਿਚ ਵੀ ਜੁੱਟੀ ਰਹੀ ਹੈ। ਦਵਿੰਦਰ ਕੌਰ ਗੁਰਾਇਆ ਜਮਾਤੀ ਸਮਾਜਕ ਬਣਤਰ ਨੂੰ ਸਮਝਦੀ ਹੈ ਅਤੇ ਸਰਮਾਏਦਾਰ-ਜਗੀਰਦਾਰੀ ਸਮਾਜ ਵਿਚ ਲੋਕਾਂ ਦੀ ਹੋ ਰਹੀ ਦੁਰਦਸ਼ਾ, ਲੁੱਟ ਤੇ ਉਨ੍ਹਾਂ ਨੂੰ ਦੂਰ ਕਰਨ ਦੇ ਹੱਲ ਵੀ ਜਾਣਦੀ ਹੈ। ਉਹ ਸਾਮਰਾਜ ਵਲੋਂ ਮਚਾਏ ਜਾ ਰਹੇ ਕੁਹਰਾਮ ਤੋਂ ਵੀ ਸੁਚੇਤ ਹੈ। ਉਹ ਅਮਰੀਕਾ ਰਹਿ ਕੇ ਵੀ ਆਪਣੇ ਦੇਸ਼ ਦੀ ਮਿੱਟੀ ਨੂੰ ਮੋਹ ਕਰਦੀ ਹੈ। ਪਿੰਡ ਦੀਆਂ ਧੁੱਪਾਂ-ਛਾਵਾਂ, ਪਾਣੀਆਂ, ਗੀਤਾਂ, ਬੋਲੀਆਂ, ਸਹੇਲੀਆਂ, ਤਿੱਥਾਂ, ਤਿਓਹਾਰਾਂ ਨੂੰ ਭੁਲਦੀ ਨਹੀਂ ਅਤੇ ਲੋਕ ਦੁੱਖੜਿਆਂ ਨੂੰ ਆਪਣਾ ਕਾਵਿ ਮਾਧਿਅਮ ਬਣਾਉਂਦੀ ਹੈ। ਬੜੀ ਹੀ ਸਰਲ ਭਾਸ਼ਾ ਵਿਚ ਉਹ ਔਰਤ ਦੀ ਪੀੜ ਨੂੰ ਬਿਆਨ ਕਰਦੀ ਹੈ। ਧਾਰਮਕ ਪਖੰਡਾਂ ਨੂੰ ਭੰਡਦੀ, ਲੋਕਾਂ ਵਿਚ ਆਸ਼ਾ ਦੀ ਕਿਰਨ ਜਗਾਉਂਦੀ ਹੈ। ਆਪਣੇ ਵਿਛੜ ਗਏ ਵੀਰ ਨਿਰਮਲ ਸਿੰਘ ਆਜ਼ਾਦ ਨੂੰ ਯਾਦ ਕਰਦਿਆਂ ਉਹ ਐਸੇ ਲੱਖਾਂ ਵੀਰਾਂ ਨਾਲ ਵਾਪਰ ਰਹੀਆਂ ਹੋਣੀਆਂ ਨੂੰ ਵੀ ਵੰਗਾਰਦੀ ਹੈ। ਜੰਗਾਂ-ਯੁੱਧਾਂ ਵਿਚ ਅਜਾਈਂ ਜਾਂਦੀਆਂ ਜਾਨਾਂ ਤੋਂ ਮਨੁੱਖਤਾ ਨੂੰ ਬਚਾਉਣ ਲਈ ਉਹ ਸਰਕਾਰਾਂ ਦੇ ਖਾਸੇ ਨੂੰ ਦਰਸਾਉਂਦੀ ਤੇ ਆਮ ਲੋਕਾਂ ਨੂੰ ਇਸ ਵਿਛੋੜੇ ਦਾ ਸੱਲ ਉਹ ਖ਼ੂਬ ਬਿਆਨਦੀ ਹੈ। ਪ੍ਰਦੇਸ਼ਾਂ ਦੇ ਦੁਖੜੇ। ਸਿਫ਼ਟਾਂ ਹੀ ਸ਼ਿਫ਼ਟਾਂ। ਬੰਦੇ ਦਾ ਮਸ਼ੀਨ ਬਣ ਜਾਣਾ। ਉਹ ਯਾਦ ਕਰਦੀ ਹੈ- ਉਹ ਦਿਨ ਕਿੱਥੇ ਗਏ/ਜਦ ਚੰਨ ਦਾ ਟੁੱਕੜਾ/ ਮਾਂ ਦੀ ਗੋਲ ਰੋਟੀ ਲਗਦਾ ਸੀ/ ਜਦ ਸੂਰਜ ਦਾ ਤੇਜ਼ ਬਾਪ ਦੇ ਮੱਥੇ ਦਗਦਾ ਸੀ/ ਤੇ ਹਰ ਇਕ ਰੁੱਖ ਦਾ ਆਹਲਣਾ/ ਆਪਣਾ ਲਗਦਾ ਸੀ।

ਔਰਤ ਨੂੰ ਵੰਗਾਰਦੀ ਆਪਣੇ ਮਸਲੇ ਖ਼ੁਦ ਹੱਲ ਕਰਨ, ਆਪਣੇ ਦੁੱਖਾਂ ਨੂੰ ਦੂਰ ਕਰਨ ਦਾ ਹੱਲ ਦਰਸਾਉਂਦੀ ਆਖਦੀ ਹੈ - ਤੂੰ ਇਕ ਤੂਫ਼ਾਨ ਏਂ/ ਤੂੰ ਇਕ ਚਟਾਨ ਏਂ/ ਫਿਰ ਛੱਪੜਾਂ 'ਚ ਗੀਂਗਦੀ/ ਮੱਛੀਆਂ ਕਿਉਂ ਫੜਦੀ ਏਂ। ਕਵਿਤਰੀ ਦਵਿੰਦਰ ਆਪਣੀ ਕਲਪਨਾ ਉਡਾਰੀ ਰਾਹੀਂ ਪਾਠਕ ਨੂੰ ਬੜੀ ਹੀ ਸਹਿਜਤਾ ਨਾਲ ਉਂਗਲ ਫੜਾ ਕੇ ਨਾਲ ਤੋਰ ਲੈਂਦੀ ਹੈ - ਅੱਜ ਫਿਰ ਦਿਲ ਕੀਤਾ/ ਮੁੱਠੀ 'ਚ ਸਾਗਰ ਭਰ ਲਵਾਂ/ ਅੱਜ ਫਿਰ ਦਿਲ ਕੀਤਾ/ ਤਾਰੇ ਚੁੰਨੀ 'ਤੇ ਜੜ ਲਵਾਂ/ ਅੱਜ ਫਿਰ ਦਿਲ ਕੀਤਾ/ ਹਵਾਵਾਂ ਸੰਗ ਉਡ ਜਾਵਾਂ/ ਮਾਂ ਦਾ ਰੰਗਲਾ ਚਰਖਾ/ ਜਾ ਕੇ ਚੰਦ 'ਤੇ ਡਾਹਵਾਂ। ਆਪਣੀ ਲੰਮੀ ਕਵਿਤਾ 'ਉਹ ਦਿਨ ਕਿਥੇ ਗਏ!' ਵਿਚ ਆਪਣੀ ਜੀਵਨ ਕਹਾਣੀ ਰਾਹੀਂ ਬੜੀ ਹੀ ਸਹਿਜਤਾ ਨਾਲ ਆਪਣੇ ਮਨੋਵੇਗਾਂ ਦਾ ਪ੍ਰਗਟਾਵਾ ਕਰਦੀ ਹੈ - ਮਾਂ ਨੂੰ ਮੈਂ ਵੱਡੀ ਲਗਦੀ/ ਪਰ ਮੈਂ ਇਕ ਬੱਚੀ ਸਾਂ/ ਕੋਰੇ ਕਾਗ਼ਜ਼ ਵਰਗੀ/ ਅਕਲਾਂ ਤੋਂ ਕੱਚੀ ਸਾਂ।

'ਮੇਰੀ ਕਥਾ' ਕਹਿੰਦਿਆਂ ਔਰਤ ਦੀ ਹੋਣੀ ਤੇ ਸੰਘਰਸ਼ਾਂ ਦੀ ਕਹਾਣੀ ਬਿਆਨਦੀ ਹੈ - ਮੈਂ ਜਨਮ ਤੋਂ ਬਲੀ ਦੀ/ ਭੇਟ ਚੜ੍ਹੀ ਹਾਂ/ ਮੈਂ ਜਨਮ ਤੋਂ ਆਪੇ ਨਾਲ ਲੜੀ ਹਾਂ/ ਕਿ ਮੈਂ ਜਗ ਜਨਣੀ ਹਾਂ/...... ਮੈਂ ਕਦੀ ਹਾਰ ਮੰਨੀ ਨਹੀਂ/ ਸਾਹਾਂ ਲਈ ਆਹਰ ਲੱਭਦੀ ਹਾਂ/ ਮੈਂ ਇਕ ਸੰਘਰਸ਼ ਹਾਂ/ ਸੰਘਰਸ਼ਾਂ ਦੀ ਕੜੀ ਹਾਂ। ਕਿੰਨੇ ਸੋਹਣੇ ਢੰਗ ਨਾਲ ਉਹ ਵੀਰ ਆਜ਼ਾਦ ਨੂੰ ਯਾਦ ਕਰਦੀ ਹੈ - ਉਹ ਤੁਰੇ ਤਾਂ ਧਰਤੀ ਹਿਲੇ/ ਉਹ ਬੋਲੇ ਤਾਂ ਅੰਬਰ ਡੋਲੇ/ ਉਹ ਹੱਸੇ ਤਾਂ ਹੱਸੇ ਲੁਕਾਈ/ ਉਹ ਚੁੱਪ ਸਨਾਟੇ ਸਿਰਜੇ। ਔਰਤ ਦੀ ਸਮਰਪਤ ਭਾਵਨਾ ਦਾ ਗੰਭੀਰ ਪ੍ਰਗਟਾਵਾ ਦੇਖੋ ਕਿਵੇਂ ਔਰਤ ਦੁਖੜੇ ਸਹਿ ਕੇ ਵੀ ਮਰਦ ਪ੍ਰਧਾਨ ਸਮਾਜ ਵਿਚ ਸਾਥੀ ਨੂੰ ਖ਼ੁਸ਼ ਰੱਖਣ ਦਾ ਹਰ ਹੀਲਾ ਕਰਦੀ ਹੈ - ਉਸ ਨੇ ਜ਼ਿੱਦ ਕੀਤੀ ਸੀ/ ਰੌਸ਼ਨੀਆਂ ਦੇ ਸ਼ਹਿਰ ਜਾਣ ਦੀ/ ਮੈਂ ਪੁੰਨਿਆ ਦੀ ਰਾਤ/ ਜਾਨ ਦੇ ਕੇ ਮੁੱਲ ਖ਼ਰੀਦ ਲਈ/.... ਅੱਗੋਂ ਲੰਘ ਗਿਆ ਕਾਫ਼ਲਾ/ ਪੁੱਛ-ਪੁੱਛ ਕੇ ਰਾਹ ਮੈਨੂੰ/ ਮੇਰਾ ਵਜੂਦ ਚੌਰਾਹੇ ਵਿਚ/ ਕਿਸੇ ਦੀ ਨਜ਼ਰੀ ਹੀ ਨਹੀਂ ਪਿਆ।

ਅਮਰੀਕਾ ਵਰਗੇ ਚਕਾਚੌਂਧ ਰੌਸ਼ਨੀਆਂ ਵਾਲੇ ਦੇਸ਼ ਵਿਚ ਰਹਿੰਦਿਆਂ ਮਨੁੱਖ ਮਨੁੱਖ ਨਹੀਂ ਮਸ਼ੀਨ ਬਣ ਜਾਂਦਾ ਹੈ। ਸਧਰਾਂ-ਚਾਵਾਂ ਜਜ਼ਬਿਆਂ, ਮਨੋਕਾਮਨਾਵਾਂ, ਹਾਸਿਆਂ ਖੇੜਿਆਂ 'ਤੇ ਜਿਵੇਂ ਪ੍ਰਸ਼ਨ ਚਿੰਨ੍ਹ ਲਗ ਜਾਂਦਾ ਹੈ - ਕਿਥੋਂ ਲੱਭਾਂ/ ਪਿੰਡ ਦੀਆਂ ਨਹਿਰਾਂ/ ਇਥੇ ਝੀਲਾਂ ਦਿਆਂ/ ਪਾਣੀਆਂ ਨੂੰ ਜੰਗ/ ਬੈਗਾਂ ਵਿਚ ਆਟਾ / ਕੈਨੀਆਂ 'ਚ ਦੁੱਧ/..... ਖੁੱਲ੍ਹੀ-ਖੁੱਲ੍ਹੀ ਹਵਾ/ ਦੀ ਥਾਂ ਏ.ਸੀ./ ਤੇ ਹੀਟਰ ਨੇ/ ਜਿਸਮਾਂ 'ਚੋਂ ਪਾ/ ਦਿੱਤੀ ਏ ਗੰਧ/ ਨਾਈਸ ਡੇ ਤੇ/ ਥੈਂਕਯੂ ਚੱਟ ਜਾਏ/ ਕਲੇਜਾ ਇਕ ਰਾਤ/ ਸੋਚ ਵਾਲੀ ਤਾਕੀ/ ਹੋ ਜਾਏ ਬੰਦ....।

ਦਵਿੰਦਰ ਗੁਰਾਇਆ ਦੀ ਕਵਿਤਾ ਪੜ੍ਹਦਿਆਂ ਜਿਵੇਂ ਮੂੰਹ ਵਿਚ ਮਿਸ਼ਰੀ ਘੁਲਦੀ ਹੈ। ਕਲ-ਕਲ ਕਰਦੀ ਵਹਿੰਦੀ ਨਦੀ ਦੇ ਨਿਤਰੇ ਪਾਣੀ ਵਰਗੇ ਵਿਚਾਰ ਮਨ ਨੂੰ ਟੁੰਬਦੇ ਸਰਸ਼ਾਰ ਕਰ ਜਾਂਦੇ ਨੇ। ਉਹ ਜਦ ਗੀਤ ਕਹਿੰਦੀ ਹੈ ਤਾਂ ਆਪ ਮੁਹਾਰੇ ਹੀ ਗਾਉਣ ਨੂੰ ਦਿਲ ਕਰਦਾ ਹੈ - ਵੇ ਮੈਂ ਤੇਰੀ ਆਂ ਗੁਲਾਮ/ ਵਾਰਾਂ ਤੇਰੇ ਉਤੋਂ ਜਾਨ/ ਤੂੰ ਹੱਸੇ ਤਾਂ ਜਹਾਨ ਲੱਗੇ ਹਸਦਾ/ ਨਾ ਪਾਈਂ ਮੱਥੇ ਵੱਟ ਸੱਜਣਾ/ ਤੂੰ ਸਾਡੇ ਵੱਲ ਤਕ ਸੱਜਣਾ/.... ਤੂੰ ਛਲਕਦਾ ਗਿਲਾਸ/ ਅਸੀਂ ਰਹੇ ਸਦਾ ਊਣੇ/ ਸਾਡੀ ਜ਼ਿੰਦ ਲੰਘ ਗਈ/ ਸਾਡੇ ਮਾਹੀ ਵਿਕੇ ਦੂਣੇ/ ਰੋਂਦਾ ਚੁੱਪ ਨਹੀਂ ਹੁੰਦਾ/ ਭੈੜੇ ਦਿਲ ਦੇ ਸ਼ਰੀਕੇ/ ਮਜ਼ੇ ਜ਼ਿੰਦਗੀ ਦੇ ਲੁੱਟੇ ਵੇ ਤੂੰ ਖ਼ੂਨ ਸਾਡਾ ਪੀ ਕੇ.....।

ਦਵਿੰਦਰ ਕੌਰ ਗੁਰਾਇਆ ਸਫਲ ਕਵਿਤਰੀ ਹੈ। ਉਹ ਕਵਿਤਾ ਨੂੰ ਅਲੰਕਾਰਾਂ-ਬਿੰਬਾਂ ਰਾਹੀਂ ਐਸੇ ਸਹਿਜ, ਸੁਹਜਮਈ ਤੇ ਵਿਉਂਤਬੰਦੀ ਨਾਲ ਸ਼ਿੰਗਾਰਦੀ ਹੈ ਕਿ ਪਾਠਕ ਦਰਸ਼ਕ ਬਣ ਕੇ ਸਮਾਜਕ ਸਰੋਕਾਰਾਂ ਨੂੰ ਰੂਬਰੂ ਹੋ ਜਾਂਦਾ ਹੈ। ਕਵਿਤਾ ਵਿਚ ਰੰਗ ਬਿਰੰਗੇ ਚੰਦ ਸਿਤਾਰੇ ਜੜਨ ਖਾਤਰ ਉਹ ਕਾਵਿ ਉਡਾਰੀ ਰਾਹੀਂ ਸਾਰੇ ਅਸਮਾਨ ਗਾਹੁੰਦੀ ਦਿਸਦੀ ਹੈ। ਤਾਰਿਆਂ ਦੀਆਂ ਵਹਿੰਗੀਆਂ, ਖਿੱਤੀਆਂ, ਸਪਤਰਿਸ਼ੀਆਂ ਨੂੰ ਨਿਹਾਰਦੀ ਉਹ ਕਹਿਕਸ਼ਾਵਾਂ ਤਕ ਨੂੰ ਗਾਹ ਮਾਰਦੀ ਹੈ ਤੇ ਪਾਠਕ ਨੂੰ ਵੀ ਨਾਲ ਕਾਲਪਨਿਕ ਸੰਸਾਰ ਵਿਚ ਉਡਾ ਲੈ ਜਾਂਦੀ ਹੈ। ਪਰ ਕਦਾਚਿਤ ਉਹ ਲੋਕ ਸਰੋਕਾਰਾਂ ਦੇ ਧਰੂ ਧਾਰੇ ਦੀ ਦਿਸ਼ਾ ਤੋਂ ਲਾਂਭੇ ਨਹੀਂ ਹੁੰਦੀ। ਉਸ ਦੀ ਕਵਿਤਾ ਨੂੰ ਮੁੜ-ਮੁੜ ਪੜ੍ਹਨ ਨੂੰ ਦਿਲ ਕਰਦਾ ਹੈ। ਉਹ ਕਾਵਿ ਮੁਹਾਂਦਰੇ ਨੂੰ ਹੋਰ ਹੋਰ ਨਿਹਾਰਦੀ, ਉਸ ਨੂੰ ਰਸ-ਲੈਅ-ਭਾਵਾਂ-ਸੁਰਾਂ ਰਾਹੀਂ ਹਕੀਕੀ ਪਛਾਣ ਕਰਾਉਂਦੀ ਹੈ। ਉਸ ਦਾ ਉਦੇਸ਼ ਹੈ -

ਤੂੰ ਆਦੀ ਹੋ ਗਈ ਏਂ
ਮਨ ਨੂੰ ਪਰਚਾਉਣ ਦੀ
ਭੁੱਖੇ ਢਿੱਡ ਸੌਣ ਦੀ
ਆ ਬੈਠ ਕੇ ਲਿਖੀਏ
ਮੇਰੇ ਹੱਥ ਕਲਮ ਏ
ਤੇਰੇ ਕੋਲ ਕਹਾਣੀ
....
ਕੁਝ ਕਹੀ ਏ
ਸਮਾਜਕ ਵੰਡੀਆਂ 'ਤੇ
ਹੱਕ ਦਾ ਦੇਈਏ ਹੋਕਾ
ਚੁਰਾਹਿਆਂ ਤੇ ਡੰਡੀਆਂ 'ਤੇ

ਆ ਕੇ ਪੀੜਾਂ ਪੁਰਖਿਆਂ ਦੀ ਹੇਕ ਬਣ ਜਾਈਏ। ਦਵਿੰਦਰ ਕੌਰ ਗੁਰਾਇਆ ਦੀ ਕਾਵਿ ਪੁਸਤਕ 'ਕੱਚੇ ਕੋਠੇ ਦੀ ਛੱਤ' ਪੜ੍ਹਨ ਤੇ ਮਾਨਣ ਯੋਗ ਰੰਗ-ਬਿਰੰਗੇ ਫੁੱਲਾਂ ਦੀ ਕਾਵਿ ਕਿਆਰੀ ਹੈ। ਆਸ ਹੈ ਦਵਿੰਦਰ ਗੁਰਾਇਆ ਅਗਲੀ ਪੁਸਤਕ ਰਾਹੀਂ ਕਾਵਿ ਕਲਾ ਦੀਆਂ ਹੋਰ ਉੱਚੀਆਂ ਬੁਲੰਦੀਆਂ ਰਾਹੀਂ ਮਾਨਵੀ ਸਰੋਕਾਰਾਂ ਦੇ ਗਹਿਰੇ ਸਾਗਰਾਂ ਨੂੰ ਫਰੋਲੇਗੀ।




Gurpreet Singh Sohal (B.E. Mech.)
Tel.: 780.935.2990
Driver Instructor
Professional Training
Class 4
Class 5 Basic
Class 5 Advance

Lock Smith
If:
→ Your Car is Locked
→ Your Car Need Boost
Please Call
Rental Car Available For Road Test (Dual Brake)

C.J. Auto
& Transmission Repair Ltd.
& Body Shop
Specialize in Propane Repair & Body Shop
Nindy Rao (Manager)

Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims

BeLL
STUCCO & RENOVATION
Residential
Commercial
ਰੇਨੋਵੇਸ਼ਨ ਦੇ ਕੰਮ ਲਈ ਵਰਕਰ ਦੀ ਲੋੜ ਹੈ ।
• ਹਰੇਕ ਕਿਸਮ ਦੀ ਰੈਨੋਵੇਸ਼ਨ
• ਸਾਇਡਿੰਗ ਸੌਫਟ, ਫੇਸਿਆ
• ਕਿਸੇ ਵੀ ਕਿਸਮ ਦੀ ਨਵੀਂ ਸੱਟਕੋ ਕਰਵਾਉਣ ਲਈ
FACIA
SOCKET
RENOVATION
Call: ਅਮਰ (AMAR)
780 271 2266
Fax: 780 463 7363



# ਕਿੰਜ ਰੱਖੀਏ ਅੱਖਾਂ ਨੂੰ ਖ਼ੂਬਸੂਰਤ

**ਡਾ. ਹਰਪ੍ਰੀਤ ਸਿੰਘ ਭੰਡਾਰੀ**

ਅੱਖਾਂ ਦੇ ਆਲੇ-ਦੁਆਲੇ ਕਾਲੇ ਨਿਸ਼ਾਨ ਪੈ ਜਾਣ ਤਾਂ ਚਿਹਰੇ ਦੀ ਸਾਰੀ ਖ਼ੂਬਸੂਰਤੀ ਖ਼ਤਮ ਹੋ ਜਾਂਦੀ ਹੈ। ਇਸ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਜਾਂ ਤਾਂ ਇਹ ਨਿਸ਼ਾਨ ਨਾ ਪੈਣ ਅਤੇ ਜਾਂ ਖ਼ਤਮ ਹੋ ਜਾਣ ਪਰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਨਿਸ਼ਾਨ ਨਾ ਪੈਣ। ਇਸ ਲਈ ਸਭ ਤੋਂ ਜ਼ਰੂਰੀ ਹੈ ਕਿ ਪੂਰੀ ਨੀਂਦ ਲਵੋ, ਰਾਤ ਨੂੰ ਜਲਦੀ ਸੋਵੋ ਤਾਂ ਕਿ ਸਵੇਰੇ ਜਲਦੀ ਉੱਠ ਸਕੋ। ਨੀਂਦ ਪੂਰੀ ਨਾ ਲੈਣ ਨਾਲ ਅੱਖਾਂ ਦੇ ਆਲੇ-ਦੁਆਲੇ ਕਾਲੇ ਨਿਸ਼ਾਨ ਪੈ ਜਾਂਦੇ ਹਨ। ਇਨ੍ਹਾਂ ਦਾ ਕਾਰਨ ਇਹ ਵੀ ਹੁੰਦਾ ਹੈ ਕਿ ਔਰਤਾਂ ਲੋੜ ਤੋਂ ਜ਼ਿਆਦਾ ਪਤਲੀਆਂ ਅਤੇ ਨਾਜ਼ੁਕ ਦਿਖਣਾ ਚਾਹੁੰਦੀਆਂ ਹਨ। ਉਨ੍ਹਾਂ ਨੂੰ ਇਸ ਸੱਚ ਦਾ ਸਾਹਮਣਾ ਕਰਨ ਦੀ ਲੋੜ ਹੈ ਕਿ ਲੱਖ ਕੋਸ਼ਿਸ਼ਾਂ ਦੇ ਬਾਅਦ ਵੀ ਉਹ ਘੱਟ ਉਮਰ ਦੀਆਂ ਲੜਕੀਆਂ ਵਾਂਗ ਨਹੀਂ ਦਿਖ ਸਕਦੀਆਂ। ਔਰਤਾਂ 'ਚ ਖ਼ਾਸ ਕਰ ਕੇ ਮਾਂ ਬਣਨ ਤੋਂ ਬਾਅਦ ਸਰੀਰ ਵਿਚ ਚਰਬੀ ਵੱਧ ਜਾਂਦੀ ਹੈ। ਸਰੀਰ ਵਿਚ ਹਲਕਾ ਜਿਹਾ ਭਰਵਾਂਪਣ ਉਨ੍ਹਾਂ ਦੀ ਸਮਾਜਕ ਹੋਂਦ ਦਾ ਅਹਿਸਾਸ ਕਰਵਾਉਂਦਾ ਹੈ।

ਡਾਈਟਿੰਗ ਕਰਨ ਨਾਲ ਸਰੀਰ ਵਿਚ ਕਈ ਤੱਤਾਂ ਦੀ ਘਾਟ ਹੋ ਜਾਂਦੀ ਹੈ। ਕੁੱਝ ਔਰਤਾਂ ਸਵੇਰ ਦਾ ਭੋਜਨ ਨਹੀਂ ਕਰਦੀਆਂ, ਜਿਸ ਨਾਲ ਵੀ ਅੱਖਾਂ ਹੇਠ ਕਾਲੇ ਨਿਸ਼ਾਨ ਪੈ ਜਾਂਦੇ ਹਨ। ਸਵੇਰੇ ਦਾ ਭੋਜਨ ਚਾਹੇ ਹਲਕਾ ਹੀ ਕਿਉਂ ਨਾ ਹੋਵੇ, ਪਰ ਕਰਨਾ ਜ਼ਰੂਰ ਚਾਹੀਦਾ ਹੈ, ਕਿਉਂਕਿ ਰਾਤ ਦੇ ਭੋਜਨ ਤੋਂ ਬਾਅਦ ਪੇਟ ਸਵੇਰੇ ਤਕ ਖਾਲੀ ਰਹਿੰਦਾ ਹੈ। ਇਸ ਲਈ ਸਵੇਰੇ ਦਾ ਭੋਜਨ ਨਾ ਕਰਨਾ ਸਿਹਤ ਲਈ ਹਾਨੀਕਾਰਕ ਹੋ ਸਕਦਾ ਹੈ। ਜੇਕਰ ਮਨ ਕੁੱਝ ਨਾ ਖਾਣ ਨੂੰ ਕਰੇ ਤਾਂ ਵੀ ਦੁੱਧ, ਸੇਬ ਜਾਂ ਜੂਸ ਦਾ ਇਕ ਗਿਲਾਸ ਪੀ ਲੈਣਾ ਚਾਹੀਦਾ ਹੈ।

ਜ਼ਿਆਦਾ ਸੋਚਣ ਜਾਂ ਦੁੱਖ ਅਤੇ ਚਿੰਤਾ ਨਾਲ ਵੀ ਅੱਖਾਂ ਦੇ ਆਲੇ-ਦੁਆਲੇ ਕਾਲੇ ਧੱਬੇ ਪੈ ਜਾਂਦੇ ਹਨ। ਇਸ ਲਈ ਚਿੰਤਾ ਨੂੰ ਦੂਰ ਕਰਨ ਦੀ ਤੁਰੰਤ ਕੋਸ਼ਿਸ਼ ਕਰੋ। ਇਨ੍ਹਾਂ ਕਾਲੇ ਧੱਬਿਆਂ ਨੂੰ ਦੂਰ ਕਰਨ ਲਈ ਕੁੱਝ ਗੱਲਾਂ 'ਤੇ ਧਿਆਨ ਦੇਣਾ ਜ਼ਰੂਰੀ ਹੈਃ

ਰੋਜ਼ਾਨਾ ਸਵੇਰੇ ਉੱਠ ਕੇ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ ਅੱਖਾਂ 'ਤੇ ਠੰਢੇ ਪਾਣੀ ਦੇ ਛਿੱਟੇ ਮਾਰੋ।

- ਅੱਖਾਂ ਦੇ ਆਲੇ-ਦੁਆਲੇ ਹੌਲੀ-ਹੌਲੀ ਰੋਗਨ ਬਦਾਮ ਨਾਲ ਮਾਲਿਸ਼ ਕਰੋ।
- ਕੱਚਾ ਖੀਰਾ ਪੀਸ ਕੇ ਉਸ ਦੀਆਂ ਦੋ ਪੋਟਲੀਆਂ ਬਣਾ ਲਵੋ ਅਤੇ ਫਿਰ ਸਿੱਧਾ ਲੇਟ ਕੇ 15 ਤੋਂ 20 ਮਿੰਟ ਤਕ ਅੱਖਾਂ ਉੱਤੇ ਰੱਖੋ।
- ਖੀਰਾ ਕੱਟ ਕੇ ਵੀ ਅੱਖਾਂ ਉੱਪਰ ਰੱਖਿਆ ਜਾ ਸਕਦਾ ਹੈ।
- ਨਿੰਬੂ ਦੇ ਰਸ ਨੂੰ ਗਰਮ ਪਾਣੀ ਵਿਚ ਪਾ ਕੇ ਅੱਖਾਂ ਦੇ ਆਲੇ-ਦੁਆਲੇ ਲਗਾਉਣ ਨਾਲ ਕਾਲੇ ਧੱਬੇ ਦੂਰ ਹੋ ਜਾਂਦੇ ਹਨ।
- ਨਿੰਬੂ ਦੇ ਰਸ ਵਿਚ ਰੋਗਨ ਚਮੇਲੀ ਦੀਆਂ ਕੁਝ ਬੂੰਦਾਂ ਮਿਲਾ ਕੇ ਰਾਤ ਨੂੰ ਸੌਣ ਤੋਂ ਪਹਿਲਾਂ ਅੱਖਾਂ ਦੇ ਆਲੇ-ਦੁਆਲੇ ਹੌਲੀ-ਹੌਲੀ ਮਾਲਿਸ਼ ਕਰੋ।
- ਰਾਤ ਨੂੰ ਸੌਣ ਤੋਂ ਪਹਿਲਾਂ ਅੱਖਾਂ ਦੇ ਕੋਲ ਦੁੱਧ ਦੀ ਥੋੜ੍ਹੀ ਮਾਤਰਾ ਲਗਾ ਕੇ ਸੌਂ ਜਾਵੋ। ਸਵੇਰੇ ਉੱਠਣ ਤੋਂ ਬਾਅਦ ਦੁੱਧ ਦੀ ਤਹਿ ਨੂੰ ਪਾਣੀ ਨਾਲ ਹਟਾਉਣ ਦੀ ਬਜਾਏ ਗੁਲਾਬ ਜਲ ਨਾਲ ਹਟਾਓ। ਫ਼ਰਕ ਨਜ਼ਰ ਆਵੇਗਾ।
- ਰੋਜ਼ਾਨਾ ਥੋੜ੍ਹੀ ਜਿਹੀ ਮੂਲੀ ਪੀਸ ਕੇ ਰੂੰ ਦੀ ਸਹਾਇਤਾ ਨਾਲ ਦਿਨ ਵਿਚ ਤਿੰਨ-ਚਾਰ ਵਾਰ ਲਗਾਓ।
- ਨਿੰਬੂ ਦਾ ਛਿਲਕਾ ਪੀਸ ਕੇ ਰਾਤ ਨੂੰ ਅੱਖਾਂ ਦੇ ਆਲੇ-ਦੁਆਲੇ ਲਗਾਓ। ਥੋੜ੍ਹੇ ਹੀ ਦਿਨ ਵਿਚ ਧੱਬੇ ਦੂਰ ਹੋ ਜਾਣਗੇ। ਉਸ ਦੇ ਨਾਲ-ਨਾਲ ਕੈਲਸ਼ੀਅਮ ਦੀ ਖ਼ੁਰਾਕ ਵੀ ਖਾਂਦੇ ਰਹੋ।
- ਕੱਚੇ ਆਲੂ ਦਾ ਟੁਕੜਾ 15 ਮਿੰਟ ਤਕ ਅੱਖਾਂ ਦੇ ਉੱਪਰ ਰੱਖੋ।
- ਮਲਮਲ ਦੇ ਟੁਕੜੇ ਨੂੰ ਮੌਸਮੀ ਦੇ ਰਸ ਵਿਚ ਭਿਉਂ ਕੇ ਅੱਖਾਂ ਦੇ ਆਲੇ-ਦੁਆਲੇ ਰੱਖਣਾ ਬਹੁਤ ਹੀ ਲਾਭਦਾਇਕ ਹੈ।
- ਅੱਖਾਂ ਹੇਠ ਜੈਤੂਨ ਦੇ ਤੇਲ ਨਾਲ ਮਾਲਿਸ਼ ਕਰਨਾ ਵੀ ਫ਼ਾਇਦੇਮੰਦ ਹੈ।
- ਚਾਹ ਦੀਆਂ ਪੱਤੀਆਂ ਦੀ ਪੋਟਲੀ ਬਣਾ ਕੇ ਅੱਖਾਂ ਉੱਤੇ 15 ਮਿੰਟ ਤਕ ਰੱਖੋ, ਲਾਭ ਮਿਲੇਗਾ।
- ਕੱਚੇ ਦੁੱਧ ਦੀ ਝੱਗ ਨੂੰ ਅੱਖਾਂ ਦੇ ਉੱਪਰ-ਨੀਚੇ ਲਗਾ ਕੇ ਅੱਧੇ ਘੰਟੇ ਦੇ ਬਾਅਦ ਤਾਜ਼ੇ ਪਾਣੀ ਨਾਲ ਧੋ ਲਵੋ, ਲਾਭ ਮਿਲੇਗਾ।
- ਚਾਰ-ਪੰਜ ਇਲਾਇਚੀਆਂ ਦੁੱਧ ਵਿਚ ਮਿਲਾ ਕੇ ਉਬਾਲ ਕੇ ਫਿਰ ਗਰਮ ਜਾਂ ਠੰਢਾ, ਜਿਸ ਤਰ੍ਹਾਂ ਮਨ ਕਰੇ, ਪੀ ਲਵੋ। 10-15 ਦਿਨਾਂ ਤਕ ਅਜਿਹਾ ਕਰਨ ਨਾਲ ਨਾ ਸਿਰਫ਼ ਅੱਖਾਂ ਦੇ ਧੱਬੇ ਦੂਰ ਹੋਣਗੇ, ਬਲਕਿ ਚਿਹਰੇ ਦੀ ਰੰਗਤ ਵੀ ਸਾਫ਼ ਹੋਵੇਗੀ।

ਇਨ੍ਹਾਂ ਗੱਲਾਂ 'ਤੇ ਅਮਲ ਕਰਨ ਨਾਲ ਅੱਖਾਂ ਹੇਠ ਪਏ ਕਾਲੇ ਧੱਬਿਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।







# ਯੋਹਾਨ ਬਲੇਕ ਬਣੇਗਾ ਉਸੈਨ ਬੋਲਟ ਦਾ ਬਦਲ



ਰਣਜੀਤ ਸਿੰਘ ਪ੍ਰੀਤ
+91-98157-07232

ਲੰਡਨ ਓਲੰਪਿਕ ਖੇਡਾਂ ਸਮੇਂ ਦੁਨੀਆਂ ਦੇ ਸਭ ਤੋਂ ਤੇਜ਼ ਦੌੜਾਕਾਂ ਵਿੱਚ ਜਮਾਇਕਾ ਦਾ ਬੋਲਬਾਲਾ ਰਿਹਾ। ਬੋਲਟ ਦੁਨੀਆਂ ਦਾ ਸਭ ਤੋਂ ਤੇਜ਼ ਦੌੜਾਕ ਬਣਿਆ ਪਰ ਉਸ ਦੇ ਹਮਵਤਨੀ ਯੋਹਾਨ ਬਲੇਕ ਨੇ ਹੀ ਉਸ ਨੂੰ ਸਖ਼ਤ ਚੁਣੌਤੀ ਦਿੱਤੀ। ਬੋਲਟ ਨਾਲ ਦਸਤਪੰਜਾ ਲੈਣ ਵਾਲੇ 100 ਮੀਟਰ ਅਤੇ 200 ਮੀਟਰ ਦੇ ਇਸ ਫੱਰਾਟਾ ਦੌੜਾਕ ਦਾ ਜਨਮ 26 ਦਸੰਬਰ 1989 ਨੂੰ ਸੇਂਟ ਜੇਮਜ਼ ਜਮਾਇਕਾ ਵਿੱਚ ਹੋਇਆ। ਬਲੇਕ ਦਾ ਕੱਦ 5'-11" ਅਤੇ ਵਜ਼ਨ 75.5 ਕਿਲੋ ਹੈ। ਜਦੋਂ ਬਲੇਕ ਸੇਂਟ ਜਾਗੋ ਹਾਈ ਸਕੂਲ ਦਾ ਵਿਦਿਆਰਥੀ ਸੀ ਤਾਂ ਉਹ ਕ੍ਰਿਕਟ ਖੇਡਦਾ ਤੇਜ਼ ਗੇਂਦਬਾਜ਼ੀ ਕਰਿਆ ਕਰਦਾ ਸੀ। ਉਦੋਂ ਸਕੂਲ ਮੁਖੀ ਦੀ ਨਜ਼ਰ ਬਲੇਕ ਉੱਤੇ ਪਈ। ਉਸ ਨੇ ਬਲੇਕ ਨੂੰ ਪਿੱਚ ਉੱਤੇ ਤੇਜ਼ ਦੌੜਦਿਆਂ ਦੇਖਿਆ ਅਤੇ ਸਪਰਿੰਟਰ ਵਜੋਂ ਦੌੜਨ ਲਈ ਪ੍ਰੇਰਿਤ ਕੀਤਾ। ਏਸੇ ਪ੍ਰੇਰਨਾ ਤਹਿਤ ਸਖ਼ਤ ਮਿਹਨਤ ਸਦਕਾ ਵਿਸ਼ਵ ਚੈਂਪੀਅਨਸ਼ਿਪ-2011 ਵਿੱਚੋਂ 100 ਮੀਟਰ ਫੱਰਾਟਾ ਦੌੜ ਪੂਰੀ ਕਰਕੇ ਪਹਿਲਾ ਸੋਨ ਤਮਗਾ ਜਿੱਤਿਆ। ਬਲੇਕ ਨੇ 23 ਅਗਸਤ 2012 ਨੂੰ 100 ਮੀਟਰ ਅਥਲੈਟਿਕਸ ਡਾਇਮੰਡ ਲੀਗ ਸਮੇਂ 9.69 ਸੈਕਿੰਡ ਕਾਇਮ ਕਰਕੇ ਲੁਸਾਨੇ (ਸਵਿਟਜ਼ਰਲੈਂਡ) ਵਿੱਚ ਟਾਈਸਨ ਗੇਅ ਦੀ ਬਰਾਬਰੀ ਕੀਤੀ।

ਬੀਸਟ ਨਾਮ ਦੀ ਅੱਲ ਨਾਲ ਜਾਣੇ ਜਾਂਦੇ ਵਾਲੇ ਇਸ ਅਥਲੀਟ ਨੇ ਉਸੈਨ ਬੋਲਟ ਤੋਂ ਬਾਅਦ 200 ਮੀਟਰ ਵਿੱਚ ਨਿੱਜੀ ਰਿਕਾਰਡ 19.26 ਸੈਕਿੰਡ ਨਾਲ ਕਾਇਮ ਕੀਤਾ। ਕੋਚ ਗਲਿਨ ਮਿਲਜ਼ ਤੋਂ ਤਰਬੀਅਤ ਹਾਸਲ ਕਰਨ ਵਾਲੇ ਬਲੇਕ ਨੂੰ ਵਿਸ਼ਵ ਕੱਪ -2009 ਸਮੇਂ ਦੋ ਹੋਰ ਦੌੜਾਕਾਂ ਮਾਰਵਿਨ ਐਂਡਰਸਨ, ਸ਼ੈਰੀ ਅੱਨ ਬਰੂਕਸ ਸਮੇਤ ਡਰੱਗਜ਼ ਲੈਣ ਦਾ ਦੋਸ਼ੀ ਵੀ ਪਾਇਆ ਗਿਆ ਅਤੇ ਪਾਬੰਦੀ ਵੀ ਝੱਲਣੀ ਪਈ ਸੀ। ਬਲੇਕ ਨੇ 100 ਮੀਟਰ ਦੌੜ 10.11 ਸੈਕਿੰਡ ਨਾਲ ਪੂਰੀ ਕਰਕੇ 2007 ਦੀਆਂ ਕਾਰਿਫਟਾ ਖੇਡਾਂ ਜੋ ਤੁਰਕਸ਼ ਐਂਡ ਸੈਕੋਜ ਆਈਸਲੈਂਡ ਵਿੱਚ ਹੋਈਆਂ, ਦਾ ਰਿਕਾਰਡ ਆਪਣੇ ਨਾਂ ਦਰਜ ਕਰਵਾਇਆ। ਉਸੈਨ ਬੋਲਟ ਨੇ 2008 ਨੂੰ ਇੱਕ ਮੁਲਾਕਾਤ ਦੌਰਾਨ ਯੋਹਾਨ ਬਾਰੇ ਕਿਹਾ ਸੀ ਕਿ "ਉਹ ਉਸ ਨੂੰ ਚੈਲਿੰਜ ਦੇਣ ਦੀ ਸਮਰੱਥਾ ਰੱਖਦਾ ਹੈ।" ਵਿਸ਼ਵ ਚੈਂਪੀਅਨਸ਼ਿਪ-2011 ਸਮੇਂ ਬਲੇਕ ਨੇ ਉਸੈਨ ਬੋਲਟ ਦੇ ਡਿਸਕੁਆਲੀਫਾਈ ਹੋਣ ਉਪਰੰਤ 9.92 ਸੈਕਿੰਡ ਸਮੇਂ ਨਾਲ ਗੋਲਡ ਮੈਡਲ ਜਿੱਤਿਆ। ਇਸ ਤੋਂ ਪਹਿਲਾਂ ਕਾਰਲ ਲੂਈਸ ਨੇ ਏਸੇ ਹੀ ਮੁਕਾਬਲੇ ਵਿੱਚੋਂ 1983 ਨੂੰ ਜਿੱਤ ਹਾਸਲ ਕੀਤੀ ਸੀ, ਉਦੋਂ ਉਹਦੀ ਉਮਰ 22 ਸਾਲ 38 ਦਿਨ ਸੀ। ਇੱਕ ਮੈਚ ਵਿੱਚ ਬਲੇਕ ਨੇ ਕਿੰਗਸਟਨ ਕ੍ਰਿਕਟ ਕਲੱਬ ਵੱਲੋਂ ਖੇਡਦਿਆਂ 10 ਰਨ ਦੇ ਕੇ 4 ਬੱਲੇਬਾਜ਼ਾਂ ਨੂੰ ਪੈਵੇਲੀਅਨ ਦੇ ਰਸਤੇ ਪਾ ਦਿੱਤਾ ਸੀ।

ਯੋਹਾਨ ਨੇ ਹੁਣ ਤੱਕ 14 ਸੋਨੇ ਦੇ, 4 ਚਾਂਦੀ ਦੇ ਅਤੇ 2 ਕਾਂਸੀ ਦੇ ਤਗਮੇ ਜਿੱਤੇ ਹਨ। ਵਿਸ਼ਵ ਚੈਂਪੀਅਨਸ਼ਿਪ ਡਾਇਗੂ-2011 ਸਮੇਂ 100 ਮੀਟਰ ਅਤੇ 4ਗ100 ਮੀਟਰ ਰਿਲੇਅ ਵਿੱਚੋਂ ਸੋਨੇ ਦਾ, ਵਿਸ਼ਵ ਜੂਨੀਅਰ ਚੈਂਪੀਅਨਸ਼ਿਪ ਬੇਗੋਂਜਿਜ਼-2008 ਨੂੰ 4ਗ100 ਮੀਟਰ ਰਿਲੇਅ ਵਿੱਚੋਂ ਚਾਂਦੀ ਦਾ, ਬੀਜਿੰਗ-2006 ਸਮੇਂ 100 ਮੀਟਰ ਵਿੱਚੋਂ ਕਾਂਸੀ ਦਾ, 4ਗ100 ਮੀਟਰ ਰਿਲੇਅ ਵਿੱਚੋਂ ਸੋਨੇ ਦਾ ਮੈਡਲ ਜਿੱਤਿਆ। ਪੈਨ ਅਮਰੀਕਨ ਜੂਨੀਅਰ ਚੈਂਪੀਅਨਸ਼ਿਪ ਸਾਓ ਪਾਊਲੋ -2007 ਸਮੇਂ 100 ਮੀਟਰ ਵਿੱਚੋਂ ਚਾਂਦੀ ਦਾ, 4ਗ100 ਮੀਟਰ ਰਿਲੇਅ ਵਿੱਚੋਂ ਕਾਂਸੀ ਦਾ, ਸੀਏਸੀ ਜੂਨੀਅਰ ਚੈਂਪੀਅਨਸ਼ਿਪ (ਅੰਡਰ-20) ਪੋਰਟ ਆਫ ਸਪੇਨ-2006 ਸਮੇਂ 100 ਮੀਟਰ, 200 ਮੀਟਰ, 4ਗ100 ਮੀਟਰ ਵਿੱਚੋਂ ਸੋਨੇ ਦੇ, ਕਾਰਿਫਟਾ ਖੇਡਾਂ (ਜੂਨੀਅਰ) ਬਾਸਟੇਰੇ -2008 ਦੀ 100 ਮੀਟਰ ਦੌੜ ਵਿੱਚੋਂ, ਪ੍ਰੋਵਿਡਸ਼ੀਲਜ-2007 ਸਮੇਂ 100 ਮੀ. ਵਿੱਚੋਂ, 4ਗ100 ਮੀ. ਵਿੱਚੋਂ, ਲੇਸ ਅਬੇਮਸ -2006 ਸਮੇਂ 200 ਮੀ. 4ਗ100 ਮੀਟਰ ਰਿਲੇਅ ਵਿੱਚੋਂ, ਕਾਰਿਫਟਾ ਯੂਥ ਖੇਡਾਂ ਸਮੇਂ ਬਕੋਲਿੱਟ -2005 ਵਿੱਚੋਂ 100 ਮੀ. ਅਤੇ 200 ਮੀ. ਵਿੱਚੋਂ ਸੋਨ ਤਗਮੇ ਹਾਸਲ ਕੀਤੇ ਹਨ।

ਯੋਹਾਨ ਬਲੇਕ ਨੇ 2012 ਦੇ ਅਪਰੈਲ ਮਹੀਨੇ ਵਿੱਚ 9.90 ਸਮਾਂ ਕੱਢਿਆ ਸੀ। ਇਸ ਨੇ 30 ਜੂਨ 2012 ਨੂੰ ਕਿੰਗਸਟਨ ਜਮਾਇਕਾ ਵਿਖੇ 9.75 ਨਾਲ ਵਿਸ਼ਵ ਲੀਡਿੰਗ ਦਾ ਰਿਕਾਰਡ ਵੀ ਆਪਣੇ ਨਾਂ ਕਰਵਾਇਆ। ਓਲੰਪਿਕ ਟਰਾਇਲਾਂ ਸਮੇਂ ਬਲੇਕ ਨੇ ਉਸੈਨ ਬੋਲਟ ਨੂੰ 100 ਮੀਟਰ ਅਤੇ 200 ਮੀਟਰ ਵਿੱਚ ਪਛਾੜ ਦਿੱਤਾ ਸੀ। ਓਲੰਪਿਕ ਫਾਈਨਲ ਵਿੱਚ ਉਸੈਨ ਬੋਲਟ ਨੇ ਓਲੰਪਿਕ ਰਿਕਾਰਡ ਕਾਇਮ ਕਰਦਿਆਂ 9.63 ਨਾਲ ਸੋਨੇ ਦਾ ਅਤੇ ਯੋਹਾਨ ਬਲੇਕ ਨੇ 9.75 ਸਮੇਂ ਨਾਲ ਚਾਂਦੀ ਦਾ ਤਗਮਾ ਜਿੱਤਿਆ। ਲੰਡਨ ਓਲੰਪਿਕ-2012 ਸਮੇਂ 4ਗ100 ਮੀ. ਰਿਲੇਅ ਵਿੱਚੋਂ 36.84 ਸਮੇਂ ਦੇ ਵਿਸ਼ਵ ਰਿਕਾਰਡ ਨਾਲ ਸੋਨੇ ਦਾ, 200 ਮੀ. (19.44) ਅਤੇ 100 ਮੀ. (9.75) ਵਿੱਚੋਂ ਚਾਂਦੀ ਦੇ ਤਮਗੇ ਜਿੱਤ ਕੇ ਉਸੈਨ ਬੋਲਟ ਦੇ ਬਦਲ ਵਜੋਂ ਉਭਰਨ ਦਾ ਦਾਅਵਾ ਮਜ਼ਬੂਤ ਕੀਤਾ ਹੈ।

# ਫੀਫਾ ਲਈ ਵਲੰਟੀਅਰਾਂ ਦੀ ਜ਼ਰੂਰਤ



ਵਿਨੀਪੈਗ (ਨਦਬ) : ਕਨੇਡਾ ਵਿਚ 2015 ਵਿਚ ਹੋਣ ਵਾਲੇ ਫੀਫਾ ਵੌਮੈਨ ਵਰਲਡ ਕੱਪ ਲਈ ਵੱਖ-ਵੱਖ ਸ਼ਹਿਰਾਂ 'ਚੋਂ ਵਲੰਟੀਅਰਾਂ ਦੀ ਭਾਲ ਕੀਤੀ ਜਾ ਰਹੀ ਹੈ। ਪਿਛਲੇ ਦਿਨੀਂ ਓਟਾਵਾ ਵਿਚ ਰਾਸ਼ਟਰੀ ਵਲੰਟੀਅਰ ਪ੍ਰੋਗਰਾਮ ਜਾਰੀ ਕੀਤਾ ਗਿਆ, ਜਿਸ ਤਹਿਤ ਇਹ ਕਿਹਾ ਗਿਆ ਕਿ ਜਿਨ੍ਹਾਂ ਸ਼ਹਿਰਾਂ ਵਿਚ ਫੀਫਾ ਦੇ ਮੈਚ ਹੋਣੇ ਹਨ, ਪ੍ਰਬੰਧਕਾਂ ਨੂੰ ਉਨ੍ਹਾਂ ਸ਼ਹਿਰਾਂ 'ਚੋਂ ਵੱਡੇ ਪੱਧਰ 'ਤੇ ਵਲੰਟੀਅਰਾਂ ਦੀ ਜ਼ਰੂਰਤ ਹੈ। ਜ਼ਿਕਰਯੋਗ ਹੈ ਕਿ ਇਸ ਵਰਲਡ ਕੱਪ ਵਿਚ ਵੱਖ-ਵੱਖ ਦੇਸ਼ਾਂ ਦੀਆਂ 25 ਟੀਮਾਂ ਭਾਗ ਲੈਣਗੀਆਂ ਤੇ ਕੁੱਲ 52 ਮੈਚ ਹੋਣਗੇ। ਚੁਣੇ ਗਏ ਹਰੇਕ ਸ਼ਹਿਰ ਵਿਚ ਚਾਰ ਟੀਮਾਂ ਖੇਡਣਗੀਆਂ। ਫੀਫਾ ਦੇ ਪ੍ਰਬੰਧਾਂ ਨੂੰ ਕੁਸ਼ਲਤਾ ਨਾਲ ਸਿਰੇ ਚੜ੍ਹਾਉਣ ਲਈ ਵੱਡੇ ਪੱਧਰ 'ਤੇ ਵਲੰਟੀਅਰਾਂ ਦੀ ਜ਼ਰੂਰਤ ਹੈ। ਵਲੰਟੀਅਰ ਬਣਨ ਦੇ ਚਾਹਵਾਨਾਂ ਨੂੰ ਆਪਣੀ ਰਜਿਸਟਰੇਸ਼ਨ ਕਰਵਾਉਣ ਲਈ ਅਪੀਲ ਕੀਤੀ ਗਈ ਹੈ। ਇੱਥੇ ਦੱਸਣਾ ਬਣਦਾ ਹੈ ਕਿ ਰਜਿਸਟਰੇਸ਼ਨ ਆਨ ਲਾਈਨ ਹੋਵੇਗੀ। ਭਾਵੇਂ ਅਜੇ ਖੇਡਾਂ ਹੋਣ ਵਿਚ ਦੋ ਸਾਲ ਦਾ ਵਕਫ਼ਾ ਹੈ ਪਰ ਖੇਡ ਪ੍ਰਬੰਧਕ ਹੁਣ ਤੋਂ ਹੀ ਵਲੰਟੀਅਰਾਂ ਦੀ ਭਰਤੀ ਨੂੰ ਲੈ ਕੇ ਸੁਚੇਤ ਹਨ। ਦੱਸਣਯੋਗ ਹੈ ਕਿ ਇਨ੍ਹਾਂ ਖੇਡਾਂ ਦੀ ਸ਼ੁਰੂਆਤ 6 ਜੂਨ 2015 ਨੂੰ ਹੋਵੇਗੀ ਤੇ ਖੇਡਾਂ ਦੀ ਸਮਾਪਤੀ 5 ਜੁਲਾਈ 2015 ਨੂੰ ਹੋਣੀ ਹੈ। ਖੇਡਾਂ ਵਿਨੀਪੈਗ, ਓਟਾਵਾ, ਵੈਨਕੂਵਰ, ਐਡਮਿੰਟਨ, ਮੌਂਟਰੀਅਲ ਅਤੇ ਮੌਂਕਟਨ ਵਿਚ ਹੋਣਗੀਆਂ। ਵਲੰਟੀਅਰ ਬਣਨ ਦੇ ਚਾਹਵਾਨ ਹੋਰ ਜਾਣਕਾਰੀ ਲਈ ਫੀਫਾ ਦੀ ਵੈੱਬਸਾਈਟ ਦੇਖ ਸਕਦੇ ਹਨ।

# ਦੌੜ ਲਾ ਕੇ ਕੈਂਸਰ ਦੇ ਇਲਾਜ ਲਈ ਫੰਡ ਜੁਟਾਇਆ



ਵਿਨੀਪੈਗ (ਨਦਬ) : ਪਿਛਲੇ ਦਿਨੀਂ ਐਤਵਾਰ ਵਾਲੇ ਦਿਨ ਸ਼ਾਅ ਪਾਰਕ ਵਿਚ ਲਗਭਗ 4890 ਲੋਕ ਦੌੜ ਲਾਉਣ ਲਈ ਇਕੱਠੇ ਹੋਏ। ਦੌੜ ਲਾਉਣ ਦਾ ਮਕਸਦ ਇਹ ਸੀ ਕਿ ਕੈਂਸਰ ਦੇ ਇਲਾਜ ਲਈ ਕੀਤੀ ਜਾ ਰਹੀ ਖੋਜ ਵਾਸਤੇ ਫੰਡ ਜੁਟਾਇਆ ਜਾਵੇ ਤਾਂ ਜੋ ਇਸ ਖੇਤਰ ਵਿਚ ਤੇਜ਼ੀ ਨਾਲ ਕੰਮ ਹੋ ਸਕੇ। ਇਸ ਦੌੜ ਵਿਚ ਲਗਭਗ ਸਾਰੇ ਭਾਈਚਾਰਿਆਂ ਅਤੇ ਸਭ ਵਰਗਾਂ ਦੇ ਲੋਕਾਂ ਨੇ ਬਿਨਾਂ ਕਿਸੇ ਵਿਤਕਰੇ ਤੋਂ ਭਾਗ ਲਿਆ। ਕਨੇਡੀਅਨ ਬਰੈਸਟ ਕੈਂਸਰ ਫਾਉਂਡੇਸ਼ਨ ਦੇ ਖੇਤਰੀ ਵੀਪੀ ਬੋਨੀ ਮੈਗਲੇ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਲੋਕਾਂ ਦੇ ਇਸ ਭਰਵੇਂ ਸਹਿਯੋਗ ਨੇ ਸਾਨੂੰ ਆਪਣੇ ਉਦੇਸ਼ ਦੇ ਹੋਰ ਨੇੜੇ ਲੈ ਆਉਂਦਾ ਹੈ। ਅਸੀਂ ਚਾਹੁੰਦੇ ਹਾਂ ਕਿ ਕਿਸੇ ਨਾ ਕਿਸੇ ਤਰ੍ਹਾਂ ਛੇਤੀ ਤੋਂ ਛੇਤੀ ਬਰੈਸਟ ਕੈਂਸਰ ਦਾ ਖ਼ਾਤਮਾ ਕੀਤਾ ਜਾਵੇ ਤਾਂ ਜੋ ਕੀਮਤੀ ਮਨੁੱਖੀ ਜਾਨਾਂ ਬਚਾਈਆਂ ਜਾ ਸਕਣ। ਇਸ ਕਾਰਜ ਵਿਚ ਲੋਕਾਂ ਦਾ ਸਹਿਯੋਗ ਸਾਨੂੰ ਕਾਫ਼ੀ ਉਤਸ਼ਾਹਤ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਇਕੱਠਾ ਕੀਤਾ ਗਿਆ ਧਨ ਨਾ ਸਿਰਫ਼ ਕੈਂਸਰ ਸਬੰਧੀ ਖੋਜ ਕਾਰਜਾਂ ਵਿਚ ਸਹਾਈ ਹੋਵੇਗਾ, ਸਗੋਂ ਇਹ ਧਨ ਸਿੱਖਿਆ ਤੇ ਕੈਂਸਰ ਸਬੰਧੀ ਜਾਗਰੂਕਤਾ ਫੈਲਾਉਣ ਵਾਲੇ ਪ੍ਰੋਗਰਾਮਾਂ ਵਿਚ ਵੀ ਸਹਾਈ ਹੋਵੇਗਾ।

ਨਵੀਂ ਦੁਨੀਆ

# ਜਿਪਸੀਆਂ ਦਾ ਰੱਬ

ਸਤੀ ਕੁਮਾਰ





*ਨੰਗਾਪਣ ਜਿਪਸੀਆਂ ਲਈ ਨਵਾਂ ਅਨੁਭਵ ਨਹੀਂ। ਸਮੇਂ ਦੀਆਂ ਤਾਨਾਸ਼ਾਹੀਆਂ ਮੂਹਰੇ ਜਿਪਸੀ ਹਮੇਸ਼ਾ ਨੰਗ ਹੀ ਭੋਗਦੇ ਆਏ ਹਨ। ਸ਼ੁਰੂ 'ਚ ਜਿਪਸੀਆਂ ਦਾ ਭਾਰਤ ਨਾਲ ਰਿਸ਼ਤਾ ਹੰਗਰੀ ਦੇ ਇਕ ਵਿਦਿਆਰਥੀ ਨੇ ਸਿੱਧ ਕੀਤਾ। ਇਕ ਵਾਰ ਉਸ ਦੀ ਮੁਲਾਕਾਤ ਮਾਲਾਬਾਰ ਦੇ ਕੁੱਝ ਲੋਕਾਂ ਨਾਲ ਹੋਈ ਤਾਂ ਉਨ੍ਹਾਂ ਤੋਂ ਸੁਣੇ ਕੁਝ ਲਫ਼ਜ਼ਾਂ ਨੂੰ ਉਹ ਆਪਣੀ ਕਾਪੀ 'ਚ ਲਿਖ ਕੇ ਆਪਣੇ ਦੇਸ਼ ਲੈ ਆਇਆ। ਹੈਰਾਨੀ ਦੀ ਗੱਲ ਕਿ ਹੰਗਰੀ ਦੇ ਜਿਪਸੀ ਉਨ੍ਹਾਂ ਲਫ਼ਜ਼ਾਂ ਦੇ ਅਰਥ ਜਾਣਦੇ ਸੀ। ਫਰੇਡਰਿਸ਼ ਪੌਟ ਨੇ ਬਾਅਦ ਵਿਚ ਇਹ ਸਿੱਧ ਕੀਤਾ ਕਿ ਜਿਪਸੀਆਂ ਦੀ ਜ਼ੁਬਾਨ ਰੁਮਾਨੀ ਦਾ ਮੂਲ ਸੰਸਕ੍ਰਿਤ ਸੀ। ਪੀ.ਐਚ.ਡੀ. ਲਈ ਬਲਗਾਰੀਅਨ ਜਿਪਸੀਆਂ ਦੀ ਭਾਸ਼ਾ ਅਤੇ ਸਾਹਿਤ ਤੋਂ ਵਧੀਆ ਸੋਮਾ ਹੋਰ ਕੀ ਹੋ ਸਕਦਾ ਸੀ।*

ਹੁਸੈਨ ਨਾਂ ਦਾ ਇਕ ਕਵੀ ਹੈ। ਬਲਗਾਰੀਆ ਦੀ ਰਾਜਧਾਨੀ ਸੋਫ਼ੀਆ ਤੋਂ ਕੁੱਝ ਦੂਰ ਇਕ ਪਿੰਡ ਦਾ ਵਾਸੀ। ਇਕ ਵਾਰ ਉਸ ਨੇ ਸੁਨੇਹਾ ਭੇਜਿਆ ਕਿ ਉਸ ਐਤਵਾਰ ਘਰ ਹੀ ਰਹਾਂ ਤੇ ਉਸ ਦੀ ਉਡੀਕ ਕਰਾਂ। ਮੈਂ ਉਦੋਂ ਸੋਫ਼ੀਆ ਰਹਿੰਦਾ ਸੀ। ਰੁਮਾਨੀ ਜ਼ੁਬਾਨ ਬਾਰੇ ਆਪਣੀ ਰਿਸਰਚ ਦੇ ਸਿਲਸਿਲੇ 'ਚ ਮੈਨੂੰ ਹੁਸੈਨ ਦੀਆਂ ਨਜ਼ਮਾਂ ਦੀ ਲੋੜ ਸੀ।

ਉਸ ਦਿਨ ਮੈਂ ਘਰ ਬੈਠਾ ਰਿਹਾ, ਪਰ ਹੁਸੈਨ ਨਾ ਆਇਆ। ਦੂਜੇ ਦਿਨ ਇਕ ਹੋਰ ਦੋਸਤ ਅਬਦੁਲ ਸਤਾਰ ਅਲਦਲੀਮੀ (ਇਰਾਕ ਦਾ ਕਮਿਊਨਿਸਟ ਕਵੀ ਜੋ ਸੱਦਾਮ ਹੁਸੈਨ ਦੀ ਜੇਲ੍ਹ 'ਚੋਂ ਭੱਜ ਕੇ ਬਲਗਾਰੀਆ 'ਚ ਵਸਿਆ ਹੋਇਆ ਸੀ) ਮਿਲਣ ਆਇਆ ਤਾਂ ਉਸ ਨੇ ਦੱਸਿਆ ਕਿ ਪਿਛਲੇ ਦਿਨ ਹੁਸੈਨ ਆਇਆ ਸੀ ਅਤੇ ਦੋਵੇਂ ਬੰਬੂਕਾ 'ਚ ਸਾਰਾ ਦਿਨ ਬੀਅਰ ਪੀਂਦੇ ਰਹੇ। ਕਾਫ਼ੀ ਰਾਤ ਬੀਤ ਜਾਣ ਪਿਛੋਂ ਹੁਸੈਨ ਭਾਵੁਕ ਹੋ ਕੇ ਰੋਣ ਲੱਗ ਪਿਆ ਸੀ ਅਤੇ ਅੱਧੀ ਰਾਤੀਂ ਟੈਕਸੀ ਫੜ ਕੇ ਆਪਣੀ ਪਤਨੀ ਕੋਲ ਜਾ ਪੁੱਜਿਆ ਸੀ।

ਅੱਜ ਦੇ ਠੰਢੇ ਪੈ ਚੱਲੇ ਸਭਿਆਚਾਰ ਮਾਹੌਲ 'ਚ ਮਾਸ਼ੂਕ ਨਾਲ ਮੁਲਾਕਾਤ ਨੂੰ ਇੰਨੀ ਤੀਬਰਤਾ ਨਾਲ ਸ਼ਾਇਦ ਜਿਪਸੀ ਹੀ ਮਹਿਸੂਸ ਕਰ ਸਕਦੇ ਹਨ। ਹੁਸੈਨ ਤਾਂ ਜਿਪਸੀ ਹੋਣ ਦੇ ਨਾਲ ਨਾਲ ਕਵੀ ਵੀ ਸੀ। ਉਹ ਮੇਰਾ ਐਤਵਾਰ ਖ਼ਰਾਬ ਕਰ ਚੁੱਕਿਆ ਸੀ। ਪਰ ਮੈਨੂੰ ਗੁੱਸਾ ਨਾ ਆਇਆ। ਪਰਬਤ ਦੇ ਆਉਣ ਦੀ ਉਡੀਕ ਕਰਨ ਦੀ ਥਾਵੇਂ ਮੈਂ ਆਪ ਹੀ ਪਰਬਤ ਕੋਲ ਜਾਣ ਦਾ ਫ਼ੈਸਲਾ ਕਰ ਲਿਆ।

ਅਗਲੇ ਦਿਨ ਗੱਡੀ ਰਾਹੀਂ ਮੈਂ ਉਸ ਦੇ ਪਿੰਡ ਜਾ ਵੱਜਾ। ਜਿਵੇਂ ਕਿ ਉਮੀਦ ਸੀ, ਹੁਸੈਨ ਘਰ ਨਹੀਂ ਸੀ। ਉਸ ਦੀ ਪਤਨੀ ਅਤੇ ਦਸ ਸਾਲ ਦੇ ਪੁੱਤਰ ਨੇ ਜੱਫ਼ੀਆਂ ਪਾ ਕੇ ਮੈਨੂੰ ਜੀ ਆਇਆਂ ਆਖਿਆ। ਹਿੰਦੁਸਤਾਨ ਦਾ ਬੰਦਾ ਯੂਰਪ ਦੇ ਜਿਪਸੀਆਂ ਲਈ ਰੱਬ ਬਰਾਬਰ ਹੁੰਦਾ ਹੈ। ਉਥੇ ਮੇਰੀ ਜੋ ਖ਼ਾਤਰ ਤਵੱਜੋਂ ਹੋਣ ਲੱਗੀ, ਉਸ ਨੂੰ ਸਿਰਫ਼ ਰੱਬ ਹੀ ਸਮਝ ਸਕਦਾ ਹੈ। ਉਸ ਦੇ ਮੁੰਡੇ ਨੇ ਵੋਦਕਾ ਦੀ ਬੋਤਲ ਚੁੱਕ ਲਿਆਂਦੀ। ਗ੍ਰਾਮੋਫ਼ੋਨ ਝਾੜ ਕੇ ਉਸ 'ਤੇ ਇਕ ਟੁੱਟਿਆ ਰਿਕਾਰਡ ਰੱਖ ਦਿੱਤਾ ਗਿਆ : ਅਵਾਰਾ ਹੂੰ! ਮੈਥੋਂ ਰਾਜ ਕਪੂਰ ਦਾ ਹਾਲ ਚਾਲ ਪੁੱਛਿਆ।

ਨੱਚਦੇ ਟੱਪਦੇ ਹਨੇਰਾ ਹੋ ਚੱਲਿਆ ਤਾਂ ਹੁਸੈਨ ਨੂੰ ਵੀ ਘਰ ਦੀ ਯਾਦ ਆ ਗਈ। ਮੈਨੂੰ ਘਰ ਬੈਠਾ ਦੇਖ ਉਸ ਨੇ ਬੂਹੇ 'ਚ ਹੀ ਨੱਚਣਾ ਸ਼ੁਰੂ ਕਰ ਦਿੱਤਾ। ਇਹ ਪਿੰਡ ਦੀ ਇਕ ਨੁੱਕਰੇ ਉਸਰਿਆ ਸਿਰਫ਼ ਜਿਪਸੀਆਂ ਦਾ ਮੁਹੱਲਾ ਸੀ। ਦੂਜੇ ਦਿਨ ਮੈਨੂੰ ਸਾਰੇ ਜਿਪਸੀਆਂ ਨੇ ਘੇਰ ਲਿਆ। ਕਿਸੇ ਨੇ ਮੈਨੂੰ ਆਪਣਾ ਪੁੱਤ ਬਣਾ ਲਿਆ, ਕਿਸੇ ਨੇ ਭਰਾ। ਆਪਣੇ ਹਿੰਦੁਸਤਾਨੀ ਪੂਰਵਜ਼ ਨੂੰ ਉਹ ਪਹਿਲੀ ਵਾਰ ਮਿਲ ਰਹੇ ਸੀ।

ਮੈਂ ਇਕ ਅੱਧ ਦਿਨ ਲਈ ਆਇਆ ਸਾਂ। ਪਰ ਕਿੰਨੇ ਹੀ ਦਿਨ ਉਥੇ ਟਿਕਿਆ ਰਿਹਾ। ਉਨ੍ਹੀਂ ਦਿਨੀਂ ਜਿਪਸੀਆਂ ਵਾਂਗ ਮੇਰੀਆਂ ਵੀ ਜੜ੍ਹਾਂ ਹਨੇਰੇ 'ਚ ਸਨ ਅਤੇ ਸਿਰ ਬੱਦਲਾਂ 'ਚ। ਧਰਤੀ 'ਤੇ ਕਿਸੇ ਮਜਬੂਰੀ 'ਚ ਹੀ ਪੈਰ ਟਿਕਦਾ। ਮੇਰੇ ਅੰਦਰਲੇ ਨੂੰ ਇਕ ਅਜਿਹਾ ਸਾਮਰਾਜ ਹਾਸਲ ਸੀ, ਜਿਸ 'ਤੇ ਕਦੇ ਸੂਰਜ ਨਾ ਛਿਪਦਾ।

ਜਦੋਂ ਮੈਂ ਜਿਪਸੀ ਨਗਰੀ ਛੱਡ ਆਇਆ ਤਾਂ ਮੇਰਾ ਪੂਰੀ ਤਰ੍ਹਾਂ ਜਿਪਸੀਕਰਨ ਹੋ ਚੁੱਕਿਆ ਸੀ। ਮੇਰੀ ਜ਼ਬਾਨ 'ਤੇ ਜਿਪਸੀਆਂ ਦੇ ਗੀਤ ਸਨ, ਚਾਲ ਵਿਚ ਜਿਪਸੀਆਂ ਦੀ ਬੇ-ਪਰਵਾਹੀ, ਅੱਖਾਂ 'ਚ ਲਿਖਿਆ ਸੀ "ਈਡੀਏਟ"। ਸਾਫ਼ ਸੁਥਰੀ ਚੀਜ਼ ਤੋਂ ਬੋਅ ਆਉਂਦੀ ਸੀ ਅਤੇ ਗੰਦ 'ਚ ਸੂਰ ਵਾਂਗ ਲੋਟਣੀਆਂ ਖਾਣ ਨੂੰ ਜੀ ਕਰਦਾ। ਇਹੋ ਜਿਹੇ ਛਿਣ ਹਰ ਕਿਸੇ ਦੀ ਕਲਪਨਾ 'ਚ ਹੁੰਦੇ ਹਨ, ਪਰ ਉਨ੍ਹਾਂ ਨੂੰ ਕਬੂਲਣ ਦਾ ਜੇਰਾ ਹਰ ਕਿਸੇ 'ਚ ਨਹੀਂ ਹੁੰਦਾ। ਜਿਪਸੀਆਂ ਅਤੇ ਅ-ਜਿਪਸੀਆਂ 'ਚ ਇਹੋ ਵੱਡਾ ਅੰਤਰ ਹੈ!

ਭਾਵੁਕਤਾ ਕਹੋ ਜਾਂ ਆਦਿ ਸੰਸਕਾਰਾਂ ਦਾ ਅਸਰ, ਸੋਫ਼ੀਆ ਪਰਤ ਕੇ ਮੈਂ ਕਾਫ਼ੀ ਦਿਨ ਨੌਸਟੈਲਜੀਏ ਦਾ ਸ਼ਿਕਾਰ ਰਿਹਾ। ਹੁਸੈਨ ਦੇ ਕੋਠੇ 'ਚ ਮੈਂ ਅਤੇ ਉਸ ਦਾ ਬਾਂਦਰ ਇਕੋ ਮੱਗ 'ਚੋਂ ਬੀਅਰ ਪੀਂਦੇ ਸਾਂ। ਬਾਂਦਰ ਨੂੰ ਚੜ੍ਹ ਜਾਂਦੀ ਤਾਂ ਉਸ ਦੀ ਹਾਲਤ ਵੇਖਣ ਵਾਲੀ ਹੁੰਦੀ ਸੀ (ਉਂਜ ਜਦੋਂ ਆਦਮੀ ਨੂੰ ਚੜ੍ਹ ਜਾਏ ਤਾਂ ਉਹ ਵੀ ਘੱਟ ਦਿਲਚਸਪ ਨਹੀਂ ਹੁੰਦਾ)। ਰਾਤ ਨੂੰ ਬਾਹਰ ਖੇਤਾਂ 'ਚ ਅੱਗ ਬਾਲ ਕੇ ਗੌਣਾ-ਵਜਾਉਣਾ ਚੱਲਦਾ। ਜਵਾਨ ਕੁੜੀਆਂ ਨੂੰ ਅਜਿਹੀ ਖੁੱਲ੍ਹ ਪ੍ਰਾਪਤ ਸੀ ਜੋ ਸਵੀਡਨ ਦੀਆਂ ਕੁੜੀਆਂ ਨੂੰ ਪ੍ਰਾਪਤ ਹੈ, ਪਰ ਜਿਨ੍ਹਾਂ ਨੂੰ ਅਸੀਂ ਜਿਪਸੀ ਨਹੀਂ ਆਖਦੇ, ਬਲਕਿ ਆਧੁਨਿਕ ਸੰਸਕ੍ਰਿਤੀ ਦਾ ਗੌਰਵਸ਼ਾਲੀ ਪ੍ਰਤੀਕ ਸਮਝਦੇ ਹਾਂ। ਲੜਾਈ ਝਗੜੇ ਵੀ ਹੁੰਦੇ। ਕਦੇ-ਕਦੇ ਚਾਕੂ ਵੀ ਲਿਸ਼ਕ ਪੈਂਦਾ। ਗੌਣ ਵਜਾਉਣ ਦੇ ਨਾਲ-ਨਾਲ ਜੁਆਕਾਂ ਦਾ ਰੋਣਾ-ਧੋਣਾ ਵੀ ਚਲਦਾ ਰਹਿੰਦਾ। ਪਰ ਚਿੰਤਾ ਦੇ ਭਾਵ ਕਿਸੇ ਦੇ ਚਿਹਰੇ 'ਤੇ ਨਹੀਂ ਸਨ। ਇਕ ਦੂਜੇ ਨੂੰ ਗਾਲ੍ਹਾਂ ਕਢਦੇ ਤਾਂ ਲੱਗਦਾ ਪਿਆਰ ਦੀ ਬੋਲੀ 'ਚ ਗੁਫ਼ਤਗੂ ਹੋ ਰਹੀ ਹੈ। ਇਹ ਮੈਨੂੰ ਉਦੋਂ ਹੀ ਗਿਆਨ ਹੋਇਆ ਕਿ ਇਕ ਜਿਪਸੀ ਦੀ ਜੱਫ਼ੀ 'ਚੋਂ ਨਿਕਲਣਾ ਕਿੰਨਾ ਮੁਸ਼ਕਲ ਹੁੰਦਾ ਹੈ।

ਮੁਹੱਲੇ ਦੇ ਇਕ ਮੁੰਡੇ ਨੂੰ ਮੇਰੇ ਬੂਟ ਪਸੰਦ ਆ ਗਏ, ਸੋ ਮੈਨੂੰ ਬਿਨਾਂ ਪੁੱਛੇ ਹੀ ਉਨ੍ਹਾਂ ਨੂੰ ਆਪਣੇ ਪੈਰੀਂ ਪਾ ਕੇ ਤੁਰ ਗਿਆ। ਤੁਸੀਂ ਇਸ ਨੂੰ ਚੋਰੀ ਕਹਿ ਲਵੋ! ਪਰ ਮੈਂ ਇਸ ਨੂੰ ਮਹਿਮਾਨ ਨਿਵਾਜ਼ੀ ਦਾ ਹੀ ਹਿੱਸਾ ਸਮਝਿਆ। ਹੁਸੈਨ ਨੂੰ ਮੇਰੀ ਘੜੀ ਪਸੰਦ ਸੀ। ਉਸ ਦੀਆਂ ਅੱਖਾਂ ਵਾਰ-ਵਾਰ ਮੇਰੀ ਕਲਾਈ ਵੱਲ ਜਾਂਦੀਆਂ। ਘੜੀ ਲਾਹ ਕੇ ਮੈਂ ਖ਼ੁਦ ਹੀ ਉਸ ਦੇ ਹਵਾਲੇ ਕਰ ਦਿੱਤੀ। ਉਥੇ ਜੋ ਮੋਹ ਪਿਆਰ ਮਿਲ ਰਿਹਾ ਸੀ, ਉਸ ਦੀ ਕੀਮਤ ਕਿਹੜੀ ਚੀਜ਼ ਤਾਰ ਸਕਦੀ ਸੀ? ਮੈਂ ਉਥੋਂ ਆਪਣੇ ਕੱਪੜੇ ਲੁਹਾ ਨੰਗਾ ਵੀ ਪਰਤਦਾ ਤਾਂ ਉਨ੍ਹਾਂ ਦਿਨਾਂ ਦਾ ਕਰਜ਼ਾ ਮੇਰੇ ਸਿਰ ਤੋਂ ਨਹੀਂ ਸੀ ਉਤਰਨਾ। ਉਂਜ ਮੈਂ ਜਦੋਂ ਪਰਤਿਆ ਤਾਂ ਬਹੁਤਾ ਢਕਿਆ ਵੀ ਨਹੀਂ ਸਾਂ। ਜਿਪਸੀਆਂ ਦੇ ਕੱਪੜੇ ਕਿੰਨਾ ਕੁ ਢਕ ਸਕਦੇ ਹਨ?

ਨੰਗਾਪਣ ਜਿਪਸੀਆਂ ਲਈ ਨਵਾਂ ਅਨੁਭਵ ਨਹੀਂ। ਸਮੇਂ ਦੀਆਂ ਤਾਨਾਸ਼ਾਹੀਆਂ ਮੂਹਰੇ ਜਿਪਸੀ ਹਮੇਸ਼ਾ ਨੰਗ ਹੀ ਭੋਗਦੇ ਆਏ ਹਨ। ਸ਼ੁਰੂ 'ਚ ਜਿਪਸੀਆਂ ਦਾ ਭਾਰਤ ਨਾਲ ਰਿਸ਼ਤਾ ਹੰਗਰੀ ਦੇ ਇਕ ਵਿਦਿਆਰਥੀ ਨੇ ਸਿੱਧ ਕੀਤਾ। ਇਕ ਵਾਰ ਉਸ ਦੀ ਮੁਲਾਕਾਤ ਮਾਲਾਬਾਰ ਦੇ ਕੁੱਝ ਲੋਕਾਂ ਨਾਲ ਹੋਈ ਤਾਂ ਉਨ੍ਹਾਂ ਤੋਂ ਸੁਣੇ ਕੁਝ ਲਫ਼ਜ਼ਾਂ ਨੂੰ ਉਹ ਆਪਣੀ ਕਾਪੀ 'ਚ ਲਿਖ ਕੇ ਆਪਣੇ ਦੇਸ਼ ਲੈ ਆਇਆ। ਹੈਰਾਨੀ ਦੀ ਗੱਲ ਕਿ ਹੰਗਰੀ ਦੇ ਜਿਪਸੀ ਉਨ੍ਹਾਂ ਲਫ਼ਜ਼ਾਂ ਦੇ ਅਰਥ ਜਾਣਦੇ ਸੀ। ਫਰੇਡਰਿਸ਼ ਪੌਟ ਨੇ ਬਾਅਦ ਵਿਚ ਇਹ ਸਿੱਧ ਕੀਤਾ ਕਿ ਜਿਪਸੀਆਂ ਦੀ ਜ਼ੁਬਾਨ ਰੁਮਾਨੀ ਦਾ ਮੂਲ ਸੰਸਕ੍ਰਿਤ ਸੀ। ਪੀ.ਐਚ. ਡੀ. ਲਈ ਬਲਗਾਰੀਅਨ ਜਿਪਸੀਆਂ ਦੀ ਭਾਸ਼ਾ ਅਤੇ ਸਾਹਿਤ ਤੋਂ ਵਧੀਆ ਸੋਮਾ ਹੋਰ ਕੀ ਹੋ ਸਕਦਾ ਸੀ।

ਸਾਡੇ ਸਮਾਜ ਦੇ ਕਿਨਾਰੇ ਜਿਪਸੀਆਂ ਦੇ ਝੁੰਡ ਸਦੀਆਂ ਤੋਂ ਅੱਜ ਤਾਈਂ ਤੁਰਦੇ ਆ ਰਹੇ ਹਨ। ਆਪਣੇ ਮੁਖੀਏ ਨੂੰ ਉਹ 'ਪ੍ਰਿੰਸ', 'ਵੋਈਵੋਦ' ਜਾਂ 'ਕਾਂਊਂਟ' ਆਖਦੇ ਹਨ। ਸ਼ੁਰੂ 'ਚ ਉਹ ਆਪਣੀ ਅਵਾਰਾ ਤਬੀਅਤ ਦੇ ਜਵਾਬ 'ਚ ਇਹ ਆਖਦੇ ਰਹੇ ਕਿ ਆਪਣੇ ਦਾਦੇ ਪੜਦਾਦਿਆਂ ਦੀ ਆਤਮਾ ਦੀ ਸ਼ਾਂਤੀ ਲਈ ਉਹ ਤੀਰਥਾਂ 'ਤੇ ਨਿਕਲੇ ਹੋਏ ਸਨ। ਕਈਆਂ ਕੋਲ ਪੋਪ ਜਾਂ ਬੋਹੇਮੀਆਂ ਦੇ ਰਾਜੇ ਦਾ ਸਰਫ਼ਟੀਫ਼ਿਕੇਟ ਵੀ ਹੁੰਦਾ ਸੀ ਤਾਂ ਕਿ ਉਹ ਸੌਖੀ ਤਰ੍ਹਾਂ ਸਰਹੱਦਾਂ ਪਾਰ ਕਰ ਸਕਣ।

ਮਨੁੱਖੀ ਸਭਿਅਤਾ ਦੇ ਲੰਮੇ ਇਤਿਹਾਸ ਦੌਰਾਨ ਜਿਪਸੀਆਂ ਦੇ ਨਿੱਕੇ ਜਿਹੇ ਆਕਾਸ਼ 'ਤੇ ਕਾਲੇ ਬੱਦਲ ਹੀ ਘਿਰੇ ਹੋਏ ਦਿਸਦੇ ਹਨ। ਨਾਜ਼ੀਆਂ ਨੇ ਜੰਗਲੀ ਜਾਨਵਰਾਂ ਵਾਂਗ ਉਨ੍ਹਾਂ ਦਾ ਸ਼ਿਕਾਰ ਕੀਤਾ। ਅੱਜ ਵੀ ਬੇਸ਼ੁਮਾਰ ਜਿਪਸੀ ਅਜਿਹੇ ਹਨ ਜਿਨ੍ਹਾਂ ਦਾ ਕੋਈ ਦੇਸ਼ ਨਹੀਂ, ਜਿਨ੍ਹਾਂ ਦੀ ਕੋਈ ਮਾਤ ਭੌਂ ਨਹੀਂ। ਕੁੱਝ ਜਿਪਸੀ-ਬਲਗਾਰੀਅਨ 'ਚ ਸੀਗਨੀ- ਭਾਰਤ ਨੂੰ ਹੀ ਆਪਣੀ ਮਾਤ-ਭੌਂ ਮੰਨਦੇ ਹਨ, ਭਾਵੇਂ ਇਸ ਧਰਤੀ ਤੋਂ ਉਹ ਸਿਕੰਦਰ ਦੇ ਸਮੇਂ ਤੋਂ ਵਿਛੜੇ ਹੋਏ ਹਨ। ਇਨ੍ਹਾਂ ਦੇਸ਼ਹੀਨ ਲੋਕਾਂ ਨੂੰ ਅੱਜ ਵੀ ਕੋਈ ਦੇਸ਼ ਪਨਾਹ ਦੇਣ ਲਈ ਤਿਆਰ ਨਹੀਂ।

ਆਦਮ ਦੀ ਪੋਥੀ ਦੇ ਸੀਰੀਅਨ ਭਾਸ਼ਾ ਦੇ ਐਡੀਸ਼ਨ Cave Of Treasures ਵਿਚ ਜਿਪਸੀਆਂ ਨੂੰ ਸਾਡੇ ਸਮਾਜ ਵਿਚ ਜੋ ਥਾਂ ਦਿੱਤੀ ਗਈ, ਉਹ ਉਸ ਕਿਤਾਬ ਦੀਆਂ ਹੇਠ ਲਿਖੀਆਂ ਸਤਰਾਂ ਤੋਂ ਪਰਤੱਖ ਹੈ: "ਦੇਵਕਲੀ ਦੇ ਬੀਜ ਸਨ ਮਿਸਰ ਦੇ ਇਹ ਲੋਕ ਜੋ ਵੇਖਦੇ ਵੇਖਦੇ ਧਰਤੀ 'ਤੇ ਫ਼ੈਲ ਗਏ ਅਤੇ ਗੁਲਾਮਾਂ ਦੇ ਗੁਲਾਮ ਬਣ ਕੇ ਸੇਵਾ ਵਿਚ ਜੁਟ ਗਏ।"

14ਵੀਂ ਸਦੀ ਦੇ ਇਕ ਹੋਰ ਲੇਖਕ ਨੇ ਆਪਣੇ ਗ੍ਰੰਥ ਵਿਚ ਜਿਪਸੀਆਂ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੋਇਆ ਹੈ :- "ਪਹਿਲੀ ਵਾਰ ਧਰਤੀ 'ਤੇ ਅਜਿਹੇ ਲੋਕ ਨਜ਼ਰ ਆਏ ਜੋ ਗੰਵਾਰ ਕਾਲੇ ਗੰਦੇ ਅਤੇ ਜੰਗਲੀ ਸਨ। ਇਨ੍ਹਾਂ ਦਾ ਮੁੱਢਲਾ ਕਿੱਤਾ ਸੀ ਚੋਰੀ, ਧੋਖਾ ਅਤੇ ਲੋਕਾਂ ਦਾ ਭਵਿੱਖ ਵਾਚਣਾ। ਇਹ ਲੋਕ ਠੇਲਾ ਗੱਡੀਆਂ 'ਤੇ ਸਫ਼ਰ ਕਰਦੇ ਸਨ। ਜਿਨ੍ਹਾਂ ਦਾ ਕੋਈ ਧਰਮ ਨੇਮ ਨਹੀਂ ਸੀ ਅਤੇ ਇਨ੍ਹਾਂ ਦੀ ਜ਼ਿੰਦਗੀ ਕੁੱਤਿਆਂ ਦੇ ਤੁੱਲ ਸੀ!"

ਜਿਪਸੀਆਂ 'ਤੇ ਹੋਏ ਅਤਿਆਚਾਰਾਂ ਦਾ ਲੰਮਾ ਕਿੱਸਾ ਹੈ। ਮਸਲਨ ਹੈਡਿੰਗਟਨ ਦੀ ਪੁਲੀਸ ਨੂੰ ਇਹ ਹਦਾਇਤ ਸੀ ਕਿ ਜਿਪਸੀ ਜਿਥੇ ਵੀ ਹੋਣ ਮਿਲ ਕੇ ਉਨ੍ਹਾਂ ਨੂੰ ਘੇਰ ਲਵੋ, ਮਰਦਾਂ ਨੂੰ ਫਾਂਸੀ ਲਾ ਦਿੱਤੀ ਜਾਵੇ ਅਤੇ ਔਰਤਾਂ ਨੂੰ ਨਦੀਆਂ 'ਚ ਡੁਬੋ ਦਿੱਤਾ ਜਾਵੇ। ਅਜਿਹੀਆਂ ਵਾਰਦਾਤਾਂ ਪੜ੍ਹ ਕੇ ਮੈਂ ਅਕਸਰ ਸੋਚਿਆ ਹੈ 'ਔਰਤਾਂ ਨੂੰ ਪਾਣੀ 'ਚ ਡਬੋ ਕੇ ਕਿਉਂ ਮਾਰਿਆ ਜਾਂਦਾ ਸੀ?' ਕੋਈ ਵੱਡੀ ਗੱਲ ਨਹੀਂ ਜੇ ਉਦੋਂ ਦੇ ਰਾਜ ਕੁਮਾਰਾਂ ਨੂੰ ਜਿਪਸੀ ਸੁੰਦਰੀਆਂ ਦੀਆਂ ਤੈਰਦੀਆਂ ਲਾਸ਼ਾਂ ਨਾਲ ਖਿਲਵਾੜ ਕਰਨ ਦਾ ਸ਼ੌਕ ਰਿਹਾ ਹੋਵੇ।

ਆਪਣੀ ਗੱਲ ਕਰਾਂ ਤਾਂ ਮੈਂ ਧਰਤੀ ਦੇ ਅਜਿਹੇ ਬਿੰਦੂ 'ਤੇ ਆ ਵਸਿਆ ਹਾਂ - ਯਾਨੀ ਸਵੀਡਨ ਜਿਸ ਦੇ ਦੱਖਣ 'ਚ ਛੇ ਮਹੀਨੇ ਦਿਨ ਰਹਿੰਦਾ ਹੈ ਛੇ ਮਹੀਨੇ ਰਾਤ। ਪਰ ਜਿਪਸੀ ਭਾਵੇਂ ਕਿਸੇ ਦੇਸ਼ ਵਿਚ ਹੋਣ ਉਥੇ ਹਮੇਸ਼ਾ ਰਾਤ ਹੀ ਪਈ ਰਹਿੰਦੀ ਹੈ। ਮੈਂ ਜਿਪਸੀਆਂ ਨੂੰ ਰਾਤ ਭਰ ਗਾਉਂਦੇ ਸੁਣਿਆ ਹੈ। ਉਨ੍ਹਾਂ ਦੇ ਨਾਲ ਗਾਉਣ ਦੀ ਕੋਸ਼ਿਸ਼ ਵੀ ਕੀਤੀ। ਪਰ ਮੇਰੀ ਆਵਾਜ਼ ਜਿਸ 'ਤੇ ਪਤਾ ਨਹੀਂ ਕਿੰਨੇ ਕੁ ਸਭਿਅਤਾ ਦੇ ਜ਼ੰਗਾਲੇ ਸੂਰਜਾਂ ਦੀ ਪੱਪੜੀ ਜੰਮੀ ਹੋਈ ਹੈ - ਕਿਤੇ ਵਿਚ ਵਿਚਾਲੇ ਹੀ ਟੁੱਟ ਕੇ ਰਹਿ ਜਾਂਦੀ ਹੈ। ਉਨ੍ਹਾਂ ਦੇ ਸੁਰ ਨਾਲ ਸੁਰ ਮਿਲਾ ਕੇ ਗਾ ਸਕਣਾ ਸੰਭਵ ਹੀ ਨਹੀਂ। ਇਹ ਹੋ ਵੀ ਕਿਵੇਂ ਸਕਦਾ ਹੈ? ਉਨ੍ਹਾਂ ਦੇ ਸੁਰ ਨਾਲ ਸੁਰ ਮਿਲਾ ਕੇ ਉਹੋ ਗਾ ਸਕਦਾ ਹੈ ਜਿਸ ਨੇ ਉਨ੍ਹਾਂ ਜਿੰਨਾਂ ਦੁੱਖ ਭੋਗਿਆ ਹੋਵੇ। ਮੈਂ ਉਨ੍ਹਾਂ ਲਈ ਰੱਬ ਸਹੀ। ਪਰ ਜਿਪਸੀਆਂ ਦਾ ਰੱਬ ਵੀ ਜਿਪਸੀਆਂ ਤੋਂ ਛੋਟਾ ਹੁੰਦਾ ਹੈ।

## DASHMESH TIRE & LUBE

All Brands of Tires
MRF or JK (Indian)
B.F Goodrich, Michelin, Dunlop
Tire Repairs, Brakes, Oil Change & Lubrication
Do Service on Remote Locations Including Weighing Scales
Vehicle Inpection By Certified Mechanics
ਲੌਂਗਹਾਲ, ਗਰੇਵਲ ਆਦਿ ਹਰ ਤਰ੍ਹਾਂ ਦੇ ਟਰੱਕਾਂ ਦੀ ਫਾਇਨਾਇੰਗ ਕੀਤੀ ਜਾਂਦੀ ਹੈ।
ਕਿਸੇ ਵੀ ਸਮੇਂ, ਕਿਸੇ ਵੀ ਤਰ੍ਹਾਂ ਦੇ ਟਰੱਕਾਂ ਦੇ ਲੋਨ ਲੈਣ ਲਈ ਸੰਪਰਕ ਕਰੋ।
Enough Parking Space
Call: Manjit S.Khosa, Garry Dhaliwal
Ph: 780-298-1114, 780-993-4441
6609 34 St. Edmonton, Alberta.

## ਨਵੀਂ ਦੁਨੀਆ ਦੀ ਪੰਜਾਬੀ ਅਦਬ ਵਿਚ ਨਵੀਂ ਪਹਿਲ

# ਨਵੀਂ ਦੁਨੀਆ ਪ੍ਰਕਾਸ਼ਨ

ਲੇਖਕ ਮਿਆਰੀ ਕਿਤਾਬਾਂ ਰਿਆਇਤੀ ਦਰਾਂ
'ਤੇ ਛਪਵਾਉਣ ਲਈ ਸੰਪਰਕ ਕਰਨ

ਫ਼ੋਨ : 780 465 9118
ਫ਼ੈਕਸ : 780 465 0661
Email : info@nawidunia.com

## STP ELECTRIC LTD.

stpelectric@hotmail.com
Offering Full Range of Electrical Services of
C. 780.984 2356
F. 780.463 6276
• Residential
• Commercial
• Industrial Installations
ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
Sushil Singh
Certified Master Electrician
ਸਰਟੀਫਾਈਡ ਮਾਸਟਰ ਇਲੈਕਟ੍ਰੀਸ਼ਨ

## WILDROSE MASONARY & STONE WORKS

Commercial & Residential
ਘਰਾਂ ਦੇ ਬਾਹਰ ਜਾਂ ਅੰਦਰ ਕਲਚਰ ਸਟੋਨ, ਇੱਟਾਂ, ਹਰ ਤਰ੍ਹਾਂ ਦੇ ਬਲਾਕ ਲਗਵਾਉਣਾ ਚਾਹੁੰਦੇ ਹੋ, ਇੱਕ ਵਾਰ ਸਾਡੇ ਤੋਂ ਜ਼ਰੂਰ ਐਸਟੀਮੇਟ ਲਗਵਾਓ
Ph: 780 340 1400
Off: 780 450 1413
Fax: 780 490 4888
Dave Johal
Culture Stone Bricks
Blocks Glass Blocks
email:wildrosemasonary@live.ca ✦ 1404-69th St. SW Edmonton, AB T6L 1L4

## HARRY`S EXCAVATING

PH: 780-918-2252
Specialist in :
Digging Basements & All Kind Of Services
ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਵੀ ਕੰਮ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ।

Residential | Commertial | Investment Properties
Home Life/United Realty Inc. Brokerage
Independently Owned & Operated.
Higher Standards Agents... Higher Results™
Cell: 647 818 6880
Bus: 905 672 1234
FAX: 905 672 0672
hpshundal@gmail.com
ਟੋਰਾਂਟੋ ਦੇ ਇਲਾਕੇ 'ਚ
ਜਾਇਦਾਦ ਖਰੀਦਣ ਜਾਂ
ਵੇਚਣ ਲਈ ਇੱਕ ਭਰੋਸੇਮੰਦ ਨਾਂ
Sales Representative
Harinder Hundal
M.Sc. Eco, M.B.A
MLS MULTIPLE LISTING SERVICE REALTOR
50 SunnyVale Gate, Unit # 7,
Brampton, ON L6S 0C4

## ਮੁਲਾਕਾਤ Productions

ਟੀ. ਵੀ ਪ੍ਰੋਗਰਾਮ ਮੁਲਾਕਾਤ
Aired on VISION TV
1:00 pm to 1:30 pm
(Alberta Time / Every Saturday)
Charanjit Brar
Producer & Host
Ph: 647 300 8436
cbrar@rogers.com

## NEW WAY Stucco Ltd.

Quality work at reasonable rates.
We do Splash Dash Stucco and Acrylic. For free estimates call
(BALJIT) Ph. : (780)-708-1436, Fax : (780)-462-0691
All Kind of Stucco Acrylic & Rain Screen Residential & Commercial
ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਉ

## Moga Painting Company

Serving Since 1985
Experts in Interior & Exterior Paint
Residential & Commercial
> Excellent Colour Matching
> Guaranteed Work
> Reasonable Rates
Office Painting, Spray Painting, Staircase Railing, Stain & Varnish
ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ
ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।
For Free ESTIMATES Call SURJIT
Edmonton (780) 934-3535 Winnipeg (204) 979-7070

## GLOBAL MARKET DEVELOPMENT CORP.

We build Strategies

**Business Plans from $900!**

***Business Planning:***
To get bank financing or move your business to the next level get your Business Plan made with us.

***Strategic Planning:***
We provide strategic consulting including competition analysis.

Phone: (780) 707 3796 Email: gmdcorporation@gmail.com Website: www.gmdcorporation.com

# ਦੱਬੇ ਖ਼ਜ਼ਾਨਿਆਂ ਦੀ ਖੋਜ



ਜੀ.ਐਸ. ਗੁਰਦਿੱਤ
+91-9417193193
gurditgs@gmail.com

ਦਿੱਲੀ ਨੇੜਲੇ ਪਿੰਡ ਡੌਂਡਿਆਖੇੜਾ ਵਿਚ ਹੋ ਰਹੀ, ਸੋਨੇ ਦੇ ਖ਼ਜ਼ਾਨੇ ਦੀ ਖ਼ੁਦਾਈ, ਵਾਲੀ ਖ਼ਬਰ ਨੇ ਨੈਸ਼ਨਲ ਮੀਡੀਆ ਵਿਚ ਜਿਥੇ ਚੰਗੀ ਰੌਣਕ ਲਾਈ ਹੋਈ ਹੈ, ਇੰਟਰਨੈਸ਼ਨਲ ਮੀਡੀਆ ਵਿਚ ਸਾਡੀ ਓਨੀ ਹੀ ਖਿੱਲੀ ਉਡਾਈ ਹੋਈ ਹੈ। ਦੁਨੀਆ ਸੋਚਦੀ ਹੈ ਕਿ ਇਹ ਓਹੀ ਦੇਸ਼ ਹੈ ਜਿਹੜਾ ਵਿਸ਼ਵ ਆਗੂ ਬਣਨ ਦੇ ਸੁਪਨੇ ਲੈਂਦਾ ਹੈ। ਅਮਰੀਕਾ ਤੇ ਚੀਨ ਤੋਂ ਬਾਅਦ ਆਪਣੇ ਆਪ ਨੂੰ ਤੀਸਰੀ ਵੱਡੀ ਆਰਥਕ ਸ਼ਕਤੀ ਅਖਵਾ ਕੇ, ਆਪ ਹੀ ਆਪਣੀ ਪਿਠ ਥਪਥਪਾਉਣ ਵਾਲਾ ਦੇਸ਼, ਆਸਾਂ ਲਾਈ ਬੈਠਾ ਹੈ ਕਿ ਕਿਤੋਂ 1000 ਟਨ ਸੋਨੇ ਦਾ ਖ਼ਜ਼ਾਨਾ ਮਿਲ ਜਾਵੇ ਤਾਂ ਆਪਣੀਆਂ ਤਾਂ ਪੌਂ ਬਾਰਾਂ ਹੋ ਜਾਣ।

... ਖ਼ਜ਼ਾਨਾ ਮਿਲਣਾ ਜਾਂ ਨਾ ਮਿਲਣਾ ਬਾਅਦ ਦੀ ਗੱਲ ਹੈ, ਸਵਾਲ ਤਾਂ ਇਹ ਹੈ ਕਿ ਇਸ ਖ਼ੁਦਾਈ ਦਾ ਆਧਾਰ ਕੀ ਹੈ? ਕੀ ਅਸੀਂ 21ਵੀਂ ਸਦੀ ਵਿਚ ਵੀ ਸਾਧਾਂ ਸੰਤਾਂ ਦੇ ਹੀ ਪਿਛਲੱਗ ਬਣੇ ਰਹਾਂਗੇ? ਸਾਡੇ ਹੀ ਸੰਵਿਧਾਨ ਦੇ ਮੁਢਲੇ ਫ਼ਰਜ਼ਾਂ (fundamental duties) ਵਿਚ ਲਿਖਿਆ ਗਿਆ ਹੈ ਕਿ ਹਰ ਨਾਗਰਿਕ ਦਾ ਫਰਜ਼ ਹੈ ਕਿ ਉਹ ਵਿਗਿਆਨਕ ਨਜ਼ਰੀਆ ਰੱਖੇ ਤੇ ਇਸ ਦਾ ਪ੍ਰਸਾਰ ਕਰੇ (Art . 51 - a) ਫਿਰ ਕੀ ਇਹ ਮੁਢਲੇ ਫਰਜ਼ ਸਰਕਾਰ 'ਤੇ ਲਾਗੂ ਨਹੀਂ ਹੁੰਦੇ? ਲੋਕਾਂ ਨੂੰ ਤਾਂ ਕਹੋ ਕਿ ਮਿਹਨਤ ਦਾ ਫਲ ਮਿਠਾ ਹੁੰਦਾ ਹੈ ਤੇ ਆਪ ਸਮਝੋ ਕਿ ਲਾਟਰੀ ਦਾ ਫਲ ਮਿਠਾ ਹੁੰਦਾ ਹੈ।

... ਪਹਿਲੀ ਗੱਲ ਤਾਂ ਉਹ ਸੰਤ ਹੀ ਕਾਹਦਾ, ਜਿਸ ਨੂੰ ਸੋਨੇ ਦੇ ਖ਼ਜ਼ਾਨੇ ਦੇ ਸੁਪਨੇ ਆਉਂਦੇ ਹੋਣ, ਉਹ ਤਾਂ ਕੋਈ ਧੰਨੇ ਸ਼ਾਹ ਹੀ ਹੋਇਆ? ਕਿਤੇ ਉਸ ਨੇ ਕਿਸੇ ਆੜ੍ਹਤੀਏ ਦਾ ਜੂਠਾ ਤਾਂ ਨਹੀਂ ਖਾ ਲਿਆ? ਜਾਂ ਫਿਰ ਟੀ.ਵੀ. 'ਤੇ ਫ਼ੋਟੋ ਖਿਚਵਾਉਣ ਦਾ ਸਵਾਦ ਪੈ ਗਿਆ ਹੋਣਾ ਇਸ 'ਬ੍ਰਹਮ ਗਿਆਨੀ ਜੀ' ਨੂੰ। ਦੂਸਰੀ ਗੱਲ ਇਹ ਕਿ ਅਸੀਂ ਭਾਰਤੀ ਲੋਕ ਇਸ 'ਧਰਤੀ ਹੇਠ ਦੱਬੇ ਖ਼ਜ਼ਾਨੇ ਵਾਲੀ' ਸੋਚ ਵਿਚੋਂ ਆਖ਼ਰ ਕਦੋਂ ਬਾਹਰ ਆਵਾਂਗੇ? ਮੈਂ ਕਈ ਲੋਕਾਂ ਨੂੰ ਇਸ ਤਰ੍ਹਾਂ ਦੀਆਂ ਯਭਲ੍ਹੀਆਂ ਮਾਰਦੇ ਦੇਖਿਆ ਹੈ ਕਿ ਫਲਾਣੀ ਬੇਰੀ ਥੱਲੇ ਖ਼ਜ਼ਾਨਾ ਦੱਬਿਆ ਪਿਆ ਹੈ ਪਰ ਉਸ ਉੱਤੇ ਕਾਲੇ ਨਾਗ ਦਾ ਪਹਿਰਾ ਹੈ। ਕੀ ਸਾਡੀ ਸਰਕਾਰ ਵੀ ਕਿਸੇ ਅਜਿਹੀ ਸੋਚ ਦੀ ਹੀ ਸ਼ਿਕਾਰ ਹੈ?

... ਖ਼ਜ਼ਾਨੇ ਦੱਬੇ ਤਾਂ ਧਰਤੀ ਥੱਲੇ ਹੀ ਹੁੰਦੇ ਹਨ ਪਰ ਉਹ ਇਸ ਰੂਪ ਵਿਚ ਨਹੀਂ ਹੁੰਦੇ। ਅਰਬ ਦੇਸ਼ਾਂ ਨੇ ਆਪਣੀ ਧਰਤੀ ਹੇਠਲੇ ਖਜ਼ਾਨੇ (ਤੇਲ) ਨੂੰ ਪਛਾਣ ਲਿਆ ਤੇ ਅੱਜ ਉਹ ਅੱਤ ਦੇ ਅਮੀਰ ਹਨ। ਤੁਰਕਮੇਨਿਸਤਾਨ ਨੇ ਆਪਣੇ ਧਰਤੀ ਹੇਠਲੇ ਖਜ਼ਾਨੇ (ਕੁਦਰਤੀ ਗੈਸ) ਨੂੰ ਪਛਾਣ ਲਿਆ ਤੇ ਅੱਜ ਅਸੀਂ ਉਸ ਤੋਂ ਗੈਸ Pipeline ਲੈਣ ਲਈ ਅਮਰੀਕਾ ਨੂੰ ਵਿਚੋਲਾ ਪਾਉਂਦੇ ਫਿਰਦੇ ਹਾਂ। ਕਜ਼ਾਖ਼ਸਿਤਾਨ ਵਰਗੇ ਦੇਸ਼ਾਂ ਨੇ ਆਪਣੇ ਧਰਤੀ ਹੇਠਲੇ ਖ਼ਜ਼ਾਨੇ (ਯੂਰੇਨੀਅਮ) ਨੂੰ ਪਛਾਣ ਲਿਆ ਤੇ ਅੱਜ ਭਾਰਤ ਤੇ ਪਾਕਿਸਤਾਨ ਵਰਗੇ ਦੇਸ਼ ਉਨ੍ਹਾਂ ਅੱਗੇ ਯੂਰੇਨੀਅਮ ਲਈ ਲੇਲੜੀਆਂ ਕੱਢ ਰਹੇ ਹਨ। ਅਮਰੀਕਾ ਨੇ ਆਪਣੇ ਕੁਦਰਤੀ ਖ਼ਜ਼ਾਨੇ (ਸ਼ੈਲ ਗੈਸ) ਦੀ ਖੋਜ ਕਰ ਲਈ ਹੈ ਤੇ ਅਜੇ ਕਈ ਸਾਲ ਹੋਰ ਉਹ ਦੁਨੀਆ ਦਾ ਥਾਣੇਦਾਰ ਬਣਿਆ ਰਹੇਗਾ।

.... ਦੁਨੀਆ ਵਿਚ ਯੂਰਪ ਵਿਚ ਸਭ ਤੋਂ ਘੱਟ ਕੁਦਰਤੀ ਖ਼ਜ਼ਾਨਿਆਂ ਦੇ ਸੋਮੇ ਹਨ ਤੇ ਅਫ਼ਰੀਕਾ ਵਿਚ ਸਭ ਤੋਂ ਵੱਧ। ਫਿਰ ਵੀ ਪਿਛਲੀਆਂ 5-6 ਸਦੀਆਂ ਤੋਂ ਯੂਰਪ ਦੁਨੀਆ ਦਾ ਸਭ ਤੋਂ ਅਮੀਰ ਖਿੱਤਾ ਹੈ ਤੇ ਅਫਰੀਕਾ ਸਭ ਤੋਂ ਗ਼ਰੀਬ, ਕਿਉਂਕਿ ਅਫ਼ਰੀਕਾ ਵਾਲਿਆਂ ਦੀ ਅਗਿਆਨਤਾ ਹੀ ਉਨ੍ਹਾਂ ਨੂੰ ਮਾਰੀ ਬੈਠੀ ਹੈ। ਉਨ੍ਹਾਂ ਨੂੰ ਆਪਣੇ ਅਸਲੀ ਖ਼ਜ਼ਾਨਿਆਂ ਦੀ ਜਾਣਕਾਰੀ ਹੀ ਨਹੀਂ।

... ਸਾਨੂੰ ਆਪਣੇ ਅਸਲੀ ਖ਼ਜ਼ਾਨੇ ਖੋਜਣ ਦੀ ਲੋੜ ਹੈ ਤੇ ਉਨ੍ਹਾਂ ਖ਼ਜ਼ਾਨਿਆਂ ਦੇ ਸੁਪਨੇ ਕਿਸੇ ਸਾਧ ਨੂੰ ਨਹੀਂ ਆ ਸਕਦੇ। ਸਾਡਾ ਸਭ ਤੋਂ ਵੱਡਾ ਖ਼ਜ਼ਾਨਾ ਹੈ ਸਾਡਾ demographic dividend, ਅਰਥਾਤ ਸਾਡੇ ਦੇਸ਼ ਵਿਚ ਨੌਜਵਾਨਾਂ ਦੀ ਗਿਣਤੀ ਸਭ ਤੋਂ ਵੱਧ ਹੈ। ਇਸ ਖ਼ਜ਼ਾਨੇ ਵੱਲ ਧਿਆਨ ਦਿੱਤਾ ਜਾਵੇ। ਸਾਡਾ ਦੇਸ਼ ਡਾਕਟਰ ਬਣਾਉਂਦਾ ਰਹਿ ਜਾਂਦਾ ਹੈ ਤੇ ਇਲਾਜ ਉਹ ਜਾ ਕੇ ਯੂਰਪ ਤੇ ਅਮਰੀਕਾ ਵਾਲਿਆਂ ਦਾ ਕਰਦੇ ਹਨ। ਅਸੀਂ ਰਹਿ ਜਾਂਦੇ ਹਾਂ ਝੋਲਾ ਛਾਪ ਡਾਕਟਰਾਂ ਜੋਗੇ। ਸਾਡੇ ਆਈ.ਟੀ. ਪ੍ਰੋਫ਼ੈਸ਼ਨਲ ਸਾਡੇ ਹੀ ਦੇਸ਼ ਵਿਚ ਕੰਮ ਕਰਨਾ ਪਸੰਦ ਕਿਉਂ ਨਹੀਂ ਕਰਦੇ? ਉਹ ਮਲਟੀ ਨੈਸ਼ਨਲ ਕੰਪਨੀ ਦੇ ਪੈਕੇਜਾਂ ਮਗਰ ਹੀ ਕਿਉਂ ਪਾਗਲ ਹੋਏ ਰਹਿੰਦੇ ਹਨ? 2010 ਵਿਚ ਨਵੀਆਂ ਖੋਜਾਂ ਲਈ ਪੇਟੈਂਟ ਦੀਆਂ ਆਈਆਂ ਦਰਖ਼ਾਸਤਾਂ ਵਿਚ ਜਪਾਨ ਤੋਂ 4.64 ਲੱਖ, ਅਮਰੀਕਾ ਤੋਂ 4.2 ਲੱਖ, ਜਰਮਨੀ ਤੋਂ 1.7 ਲੱਖ, ਚੀਨ ਤੋਂ 3 ਲੱਖ ਤੇ ਸਾਡੇ ਮਹਾਨ ਦੇਸ਼ ਤੋਂ ਸਿਰਫ 6000 ਦਰਖ਼ਾਸਤਾਂ, WIPO (World Intellectual Property Organisation) ਨੂੰ ਮਿਲੀਆਂ। ਅਸੀਂ ਹਰਗੋਬਿੰਦ ਖੁਰਾਣੇ ਨੂੰ ਗਲੀਆਂ ਵਿਚ ਰੋਲ ਦਿੱਤਾ ਤੇ ਅਮਰੀਕਾ ਜਾ ਕੇ ਉਸ ਨੇ ਨੋਬੇਲ ਪੁਰਸਕਾਰ ਜਿੱਤ ਲਿਆ।

... ਜੇ ਭਾਰਤੀ ਪੁਰਾਤਤਵ ਵਿਭਾਗ ਨੂੰ ਖ਼ੁਦਾਈਆਂ ਕਰਨ ਦਾ ਇੰਨਾ ਹੀ ਸ਼ੌਂਕ ਹੈ ਤਾਂ ਸਿੰਧੂ ਘਾਟੀ ਦੀ ਸਭਿਅਤਾ ਵਾਲੀ ਬਹੁਤ ਸਾਰੀ ਖ਼ੁਦਾਈ ਅਜੇ ਮੁਲਤਵੀ ਪਈ ਹੋਈ ਹੈ, ਉਸ ਬਾਰੇ ਫ਼ੰਡਾਂ ਦੀ ਘਾਟ ਕਿਉਂ ਆ ਜਾਂਦੀ ਹੈ? ਉਸ ਦੇ ਤਾਂ ਇਨ੍ਹਾਂ ਨੂੰ ਸੁਪਨੇ ਵੀ ਆਉਣੋਂ ਹਟ ਗਏ ਹੋਣੇ ਆ?

... ਤੇ ਜੇ ਇਹ ਜੋਲੋਜੀਕਲ ਸਰਵੇ ਆਫ਼ ਇੰਡੀਆ ਦੇ ਸਰਵੇਖਣ ਉੱਤੇ ਅਧਾਰਤ ਖ਼ੁਦਾਈ ਹੋ ਰਹੀ ਹੈ ਤਾਂ ਇਸ ਦੀ ਕਲਗੀ, ਸਾਧ ਦੇ ਮਥੇ 'ਤੇ ਕਿਉਂ ਸਜਾਈ ਜਾ ਰਹੀ ਹੈ? ਜੇ ਇਹ ਸਾਧ ਇੰਨਾ ਹੀ ਵੱਡਾ ਅਰਥ ਵਿਗਿਆਨੀ ਲਗਦਾ ਹੈ ਤਾਂ ਇਸ ਨੂੰ ਹੀ ਰਿਜ਼ਰਵ ਬੈਂਕ ਦਾ ਗਵਰਨਰ ਬਣਾ ਦਿਓ। ਦੇਸ਼ ਦੀ ਆਰਥਕ ਘਾਟੇ ਦੀ ਸਮੱਸਿਆ ਸਾਧਾਂ ਤੋਂ ਹੀ ਦੂਰ ਕਰਵਾ ਲਓ। ਮਨਮੋਹਨ ਸਿੰਘ ਤੋਂ ਜੋ ਨਹੀਂ ਹੋ ਸਕਿਆ, ਸ਼ਾਇਦ ਇਹ ਸਾਧ ਹੀ ਕਰ ਕੇ ਵਿਖਾ ਦੇਵੇ। ਤੇ ਫਿਰ ਇਸ ਸਾਧ ਨੂੰ ਹੀ ਦੇਸ਼ ਦਾ ਪ੍ਰਧਾਨ ਮੰਤਰੀ ਬਣਾ ਦਿਓ? ਨਾਲੇ ਬੀਬੀ ਸੋਨੀਆ ਦਾ ਵੀ ਕੁਰਬਾਨੀ ਵਾਲਾ ਅਕਸ ਬਣਿਆ ਰਹੇਗਾ ਕਿ ਉਸ ਨੂੰ ਪ੍ਰਧਾਨ ਮੰਤਰੀ ਬਣਨ ਦਾ ਕੋਈ ਲਾਲਚ ਨਹੀਂ, ਉਹ ਤਾਂ ਅਰਥ ਸ਼ਾਸਤਰੀਆਂ ਨੂੰ ਹੀ ਮੌਕੇ ਦਿੰਦੇ ਹਨ।

... ਮੋਦੀ ਦਾ ਪਹਿਲਾਂ ਤਾਂ ਇਸ ਖ਼ੁਦਾਈ ਦਾ ਮਖੌਲ ਉਡਾਉਣਾ ਤੇ ਫਿਰ ਸਾਧ ਦੀ ਇਕ ਹੀ ਘੁਰਕੀ ਤੋਂ ਬਾਅਦ ਉਸ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹਣਾ ਸਾਬਤ ਕਰਦਾ ਹੈ ਕਿ ਇਹ ਧਰਮ ਤੇ ਰਾਜਨੀਤੀ ਦਾ ਨਾਪਾਕ ਗਠਜੋੜ ਹੈ। ਦੋਵੇਂ ਹੀ ਇਕ ਦੂਜੇ ਦੇ ਪੂਰਕ ਹਨ। ਸਿਆਸਤਦਾਨਾਂ ਨੇ ਹੀ ਸਾਈਂ ਬਾਬਿਆਂ ਤੇ ਆਸਾ ਰਾਮਾਂ ਨੂੰ ਖੁੱਲ੍ਹੀ ਛੁੱਟੀ ਦੇ ਰੱਖੀ ਹੈ ਕਿ ਉਹ ਲੋਕਾਂ ਦੀ ਅਗਿਆਨਤਾ ਦਾ ਫਾਇਦਾ ਉਠਾਈ ਜਾਣ ਤੇ ਮਸਤ ਸੁਪਨੇ ਲਈ ਜਾਣ।

... ਇਸੇ ਲਈ ਸਾਡੀ ਸਰਕਾਰ ਲੱਗੀ ਹੋਈ ਹੈ ਇਕ ਸਾਧ ਦਾ ਸੁਪਨਾ ਪੂਰਾ ਕਰਨ ਵਿਚ। ਕਰ ਲਓ ਘਿਓ ਨੂੰ ਭਾਂਡਾ!! ਕਰ ਲਓ ਖਜ਼ਾਨੇ ਭਰਪੂਰ!!



# ਗ਼ਦਰ ਸ਼ਤਾਬਦੀ ਨੂੰ ਸਮਰਪਤ ਪੰਜਾਬੀ ਕਲਚਰਲ ਐਸੋਸੀਏਸ਼ਨ ਦੇ ਸਮਾਗਮ 'ਚ ਸ਼ਾਨਦਾਰ ਪੇਸ਼ਕਾਰੀਆਂ







ਐਡਮਿੰਟਨ (ਨਦਬ) : ਪੰਜਾਬੀ ਕਲਚਰਲ ਐਸੋਸੀਏਸ਼ਨ ਅਲਬਰਟਾ ਵਲੋਂ ਗ਼ਦਰ ਸ਼ਤਾਬਦੀ ਨੂੰ ਸਮਰਪਤ 31ਵਾਂ ਸੱਭਿਆਚਾਰਕ ਸਮਾਗਮ ਜੁਬਲੀ ਆਡੀਟੋਰੀਅਮ ਵਿਚ ਕਰਵਾਇਆ ਗਿਆ। ਇਸ ਵਿੱਚ ਨੌਜਵਾਨ ਕਲਾਕਾਰਾਂ ਨੇ ਚਾਅ ਅਤੇ ਉਤਸ਼ਾਹ ਨਾਲ ਭਾਗ ਲਿਆ। ਇਸ ਮੌਕੇ ਕਲਾਕਾਰਾਂ ਵੱਲੋਂ ਗਿੱਧਾ, ਭੰਗੜਾ, ਗੀਤਾਂ ਅਤੇ ਹੋਰ ਮੰਨੋਰੰਜਨ ਵਾਲੀਆਂ ਵਿਧਾਵਾਂ ਦੀ ਪੇਸ਼ਕਾਰੀ ਕੀਤੀ ਗਈ।

ਪੀ.ਸੀ.ਏ. ਦੇ ਸਭਿਆਚਾਰਕ ਨਿਰਦੇਸ਼ਕ ਪਰਮਿੰਦਰ ਧਾਲੀਵਾਲ ਤੇ ਸਭਿਆਚਾਰਕ ਨਿਰਦੇਸ਼ਕਾ ਬਖ਼ਸ਼ ਸੰਘਾ ਦੀ ਰਹਿਨੁਮਾਈ ਹੇਠ ਕਰਵਾਏ ਇਹ ਇਸ ਸੱਭਿਆਚਾਰਕ ਪ੍ਰੋਗਰਾਮ ਵਿੱਚ ਲਗਭਗ ਪੰਜ ਸੌ ਦਰਸ਼ਕਾਂ ਨੇ ਹਾਜ਼ਰੀ ਲਵਾਈ। ਪ੍ਰੋਗਰਾਮ ਦੀ ਸ਼ੁਰੂਆਤੀ ਪੇਸ਼ਕਾਰੀ ਪੰਜਾਬੀ ਸਮਰ ਕੈਂਪ ਦੇ ਵਿਦਿਆਰਥੀਆਂ ਵੱਲੋਂ ਨਾਚ ਦੇ ਰੂਪ ਵਿੱਚ ਕੀਤੀ ਗਈ, ਜਿਸਨੇ ਦਰਸ਼ਕਾਂ ਨੂੰ ਝੂਮਣ ਲਾ ਦਿੱਤਾ। ਇਸ ਤੋਂ ਬਾਅਦ ਲਗਾਤਾਰ ਵੱਖ-ਵੱਖ ਕਲਾਵਾਂ ਦੀਆਂ ਦੋ ਦਰਜਨ ਪੇਸ਼ਕਾਰੀਆਂ ਹੋਈਆਂ।

ਪੰਜਾਬੀ ਆਰਟ ਐਸੋਸੀਏਸ਼ਨ ਆਫ਼ ਐਡਮਿੰਟਨ ਵਲੋਂ ਪੇਸ਼ ਦਲਬੀਰ ਸਾਂਗਿਆਣ ਦੀ ਲਿਖੀ ਤੇ ਜੋਗਿੰਦਰ ਰੰਧਾਵਾ ਵਲੋਂ ਨਿਰਦੇਸ਼ਤ ਸਕਿੱਟ ਅਤੇ ਕਿਰਤਮੀਤ ਕੁਹਾੜ ਵਲੋਂ ਨਿਰਦੇਸ਼ਤ ਗ਼ਦਰ ਲਹਿਰ 'ਤੇ ਅਧਾਰਤ ਕੋਰੀਓਗ੍ਰਾਫ਼ੀ, ਗਿੱਧਾ ਅਤੇ ਝੂਮਰ ਨੂੰ ਬੇਹੱਦ ਪ੍ਰਸੰਦ ਕੀਤਾ ਗਿਆ। ਇਸ ਤੋਂ ਇਲਾਵਾ ਕਵੀਆਂ ਵੱਲੋਂ ਕਵਿਤਾਵਾਂ ਅਤੇ ਗ਼ਜ਼ਲਾਂ ਵੀ ਇਸ ਪ੍ਰੋਗਰਾਮ ਵਿੱਚ ਸੁਣਾਈਆਂ ਗਈਆਂ। ਸਾਰੀਆਂ ਹੀ ਪੇਸ਼ਕਾਰੀਆਂ ਨੇ ਦਰਸ਼ਕਾਂ 'ਤੇ ਬਹੁਤ ਹੀ ਚੰਗਾ ਪ੍ਰਭਾਵ ਛੱਡਿਆ। ਪ੍ਰਬੰਧਕਾਂ ਵੱਲੋਂ ਪ੍ਰਬੰਧ ਵੀ ਪੂਰੇ ਸੁਚੱਜੇ ਢੰਗ ਨਾਲ ਕੀਤੇ ਗਏ ਸਨ, ਭਾਵੇਂ ਕੁੱਝ ਦਰਸ਼ਕਾਂ ਦੀ ਸ਼ਿਕਾਇਤ ਸੀ ਕਿ ਪ੍ਰੋਗਰਾਮ ਜ਼ਿਆਦਾ ਲੰਮਾ ਖਿੱਚਿਆ ਗਿਆ ਹੈ। ਹਰ ਸਾਲ ਨਾਲੋਂ ਇਹ ਪ੍ਰੋਗਰਾਮ ਇਸ ਲਈ ਵੀ ਵੱਖਰਾ ਸੀ ਕਿ ਇਸ ਵਾਰ ਪੇਸ਼ਕਾਰੀਆਂ ਵਿੱਚ ਵਿਲੱਖਣਤਾ ਬਹੁਤ ਸੀ। ਵੱਖ-ਵੱਖ ਕਲਾਵਾਂ ਨਾਲ ਜੁੜੀਆਂ ਪੇਸ਼ਕਾਰੀਆਂ ਨੇ ਹਰ ਵਰਗ ਅਤੇ ਹਰ ਉਮਰ ਦੇ ਲੋਕਾਂ ਦਾ ਧਿਆਨ ਖਿੱਚਿਆ। ਪਿਛਲੇ ਸਾਲਾਂ ਨਾਲੋਂ ਤੜਕ-ਭੜਕ ਵੀ ਇਸ ਵਾਰ ਜ਼ਿਆਦਾ ਨਜ਼ਰ ਆਈ।

ਪ੍ਰੋਗਰਾਮ ਦੇ ਸ਼ੁਰੂਆਤੀ ਸਵਾਗਤੀ ਸ਼ਬਦ ਪੰਜਾਬੀ ਕਲਚਰਲ ਐਸੋਸੀਏਸ਼ਨ ਦੇ ਪ੍ਰਧਾਨ ਗੁਰਚਰਨ ਸਿੰਘ ਬਰਾੜ ਵੱਲੋਂ ਬੋਲੇ ਗਏ। ਪ੍ਰੋਗਰਾਮ ਦੇ ਅੰਤ ਵਿੱਚ ਉਨ੍ਹਾਂ ਨੇ ਨੌਜਵਾਨ ਕਲਾਕਾਰਾਂ ਨੂੰ ਸਿਹਰਾ ਦਿੰਦਿਆਂ ਕਿਹਾ ਕਿ ਪ੍ਰੋਗਰਾਮ ਦੀ ਸਫ਼ਲਤਾ ਇਨ੍ਹਾਂ ਕਲਾਕਾਰਾਂ ਦੀ ਮਿਹਨਤ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਸੱਭਿਆਚਾਰਕ ਪ੍ਰੋਗਰਾਮਾਂ ਰਾਹੀਂ ਬੱਚੇ ਅਤੇ ਨੌਜਵਾਨ ਆਪਣੇ ਸੱਭਿਆਚਾਰ ਅਤੇ ਪਰੰਪਰਾਵਾਂ ਨਾਲ ਜੁੜਦੇ ਹਨ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਯੁਵਰਾਜ ਬਾਸੀ ਨੂੰ ਵਲੰਟੀਅਰ ਆਫ਼ ਦਾ ਯੀਅਰ ਸਨਮਾਨ ਨਾਲ ਨਿਵਾਜਿਆ ਗਿਆ। ਸਮਾਗਮ ਨੂੰ ਸਫ਼ਲਤਾ ਪੂਰਵਕ ਸਿਰੇ ਚੜ੍ਹਾਉਣ ਵਿਚ ਪੀ.ਸੀ.ਏ. ਦੇ ਐਗਜੈਕਟਿਵ ਮੈਂਬਰਾਂ ਦਲਬੀਰ ਸਾਂਗਿਆਣ, ਕਿਰਤਮੀਤ ਕੁਹਾੜ, ਗੁਰਸੇਵਕ ਮਾਨ, ਗੁਰਵਿੰਦਰ (ਸੋਨੀ) ਗਿੱਲ, ਕੁਲਦੀਪ ਧਾਲੀਵਾਲ, ਵਰਿੰਦਰ ਭੁੱਲਰ, ਅਰਵਿੰਦਰ ਸੇਖੋਂ ਤੋਂ ਇਲਾਵਾ ਸੁਖਦੇਵ ਧਨੋਆ, ਮਨਜੀਤ ਬਾਜਵਾ, ਤੇਜਿੰਦਰ ਬਰਾੜ ਅਤੇ ਜਤਿੰਦਰ ਧਾਲੀਵਾਲ ਨੇ ਵਿਸ਼ੇਸ਼ ਯੋਗਦਾਨ ਪਾਇਆ। ਬਲਜੀਤ ਲੱਲ ਵਲੋਂ ਫ਼ੋਟੋਗ੍ਰਾਫ਼ੀ ਕੀਤੀ ਗਈ।



# ਨਤਾਸ਼ਾ ਦੀ ਝੇਸ਼ਮਾ

ਇਕਬਾਲ ਮਾਹਲ
416-587-5520
iqbalmahal@rogers.com



**ਪੰਜਾਬੀ ਮੌਸੀਕੀ ਦੀ ਮਲਿਕਾ ਰੇਸ਼ਮਾ ਅੱਜ ਸਾਡੇ ਵਿਚਕਾਰ ਨਹੀਂ। ਲੋਕ ਜਦੋਂ ਦੀਵਾਲੀ ਦਾ ਤਿਉਹਾਰ ਮਨਾਉਣ ਵਿਚ ਮਸਰੂਫ਼ ਸਨ; ਉਦੋਂ ਹੀ ਇਹ ਮਨਹੂਸ ਖ਼ਬਰ ਆਈ ਕਿ ਰੇਸ਼ਮਾ ਨਹੀਂ ਰਹੀ। ਰੇਸ਼ਮਾ ਨਹੀਂ ਹੈ ਪਰ ਫਿਰ ਵੀ ਹੈ; ਉਹਦੀ ਬੁਲੰਦ ਆਵਾਜ਼ ਰਹਿੰਦੀ ਦੁਨੀਆ ਤਕ ਗੂੰਜਦੀ ਰਹੇਗੀ। ਅਦਾਰਾ 'ਨਵੀਂ ਦੁਨੀਆ' ਰੇਸ਼ਮਾ ਨੂੰ ਆਪਣੀ ਅਕੀਦਤ ਭੇਟ ਕਰਦਾ ਹੋਇਆ ਇਕਬਾਲ ਮਾਹਲ ਦਾ ਉਨ੍ਹਾਂ ਬਾਰੇ ਲਿਖਿਆ 'ਨਤਾਸ਼ਾ ਦੀ ਝੇਸ਼ਮਾ' ਲੇਖ ਆਪਣੇ ਪਾਠਕਾਂ ਤਕ ਪੁਚਾ ਰਿਹਾ ਹੈ। ਇਕਬਾਲ ਮਾਹਲ ਦਾ ਇਹ ਲੇਖ ਉਨ੍ਹਾਂ ਦੀ ਸਾਲ 2002 ਵਿਚ ਆਈ ਪੁਸਤਕ 'ਸੁਰਾਂ ਦੇ ਸੁਦਾਗਰ' ਵਿਚੋਂ ਧੰਨਵਾਦ ਸਹਿਤ ਲਿਆ ਜਾ ਰਿਹਾ ਹੈ। – ਸੰਪਾਦਕ**

1995 ਦੀ ਗੱਲ ਹੈ, ਰੇਸ਼ਮਾ ਟੋਰਾਂਟੋ ਆਈ। ਉਸ ਦੇ ਪ੍ਰੋਗਰਾਮ ਬਾਰੇ ਟੀ.ਵੀ. ਤੋਂ ਹੋਕਾ ਸੁਣ ਕੇ ਮੇਰੀ ਧੀ ਨਤਾਸ਼ਾ ਕਹਿਣ ਲੱਗੀ, "ਡੈਡੀ ਮੈਂ ਝੇਸ਼ਮਾ ਦੇਖਣੀ ਐ।" ਉਦੋਂ ਨਤਾਸ਼ਾ ਮਸਾਂ ਤਿੰਨ ਸਾਲ ਦੀ ਸੀ। ਮੈਂ ਸੋਚਿਆ, ਬੱਚੀ ਹੈ, ਦਸਾਂ ਮਿੰਟਾਂ ਤਕ ਭੁੱਲ ਭੁਲਾ ਜਾਵੇਗੀ। ਜਿਹੜਾ ਬੱਚਾ ਹਾਲੇ 'ਰ' ਨੂੰ 'ੜ' ਕਹਿੰਦਾ ਹੈ ਉਸ ਨੂੰ ਰੇਸ਼ਮਾ ਦਾ ਕੀ ਪਤਾ ਹੈ। ਪਰ ਮੇਰੇ ਕੰਮ 'ਤੇ ਜਾਣ ਤਕ ਨਤਾਸ਼ਾ ਨੇ "ਝੇਸ਼ਮਾ ਦੇਖਣ" ਦੀ ਰਟ ਲਗਾਤਾਰ ਲਾਈ ਰੱਖੀ।

ਨਤਾਸ਼ਾ ਦੀ ਇਸ ਜ਼ਿੱਦ ਨੇ ਮੇਰੇ ਆਪਣੇ ਅੰਦਰ ਵੀ ਰੇਸ਼ਮਾ ਨੂੰ ਮਿਲਣ ਦੀ ਉਤਸਕਤਾ ਜਗਾ ਦਿੱਤੀ ਸੀ। ਮੈਂ ਸਮਝਣਾ ਚਾਹੁੰਦਾ ਸੀ ਕਿ ਰੇਸ਼ਮਾ ਵਿਚ ਉਹ ਕਿਹੜਾ ਜਾਦੂ ਹੈ ਕਿ ਇਕ ਤਿੰਨ ਸਾਲ ਦੀ ਬੱਚੀ ਵੀ ਉਸ ਨੂੰ ਦੇਖਣਾ ਅਤੇ ਸੁਣਨਾ ਚਾਹੁੰਦੀ ਹੈ। ਕੁਝ ਆਵਾਜ਼ਾਂ ਅਜਿਹੀਆਂ ਵੀ ਹੁੰਦੀਆਂ ਹਨ, ਜਿਹੜੀਆਂ ਬੱਚਿਆਂ ਦੇ ਮਾਸੂਮ ਮਨਾਂ ਤੋਂ ਵੀ ਹੁੰਗਾਰਾ ਲੈ ਲੈਂਦੀਆਂ ਹਨ; ਇਸ ਦਾ ਅਹਿਸਾਸ ਮੈਨੂੰ ਨਤਾਸ਼ਾ ਦੀ ਜ਼ਿੱਦ ਤੋਂ ਬਾਅਦ ਹੀ ਹੋਇਆ। ਰੇਸ਼ਮਾ ਇਸ ਤੋਂ ਪਹਿਲਾਂ ਵੀ ਦੋ ਵਾਰ ਟੋਰਾਂਟੋ ਆ ਚੁੱਕੀ ਸੀ, ਪਰ ਦੋਵੇਂ ਵਾਰ ਮੈਂ ਸ਼ਹਿਰ ਤੋਂ ਬਾਹਰ ਹੋਣ ਕਰ ਕੇ ਉਸ ਨੂੰ ਨਾ ਮਿਲ ਸਕਿਆ।

ਰੇਸ਼ਮਾ ਦੇ ਗੀਤਾਂ ਦੀ ਟੇਪ ਘਰ ਵਿਚ ਅਸੀਂ ਕਦੇ ਕਦਾਈਂ ਸੁਣ ਲੈਂਦੇ ਸਾਂ। ਜਦੋਂ ਹੀ ਰੇਸ਼ਮਾ ਦੀ ਆਵਾਜ਼ ਕੰਨੀ ਪੈਂਦੀ, ਨਤਾਸ਼ਾ ਭਾਵੇਂ ਘਰ ਦੀ ਕਿਸੇ ਨੁੱਕਰ ਵਿਚ, ਜਾਂ ਕਿਸੇ ਵੀ ਖੇਡ ਵਿਚ ਮਸਤ ਕਿਉਂ ਨਾ ਹੁੰਦੀ, ਮੇਰੀ ਲਾਇਬਰੇਰੀ 'ਚ ਆ ਕੇ ਬੜੇ ਧਿਆਨ ਨਾਲ ਸੁਣਨ ਲੱਗ ਪੈਂਦੀ। ਇਸ ਤੋਂ ਪਹਿਲਾਂ ਰੇਸ਼ਮਾ ਦੀ ਆਵਾਜ਼ ਨਾਲ ਨਤਾਸ਼ਾ ਦੇ ਇਸ ਮੋਹ ਨੂੰ ਮੈਂ ਬਾਲਪਨ ਦੀ ਮੌਜ ਤੋਂ ਵੱਧ ਕੁਝ ਨਹੀਂ ਸੀ ਸਮਝਿਆ। ਸ਼ੋਅ ਵਾਲੇ ਦਿਨ ਅਸੀਂ ਰੇਸ਼ਮਾ ਨੂੰ ਮਿਲਣ ਗਏ। ਟੀ.ਵੀ. ਪ੍ਰੋਗਰਾਮ "ਵਿਜ਼ਨ ਆਫ਼ ਪੰਜਾਬ" ਦਾ ਸੰਚਾਲਕ ਹੋਣ ਦੇ ਨਾਤੇ, ਮੈਨੂੰ ਇਹ ਰਿਆਇਤ ਹਾਸਲ ਰਹੀ ਹੈ ਕਿ ਮੈਂ ਹਿੰਦ-ਪਾਕਿ ਉਪ-ਮਹਾਂਦੀਪ ਦੇ ਕਿਸੇ ਵੀ ਕਲਾਕਾਰ ਨੂੰ, ਸਟੇਜ ਦੇ ਪਿਛੇ "ਡਰੈਸਿੰਗ ਰੂਮ" ਵਿਚ ਜਾ ਕੇ ਮਿਲ ਲਵਾਂ। ਰੇਸ਼ਮਾ ਨੂੰ ਵੀ ਮੈਂ ਇੰਜ ਹੀ ਮਿਲਿਆ। ਉਹ ਹੋਰ ਵੀ ਨਿੱਘ ਤੇ ਤਪਾਕ ਨਾਲ ਮਿਲੀ ਜਦੋਂ ਉਸ ਨੂੰ ਕਿਸੇ ਨੇ ਦੱਸਿਆ ਕਿ ਮੈਂ ਸੁਰਿੰਦਰ ਕੌਰ ਦਾ ਮੂੰਹ ਬੋਲਿਆ ਪੁੱਤਰ ਹਾਂ।

ਸੁਰਿੰਦਰ ਕੌਰ ਦੀ ਸਿਫ਼ਤ ਸਲਾਹ ਵਿਚ ਰੇਸ਼ਮਾ ਨੇ ਬੜੀ ਸ਼ਰਧਾ ਅਤੇ ਸਤਿਕਾਰ ਦਾ ਇਜ਼ਹਾਰ ਕੀਤਾ। ਉਹ ਬੋਲੀ, "ਅਸਲ ਮੌਸੀਕੀ ਤਾਂ ਬਾਜ਼ੀ (ਸੁਰਿੰਦਰ ਕੌਰ) ਜਾਂ ਮੈਡਮ ਨੂਰ ਜਹਾਂ ਜਿਹੇ ਫ਼ਨਕਾਰਾਂ ਦੀ ਹੈ। ਅਸੀਂ ਤਾਂ ਐਵੇਂ ਵਕਤ ਹੀ ਟਪਾਉਂਦੇ ਹਾਂ। ਇਸ ਨੂੰ ਅੱਲਾ ਦਾ ਕਰਮ ਸਮਝੋ ਜਾਂ ਤੁਹਾਡੇ ਜਿਹੇ ਸੁਣਨ ਵਾਲਿਆਂ ਦੀ ਮਿਹਰਬਾਨੀ, ਜੋ ਤੁਸੀਂ ਸਾਡੇ ਜਿਹੇ ਅਨਪੜ੍ਹਾਂ ਨੂੰ ਵੀ ਫ਼ਨਕਾਰ ਦਾ ਦਰਜਾ ਦੇ ਰੱਖਿਆ ਹੈ।" ਅਸੀਂ ਕਿੰਨਾ ਚਿਰ ਇਕ ਦੂਸਰੇ ਨਾਲ ਗੱਲਾਂ ਵਿਚ ਰੁੱਝੇ ਰਹੇ। ਨਤਾਸ਼ਾ ਦੇ ਮੋਹ ਦੀ ਗੱਲ ਸੁਣ ਕੇ ਰੇਸ਼ਮਾ ਨੇ ਬੱਚੀ ਨੂੰ ਪਿਆਰ ਨਾਲ ਚੁੰਮਿਆ ਅਤੇ ਪ੍ਰੋਗਰਾਮ ਸ਼ੁਰੂ ਕਰਨ ਵੇਲੇ ਉਸ ਨੂੰ ਉਂਗਲ ਫੜਾ ਸਟੇਜ ਤਕ ਆਪਣੇ ਨਾਲ ਹੀ ਲੈ ਲਈ। ਰੇਸ਼ਮਾ ਦਾ ਪ੍ਰੋਗਰਾਮ ਢਾਈ ਘੰਟੇ ਚੱਲਿਆ, ਸਾਰਾ ਸਮਾਂ ਨਤਾਸ਼ਾ ਸਾਡੇ ਟੇਬਲ 'ਤੇ ਚੌਕੜੀ ਮਾਰ ਕੇ ਬੜੇ ਧਿਆਨ ਨਾਲ ਉਸ ਨੂੰ ਸੁਣਦੀ ਰਹੀ।

ਅੱਜ ਤੋਂ ਕੋਈ ਤਿੰਨ ਕੁ ਦਹਾਕੇ ਪਹਿਲਾਂ ਜਦੋਂ ਪਾਕਿਸਤਾਨ ਰੇਡੀਓ ਨੇ ਆਪਣੀ ਨਿਵੇਕਲੀ ਲੱਭਤ ਵਜੋਂ ਰੇਸ਼ਮਾ ਨੂੰ ਸਾਹਮਣੇ ਲਿਆਂਦਾ ਸੀ, ਉਸ ਦੀ ਅਨੋਖੀ ਆਵਾਜ਼ ਨੇ ਸਰਹੱਦ ਦੇ ਆਰ ਪਾਰ ਵਹਿੰਦੇ ਦਰਿਆਵਾਂ ਵਾਂਗ, ਦੋਵੇਂ ਪਾਸੇ ਦੇ ਪੰਜਾਬੀਆਂ ਦੇ ਦਿਲਾਂ ਵਿਚ ਆਪ ਮੁਹਾਰੇ ਰਾਹ ਬਣਾ ਲਿਆ ਸੀ। ਲੋਕ ਰੇਸ਼ਮਾ ਦੀ ਆਵਾਜ਼ ਵਿਚ 'ਹਾਏ ਓਏ ਰੱਬਾ ਨਹੀਂ ਲੱਗਦਾ ਦਿਲ ਮੇਰਾ' ਅਤੇ 'ਉਠ ਗਏ ਗਵਾਂਢੋ ਯਾਰ' ਸੁਣਨ ਦੀ ਉਡੀਕ ਵਿਚ ਰਹਿੰਦੇ। ਇਹ ਆਵਾਜ਼ ਇਕ ਖਾਨਾਬਦੋਸ਼ ਕੁੜੀ ਦੀ ਆਵਾਜ਼ ਸੀ। ਰਤਾ ਕੁ ਭਾਰੇ ਸੁਰ ਵਾਲੀ ਇਸ ਨਵੇਕਲੀ ਆਵਾਜ਼ ਨੂੰ ਸੁਣ ਕੇ ਮਹਿਸੂਸ ਹੁੰਦਾ ਸੀ, ਜਿਵੇਂ ਲੋਕ ਗੀਤਾਂ ਵਿਚਲੇ ਵਿਛੋੜੇ ਅਤੇ ਉਡੀਕ ਦਾ ਸਾਰਾ ਦਰਦ ਇਸ ਵਿਚ ਉਮੜ ਆਇਆ ਹੋਵੇ।

ਮੈਂ ਕਈ ਵਾਰ ਸੋਚਦਾ ਹਾਂ ਕਿ ਪਾਕਿਸਤਾਨ ਰੇਡੀਓ ਦੇ ਅਹੁਦੇਦਾਰਾਂ ਨੇ, ਸ਼ਾਹਬਾਜ਼ ਕਲੰਦਰ ਦੇ ਮਜ਼ਾਰ 'ਤੇ ਰੇਸ਼ਮਾ ਨੂੰ ਪਹਿਲੀ ਵਾਰ ਪੂਰੀ ਮਸਤੀ ਅਤੇ ਵੇਗ ਵਿਚ ਗਾਉਂਦਿਆਂ ਸੁਣਿਆ ਹੋਵੇਗਾ, ਤਾਂ ਉਹ ਕਿੰਨੀ ਡੂੰਘੀ ਤਰ੍ਹਾਂ ਹਲੂਣੇ ਗਏ ਹੋਣਗੇ! ਪਾਕਿਸਤਾਨ ਰੇਡੀਓ ਨੇ ਉਦੋਂ ਇਸ ਆਵਾਜ਼ ਨਾਲ ਤੁਆਰੁਫ਼ ਕਰਾਉਂਦਿਆ ਕਿਹਾ ਸੀ, "ਧਰਤੀ ਇਸ ਨੂੰ ਆਪਣੀ ਅਵਾਜ਼ ਕਹਿੰਦੀ ਹੈ ਅਤੇ ਆਸਮਾਨ ਦਾ ਕਹਿਣਾ ਹੈ ਕਿ ਇਹ ਉਸ ਦੀ ਗੂੰਜ ਹੈ।"

ਰੇਸ਼ਮਾ ਦਾ ਰਾਜਸਥਾਨੀ ਕਬੀਲਾ ਮੁਲਕ ਦੀ ਵੰਡ ਸਮੇਂ ਹਿਜਰਤ ਕਰ ਕੇ ਪਾਕਿਸਤਾਨ ਆ ਗਿਆ ਸੀ। ਜਨਮ ਸਮੇਂ ਘਰ ਦਿਆਂ ਨੇ ਉਸ ਦਾ ਨਾਂ "ਪਠਾਣੀ ਬੇਗ਼ਮ" ਰੱਖਿਆ ਸੀ, ਪਰ ਉਸ ਦੀ ਮਾਂ ਉਸ ਨੂੰ ਪਿਆਰ ਨਾਲ ਰੇਸ਼ਮਾ ਆਖਦੀ ਸੀ। ਅੰਤ ਨੂੰ ਉਸ ਦਾ ਨਾਂ ਰੇਸ਼ਮਾ ਹੀ ਪੱਕ ਗਿਆ ਤੇ ਏਸੇ ਨਾਂ ਵਾਲੇ ਗੁਣ ਉਸ ਦੀ ਜ਼ਾਤ ਦਾ ਹਿੱਸਾ ਬਣ ਗਏ। ਰੇਸ਼ਮਾ ਆਪਣੇ ਨਾਂ ਬਾਰੇ ਹਾਸੇ ਨਾਲ ਦੱਸਦੀ ਹੈ, "ਮੈਂ ਪਠਾਣੀ ਤਾਂ ਸੀ ਨਹੀਂ, ਪਰ ਬੇਗ਼ਮ ਤਾਂ ਮੈਂ ਉੱਕਾ ਹੀ ਨਹੀਂ ਸੀ।"

ਗਾਉਣ ਦਾ ਸ਼ੌਕ ਉਸ ਨੂੰ ਬਚਪਨ ਤੋਂ ਹੀ ਸੀ। ਉਸ ਦਾ ਕਬੀਲਾ ਊਠ, ਗਾਵਾਂ ਅਤੇ ਬੱਕਰੀਆਂ ਪਾਲਦਾ ਤੇ ਇਨ੍ਹਾਂ ਦਾ ਵਪਾਰ ਕਰਦਾ। ਅੱਜ ਉਨ੍ਹਾਂ ਇਸ ਮੇਲੇ ਵਿਚ ਹੋਣਾ ਤਾਂ ਅਗਲੇ ਦਿਨ, ਆਪਣਾ ਡੰਡਾ ਡੇਰਾ ਸਮੇਟ ਕੇ, ਕਿਸੇ ਹੋਰ ਥਾਂ ਲੱਗਣ ਵਾਲੀ ਮੰਡੀ ਵੱਲ ਤੁਰ ਪੈਣਾ। ਰੇਸ਼ਮਾ ਦੇ ਕਬੀਲੇ ਦੇ ਬਜ਼ੁਰਗਾਂ ਨੂੰ ਅਜੇ ਵੀ ਜੈਪੁਰ, ਜੋਧਪੁਰ, ਬੀਕਾਨੇਰ ਆਦਿ ਰਾਜਸਥਾਨੀ ਸ਼ਹਿਰਾਂ, ਕਸਬਿਆਂ ਦੀਆਂ ਰੌਣਕਾਂ ਅਤੇ ਪੈਂਡੇ ਯਾਦ ਹਨ। ਉਹ ਨਾਲ ਲਗਦੇ ਗੁਜਰਾਤ ਅਤੇ ਪੰਜਾਬ ਦੇ ਇਲਾਕਿਆਂ ਵਿਚ ਵੀ ਜਾਂਦੇ, ਵੱਖ-ਵੱਖ ਪੀਰਾਂ ਫ਼ਕੀਰਾਂ ਦੇ ਮਜ਼ਾਰਾਂ 'ਤੇ ਮਨਾਏ ਜਾਣ ਵਾਲੇ ਉਰਸਾਂ ਵਿਚ ਸ਼ਾਮਲ ਹੁੰਦੇ।

ਪੀਰਾਂ ਫ਼ਕੀਰਾਂ ਦੀ ਮੰਨਤ ਟੱਪਰੀਵਾਸੀਆਂ ਦੇ ਵਿਸ਼ਵਾਸ ਦਾ ਵੱਡਾ ਹਿੱਸਾ ਹੈ। ਮਜ਼ਾਰਾਂ 'ਤੇ ਲੱਗਣ ਵਾਲੇ ਮੇਲਿਆਂ ਦਾ ਇਕ ਵਿਸ਼ੇਸ਼ ਪੱਖ ਇਹ ਵੀ ਹੁੰਦਾ ਹੈ ਕਿ ਵੱਖ-ਵੱਖ ਕਬੀਲਿਆਂ ਦੇ ਗਵੱਈਏ ਆਪੋ ਆਪਣੇ ਠੱਠ ਬੰਨ੍ਹ ਕੇ ਗਾਉਂਦੇ। ਤਾਰਿਆਂ ਦੀ ਛਾਵੇਂ, ਗੀਤਾਂ ਦੀਆਂ ਹੇਕਾਂ ਸਾਰੀ-ਸਾਰੀ ਰਾਤ ਹਵਾ ਵਿਚ ਗੂੰਜਦੀਆਂ। ਰੇਸ਼ਮਾ ਦੇ ਗਾਉਣ ਦੇ ਗੁਣ ਨੂੰ ਇਨ੍ਹਾਂ ਮੇਲਿਆਂ ਨੇ ਹੀ ਉਤਸ਼ਾਹਿਤ ਕੀਤਾ।

ਖਾਨਾ-ਬਦੋਸ਼ ਕਬੀਲਿਆਂ ਬਾਰੇ ਸਾਡੀ ਧਾਰਨਾ ਸ਼ਾਇਦ ਇਹ ਹੈ ਕਿ ਉਹ ਆਪਣਾ ਵਾਸਾ ਅਤੇ ਗਵਾਂਢ ਬਦਲਦੇ ਰਹਿੰਦੇ ਹਨ, ਇਸ ਲਈ ਉਹ ਥਾਵਾਂ ਜਾਂ ਲੋਕਾਂ ਦੇ ਸਬੰਧ ਵਿਚ ਮੋਹ ਜਾਂ ਮੁਹੱਬਤ ਤੋਂ ਖ਼ਾਲੀ ਹੁੰਦੇ ਹਨ। ਪਰ ਅਸਲੀਅਤ ਇਸ ਦੇ ਉੱਕਾ ਹੀ ਉਲਟ ਹੈ। ਰੇਸ਼ਮਾ ਬੋਲੀ, "ਕੋਈ ਥਾਂ ਤੁਹਾਨੂੰ ਪਲਾਂ ਵਿਚ ਹੀ ਆਪਣੀ ਲੱਗਣ ਲੱਗ ਪੈਂਦੀ ਹੈ ਤੇ ਕਈ ਥਾਵਾਂ ਦਾ ਓਪਰਾਪਨ ਕਦੇ ਨਹੀਂ ਜਾਂਦਾ। ਕਾਰ ਵਿਚ ਸਫ਼ਰ ਕਰਦਿਆਂ ਕੋਈ ਥਾਂ ਮੈਨੂੰ ਅਚਾਨਕ ਰੋਕ ਲੈਂਦੀ ਹੈ। ਮੈਨੂੰ ਯਾਦ ਆ ਜਾਂਦਾ ਹੈ ਕਿ ਕਿਸੇ ਜ਼ਮਾਨੇ ਵਿਚ ਅਸਾਂ ਏਥੇ ਵੀ ਡੇਰਾ ਲਾਇਆ ਸੀ। ਮੈਂ ਕਾਰ ਵਿਚੋਂ ਉਤਰ ਕੇ ਉਸ ਥਾਂ ਦੇ ਦਰੱਖਤਾਂ ਕੋਲ ਜਾਂਦੀ ਹਾਂ, ਉਨ੍ਹਾਂ ਨੂੰ ਛੋਂਹਦੀ ਹਾਂ, ਉਨ੍ਹਾਂ ਦੇ ਹੇਠ ਬੈਠਦੀ ਹਾਂ। ਮਨ ਹੀ ਮਨ ਵਿਚ ਉਨ੍ਹਾਂ ਘੜੀਆਂ ਨੂੰ ਦੁਹਰਾਉਂਦੀ ਹਾਂ ਜਿਹੜੀਆਂ ਅਸੀਂ ਕਦੇ ਇਥੇ ਗੁਜ਼ਾਰੀਆਂ ਸਨ।"

ਮੈਨੂੰ ਜਾਪਿਆ ਕਿ ਗਵਾਚ ਗਈਆਂ ਥਾਵਾਂ ਅਤੇ ਅਚਨਚੇਤ ਵਿਛੜੇ ਗੁਆਂਢੀਆਂ ਦਾ ਹੇਰਵਾ ਰੇਸ਼ਮਾ ਦੀ ਆਵਾਜ਼ ਵਿਚ ਸੱਜਰੇ ਵਿਛੋੜੇ ਦਾ ਦਰਦ ਬਣ ਕੇ ਬੋਲਦਾ ਹੈ। ਇਹ ਹੇਰਵਾ ਹੀ ਛੋਟੇ ਤੋਂ ਲੈ ਕੇ ਵੱਡੇ ਤਕ, ਹਰ ਉਮਰ ਦੇ ਸਰੋਤਿਆਂ ਦੇ ਦਿਲਾਂ ਨੂੰ ਧੂਹ ਪਾਉਂਦਾ ਹੈ। ਰੇਸ਼ਮਾ ਦੀ ਆਵਾਜ਼ ਵਿਚ ਆਪਣੀ ਹੀ ਤਰ੍ਹਾਂ ਦੀ ਇਕ ਤਪਸ਼ ਹੈ। ਇਹ ਤਪਸ਼ ਅਵੱਸ਼ ਹੀ ਰਾਜਸਥਾਨ ਦੇ ਮਾਰੂਥਲਾਂ ਦੀ ਦੇਣ ਹੈ। ਜੇ ਤੁਸੀਂ ਉਸ ਦੀ ਆਵਾਜ਼ ਨੂੰ ਉਸ ਦੇ ਸਵੱਛ ਰੂਪ ਵਿਚ ਮਾਨਣਾ ਹੋਵੇ ਤਾਂ ਉਸ ਦੇ ਰਾਜਸਥਾਨੀ ਗੀਤ ਜ਼ਰੂਰ ਸੁਣੋ। ਆਪਣੀ ਮੁਢਲੀ ਮਾਂ ਬੋਲੀ ਹੋਣ ਕਾਰਨ ਜਦ ਉਹ ਰਾਜਸਥਾਨੀ ਵਿਚ 'ਪਧਾਰੋ ਹਮਾਰੇ ਦੇਸ਼ ਹੋ' ਗਾਉਂਦੀ ਹੈ, ਤਾਂ ਤੁਹਾਡੀਆਂ ਅੱਖਾਂ ਅੱਗੇ ਉਡੀਕ ਦੀ ਤਸਵੀਰ ਖੜੀ ਕਰ ਦਿੰਦੀ ਹੈ। ਲੋਕ ਗਾਇਕੀ ਅਤੇ ਮਾਂ ਬੋਲੀ ਦਾ ਅਨਿੱਖੜਵਾਂ ਰਿਸ਼ਤਾ ਹੈ। ਜੇ ਪੰਜਾਬੀ ਵਿਚ ਵੀ ਉਹ ਏਨੇ ਦਰਦ ਨਾਲ ਗਾ ਸਕੀ ਹੈ ਤਾਂ ਇਸ ਦਾ ਕਾਰਨ ਵੀ ਇਹੀ ਹੈ, ਕਿ ਇਹ ਬੋਲੀ ਵੀ ਉਸ ਦੀ ਮਾਂ ਬੋਲੀ ਹੈ। ਦਰਅਸਲ ਹਰ ਗਾਇਕ ਦੀ ਆਵਾਜ਼ ਹਰ ਕਿਸਮ ਦੀ ਗਾਇਕੀ ਲਈ ਢੁਕਵੀਂ ਨਹੀਂ ਹੋ ਸਕਦੀ। ਇਹ ਗੱਲ ਰੇਸ਼ਮਾ ਜਿਹੇ ਉਨ੍ਹਾਂ ਕਲਾਕਾਰਾਂ 'ਤੇ ਖਾਸ ਤੌਰ 'ਤੇ ਲਾਗੂ ਹੁੰਦੀ ਹੈ ਜਿਹੜੇ ਲੋਕ ਧਾਰਾ ਵਿਚੋਂ ਉੱਭਰਦੇ ਹਨ। ਗਾਉਣ ਨੂੰ ਭਾਵੇਂ ਰੇਸ਼ਮਾ ਨੇ ਗੁਜਰਾਤੀ, ਪਸ਼ਤੋ, ਸਿੰਧੀ, ਉਰਦੂ ਅਤੇ ਕਈ ਹੋਰ ਜ਼ੁਬਾਨਾਂ ਵਿਚ ਵੀ ਗਾਇਆ ਹੈ ਪਰ ਜੋ ਕੁਝ ਉਹ ਆਪਣੀ ਮਾਂ ਬੋਲੀ ਪੰਜਾਬੀ ਵਿਚ ਗਾ ਚੁੱਕੀ ਹੈ, ਜਾਂ ਗਾ ਰਹੀ ਹੈ, ਉਹ ਹੀ ਉਸ ਦੀ ਅਸਲ ਪਰਾਪਤੀ ਹੈ।

ਇਕ ਵਾਰ ਪਾਕਿਸਤਾਨ ਟੈਲੀਵਿਜ਼ਨ ਵਾਲਿਆਂ ਨੇ ਉਸ ਨੂੰ ਸਾੜ੍ਹੀ ਪੁਆ ਕੇ ਇਕਬਾਲ ਬਾਨੋ ਜਾਂ ਫ਼ਰੀਦਾ ਖ਼ਾਨਮ ਬਣਾਉਣ ਦੀ ਕੋਸ਼ਿਸ਼ ਕੀਤੀ ਸੀ। ਸ਼ਾਇਦ ਪਾਕਿਸਤਾਨ ਦੇ ਸੱਭਿਆਚਾਰਕ ਸ਼ੇਖ ਸਮਝਦੇ ਹਨ ਕਿ ਜੋ ਖ਼ਾਲਸ ਉਰਦੂ ਦੀਆਂ ਗ਼ਜ਼ਲਾਂ ਜਾਂ ਨਜ਼ਮਾਂ ਨਹੀਂ ਗਾ ਸਕਦਾ, ਉਹ ਗਾਇਕ ਨਹੀਂ ਅਖਵਾ ਸਕਦਾ। ਉਸ ਨੇ ਦੱਸਿਆ, "ਮੈਨੂੰ ਟੀ.ਵੀ. ਵਾਲਿਆਂ ਨੇ ਸਮਝਾਇਆ ਕਿ ਸੈੱਟ ਦੀ ਇਸ ਨੁੱਕਰ ਤੋਂ ਗ਼ਜ਼ਲ ਗਾਉਣੀ ਸ਼ੁਰੂ ਕਰਨੀ ਹੈ ਤੇ ਫਿਰ ਅਗਲੇ ਮਿਸਰੇ ਲਈ ਤੁਰ ਕੇ ਦੂਜੀ ਨੁੱਕਰੇ ਚਲੇ ਜਾਣਾ ਤੇ ਉਸ ਤੋਂ ਬਾਅਦ ਤੀਜੀ ਅਤੇ ਚੌਥੀ ਨੁਕਰੇ ਜਾ ਖਲੋਣਾ ਹੈ। ਉਹ ਤਾਂ ਸਮਝਾ ਕੇ ਚਲੇ ਗਏ ਪਰ ਜਦੋਂ ਗ਼ਜ਼ਲ ਸ਼ੁਰੂ ਹੋਈ ਮੈਂ ਇੱਕ ਨੁੱਕਰ ਤੋਂ ਗਾ ਕੇ ਦੂਜੀ ਨੁੱਕਰ ਨੂੰ ਜਾਣ ਲੱਗੀ, ਤਾਂ ਮੇਰੇ ਪੈਰ ਹੇਠ ਮੇਰੀ ਸਾੜ੍ਹੀ ਦਾ ਪੱਲੂ ਆ ਗਿਆ ਤੇ ਮੇਰੀ ਸਾੜ੍ਹੀ ਖੁੱਲ੍ਹ ਗਈ।" ਉਹ ਸਟੇਜ 'ਤੇ ਆਮ ਕਹਿੰਦੀ ਹੈ, "ਸਰਦਾਰਾਂ ਦੀ ਪਗੜੀ ਤੇ ਰੇਸ਼ਮਾ ਦਾ ਲਿਬਾਸ ਕਦੇ ਨਹੀਂ ਬਦਲਦੇ, ਦੂਰੋਂ ਹੀ ਪਹਿਚਾਣੇ ਜਾਂਦੇ ਹਨ।"

ਪਤਾ ਨਹੀਂ ਪਾਕਿਸਤਾਨ ਟੀ.ਵੀ. ਵਾਲਿਆਂ ਨੇ ਰੇਸ਼ਮਾ ਤੋਂ ਉਰਦੂ ਵਿਚ ਕੁਝ ਚੀਜ਼ਾਂ ਕਿਉਂ ਗਵਾਈਆਂ? ਜਦੋਂ ਪਾਕਿਸਤਾਨ ਵਿਚ ਚੜ੍ਹਦੀ ਤੋਂ ਚੜ੍ਹਦੀ ਗ਼ਜ਼ਲ ਗਾਇਕਾ ਮੌਜੂਦ ਹੋਵੇ ਉਦੋਂ ਰੇਸ਼ਮਾ ਨੂੰ ਇਕ ਵਧੀਆ ਲੋਕ-ਗਾਇਕ ਤੋਂ ਸਾਧਾਰਨ ਜਿਹੀ ਗ਼ਜ਼ਲ-ਸਰਾ ਬਣਾਉਣ ਦੀਆਂ ਕੋਸ਼ਿਸ਼ਾਂ ਜੇ ਹਾਸੋ ਹੀਣੀਆਂ ਨਹੀਂ ਤਾਂ ਬੇਤੁਕੀਆਂ ਜ਼ਰੂਰ ਹਨ। ਰੇਸ਼ਮਾ ਇਕ ਸਿਰਮੌਰ ਲੋਕ ਗਾਇਕ ਹੈ ਤੇ ਉਸ ਨੂੰ ਇਹ ਹੀ ਰਹਿਣਾ ਚਾਹੀਦਾ ਹੈ। ਦਿਲਚਸਪ ਗੱਲ ਇਹ ਹੈ ਕਿ ਜਿਥੇ ਪਾਕਿਸਤਾਨ ਦੇ ਸਕਾਫ਼ਤੀ ਸੱਜਣ ਉਸ ਤੋਂ ਗ਼ਜ਼ਲ-ਸਰਾ ਬਣਨ ਦੀ ਆਸ ਕਰਦੇ ਹਨ, ਉਥੇ ਉਸ ਦੇ ਸਰੋਤੇ ਉਸ ਤੋਂ ਉਸ ਭੋਲ਼ੀ ਭਾਲ਼ੀ ਤੇ ਅੱਲ੍ਹੜ ਰੇਸ਼ਮਾ ਦੀਆਂ ਅਦਾਵਾਂ ਭਾਲ਼ਦੇ ਹਨ। ਰੇਸ਼ਮਾ ਨੂੰ ਆਪਣੇ ਸ਼ੁਰੂ-ਸ਼ੁਰੂ ਦੇ ਅਣਜਾਣ ਪੁਣੇ ਅਤੇ ਭੋਲ਼ੇਪਨ ਦੀਆਂ ਗੱਲਾਂ ਸੁਣਾਉਣ ਤੇ ਹਸਾਉਣ ਦਾ ਵਲ ਆਉਂਦਾ ਹੈ। ਪਰ ਹੁਣ ਉਹ ਉਸ ਦੌਰ ਨੂੰ ਬਹੁਤ ਪਿਛੇ ਛੱਡ ਆਈ ਹੈ, ਜਦੋਂ ਉਹ ਪਹਿਲੀ ਵਾਰ ਟੈਲੀਵਿਜ਼ਨ ਸਟੂਡੀਓ ਵਿਚ ਰਿਕਾਰਡਿੰਗ ਸਮੇਂ ਸਾਹਮਣੇ ਪਏ ਟੈਲੀਵਿਜ਼ਨ ਸੈੱਟ ਦੀ ਸਕਰੀਨ ਦੇਖ ਕੇ ਏਨੀ ਹੈਰਾਨ ਹੋਈ ਸੀ ਕਿ ਉਸੇ ਵੱਲ ਹੀ ਤੱਕੀ ਜਾ ਰਹੀ ਸੀ। ਅੰਤ ਨੂੰ ਟੈਲੀਵਿਜ਼ਨ ਅਮਲੇ ਨੂੰ ਟੈਲੀਵਿਜ਼ਨ ਸੈੱਟ ਦਾ ਮੂੰਹ ਦੂਜੇ ਪਾਸੇ ਕਰਨਾ ਪਿਆ ਸੀ। ਇਸੇ ਤਰ੍ਹਾਂ ਇਕ ਵਾਰ ਉਰਦੂ ਦੀ ਨਜ਼ਮ ਗਾਉਣ ਦੀ ਪ੍ਰੈਕਟਿਸ ਕਰਦਿਆਂ "ਸ਼ਗੁਫ਼ਤਾ" ਲਫ਼ਜ਼ ਰਟਾਉਣ ਲਈ ਟੀ.ਵੀ. ਪ੍ਰੋਗਰਾਮ ਦੇ ਨਿਰਦੇਸ਼ਕਾਂ ਨੂੰ ਕਾਫ਼ੀ ਸਿਰ-ਖਪਾਈ ਕਰਨੀ ਪਈ ਸੀ।

ਰੇਸ਼ਮਾ ਭੋਲ਼ੇਪਨ ਵਿਚ ਬੋਲੀ, "ਮੈਂ ਬੜਾ ਜ਼ੋਰ ਲਾਵਾਂ ਯਾਦ ਕਰਨ ਲਈ, ਪਰ 'ਸ਼ਗੁਫ਼ਤਾ' ਲਫ਼ਜ਼ 'ਤੇ ਆਵਾਂ ਤਾਂ ਸਭ ਕੁਝ ਭੁੱਲ ਜਾਵੇ। ਮੈਂ ਬੜਾ ਰੱਟਾ ਲਾ ਕੇ ਇਹ ਲਫ਼ਜ਼ ਯਾਦ ਕਰ ਲਿਆ। ਜਦੋਂ ਟੀ.ਵੀ. ਵਾਲਿਆਂ ਨੇ ਕੈਮਰੇ ਚਾਲੂ ਕੀਤੇ ਤਾਂ ਮੈਂ ਪਹਿਲੇ ਅੰਤਰੇ ਵਿਚ ਹੀ 'ਸ਼ਗੁਫ਼ਤਾ' ਲਫ਼ਜ਼ ਵਾਲੀ ਲਾਈਨ ਕਹਿ ਕੇ ਆਪਣਾ ਪਿੱਛਾ ਛੁਡਾਉਣ ਦੀ ਕੀਤੀ। ਉਨ੍ਹਾਂ ਨੇ ਰਿਕਾਰਡਿੰਗ ਬੰਦ ਕਰਵਾ ਦਿੱਤੀ ਤੇ ਕਿਹਾ, "ਇਹ ਲਫ਼ਜ਼ ਤਾਂ ਤੀਸਰੇ ਅੰਤਰੇ ਵਿਚ ਗਾਉਣਾ ਸੀ।"

☛ ਬਾਕੀ ਸਫ਼ਾ 41 'ਤੇ

# ਕਨੇਡਾ ਦੀ ਧਰਤੀ ਦਾ ਪਹਿਲਾ ਗ਼ਦਰੀ ਸ਼ਹੀਦ ਮੇਵਾ ਸਿੰਘ

ਡਾ. ਤੇਜਿੰਦਰ ਵਿਰਲੀ
+91-94647-97400
virli@rediffmail.com



**ਅਸੀਂ ਗ਼ਦਰ ਲਹਿਰ ਦੀ ਸਤਾਬਦੀ ਮਨਾ ਰਹੇ ਹਾਂ, ਇਸਨੂੰ ਧਿਆਨ 'ਚ ਰੱਖਦਿਆਂ ਗ਼ਦਰ ਲਹਿਰ ਦੇ ਮਹੱਤਵਪੂਰਨ ਤੱਥਾਂ ਅਤੇ ਇਸ ਲਹਿਰ ਦੇ ਮਹਾਨ ਨਾਇਕਾਂ ਬਾਰੇ 'ਨਵੀਂ ਦੁਨੀਆਂ' ਦੇ ਹਰ ਅੰਕ ਵਿੱਚ ਛਾਪਣ ਦੀ ਯੋਜਨਾ ਬਣਾਈ ਹੈ।**
**ਇਸੇ ਲੜੀ ਤਹਿਤ ਅਸੀਂ ਡਾ. ਤੇਜਿੰਦਰ ਵਿਰਲੀ ਦਾ ਇਹ ਵਿਸ਼ੇਸ਼ ਲੇਖ ਇੱਥੇ ਛਾਪ ਰਹੇ ਹਾਂ।**

ਭਾਰਤ ਦੀ ਆਜ਼ਾਦੀ ਤੇ ਭਾਰਤੀਆਂ ਦੇ ਗੌਰਵ ਨੂੰ ਬਣਾਈ ਰੱਖਣ ਦੀ ਚਾਹਤ ਰੱਖਣ ਵਾਲਾ ਜੋਧਾ ਮੇਵਾ ਸਿੰਘ ਕਨੇਡਾ ਦੀ ਧਰਤੀ 'ਤੇ ਭਾਰਤ ਤੇ ਭਾਰਤੀਆਂ ਦੀ ਆਨ ਸ਼ਾਨ ਲਈ ਗਿਆਰਾਂ ਜਨਵਰੀ ਉਨੀ ਸੌ ਪੰਦਰਾਂ ਨੂੰ ਹੱਸਦਾ ਹੱਸਦਾ ਫਾਂਸੀ ਦੇ ਫੰਦੇ 'ਤੇ ਝੂਟ ਗਿਆ ਤੇ ਆਪਣਾ ਨਾਮ ਉਨ੍ਹਾਂ ਲੋਕਾਂ ਦੀ ਸੂਚੀ ਵਿਚ ਦਰਜ ਕਰਵਾ ਗਿਆ, ਜਿਨ੍ਹਾਂ 'ਤੇ ਕੌਮਾਂ ਹਮੇਸਾਂ ਮਾਣ ਕਰਨਗੀਆਂ।

ਮੇਵਾ ਸਿੰਘ ਲੋਪੋਕੇ ਰੋਟੀ ਰੋਜ਼ੀ ਦੀ ਭਾਲ ਵਿਚ ਉਧਮ ਸਿੰਘ ਕਸੇਲ, ਤੇ ਅੱਛਰ ਸਿੰਘ ਨਾਲ ਘਰੋਂ ਚੀਨ ਨੂੰ ਗਿਆ। ਇਹ ਉਹ ਸਮਾਂ ਸੀ, ਜਦੋਂ ਪੰਜਾਬ ਦੇ ਲੋਕ ਆਪਣੀ ਟੁੱਟਦੀ ਆਰਥਿਕਤਾ ਦਾ ਕੋਈ ਹੱਲ ਭਾਰਤ ਵਿਚੋਂ ਲੱਭਦਾ ਨਾ ਦੇਖ ਕੇ ਵਿਦੇਸ਼ਾਂ ਨੂੰ ਜਾਣੇ ਸ਼ੁਰੂ ਹੋਏ। ਇਸ ਸਮੇਂ ਬਹੁਤੇ ਲੋਕ ਚੀਨ, ਇਰਾਨ, ਬਰਮਾ, ਮਿਸਰ, ਪੂਰਬੀ ਅਫਰੀਕਾ ਤੇ ਅਮਰੀਕਾ ਆਦਿ ਦੇਸ਼ਾਂ ਨੂੰ ਗਏ। ਭਾਰਤੀਆਂ ਨੇ ਇਸ ਸਮੇਂ ਬਰਤਾਨਵੀ ਸਾਮਰਾਜ ਦੀਆਂ ਸਰਹੱਦਾਂ ਦੇ ਵਿਸਥਾਰ ਦੇ ਲਈ ਬਿਗਾਨੀ ਲੜਾਈ ਵਿਚ ਆਪਣੀਆਂ ਕੀਮਤੀ ਜਾਨਾਂ ਵੀ ਵਾਰੀਆਂ ਸਨ। ਪਹਿਲੋਂ ਪਹਿਲ ਫ਼ੌਜੀ ਹੀ ਇਨ੍ਹਾਂ ਦੇਸ਼ਾਂ ਨੂੰ ਗਏ ਸਨ ਫੇਰ ਦੇਖੋ ਦੇਖੀ ਇਹ ਰੁਝਾਨ ਆਰੰਭ ਹੋ ਗਿਆ ਸੀ। ਆਰਥਕ ਤੰਗੀਆਂ ਤੋਂ ਨਿਜਾਤ ਪਾਉਣ ਲਈ ਇਸ ਸਮੇਂ ਕੁੱਝ ਭਾਰਤੀਆਂ ਨੇ ਭਾਰਤ ਮਾਂ ਨੂੰ ਅਲਵਿਦਾ ਆਖ ਕੇ ਪਰਿਵਾਰਾਂ ਸਮੇਤ ਬਦੇਸ਼ਾਂ ਵਿਚ ਵਸਣ ਦਾ ਮਨ ਬਣਾਇਆ ਸੀ। ਮੇਵਾ ਸਿੰਘ ਵੀ ਉਨ੍ਹਾਂ ਲੋਕਾਂ ਵਿਚੋਂ ਹੀ ਇਕ ਸੀ, ਜਿਨ੍ਹਾਂ ਨੇ ਰੁਜ਼ਗਾਰ ਦੀ ਖ਼ਾਤਰ ਭਾਰਤ ਮਾਂ ਨੂੰ ਅਲਵਿਦਾ ਆਖੀ ਸੀ।

ਮੇਵਾ ਸਿੰਘ ਆਪਣੇ ਸਾਥੀਆਂ ਨਾਲ ਕਲਕਤਿਓਂ ਰੰਗੂਨ ਤੇ ਰੰਗੂਨ ਤੋਂ ਪੀਨਾਗ ਤੇ ਫਿਰ ਪੀਨਾਗ ਤੋਂ ਹਾਗਕਾਂਗ ਹੁੰਦਾ ਹੋਇਆ ਕਨੇਡਾ ਦੀ ਧਰਤੀ 'ਤੇ ਪਹੁੰਚਿਆ ਸੀ। ਕਨੇਡਾ ਵੀ ਉਦੋਂ ਬਰਤਾਨੀਆ ਦੀ ਹੀ ਬਸਤੀ ਸੀ। ਉਸ ਵੇਲੇ ਚੀਨ ਤੇ ਜਪਾਨ ਤੋਂ ਮਜ਼ਦੂਰ ਕੰਮ ਦੀ ਤਲਾਸ਼ ਲਈ ਕਨੇਡਾ ਜਾ ਰਹੇ ਸਨ। ਕਨੇਡਾ ਦੀ ਹਕੂਮਤ ਤੇ ਕਨੇਡਾ ਦੇ ਲੋਕ ਭਾਰਤੀਆਂ ਨੂੰ ਪਸੰਦ ਨਹੀਂ ਸਨ ਕਰਦੇ। ਇਸ ਦੇ ਨਾਲ ਹੀ ਚੀਨ ਤੇ ਜਪਾਨ ਦੇ ਮਜ਼ਦੂਰਾਂ ਨਾਲ ਵੀ ਖਿੱਚੋਤਾਣ ਦਾ ਮਾਹੌਲ ਬਣਿਆ ਹੋਇਆ ਸੀ। ਮੇਵਾ ਸਿੰਘ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਜਿਥੇ ਪਰਵਾਸੀ ਭਾਰਤੀ ਮਜ਼ਦੂਰਾਂ ਨੂੰ ਏਕਤਾ ਦੇ ਸੂਤਰ ਵਿਚ ਪਰੋਣ ਦਾ ਮੁਢਲਾ ਯਤਨ ਆਰੰਭ ਕੀਤਾ। ਉਨ੍ਹਾਂ ਦਿਨਾਂ ਵਿਚ ਕਨੇਡਾ ਵਿਚ ਪਰਵਾਸੀ ਮਜ਼ਦੂਰਾਂ ਦੀ ਹਾਲਤ ਬਹੁਤੀ ਚੰਗੀ ਨਹੀਂ ਸੀ। ਇੱਥੇ ਭਾਰਤ ਤੋਂ ਆਏ ਕਿਰਤੀ ਕਾਮਿਆਂ ਨੂੰ ਦੋ ਨੰਬਰ ਦੇ ਸ਼ਹਿਰੀ ਵੀ ਨਹੀਂ ਸੀ ਸਮਝਿਆ ਜਾਂਦਾ। ਉਸ ਸਮੇਂ ਕਨੇਡਾ ਵੀ ਅੰਗਰੇਜ਼ਾਂ ਦੀ ਹੀ ਬਸਤੀ ਸੀ। ਰੋਟੀ ਦੀ ਭਾਲ ਵਿਚ ਕਨੇਡਾ ਆਏ ਭਾਰਤੀਆਂ ਨੂੰ ਜ਼ਹਾਲਤ ਦੇ ਨਰਕ ਵਿਚੋਂ ਦੀ ਹਰ ਰੋਜ਼ ਲੰਘਣਾ ਪੈਂਦਾ ਸੀ। ਕਨੇਡਾ ਦੀ ਸਰਹੱਦ ਦੇ ਨਾਲ ਲਗਦਾ ਅਮਰੀਕਾ ਦਾ ਇਕ ਸ਼ਹਿਰ ਹੈ ਸਿਆਟਲ। ਸਿਆਟਲ ਤੋਂ ਬੰਗਾਲੀ ਨੌਜਵਾਨ ਤਾਰਕਨਾਥ ਦਾਸ ਅਤੇ ਉਨ੍ਹਾਂ ਦੇ ਸਾਥੀ 'ਫਰੀ ਹਿੰਦੋਸਤਾਨ' ਨਾਂ ਦਾ ਇਨਕਲਾਬੀ ਪਰਚਾ ਕੱਢਦੇ ਸਨ। ਅਮਰੀਕਾ, ਕਨੇਡਾ ਦੀ ਧਰਤੀ 'ਤੇ ਵਸਦੇ ਹਿੰਦੁਸਤਾਨੀਆਂ ਦਾ ਇਕ ਵਰਗ ਉਨ੍ਹਾਂ ਦੇ ਵਿਚਾਰਾਂ ਦਾ ਹਮਦਰਦ ਸੀ। ਆਰਕਾਈਜ਼ ਦੇ ਰਿਕਾਰਡ ਮੁਤਾਬਕ ਸਿਆਟਲ ਵਿਖੇ 1906 ਵਿਚ ਹੀ ਹਿੰਦੁਸਤਾਨ ਐਸੋਸੀਏਸ਼ਨ ਬਣ ਗਈ ਸੀ। ਜਿਸ ਐਸੋਸੀਏਸ਼ਨ ਦੇ ਮੈਂਬਰ ਅਮਰੀਕਾ ਤੇ ਕਨੇਡਾ ਦੋਹਾਂ ਦੇਸ਼ਾਂ ਵਿਚ ਹੀ ਸਨ।

ਇਹ ਪਰਚਾ ਮੇਵਾ ਸਿੰਘ ਵਰਗਿਆਂ ਲਈ ਵੀ ਖਿੱਚ ਦਾ ਕੇਂਦਰ ਬਣਦਾ ਜਾ ਰਿਹਾ ਸੀ। ਪਰ ਇਨ੍ਹਾਂ ਪੰਜਾਬੀਆਂ ਦੀ ਮਜਬੂਰੀ ਸੀ ਕਿ ਉਹ ਆਪ ਇਸ ਪਰਚੇ ਨੂੰ ਪੜ੍ਹ ਨਹੀਂ ਸੀ ਸਕਦੇ ਇਸ ਲਈ ਭਾਈ ਸੰਤੋਖ ਸਿੰਘ ਧਰਦਿਓ ਕੇਂਦਰ ਬਿੰਦੂ ਬਣ ਗਿਆ ਸੀ।

ਕਨੇਡਾ ਵਿਚ ਭਾਰਤੀਆਂ ਦਾ ਜੀਣਾ ਤੇ ਮਰਨਾ ਦੁੱਬਰ ਹੋਇਆ ਪਿਆ ਸੀ। ਉੱਥੇ ਦੀਆਂ ਸਥਿਤੀਆਂ ਇਸ ਗੱਲ ਦੀ ਮੰਗ ਕਰਦੀਆਂ ਸਨ ਕਿ ਕੋਈ ਐਸੀ ਜਥੇਬੰਦੀ ਹੋਵੇ ਜਿਹੜੀ ਨਾ ਕੇਵਲ ਸਿਧਾਂਤ ਵਿਚ ਹੀ ਸਗੋਂ ਵਿਹਾਰ ਵਿਚ ਵੀ ਭਾਰਤੀਆਂ ਦੇ ਦੁੱਖਾਂ ਦਰਦਾਂ ਵਿਚ ਉਨ੍ਹਾਂ ਦੀ ਬਾਂਹ ਫ਼ੜੇ। ਇਸ ਲਈ ਮੁੱਢਲੀ ਤਿਆਰੀ ਤਾਰਕਨਾਥ ਦਾਸ ਦੇ ਪਰਚੇ ਨਾਲ ਹੀ ਹੋ ਗਈ ਸੀ।

ਭਾਵੇਂ ਕਿ ਆਖਣ ਨੂੰ ਬਰਤਾਨਵੀ ਸਰਕਾਰ ਦਾ ਇਹ ਫਰਮਾਨ ਸੀ ਕਿ ਬਰਤਾਨਵੀ ਤਾਜ ਦੇ ਸਾਹਮਣੇ ਸਭ ਬਰਾਬਰ ਹਨ ਤੇ ਕਿਸੇ ਵੀ ਬਰਤਾਨਵੀ ਬਸਤੀ ਵਿਚ ਕੋਈ ਵੀ ਬਰਤਾਨਵੀ ਸਲਤਨਤ ਦਾ ਕੋਈ ਵੀ ਬਾਸ਼ਿੰਦਾ ਰਹਿ ਸਕਦਾ ਹੈ। ਪਰ ਅਸਲੀਅਤ ਇਸ ਤੋਂ ਬਹੁਤ ਹੀ ਉਲਟ ਸੀ। ਜੋ ਦੁਰਗਤ ਕਨੇਡਾ ਵਿਚ ਭਾਰਤੀਆਂ ਦੀ ਹੋ ਰਹੀ ਸੀ ਉਸ ਨੇ ਸਾਰੇ ਭਾਰਤੀਆਂ ਨੂੰ ਇਕ ਸੂਤਰ ਵਿਚ ਪਰੋ ਦਿੱਤਾ ਸੀ। ਕਿਉਂਕਿ ਭਾਰਤੀਆਂ ਨੇ ਇਹ ਸਾਰੇ ਦੁੱਖ ਆਪਣੇ ਤਨ ਮਨ 'ਤੇ ਬਰਦਾਸ਼ਤ ਕੀਤੇ ਸਨ।

ਮੇਵਾ ਸਿੰਘ ਨੇ ਬੜੇ ਯਤਨਾਂ ਨਾਲ ਵਨੈਕੂਵਰ 'ਚ ਗੁਰੂਦੁਆਰਾ ਬਣਵਾਇਆ। ਕਨੇਡਾ ਦਾ ਇਹ ਗੁਰਦੁਆਰਾ ਗ਼ਦਰੀ ਸਰਗਰਮੀਆਂ ਦਾ ਕੇਂਦਰ ਬਣਿਆ। ਕਾਮਾਂਗਾਟਾਮਾਰੂ ਦੀ ਘਟਨਾ ਨੇ ਮੇਵਾ ਸਿੰਘ ਦੇ ਜੀਵਨ ਨੂੰ ਬਦਲ ਕੇ ਰੱਖ ਦਿੱਤਾ। ਭਾਰਤੀਆਂ 'ਤੇ ਹੁੰਦੇ ਜ਼ੁਲਮਾਂ ਦਾ ਇਹ ਸਿਖਰ ਸੀ। ਭਾਈ ਗੁਰਦਿਤ ਸਿੰਘ ਹੁਰਾਂ ਦੇਗੁਰੂ ਨਾਨਕ ਜਹਾਜ਼ ਦੇ ਸਾਰੇ ਭਾਰਤੀ ਮੁਸਾਫਰਾਂ ਨੂੰ ਕਨੇਡਾ ਸਰਕਾਰ ਹਰ ਹਾਲਤ ਵਿਚ ਵਾਪਸ ਭੇਜਣ ਲਈ ਬਜ਼ਿੱਦ ਸੀ, ਭੁੱਖੇ ਮੁਸਾਫ਼ਰਾਂ ਨੂੰ ਖਾਣਾ ਵੀ ਨਹੀਂ ਸੀ ਦਿੱਤਾ ਗਿਆ। ਜਹਾਜ ਦੁਆਲੇ ਪੁਲੀਸ ਦੀਆਂ ਅਗਨ ਬੋਟਾਂ ਦਾ ਪਹਿਰਾ ਸੀ। ਮੇਵਾ ਸਿੰਘ ਨੇ ਸਾਥੀਆਂ ਦੀ ਮਦਦ ਨਾਲ ਭੋਜਨ ਦਾ ਪ੍ਰਬੰਧ ਕੀਤਾ ਤੇ ਫੇਰ ਰਾਤ ਦੇ ਹਨੇਰੇ ਵਿਚ ਜਹਾਜ਼ ਦੇ ਅੰਦਰ ਸੁੱਟਿਆ। ਭੋਜਨ ਤਾਂ ਸਹੀ ਸਲਾਮਤ ਪਹੁੰਚ ਗਿਆ ਪਰ ਮੇਵਾ ਸਿੰਘ ਦੀਆਂ ਗਤੀਵਿਧੀਆਂ ਹਾਪਕਿਨਸਨ ਵਰਗੇ ਅੰਗਰੇਜ਼ਾਂ ਨੂੰ ਰੜਕਣ ਲੱਗੀਆਂ।



ਗ਼ਦਰ ਅਖ਼ਬਾਰ ਏਨੀ ਮਕਬੂਲ ਹੋ ਗਈ ਸੀ ਕਿ ਗ਼ਦਰੀਆਂ ਦੀਆਂ ਗਤੀਵਿਧੀਆਂ ਦੀ ਚਰਚਾ ਜਿਥੇ ਵੱਖ-ਵੱਖ ਦੇਸ਼ਾਂ ਵਿਚ ਹੋ ਰਹੀ ਸੀ, ਉੱਥੇ ਹਾਪਕਿਨਸਨ ਤੇ ਹੋਰ ਸੂਹੀਆ ਏਜੰਸੀਆਂ ਰਾਹੀਂ ਇਸ ਦੀ ਜਾਣਕਾਰੀ ਬਰਤਾਨਵੀ ਸਾਮਰਾਜ ਨੂੰ ਵੀ ਹੋ ਗਈ ਸੀ। ਹਾਪਕਿਨਸਨ ਅੰਗਰੇਜ਼ ਅਫ਼ਸਰ ਦਾ ਬੇਟਾ ਸੀ, ਜਿਸ ਦੀ ਮਾਂ ਜਲੰਧਰ ਸ਼ਹਿਰ ਦੀ ਰਹਿਣ ਵਾਲੀ। ਮਾਂ ਦੇ ਪੰਜਾਬੀ ਹੋਣ ਕਰ ਕੇ ਹਾਪਕਿਨਸਨ ਉਹ ਪੰਜਾਬੀ ਜ਼ੁਬਾਨ ਬੋਲ ਸਕਦਾ ਸੀ ਤੇ ਪੰਜਾਬੀ ਸਭਿਆਚਾਰ ਬਾਰੇ ਵੀ ਜਾਣਦਾ ਸੀ। ਪੰਜਾਬੀਆਂ ਦੀ ਹਰ ਗਤੀਵਿਧੀ ਬਾਰੇ ਉਹ ਸੁਚੇਤ ਰਹਿੰਦਾ ਸੀ ਤੇ ਉਸ ਬਾਰੇ ਬਰਤਾਨਵੀ ਸਰਕਾਰ ਨੂੰ ਖਬਰਦਾਰ ਵੀ ਕਰਦਾ ਸੀ। ਉਸ ਦੇ ਕੰਮ ਦਾ ਕੇਂਦਰ ਭਾਵੇਂ ਕਨੇਡਾ ਸੀ ਪਰ ਉਹ ਅਮਰੀਕਾ ਤੇ ਹੋਰ ਦੇਸ਼ਾਂ ਵਿਚ ਵੀ ਆਪਣੀ ਡਿਊਟੀ ਨਿਭਾਅ ਰਿਹਾ ਸੀ। ਹਾਪਕਿਨਸਨ ਨੇ ਲਾਲਾ ਹਰਦਿਆਲ ਨੂੰ ਅਪ੍ਰੈਲ1914 ਨੂੰ ਅਮਰੀਕਾ ਵਿਚੋਂ ਬਾਹਰ ਕੱਢਣ ਦਾ ਕਾਰਜ ਕਰਵਾਇਆ ਸੀ। ਕਿਉਂਕਿ ਲਾਲਾ ਜੀ ਉਸ ਸਮੇਂ ਪਾਰਟੀ ਦਾ ਕੇਂਦਰੀ ਧੁਰਾ ਸਨ। ਹਾਪਕਿਨਸਨ ਜਿਹੜਾ ਉਨ੍ਹਾਂ ਦਿਨਾਂ ਵਿਚ ਕਨੇਡਾ ਦੇ ਇਮੀਗਰੇਸ਼ਨ ਮਹਿਕਮੇ ਵਿਚ ਕੰਮ ਕਰਦਾ ਸੀ, ਜਹਾਜ਼ ਨੂੰ ਵਾਪਸ ਮੋੜਨ ਵਿਚ ਉਸ ਦੀ ਅਹਿਮ ਭੂਮਿਕਾ ਸੀ। ਉਸ ਨੇ ਬੇਲਾ ਸਿੰਘ ਵਰਗੇ ਅੰਗਰੇਜ ਪ੍ਰਸਤਾਂ ਦੀ ਜੁਡਲੀ ਆਪਣੇ ਨਾਲ ਲਾਈ ਹੋਈ ਸੀ ਜਿਹੜੀ ਨਿੱਜੀ ਹਿੱਤਾਂ ਲਈ ਕੌਮ ਨਾਲ ਕਿਸੇ ਕਿਸਮ ਦੀ ਗਦਾਰੀ ਕਰਨ ਲਈ ਤਿਆਰ ਰਹਿੰਦੀ ਸੀ ਇਸੇ ਮਕਸਦ ਨਾਲ ਗਦਾਰ ਬੇਲਾ ਸਿੰਘ ਨੇ ਵੈਨਕੋਵਰ ਦੇ ਗੁਰਦੂਆਰੇ ਵਿਚ ਅਰਦਾਸ ਸਮੇ ਗੋਲੀ ਚਲਾਕੇ ਭਾਈ ਭਾਗ ਸਿੰਘ ਤੇ ਬਦਨ ਸਿੰਘ ਨੂੰ ਸ਼ਹੀਦ ਕਰ ਦਿੱਤਾ ਸੀ ਜਿਹੜੇ ਗ਼ਦਰੀ ਸਰਗਰਮੀਆਂ ਵਿਚ ਹਾਪਕਿਨਸਨ ਵਰਗਿਆਂ ਦੀਆਂ ਅੱਖਾਂ ਵਿਚ ਰੜਕਦੇ ਸਨ ਤੇ ਬੇਲਾ ਸਿੰਘ ਪੁਲੀਸ ਦੀ ਹਿਰਾਸਤ ਵਿਚ ਸੁਰੱਖਿਅਤ ਬੈਠਾ ਸੀ। ਕੌਮਪ੍ਰਸਤਾਂ ਲਈ ਅੰਗਰੇਜ਼ਪ੍ਰਸਤਾਂ ਦੀ ਇਹ ਬੁਹਤ ਵੱਡੀ ਚੁਣੌਤੀ ਸੀ, ਜਿਹੜੀ ਮੇਵਾ ਸਿੰਘ ਨੇ ਸਵੀਕਾਰੀ ਸੀ। ਬੇਲਾ ਸਿੰਘ ਦੇ ਮੁਕੱਦਮੇ ਦੀ ਪੈਰਵਾਈ ਕਰਦਾ ਹਾਪਕਿਨਸਨ ਅਦਾਲਤ ਦੀਆਂ ਪੌੜੀਆਂ ਉੱਤਰ ਰਿਹਾ ਸੀ ਕਿ ਮੇਵਾ ਸਿੰਘ ਨੇ ਤਿੰਨ ਗੋਲੀਆਂ ਨਾਲ ਢੇਰੀ ਕਰ ਦਿੱਤਾ। ਭਾਵੇਂ ਕਨੇਡੀਅਨ ਗ਼ਦਰੀ ਮੇਵਾ ਸਿੰਘ ਨੂੰ ਬਚਾਉਣਾ ਚਾਹੁੰਦੇ ਸਨ ਪਰ ਮੇਵਾ ਸਿੰਘ ਨੇ ਅਦਾਲਤ ਵਿਚ ਆਪਣਾ ਦੋਸ਼ ਕਬੂਲ ਕਰ ਲਿਆ ਤੇ ਆਪਣਾ ਬਿਆਨ ਦਰਜ ਕਰਵਾਉਂਦਿਆਂ ਕਿਹਾ, "ਮੈਂ ਹਾਪਕਿਨਸਨ ਨੂੰ ਉਸ ਦੀਆਂ ਭਾਰਤ ਵਿਰੋਧੀ ਗਤੀਵਿਧੀਆਂ ਲਈ ਮਾਰਿਆ ਹੈ। ਤੁਸੀਂ ਮੈਨੂੰ ਕੋਈ ਵੀ ਸਜ਼ਾ ਦਿਓ, ਮੈਨੂੰ ਮਨਜ਼ੂਰ ਹੈ। ਮੈਂ ਉਹ ਹੀ ਕੀਤਾ ਹੈ ਜੋ ਕਿਸੇ ਵੀ ਕੌਮ ਦੇ ਮਰਦ ਨੂੰ ਕੌਮੀ ਅਪਮਾਨ ਦੇ ਬਦਲੇ ਕਰਨਾ ਹੀ ਚਾਹੀਦਾ ਹੈ।"

21 ਅਕਤੂਬਰ 1914 ਨੂੰ ਹਾਪਕਿਨਸਨ ਦਾ ਕਤਲ ਹੋਇਆ। ਮਹਿਜ਼ ਨੌਂ ਦਿਨਾਂ ਬਆਦ 29 ਅਕਤੂਬਰ ਨੂੰ ਅਦਾਲਤ ਨੇ ਮੇਵਾ ਸਿੰਘ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਤੇ ਦੂਸਰੇ ਪਾਸੇ ਕੌਮੀ ਗ਼ਦਾਰ ਬੇਲਾ ਸਿੰਘ ਅੰਗਰੇਜ਼ਾਂ ਦੀ ਵਫ਼ਾਦਾਰੀ ਲਈ ਸੁਰੱਖਿਅਤ ਭਾਰਤ ਪਰਤ ਆਇਆ, ਜਿਸ ਦੇ ਪਾਪਾਂ ਦੀ ਸਜ਼ਾ ਕਾਮਰੇਡ ਇੰਦਰ ਸਿੰਘ ਮੁਰਾਰੀ ਨੇ, ਉਸ ਨੂੰ ਮਾਰ ਕੇ ਦਿੱਤੀ। ਮੇਵਾ ਸਿੰਘ 11 ਜਨਵਰੀ 1915 ਨੂੰ ਹਸਦੇ ਹਸਦੇ ਫਾਂਸੀ ਦੇ ਫੰਦੇ 'ਤੇ ਝੂਟ ਗਿਆ।

ਸ਼ਹੀਦ ਮੇਵਾ ਸਿੰਘ ਦਾ ਜਨਮ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਲੋਪੋਕੇ ਵਿਚ ਪਿਤਾ ਸੋਹਣ ਸਿੰਘ ਦੇ ਘਰ ਹੋਇਆ। ਮੇਵਾ ਸਿੰਘ ਦਾ ਛੋਟਾ ਵੀਰ ਘਰੋਂ ਰੋਟੀ ਰੋਜ਼ੀ ਦੀ ਤਲਾਸ਼ ਵਿਚ ਨਿਕਲਿਆ ਬਾਬੇ ਭਕਨੇ ਵਰਗਿਆਂ ਦਾ ਸਾਥੀ ਬਣਿਆ। ਤਾਰਕਨਾਥ ਦਾਸ ਤੇ ਹਸਨ ਰਹੀਮ ਦੀ ਸੰਗਤ ਮਾਣਦਾ, ਉਹ ਨਿਤ ਨੇਮੀ ਬੰਦਾ ਗੁਰੂ ਗੋਬਿੰਦ ਸਿੰਘ ਦੇ ਦੱਸੇ ਮਾਰਗ 'ਤੇ ਚਲਦਾ ਸ਼ਹੀਦੀ ਜਾਮ ਪੀ ਗਿਆ। ਰਹਿੰਦੀ ਦੁਨੀਆ ਤਕ ਕੌਮਾਂ ਮੇਵਾ ਸਿੰਘ ਦੀ ਸ਼ਹਾਦਤ 'ਤੇ ਮਾਣ ਕਰਨਗੀਆਂ ਤੇ ਅੱਜ ਵੀ ਕਨੇਡਾ ਦੀ ਸਰਕਾਰ ਕਾਮਾਗਾਟਾਮਾਰੂ ਵਰਗੀਆਂ ਘਟਨਾਵਾਂ ਲਈ ਸ਼ਰਮਸਾਰ ਹੈ ਤੇ ਅੱਜ ਵੀ ਕੌਮ ਸਰਦਾਰ ਮੇਵਾ ਸਿੰਘ ਦੀ ਸ਼ਹਾਦਤ 'ਤੇ ਮਾਣ ਕਰਦੀ ਹੈ।

A City Limos Ltd.
Ph: 780-462-4940
Toll Free: 1-888-462-4623
Edmonton-Calgary
Vancouver


Wedding
School Proms
Birthday
City Tours
Airport Service
Contact
780-951-7260

e-mail: dhaliwalsd@hotmail.com, www.acitylimousine.com

ਸਫ਼ਾ 19 ਦੀ ਬਾਕੀ

# ਪੰਜਾਬੀ ਸੂਬਾ .......

ਆਪਣੇ ਹੱਕਾਂ-ਹਿੱਤਾਂ, ਬੇਇਨਸਾਫੀਆਂ ਅਤੇ ਵਿਦੇਸ਼ੀ ਗੁਲਾਮੀ ਤੋਂ ਆਜ਼ਾਦੀ ਹਾਸਿਲ ਕਰਨ ਲਈ ਲੜਨ ਮਰਨ ਵਾਲੇ ਹਨ। ਇਹ ਸੱਚ, ਇਹ ਪੜ੍ਹਾਈ, ਇਹ ਖਾੜਕੂ ਸਭਿਆਚਾਰ, ਉਨ੍ਹਾਂ ਨੂੰ ਆਪਣੀ ਮਾਤ ਭਾਸ਼ਾ ਰਾਹੀਂ ਸਹਿਜੇ ਹੀ ਮਿਲ ਜਾਂਦਾ ਹੈ। ਇਸ ਤਰ੍ਹਾਂ ਹਾਕਮ ਜਮਾਤ ਲਈ ਇਹ ਸਭ ਤੋਂ ਜ਼ਰੂਰੀ ਹੈ ਕਿ ਇਨ੍ਹਾਂ ਲੋਕਾਂ ਦੀ ਮਾਤ ਭਾਸ਼ਾ ਨੂੰ ਹੀ ਵਿਸਾਰ ਦਿੱਤਾ ਜਾਵੇ ਕਿਉਂਕਿ ਭਾਸ਼ਾ ਹੀ ਸਭਿਆਚਾਰਕ ਪਸਾਰ ਦਾ ਮੁੱਖ ਵਾਹਨ ਹੈ। ਜਿਵੇਂ ਬਰਾਤਨਵੀ ਹਕੂਮਤ ਜਗੀਰਦਾਰਾਂ ਨੂੰ ਨਾਲ ਲੈ ਕੇ ਤੇ ਆਪਣੀ ਭਾਸ਼ਾ ਨੀਤੀ ਲਾਗੂ ਕਰ ਕੇ ਕਿੰਨਾ ਚਿਰ ਭਾਰਤ ਤੇ ਰਾਜ ਕਰਦੀ ਰਹੀ ਹੈ, ਇਹੋ ਨੀਤੀ ਹੁਣ ਸਾਰੇ ਮੁਲਕਾਂ ਦੀਆਂ ਸ਼ਕਤੀਆਂ ਕੰਪਨੀਆਂ ਰਾਹੀਂ ਇਕਮੁੱਠ ਹੋ ਕੇ ਗਰੀਬ ਮੁਲਕਾਂ ਅਪਣਾ ਰਹੀਆਂ ਹਨ। ਉਹ ਅਮੀਰ ਤੇ ਮੱਧ ਸ਼੍ਰੇਣੀ ਇਥੋਂ ਤੀਕ ਕਿ ਹੇਠਲੀ ਮੱਧ ਸ਼੍ਰੇਣੀ ਨੂੰ ਵੀ ਨਾਲ ਰਲਾ ਰਹੀਆਂ ਹਨ। ਭਾਰਤੀ ਹਾਕਮਾਂ ਨੂੰ ਉਨ੍ਹਾਂ ਨਿਸੱਲ ਕਰ ਲਿਆ ਹੈ। ਪੰਜਾਬ ਦੇ ਜੋ ਹਾਕਮ ਉਸ ਤੋਂ ਵੀ ਅੱਗੇ ਹੋ ਕੇ ਵੀ ਇਹ ਨੀਤੀਆਂ ਲਾਗੂ ਕਰ ਰਹੇ ਹਨ, ਉਹ ਭਲਾ ਕਿਉਂ ਮਾਤ ਭਾਸ਼ਾ ਨੂੰ ਲਾਗੂ ਕਰਨਗੇ। ਉਨ੍ਹਾਂ ਦੇ ਜਮਾਤੀ ਹਿੱਤ ਹੀ ਇਹ ਹਨ ਕਿ ਉਹ ਮਲਕ ਭਾਗੋਆਂ ਦੀ ਰਾਖੀ ਕਰਨ। ਉਨ੍ਹਾਂ ਨੂੰ ਭਾਈ ਲਾਲੋ ਕੇਵਲ ਵੋਟਾਂ ਲੈਣ ਲਈ ਹੀ ਚਾਹੀਦੇ ਹਨ। ਪੰਜਾਬ ਦੀ ਹਾਕਮ ਜਗੀਰਦਾਰ ਸਰਮਾਏਦਾਰ ਸ਼੍ਰੇਣੀ ਬਿਲਕੁਲ ਇਹੀ ਚਾਹੁੰਦੀ ਹੈ।

ਕੁਦਰਤ ਦਾ ਇਕ ਪੱਕਾ ਨਿਯਮ ਹੈ ਕਿ ਜਦ ਕੋਈ ਵੱਡੀ ਸ਼ਕਤੀ ਛੋਟੀ ਨਾਲ ਮਿਲਾਪ ਕਰਦੀ ਹੈ ਤਦ ਉਹ ਛੋਟੀ ਨੂੰ ਸਹਿਜੇ ਸਹਿਜੇ ਲਿਗਲ ਲੈਂਦੀ ਹੈ। ਵਿਕਸਤ ਸਾਮਰਾਜੀ ਦੇਸ਼ ਸਾਂਝੀ ਮਹਾਂ-ਸ਼ਕਤੀ ਬਣਕੇ ਛੋਟੇ ਵਿਕਾਸਸ਼ੀਲ ਦੇਸ਼ਾਂ ਨਾਲ ਕਾਰੋਬਾਰੀ ਸਾਂਝਾਂ ਪਾ ਰਹੇ ਹਨ ਤਦ ਛੋਟੇ ਦੇਸ਼ਾਂ ਦੀ ਹੋਂਦ, ਉਨ੍ਹਾਂ ਦੇ ਸਭਿਆਚਾਰ ਅਤੇ ਭਾਸ਼ਾਂਵਾਂ ਦਾ ਅਲੋਪ ਹੋਣਾ ਵੀ ਕੁਦਰਤੀ ਵਰਤਾਰਾ ਹੈ। ਇਥੇ ਇਕ ਵਾਕਿਆ ਦਾ ਜ਼ਿਕਰ ਕਰਨਾ ਕੁਥਾ ਨਹੀਂ ਹੋਵੇਗਾ। ਮੁੰਬਈ ਵਸਦਾ ਮੇਰਾ ਇਕ ਦੋਸਤ ਪਰਿਵਾਰ ਸਮੇਤ ਮੇਰੇ ਪਾਸ ਆਇਆ। ਉਹ ਆਪ ਵੀ ਦੋਵੇਂ ਜੀਅ ਤੇ ਬੱਚੇ ਵੀ ਪੂਰਨ ਗੁਰਸਿੱਖ ਹਨ,ਪਰ ਪੰਜਾਬੀ ਬੋਲਣ ਲੱਗਿਆਂ ਕਾਫ਼ੀ ਉਖੱੜਦੇ ਸਨ। ਮੈਂ ਪੁੱਛਿਆ ਪੰਜਾਬੀ ਲਿਖ ਪੜ੍ਹ ਲੈਂਦੇ ਹੋ? ਬੱਚਿਆਂ ਨੇ ਨਾਂਹ ਵਿਚ ਜਵਾਬ ਦਿੱਤਾ। ਮੈਂ ਦੋਸਤ ਨੂੰ ਪੁੱਛਿਆ। ਫੇਰ ਤੁਸੀਂ ਇਨ੍ਹਾਂ ਨੂੰ ਪਾਠ ਕਰਨਾ ਕਿਵੇਂ ਸਿਖਾਉਂਦੇ ਹੋ? ਉਸ ਨੇ ਰੋਮਨ ਅੱਖਰਾਂ ਵਿਚ ਛਪਿਆ ਗੁਟਕਾ ਦਿਖਾ ਦਿੱਤਾ।

ਯੂ.ਐਨ.ਓ. ਦੀ 50 ਸਾਲਾਂ ਬਾਅਦ ਪੰਜਾਬੀ ਭਾਸ਼ਾ ਖ਼ਤਮ ਹੋ ਜਾਣ ਵਾਲੀ ਗੱਲ ਨਾਲ ਮੈਂ ਸਹਿਮਤ ਤਾਂ ਹਾਂ ਪਰ ਇਕ ਗੱਲ ਜ਼ਰੂਰ ਹੈ ਕਿ ਕਿਸੇ ਭਾਸ਼ਾ ਨੂੰ ਵਧੇਰੇ ਕਰ ਕੇ ਉੱਥੋਂ ਦੇ ਅਨਪੜ੍ਹ ਲੋਕ ਹੀ ਵਧੇਰੇ ਸਾਂਭ ਕੇ ਰੱਖਦੇ ਹਨ ਤੇ ਪੰਜਾਬ ਵਿਚ ਲਗਦਾ ਹੈ ਇਨ੍ਹਾਂ ਹਾਕਮਾਂ ਦੀਆਂ ਨੀਤੀਆਂ ਜੇ ਇਵੇਂ ਹੀ ਰਹੀਆਂ ਤਾਂ 50 ਸਾਲ ਤਾਂ ਕੀ 100 ਸਾਲ ਤਕ ਵੀ ਅਨਪੜ੍ਹਤਾ ਨਹੀਂ ਮੁੱਕਣ ਲੱਗੀ। ਮੈਂ ਕਨੇਡਾ ਕੁਝ ਚਿਰ ਰਿਹਾ। ਉਥੋਂ ਦੇ ਮੂਲ ਮਾਲਕੀ ਵਾਲੇ (ਨੇਟਿਵ) ਲੋਕਾਂ ਨੂੰ ਮਿਲਿਆ ਜੋ ਰਿਜ਼ਰਵ ਖੇਤਰ ਵਿੱਚ ਰਹਿੰਦੇ ਹਨ। ਉਨ੍ਹਾਂ ਦਾ ਪ੍ਰਬੰਧਕੀ ਢਾਂਚਾ ਵੀ ਵੱਖਰਾ ਹੀ ਹੈ। ਪਰ ਨੌਕਰੀਆਂ ਤੇ ਕਾਰੋਬਾਰ ਲਈ ਉਨ੍ਹਾਂ ਨੂੰ ਮੁੱਖ-ਧਾਰਾ ਦੇ ਲੋਕਾਂ ਨਾਲ ਵਾਹ ਤਾਂ ਰਖੱਣਾ ਹੀ ਪਵੇਗਾ। ਸੋ ਉਨ੍ਹਾਂ ਦੀ ਮੂਲ ਭਾਸ਼ਾ 'ਕਰੀ' ਹੁਣ ਮੁੱਕ ਗਈ ਹੈ। ਸਕੂਲ ਵਿਚ ਗਿਆ ਤਾਂ ਭਾਸ਼ਾ ਟੀਚਰ ਨੇ ਬੜੇ ਹੀ ਭਾਵੁਕ ਲਹਿਜ਼ੇ ਨਾਲ ਦੱਸਿਆ ਕਿ 2000 ਦੀ ਆਬਾਦੀ ਵਾਲੀ ਇਸ ਰਿਜ਼ਰਵ ਵਿਚ ਇਕ ਫ਼ੀਸਦੀ ਤੋਂ ਘੱਟ ਬਿਰਧ ਹੀ ਰਹਿ ਗਏ ਨੇ ਜੋ ਮੂਲ ਭਾਸ਼ਾ ਜਾਣਦੇ ਹਨ। ਬਾਕੀ ਸਭ ਭੁੱਲ ਭੁਲਾ ਗਏ ਹਨ। ਬਾਕੀ ਨੇਟਿਵ ਰਿਜ਼ਰਵਾਂ ਦਾ ਵੀ ਇਹੀ ਹਾਲ ਹੈ। ਕੋਈ ਪੁਰਾਣੀ ਪੁਸਤਕ ਜਾਂ ਲਿਖਤ ਪੜ੍ਹਾਉਣੀ ਹੋਵੇ ਤਾਂ ਉਨ੍ਹਾਂ ਬਿਰਧਾਂ 'ਚੋਂ ਵੀ ਥੋੜੇ ਹੀ ਪੜ੍ਹੇ ਲਿਖੇ ਹਨ। ਭਾਸ਼ਾ ਦਾਰਸ਼ਨਿਕ ਦਸੱਦੇ ਹਨ ਜਦ ਭਾਸ਼ਾ ਦੀ ਲੋੜ ਮੁੱਕ ਜਾਵੇ, ਭਾਸ਼ਾ ਵੀ ਮੁੱਕ ਹੀ ਜਾਂਦੀ ਹੈ।

ਕਨੇਡਾ ਵਿਚ ਕਹਿਣ ਨੂੰ ਪੰਜਾਬੀ ਭਾਸ਼ਾ ਤੀਜੇ ਨੰਬਰ ਦੀ ਭਾਸ਼ਾ ਹੈ। ਪਰ ਇਥੋਂ ਦੇ ਜੰਮਪਲ ਬੱਚੇ ਬਹੁਤ ਹੀ ਘੱਟ ਹਨ ਜੋ ਪੰਜਾਬੀ ਬੋਲਦੇ ਹਨ। ਜੇ ਥੋੜੀ ਬਹੁਤੀ ਬੋਲਦੇ ਵੀ ਹਨ ਤਾਂ ਉਹ ਲਿਖ ਉੱਕਾ ਹੀ ਨਹੀਂ ਸਕਦੇ। ਕਨੇਡਾ ਦੇ ਸਕੂਲਾਂ ਵਿਚ ਜਿੱਥੇ ਵੀ ਦਸ ਬੱਚੇ ਪੰਜਾਬੀ ਸਿੱਖਣਾ ਚਾਹੁਣ ਵਖਰੇ ਤੌਰ 'ਤੇ ਪੰਜਾਬੀ ਅਧਿਆਪਕ ਲਾਉਣ ਦੀ ਵਿਵਸਥਾ ਹੈ ਪਰ ਕਿਸੇ ਵੀ ਸਕੂਲ ਵਿਚ 10 ਬੱਚੇ ਵੀ ਨਹੀਂ ਹੋ ਰਹੇ ਪੰਜਾਬੀ ਸਿੱਖਣ ਵਾਲੇ। ਇਥੇ ਸਿਰਫ਼ ਪੰਜਾਬ ਤੋਂ ਆਉਣ ਵਾਲੇ ਪੰਜਾਬੀ ਜਾਣਦੇ ਲੋਕਾਂ ਦੇ ਸਿਰ 'ਤੇ ਹੀ ਪੰਜਾਬੀ ਭਾਸ਼ਾ ਜਿਊਂ ਰਹੀ ਹੈ; ਵਿਗਸ ਨਹੀਂ ਰਹੀ। ਇਹੋ ਹੀ ਹਾਲ ਦੁਨੀਆ ਭਰ ਵਿਚ ਵਸਦੇ ਹੋਰ ਪੰਜਾਬੀਆਂ ਦਾ ਹੈ।

ਪੰਜਾਬ ਵਿਚ ਪੜ੍ਹ ਰਹੇ ਬੱਚੇ ਇਸ ਵਕਤ ਨਾ ਤਾਂ ਚੰਗੀ ਤਰ੍ਹਾਂ ਅੰਗਰੇਜ਼ੀ ਹੀ ਸਿੱਖ ਪਾ ਰਹੇ ਹਨ ਤੇ ਨਾ ਹੀ ਪੰਜਾਬੀ। ਸਿੱਟੇ ਵਜੋਂ ਚੰਦ ਵਿਦਿਆਰਥੀ ਅੰਗਰੇਜ਼ੀ ਰਾਹੀਂ ਡਾਕਟਰ, ਇੰਜੀਨੀਅਰ ਤਾਂ ਬਣਦੇ ਜਾ ਰਹੇ ਹਨ ਪਰ ਲੇਖਕ, ਸਾਹਿਤਕਾਰ ਨਹੀਂ ਬਣ ਰਹ।ਸਾਹਿਤ ਤੋਂ ਭਾਵ ਹੈ ਲੋਕ-ਹਿੱਤ। ਸਾਹਿਤ ਤੋਂ ਦੂਰੀ ਹੋਣ ਕਾਰਨ ਪੰਜਾਬ ਲੋਕ ਹਿੱਤਾਂ ਤੋਂ ਅਵੇਸਲਾ ਹੋ ਰਿਹਾ ਹੈ। ਨਿੱਜ-ਵਾਦ ਭਾਰੂ ਹੈ। ਬੇਰੁਜ਼ਗਾਰੀ ਹੈ। ਅਨਪੜ੍ਹਤਾ ਹੈ। ਬੱਚੇ ਨੌਜਵਾਨ ਹੋ ਕੇ ਦੁਬਿਧਾ ਤੇ ਭੰਬਲਭੂਸੇ ਦਾ ਸ਼ਿਕਾਰ ਹੋ ਕੇ ਨਸ਼ਿਆਂ ਦੇ ਆਦੀ ਹੋ ਰਹੇ ਹਨ। ਜੀਵਨ ਜਾਚ, ਸੁਭ-ਆਚਾਰ ਭੁੱਲ ਗਏ ਹਨ। ਸਿਆਸੀ ਲੋਕਾਂ ਦੇ ਹੱਥ ਠੋਕੇ ਬਣ ਰਹੇ ਹਨ।

ਪਾਕਿਸਤਾਨੀ ਪੰਜਾਬ ਵਿਚ ਵੀ ਪੰਜਾਬੀ ਭਾਸ਼ਾ ਦਾ ਇਹੋ ਹਾਲ ਹੈ। ਲੋੜ ਪੰਜਾਬ ਤੇ ਪੰਜਾਬੀਅਤ ਨੂੰ ਬਚਾਉਣ ਦੀ ਹੈ। ਇਹ ਕੇਵਲ ਤਦ ਹੀ ਸੰਭਵ ਹੈ ਜੇ ਮਾਤ ਭਾਸ਼ਾ ਲੋਕਾਂ ਦੀ ਲੋੜ ਬਣੀ ਰਹੇ। ਮਾਤ ਭਾਸ਼ਾ ਪੰਜਾਬੀ ਪੰਜਾਬ ਵਿਚ ਉਚੱਤਮ ਸਿੱਖਿਆ ਦਾ ਮਾਧਿਅਮ ਬਣ। ਚਾਹੇ ਉਹ ਡਾਕਟਰੀ ਹੋਵੇ, ਤਕਨੀਕੀ ਜਾਂ ਵਿਗਿਆਨਕ। ਇਸ ਲਈ ਜ਼ਰੂਰੀ ਹੈ ਕਿ

- ਪੰਜਾਬ ਵਿੱਚ ਬਾਕਾਇਦਾ ਪੰਜਾਬੀ ਭਾਸ਼ਾ ਨੀਤੀ ਬਣੇ। ਲੋੜ ਮੁਤਾਬਕ ਨਵੀਂ ਸ਼ਬਦਾਵਲੀ ਗ੍ਰਹਿਣ ਕੀਤੀ ਜਾਵੇ। ਨਵੀਆਂ ਸ਼ਬਦ-ਕੋਸ਼ ਬਣਾਏ ਜਾਣ।
- ਪੰਜਾਬੀ ਸਭਿਆਚਾਰਕ ਨੀਤੀ ਬਣੇ। ਸਭਿਆਚਾਰ ਹੀ ਸ਼ੁਭਅਚਾਰ ਦਾ ਜਾਮਨ ਹੋ ਸਕਦਾ ਹੈ।
- ਪੰਜਾਬ ਰਾਜ ਭਾਸ਼ਾ ਐਕਟ 2008 ਵਿਚ ਬਿਨਾਂ ਦੇਰੀ ਸਜ਼ਾ ਦੀ ਧਾਰਾ ਸ਼ਾਮਲ ਕੀਤੀ ਜਾਵੇ।
- ਸਕੂਲ ਚਾਹੇ ਪੰਜਾਬ ਸਕੂਲ ਸਿਖਿਆ ਬੋਰਡ ਨਾਲ ਸਬੰਧਤ ਹੋਵੇ ਜਾਂ ਕਿਸੇ ਕੇਂਦਰੀ ਸਿਖਿਆ ਬੋਰਡ ਨਾਲ, ਹਰ ਸਕੂਲ ਵਿੱਚ ਪੰਜਾਬੀ ਭਾਸ਼ਾ ਰਾਹੀਂ ਸਿਖਿਆ ਲਾਜ਼ਮੀ ਹੋਵੇ। ਘੱਟੋ ਘੱਟ 10ਵੀਂ ਜਮਾਤ ਤੀਕ ਪੰਜਾਬੀ ਮਾਤ-ਭਾਸ਼ਾ (ਪਹਿਲੀ ਭਾਸ਼ਾ) ਵਜੋਂ ਪੜ੍ਹਾਈ ਜਾਵੇ।
- ਪੰਜਾਬੀ ਲੋਕਾਂ ਨੂੰ ਤਰਕਸ਼ੀਲ, ਵਿਗਿਆਨਕ ਸੋਚ ਦੇ ਧਾਰਨੀ ਬਣਾਇਆ ਜਾਵੇ ਤਾਂ ਹੀ ਅੰਧ-ਵਿਸ਼ਵਾਸ ਤੇ ਡੇਰਾਵਾਦ ਦੇ ਚੁੰਗਲ 'ਚੋਂ ਪੰਜਾਬੀਆਂ ਨੂੰ ਬਚਾਇਆ ਜਾ ਸਕੇਗਾ। ਇਹ ਤਦ ਹੀ ਸੰਭਵ ਹੈ ਜੇ ਲੋਕ ਪੜ੍ਹੇ ਲਿਖੇ ਹੋਣਗੇ। ਪੜ੍ਹੇ ਲਿਖੇ ਤਾਂ ਹੀ ਹੋਣਗੇ ਜੇ ਗ਼ਰੀਬ ਲੋਕਾਂ ਤੀਕ ਵਿਦਿਆ ਦਾ ਚਾਨਣ ਪੁੱਜੇਗਾ। ਇਹ ਚਾਨਣ ਤਾਂ ਹੀ ਪੁੱਜੇਗਾ ਜੇ ਸਿਖਿਆ ਮਾਤ ਭਾਸ਼ਾ ਰਾਹੀਂ ਹੋਵੇ।
- ਸਾਰੇ ਦਫ਼ਤਰਾਂ ਦਾ ਕੰਮਕਾਜ, ਚਿੱਠੀ ਪੱਤਰ ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ) ਵਿਚ ਹੋਵੇ। ਚਿੱਠੀ ਪੱਤਰਾਂ ਦੀ ਭਾਸ਼ਾ ਐਸੀ ਨਾ ਹੋਵੇ ਜੋ ਪ੍ਰਚਲਤ ਹੈ ਤੇ ਅੰਗਰੇਜ਼ੀ ਤੋਂ ਵੀ ਕਠਿਨ ਹੈ।
- ਪੰਜਾਬੀ ਭਾਸ਼ਾ ਦਾ ਸੰਸਕ੍ਰਿਤੀਕਰਨ ਨਾ ਕੀਤਾ ਜਾਵੇ।
- ਪੰਜਾਬੀ ਵਿਦਵਾਨ ਆਪਣੀ ਵਿਦਵਤਾ ਦਾ ਪ੍ਰਗਟਾਵਾ ਕਰਨ ਹਿੱਤ ਔਖੀ ਸ਼ਬਦਾਵਲੀ ਨਾ ਵਰਤਣ, ਸਗੋਂ ਸੌਖੀ ਪੰਜਾਬੀ ਰਾਹੀਂ ਲੋਕਾਂ ਨੂੰ ਗਿਆਨਵਾਨ ਬਣਾਉਣ।
- ਸਿਰਫ਼ ਇਕ ਫ਼ੀਸਦੀ ਵਿਦੇਸ਼ੀਂ ਜਾ ਸਕਣ ਦੇ ਸਮਰੱਥ ਲੋਕਾਂ ਲਈ ਅਤੇ 4 ਫ਼ੀਸਦੀ ਤੱਕ ਹੀ ਉਚ ਸਿੱਖਿਆ ਹਾਸਲ ਕਰਨ ਵਾਲਿਆਂ ਬਦਲੇ ਬਾਕੀ ਲੋਕਾਂ ਨੂੰ ਅੰਗਰੇਜ਼ੀ ਰਾਹੀਂ ਸਿਖਿਆ ਦੇਣ ਦੇ ਮਾਨਸਿਕ ਤਸੀਹਿਆਂ ਤੋਂ ਛੁਟਕਾਰਾ ਦਿੱਤਾ ਜਾਵੇ।
- ਅਦਾਲਤਾਂ ਦਾ ਕੰਮ-ਕਾਜ ਪੰਜਾਬੀ ਭਾਸ਼ਾ ਵਿਚ ਲਾਜ਼ਮੀ ਹੋਵੇ ਤਾਂ ਕਿ ਜੱਜਾਂ ਵਕੀਲਾਂ ਦੀ ਗਿੱਟਮਿੱਟ ਤੋਂ ਮੁਕੱਦਮਾ ਭੁਗਤਣ ਆਏ ਲੋਕ ਜਾਣੂ ਹੋ ਸਕਣ।
- ਵਿਗਿਆਨਕ, ਤਕਨੀਕੀ, ਡਾਕਟਰੀ, ਸਾਹਿਤਿਕ ਅਤੇ ਹੋਰ ਗਿਆਨ-ਭਰਪੂਰ ਪੁਸਤਕਾਂ ਦਾ ਤਰਜ਼ਮਾ ਸੌਖੀ ਪੰਜਾਬੀ ਭਾਸ਼ਾ ਵਿਚ ਕੀਤਾ ਜਾਵੇ ਤਾਂ ਕਿ ਆਮ ਲੋਕ ਵੀ ਗਿਆਨਵਾਨ ਹੋ ਸਕਣ, ਗ਼ਰੀਬ ਲੋਕ ਗਿਆਨ ਵਿਹੂਣੇ ਨਾ ਰਹਿਣ।
- ਪੰਜਾਬ ਦੇ ਹਾਕਮਾਂ ਨੂੰ (ਚਾਹੇ ਉਹ ਅਕਾਲੀ-ਭਾਜਪਾਈ ਹੋਣ ਜਾਂ ਕਾਂਗਰਸੀ) ਪੰਜਾਬੀਅਤ ਤੇ ਪੰਜਾਬ ਦੇ ਭਲੇ ਲਈ ਪੰਜਾਬੀ ਭਾਸ਼ਾ ਤੇ ਸਭਿਆਚਾਰ ਨੂੰ ਬਚਾਉਣ ਲਈ ਮਜਬੂਰ ਕਰਨ ਹਿੱਤ ਸਮੁੱਚਾ ਪੰਜਾਬੀ, ਬੁੱਧੀਜੀਵੀ ਤੇ ਲੇਖਕ ਜਗਤ ਇਕਮੁੱਠ ਹੋਵੇ। ਭਾਈ ਲਾਲੋ ਦੇ ਵਾਰਸ ਇਕਮੁੱਠ ਹੋਣ। ਸੁਹਿਰਦ

ਅਗਾਂਹ-ਵਧੂ ਸਿਆਸੀ ਪਾਰਟੀਆਂ ਤੇ ਲੋਕਾਂ ਨੂੰ ਨਾਲ ਲੈ ਕੇ ਵੱਡਾ ਯੁੱਧ ਲੜਿਆ ਜਾਵੇ ਜਿਵੇਂ ਗ਼ਦਰੀ ਬਾਬਿਆਂ ਲੜਿਆ ਸੀ ਵਰਨਾ ਪੰਜਾਬ ਤੇ ਪੰਜਾਬੀ ਦਾ ਭਲਾ ਸੰਭਵ ਨਹੀਂ ਹੈ। ਲੜਦੇ ਹੋਏ ਸਾਮਰਾਜੀ ਸ਼ਕਤੀਆਂ ਨਾਲ ਭਾਰਤੀ ਹਾਕਮਾਂ ਵਲੋਂ ਕਾਰੋਬਾਰੀ ਰਿਸ਼ਤੇ ਕਾਇਮ ਕਰਨ ਦੀ ਵਿਰੋਧਤਾ ਵੀ ਨਾਲੋ-ਨਾਲ ਹੀ ਕਰਨੀ ਹੋਵੇਗੀ।

ਸਫ਼ਾ 39 ਦੀ ਬਾਕੀ

# ਨਤਾਸ਼ਾ ਦੀ ਡ਼ੇਸ਼ਮਾ

ਹੁਣ ਰੇਸ਼ਮਾ ਨੂੰ ਗਾਉਂਦਿਆਂ 30 ਸਾਲ ਤੋਂ ਵੱਧ ਹੋ ਚੁੱਕੇ ਹਨ। ਪ੍ਰੋਗਰਾਮ ਪੇਸ਼ ਕਰਦੇ ਸਮੇਂ ਮੌਕੇ ਮੁਤਾਬਕ ਉਸ ਵਲੋਂ ਆਪਣੇ ਅੱਲ੍ਹੜਪੁਣੇ ਦੀਆਂ ਇਕ ਦੋ ਗੱਲਾਂ ਦਾ ਜ਼ਿਕਰ ਚੰਗਾ ਲੱਗਦਾ ਹੈ। ਹੁਣ ਉਹ ਬਹੁਤ ਦੁਨੀਆ ਦੇਖ ਚੁੱਕੀ ਹੈ, ਉਸ ਦਾ ਸਰੋਤਿਆਂ ਦੀ ਮਰਜ਼ੀ ਅਨੁਸਾਰ, ਅੱਲ੍ਹੜ ਖ਼ਾਨਾ-ਬਦੋਸ਼ ਕੁੜੀ ਵਜੋਂ ਐਕਟ ਕਰਨਾ ਬੜਾ ਓਪਰਾ ਜਿਹਾ ਲੱਗਣ ਲੱਗ ਪਿਆ ਹੈ। ਉਸ ਤੋਂ ਇਹ ਆਸ ਰੱਖਣੀ ਕਿ ਉਹ 18 ਸਾਲ ਦੀ ਖ਼ਾਨਾ-ਬਦੋਸ਼ ਕੁੜੀ ਵਜੋਂ ਐਕਟ ਕਰੇ ਨਾ ਮੁਨਾਸਬ ਜਿਹੀ ਗੱਲ ਲੱਗਦੀ ਹੈ, ਹੁਣ ਨਾ ਉਹ ਖ਼ਾਨਾ-ਬਦੋਸ਼ ਰਹੀ ਹੈ ਤੇ ਨਾ ਹੀ ਕੁੜੀ!

ਹੁਣ ਉਸ ਨੂੰ ਹਰ ਕਿਸੇ ਨਾਲ ਗੱਲਬਾਤ ਕਰਨੀ ਆ ਗਈ ਹੈ ਤੇ ਕਿਸੇ ਵੀ ਜ਼ੁਬਾਨ ਦੇ ਗੀਤਾਂ ਜਾਂ ਨਵੀਆਂ ਤਰਜ਼ਾਂ ਨੂੰ ਬਹੁਤ ਛੇਤੀ ਯਾਦ ਕਰ ਲੈਂਦੀ ਹੈ। ਪਹਿਲਾਂ ਉਸ ਨੂੰ ਨਵੇਂ ਪੰਜਾਬੀ ਗੀਤ ਜਾਂ ਕਾਫ਼ੀਆ ਪੱਕੇ ਕਰਨ ਨੂੰ ਹਫ਼ਤਾ ਹਫ਼ਤਾ ਲੱਗ ਜਾਂਦਾ ਸੀ, ਉਰਦੂ ਦੇ ਕਲਾਮ ਤਾਂ ਕਈ ਵਾਰ 15-20 ਦਿਨ ਵਿਚ ਬੜੀ ਮੁਸ਼ਕਲ ਨਾਲ ਯਾਦ ਹੁੰਦੇ ਸਨ। ਕੁਝ ਚਿਰ ਤੋਂ ਉਸ ਨੇ ਉਰਦੂ ਜ਼ੁਬਾਨ ਵਿਚ ਅੱਖਰ ਉਠਾਣਾ ਸਿੱਖ ਲਿਆ ਹੈ। ਹੁਣ ਪਹਿਲਾਂ ਵਾਲੀ ਕੋਈ ਦਿੱਕਤ ਪੇਸ਼ ਨਹੀਂ ਆਉਂਦੀ। ਪਹਿਲਾਂ ਉਸ ਨੂੰ ਸਾਜ਼ਾਂ ਨਾਲ ਗਾਉਣ ਤੋਂ ਵੀ ਡਰ ਜਿਹਾ ਆਉਂਦਾ ਸੀ, ਮਤਾਂ ਕਲੈਰੀਨੈਟ ਦੀ ਸੁਰ ਕੋਈ ਹੋਰ ਹੋਵੇ ਤੇ ਉਸ ਦੀ ਆਵਾਜ਼ ਕਿਤੇ ਹੋਰ, ਹੁਣ ਰੇਸ਼ਮਾ ਪੂਰੇ ਵਿਸ਼ਵਾਸ ਨਾਲ ਗਾਉਂਦੀ ਹੈ।

ਰੇਸ਼ਮਾ ਨੇ ਕੋਈ ਉਸਤਾਦ ਨਹੀਂ ਧਾਰਿਆ। ਉਸ ਨੇ ਪਾਕਿਸਤਾਨ ਦੇ ਨਾਮਵਰ ਸੰਗੀਤਕਾਰ ਨੱਥੂ ਖਾਨ ਦੀਆਂ ਕੀਤੀਆਂ ਬਹੁਤ ਕੰਪੋਜੀਸ਼ਨਾਂ ਗਾਈਆਂ ਹਨ ਜਿਵੇਂ 'ਹਾਏ ਓਏ ਰੱਬਾ ਨਹੀਂ ਲੱਗਦਾ ਦਿਲ ਮੇਰਾ'', 'ਨਾ ਦਿਲ ਦੇਂਦੀ ਬੇਦਰਦੀ ਨੂੰ'' ਆਦਿ। ਰੇਸ਼ਮਾ ਦੀ ਇਸ ਨਾਮਵਰ ਸੰਗੀਤਕਾਰ ਨੂੰ ਆਪਣਾ ਉਸਤਾਦ ਧਾਰਨ ਦੀ ਹਸਰਤ, ਦਿਲ ਵਿਚ ਹੀ ਰਹਿ ਗਈ ਜਦੋਂ ਕਈ ਸਾਲ ਪਹਿਲਾਂ ਖਾਨ ਸਾਹਿਬ ਅੱਲਾ ਨੂੰ ਪਿਆਰੇ ਹੋ ਗਏ। ਰੇਡੀਓ ਟੀ.ਵੀ. 'ਤੇ ਜਾਂ ਪਬਲਿਕ ਵਿਚ ਆਉਣਾ ਰੇਸ਼ਮਾ ਲਈ ਏਨਾ ਸੌਖਾ ਨਹੀਂ ਸੀ। ਉਹ ਦੱਸਦੀ ਹੈ ਕਿ ਇਸ ਲਈ ਉਸ ਨੂੰ ਆਪਣੇ ਪਰਿਵਾਰ ਵਿਚ ਖਾਸੀ ਜਦੋ ਜਹਿਦ ਕਰਨੀ ਪਈ।

ਭਾਵੇਂ ਰੇਡੀਓ 'ਤੇ ਗਾਉਣ ਤੋਂ ਕਈ ਸਾਲ ਪਹਿਲੋਂ ਹੀ ਰੇਸ਼ਮਾ ਦਾ 15 ਕੁ ਸਾਲ ਦੀ ਉਮਰ ਵਿਚ ਹੀ ਮੌਲਵੀ ਬੁਲਾ ਕੇ ਉਸ ਦੇ ਮਾਮੇ ਦੇ ਮੁੰਡੇ ਨਾਲ ਨਿਕਾਹ ਪੜ੍ਹਾ ਦਿੱਤਾ ਸੀ ਪਰ ਫਿਰ ਵੀ ਘਰ ਦਿਆਂ ਨੂੰ ਡਰ ਸੀ ਕਿ ਮਤਾਂ ਉਨ੍ਹਾਂ ਦੀ ਕੁੜੀ ਉਡਾਰੂ ਹੀ ਨਾ ਹੋ ਜਾਵੇ। ਉਂਝ ਤਾਂ ਚੰਗੀ ਚੋਖੀ ਕਮਾਈ, ਮੋਟਰ ਕਾਰਾਂ ਤੇ ਸੁਖਾਲੀ ਜ਼ਿੰਦਗੀ ਕਿਸੇ ਨੂੰ ਵੀ ਬੁਰੀ ਨਹੀਂ ਲੱਗਦੀ ਪਰ ਜਿਥੇ ਸਵਾਲ ਔਰਤ ਦੀ ਬਰਾਬਰੀ ਦਾ ਆ ਜਾਂਦਾ, ਕਮਾਈ ਦੇ ਮਾਮਲੇ ਵਿਚ ਔਰਤ ਦੇ ਮਰਦ ਤੋਂ ਅੱਗੇ ਲੰਘ ਜਾਣ ਦੀ ਗੱਲ ਪਿਤਾ ਪੁਰਖੀ ਸਮਾਜ ਵਿਚ ਪ੍ਰਵਾਨ ਕਰਾਉਣੀ ਸੌਖੀ ਨਹੀਂ ਹੁੰਦੀ। ਗਾਉਣ ਦਾ ਸ਼ੌਕ ਰੇਸ਼ਮਾ ਦੀ ਛੋਟੀ ਭੈਣ ਨੂੰ ਵੀ ਸੀ, ਪਰ ਉਹ ਆਪਣੀ ਗੱਲ ਆਪਣੇ ਪਰਿਵਾਰ ਵਿਚ ਪੁਗਾ ਨਾ ਸਕੀ, ਜ਼ਾਹਰ ਹੈ ਉਹ ਕਲਾਕਾਰ ਦਾ ਦਰਜਾ ਹਾਸਲ ਨਹੀਂ ਕਰ ਸਕੀ।

ਰੇਸ਼ਮਾ ਦਾ ਸਟੇਜ ਦਾ ਸਾਥੀ ਖ਼ਾਨ ਮੁਹੰਮਦ ਆਪ ਚੰਗਾ ਸੁਰੀਲਾ ਸੰਗੀਤਕਾਰ ਹੈ ਤੇ ਰੇਸ਼ਮਾ ਦੇ ਪ੍ਰੋਗਰਾਮ ਵਿਚ ਉਸ ਦਾ ਨਿਪੁੰਨਤਾ ਨਾਲ ਸਾਥ ਦੇਂਦਾ ਹੈ। ਰੇਸ਼ਮਾ ਦੋ ਪੁੱਤਰਾਂ ਅਤੇ ਚਾਰ ਧੀਆਂ ਦੀ ਮਾਂ ਹੈ। ਅੱਜਕਲ੍ਹ ਉਸ ਦੇ ਦੋਵੇਂ ਪੁੱਤਰ ਮਾਂ ਨਾਲ ਹੀ ਉਸ ਦੇ ਪ੍ਰੋਗਰਾਮਾਂ ਵਿਚ ਸ਼ਰੀਕ ਹੁੰਦੇ ਹਨ, ਇਕ ਤਬਲਾ ਵਜਾਉਂਦਾ ਹੈ ਅਤੇ ਦੂਜਾ ਹਰਮੋਨੀਅਮ। ਰੇਸ਼ਮਾ ਇਕ ਘਰੇਲੂ ਔਰਤ ਲਗਦੀ ਹੈ ਤੇ ਸਿਵਾਏ ਗਾਉਣ ਦੇ, ਹੋਰ ਸਾਰੇ ਪੱਖਾਂ ਤੋਂ ਉਹ ਹੈ ਵੀ ਇਕ ਘਰੇਲੂ ਔਰਤ ਹੀ। ਜਦੋਂ ਘਰ ਹੋਵੇ ਤਾਂ ਸਾਰੇ ਪਰਿਵਾਰ ਲਈ ਖਾਣਾ ਪਕਾਉਣ ਦਾ ਕੰਮ ਉਹ ਆਪ ਹੀ ਕਰਦੀ ਹੈ। ਉਸ ਦਾ ਪਹਿਰਾਵਾ ਸਲਵਾਰ ਕਮੀਜ਼ ਹੈ, ਸਿੱਧੇ ਚੀਰ ਨਾਲ ਗੁੱਤ ਕਰਦੀ ਹੈ, ਤੇ ਵਾਹ ਲੱਗਦੀ ਦੁਪੱਟਾ ਸਿਰ ਤੋਂ ਲਹਿਣ ਨਹੀਂ ਦਿੰਦੀ। ਉਸ ਨੂੰ ਹੱਸਣ ਹਸਾਉਣ ਤੇ ਗੱਲਬਾਤ ਕਰਨ ਦਾ ਵਲ ਆਉਂਦਾ ਹੈ।

ਰੇਸ਼ਮਾ ਹੁਣ ਤਕ ਕਈ ਪਾਕਿਸਤਾਨੀ ਫ਼ਿਲਮਾਂ ਵਿਚ ਅਤੇ ਇਕ ਦੋ ਭਾਰਤੀ ਫ਼ਿਲਮਾਂ ਵਿਚ ਵੀ ਗਾ ਚੁੱਕੀ ਹੈ। ਉਸ ਦਾ ਮਿਜਾਜ ਅਜੇ ਵੀ ਬੁਨਿਆਦੀ ਤੌਰ 'ਤੇ ਖ਼ਾਨਾ-ਬਦੋਸ਼ ਹੈ, ਖੁੱਲ੍ਹਾ ਡੁੱਲ੍ਹਾ ਤੇ ਮਜ਼ਹਬੀ ਪਾਬੰਦੀਆਂ ਤੋਂ ਆਜ਼ਾਦ! ਭਾਵੇਂ ਉਹ ਰੱਬ ਨੂੰ ਮੰਨਣ ਵਾਲੀ ਔਰਤ ਹੈ ਪਰ ਆਪਣੇ ਰਹਿਣ ਸਹਿਣ ਤੇ ਵਰਤੋਂ ਵਿਹਾਰ ਵਿਚ ਉਹ ਮੌਲਵੀ ਵਾਲੇ ਕੱਟੜ ਇਸਲਾਮ ਵਿਚ ਵਿਸ਼ਵਾਸ ਨਹੀਂ ਰੱਖਦੀ। ਆਪਣੇ ਭਾਰਤ ਦੇ ਦੌਰੇ ਦੀਆਂ ਗੱਲਾਂ ਉਹ ਬੜੇ ਚਾਅ ਤੇ ਸ਼ੌਕ ਨਾਲ ਸੁਣਾਉਂਦੀ ਹੈ।

ਦਰਅਸਲ ਕੋਈ ਵੀ ਫ਼ਨਕਾਰ ਕਿਸੇ ਇਕ ਮੁਲਕ ਜਾਂ ਇਕ ਕੌਮ ਦਾ ਨਹੀਂ ਹੁੰਦਾ, ਤੇ ਨਾ ਹੀ ਫ਼ਨ ਦੀਆਂ ਕੋਈ ਹੱਦਾਂ ਹੁੰਦੀਆਂ ਹਨ। ਰੇਸ਼ਮਾ ਜਿਹੇ ਖਾਨਾ-ਬਦੋਸ਼ ਕਲਾਕਾਰਾਂ ਬਾਰੇ ਤਾਂ ਇਹ ਗੱਲ ਖਾਸ ਤੌਰ 'ਤੇ ਸੱਚ ਹੈ। ਰੇਸ਼ਮਾ ਹੁਣ ਨਿਰੇ ਪਾਕਿਸਤਾਨ ਦੀ ਨਹੀਂ, ਸਗੋਂ ਵਿਸ਼ਵ ਭਰ ਦੇ ਸੰਗੀਤ ਪ੍ਰੇਮੀਆਂ ਦੀ ਚਹੇਤੀ ਕਲਾਕਾਰ ਹੈ। ਮੇਰੇ ਲਈ ਸਭ ਤੋਂ ਵੱਡੀ ਗੱਲ ਇਹ ਹੈ ਕਿ ਉਹ ਸਾਡੀ 'ਨਤਾਸ਼ਾ ਦੀ ਡ਼ੇਸ਼ਮਾ' ਹੈ ਤੇ ਜਦੋਂ ਕਦੇ ਉਸ ਦੀ ਆਵਾਜ਼ ਸਾਡੇ ਕੰਨਾਂ ਨੂੰ ਨਸੀਬ ਹੋਵੇ ਤਾਂ ਮੈਨੂੰ ਅਤੇ ਮੇਰੀ ਪਤਨੀ ਨੂੰ ਵੀ ਓਨੀ ਹੀ ਚੰਗੀ ਲਗਦੀ ਹੈ, ਜਿੰਨੀ ਸਾਡੀ ਮਾਸੂਮ ਬੇਟੀ ਨੂੰ।

Harjeet Sandhu
REALTOR
''Serving all your Real Estate needs"
ਕਿਸੇ ਵੀ ਪ੍ਰਕਾਰ ਦੀ ਜਾਇਦਾਦ ਵੇਚਣੀ ਜਾਂ ਖ੍ਰੀਦਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਭਰੋਸੇਯੋਗ ਰੀਅਲਟਰ ਹਰਜੀਤ ਸੰਧੂ ਨੂੰ ਮਿਲੋ ਜਾਂ ਫੋਨ ਕਰੋ ।
"CONVERTING YOUR DREAMS INTO REALITY"

(780) 233-3100
Friendly Service & Free Market Evaluation

To view Thousands of properties online visit:
www.harjeetsandhu.com
harjsandhu@gmail.com
Realty Executives Polaris
Each Office Independently Owned and Operated
4107-99 St., Edmonton AB T6E 3N4
Tel: (780) 450-6300 (24hrs),
Fax: (780) 450-6670
Polaris
Member - Edmonton Real Estate Board, Residential & Commercial Divsion

ਕਹਾਣੀ

# ਹਵਾ

ਗੁਰਦੇਵ ਸਿੰਘ ਰੁਪਾਣਾ



ਬੱਚੇ ਦੇ ਰੋਣ ਦੀ ਆਵਾਜ਼ ਸੁਣ ਦੇ ਮਦਨ ਤ੍ਰਭਕ ਪਿਆ।

ਅੱਕਾਂ ਦੇ ਪਿਛੇ ਛੇ ਸੱਤ ਮਹੀਨੇ ਦਾ ਬੱਚਾ ਮੂਧੇ-ਮੂੰਹ ਪਿਆ ਰੋ ਰਿਹਾ ਸੀ। ਕਦੀ ਉਹਦਾ ਮੂੰਹ ਧਰਤੀ ਵਿਚ ਗੱਡਿਆ ਜਾਂਦਾ। ਕਦੀ ਉਹ ਸਿਰ ਨੂੰ ਉਪਰ ਚੁੱਕ ਲੈਂਦਾ। ਕਦੀ ਉਹਦੇ ਰੋਣ ਦੀ ਆਵਾਜ਼ ਮੱਧਮ ਸੁਣਦੀ, ਕਦੀ ਉਚੀ।

ਮਦਨ ਨੇ ਗੱਡੀ ਖੜੀ ਕਰ ਦਿੱਤੀ। ਬੱਚੇ ਨੂੰ ਚੁੱਕ ਕੇ ਆਪਣੀ ਪਗੜੀ ਦੇ ਲੰਮੇ ਲੜ ਨਾਲ ਉਹਦਾ ਮੂੰਹ ਪੂੰਝਿਆ। ਫੇਰ ਉਹਨੇ ਇਹ ਪਤਾ ਕੀਤਾ, ਉਹ ਮੁੰਡਾ ਸੀ ਜਾਂ ਕੁੜੀ। ਉਹ ਕੁੜੀ ਨਿਕਲੀ। ਬੱਚੀ ਉਹਦੇ ਵੱਲ ਵੇਖਣ ਲੱਗ ਪਈ।

ਕੋਲ ਹੀ ਇਕ ਦੁੱਧ-ਚਿੱਟਾ ਬੁਰਕਾ ਇਉਂ ਪਿਆ ਸੀ, ਜਿਵੇਂ ਹਨੇਰੀ ਨਾਲ ਉੱਡ ਕੇ ਆਇਆ ਹੋਵੇ।

'ਕੋਈ ਮਾਂ ਸੁੱਟ ਕੇ ਭੱਜ ਗਈ ਵਿਚਾਰੀ ਨੂੰ!' ਉਹਨੇ ਸੋਚਿਆ, 'ਕਿਹੋ ਜਹੀ ਚੰਦਰੀ 'ਵਾ ਵਗ ਗਈ ਐ - ਮਾਵਾਂ ਤੋਂ ਬੱਚੇ ਨ੍ਹੀਂ ਸੰਭਾਲੇ ਗਏ।' ਉਸ ਨੇ ਬੱਚੀ ਦੀਆਂ ਬਾਹਵਾਂ ਖੋਲ੍ਹ ਕੇ ਆਪਣੇ ਗਲ਼ ਦੁਆਲੇ ਵਲ਼ ਲਈਆਂ।

ਸਾਹਮਣੇ ਛੋਟੇ ਜਿਹੇ ਖਾਲ਼ ਵਿਚ ਇਕ ਆਦਮੀ ਪਿਆ ਹੋਇਆ ਦਿਸਿਆ। ਅੱਗੇ ਹੋ ਕੇ ਦੇਖਿਆ ਤਾਂ ਉਹ ਲਾਸ਼ ਸੀ। ਮੱਥੇ 'ਤੇ ਕਾਲੀ ਸਿਆਹੀ ਨਾਲ ਖੁਣਿਆ ਹੋਇਆ ਚੰਦ ਤੇ ਤਾਰਾ। ਚਿਹਰੇ ਉਤੇ ਪੀੜ ਦੀਆਂ ਲੀਕਾਂ ਖਿੱਚੀਆਂ ਹੋਈਆਂ ਸਨ, ਜਿਸ ਕਰ ਕੇ ਚੰਦ ਤੇ ਤਾਰੇ ਦਾ ਰੂਪ ਵਿਗੜਿਆ ਹੋਇਆ ਸੀ। ਪੇਟ ਵਿਚੋਂ ਆਂਦਰਾਂ ਦਾ ਗੁੱਛਾ ਬਾਹਰ ਲਮਕ ਰਿਹਾ ਸੀ। ਪੈਰਾਂ ਕੋਲੋਂ ਜ਼ਮੀਨ ਪੁੱਟੀ ਹੋਈ ਸੀ। ਜਾਨ ਨਿਕਲਣ ਵੇਲੇ ਤੜਫ਼ਦਾ ਰਿਹਾ ਹੋਵੇਗਾ।

'ਹੈਂਸਿਆਰੇ! ਪਿਓ ਨੂੰ ਮਾਰ ਕੇ ਸੁੱਟ ਗਏ, ਮਾਂ ਨੂੰ ਉਧਾਲ ਕੇ ਲੈ ਗਏ - ਏਸ ਜੁਆਕੜੀ ਨੂੰ ਰੁਲ਼ਦਾ ਛੱਡ ਗਏ....', ਉਹਦੇ ਆਉਣ ਤੋਂ ਪਹਿਲਾਂ ਜੋ ਵਾਪਰਿਆ ਸੀ, ਉਹਨੇ ਉਸ ਦਾ ਅੰਦਾਜ਼ਾ ਲਾ ਕੇ ਕਿਹਾ।

ਬੱਚੀ ਦਾ ਮੁਹਾਂਦਰਾ ਆਪਣੇ ਅੱਬਾ ਨਾਲ ਮਿਲਦਾ ਸੀ। ਫੇਰ ਵੀ ਚਿੱਟੇ ਬੁਰਕੇ ਵੱਲ ਵੇਖ-ਵੇਖ ਉਹਨੂੰ ਧਿਆਨ ਆ ਰਿਹਾ ਸੀ ਕਿ ਬੱਚੀ ਦੀ ਮਾਂ ਬਹੁਤ ਸੁਹਣੀ ਹੋਵੇਗੀ। ਉਹਦੀ ਸੁੰਦਰਤਾ ਹੀ ਉਹਦੇ ਖ਼ਾਵੰਦ ਦੀ ਦੁਸ਼ਮਣ ਬਣ ਗਈ ਹੋਵੇਗੀ। ਉਹ ਆਪ ਤਾਂ ਕਿਸੇ ਦੇ ਘਰ ਨੂੰ ਹੌਲ਼ੀ-ਹੌਲ਼ੀ ਆਪਣਾ ਘਰ ਕਹਿਣ ਲੱਗ ਜਾਵੇਗੀ ਤੇ ਕਿਸੇ ਨੂੰ ਆਪਣਾ ਘਰ ਵਾਲਾ। ਉਹਦੇ ਹੋਰ ਨਿਆਣੇ ਹੋ ਪੈਣਗੇ ਤੇ ਖ਼ਬਰੇ ਏਸ ਬੱਚੀ ਨੂੰ ਉਹ ਭੁੱਲ ਵੀ ਜਾਵੇ। ਪਰ ਜੇ ਉਹ ਮਾਂ ਦੇ ਨਾਲ ਬੱਚੀ ਨੂੰ ਵੀ ਲੈ ਜਾਂਦੇ ਤਾਂ ਕੀ ਹਰਜ ਸੀ...

'ਬੱਚੇ ਤਾਂ ਰੱਬ ਦਾ ਰੂਪ ਹੁੰਦੇ ਨੇ - ਬੱਚਿਆਂ ਦੇ ਸਾਹਮਣੇ ਆਦਮੀ ਪਾਪ ਕਰਨ ਤੋਂ ਡਰਦੈ।' ਮਦਨ ਨੂੰ ਮਾਂ ਦੀ ਕਹੀ ਗੱਲ ਯਾਦ ਆ ਗਈ।

'ਤੇ ਜੋ ਉਹ ਕਰ ਕੇ ਗਏ ਨੇ, ਉਹ ਕਿਹੜਾ ਪੁੰਨ ਸੀ?' ਫੇਰ ਉਹਨੂੰ ਮਾਂ ਦੀ ਗੱਲ ਝੂਠੀ ਜਾਪੀ।

ਬੱਚੀ ਫੇਰ ਰੋਣ ਲੱਗ ਪਈ।

'ਦੁਰਗੀ ਵੀ ਆਂਹਦੀ ਹੁੰਦੀ ਸੀ, ਰੱਬ ਇਕ ਧੀ ਤਾਂ ਮੈਨੂੰ ਜ਼ਰੂਰ ਦਿੰਦਾ - ਦੁੱਖ-ਸੁੱਖ ਕਰਨ ਵਾਸਤੇ... ਲਓ ਰੱਬ ਨੇ ਉਹਦੇ ਵਾਸਤੇ ਧੀ ਘੱਲ ਦਿੱਤੀ ਐ.... ਹਾਲੇ ਇਹਨੂੰ ਕੀ ਪਤੈ। ਨਾ ਇਹ ਹਿੰਦੂ, ਨਾ ਮੁਸਲਮਾਨ। ਬਿੱਲੂ ਨਾਲ ਖੇਡਦੀ ਫਿਰੂਗੀ - ਦੋਵੇਂ ਭੈਣ-ਭਰਾ...'

ਮਦਨ ਦੀ ਬੀਵੀ ਦੁਰਗੀ ਦੇ ਤਿੰਨ ਬੱਚੇ ਹੋਏ ਸਨ। ਤਿੰਨੇ ਅਪਰੇਸ਼ਨ ਨਾਲ। ਦੋ ਮਰ ਗਏ। ਬਿੱਲੂ ਬਚ ਗਿਆ ਸੀ। ਬਿੱਲੂ ਦੇ ਪੈਦਾ ਹੋਣ ਵੇਲੇ ਡਾਕਟਰ ਨੇ ਕਹਿ ਦਿੱਤਾ ਸੀ ਕਿ ਦੁਰਗੀ ਫੇਰ ਹਾਮਲਾ ਹੋ ਗਈ ਤਾਂ ਉਹ ਮਰ ਜਾਵੇਗੀ। ਤੇ ਦੁਰਗੀ ਦੇ ਮਨ ਵਿਚ ਧੀ ਵਾਸਤੇ ਸੱਧਰ ਬਾਕੀ ਰਹਿ ਗਈ ਸੀ।

"ਕਿਉਂ ਦੁਰਗੀ ਨੂੰ ਮਾਂ ਬਣਾ ਲਵੇਂਗੀ?" ਉਹਨੇ ਬੱਚੀ ਨੂੰ ਵਰਚਾਉਂਦਿਆਂ ਕਿਹਾ। ਤੇ ਫੇਰ ਕੱਸੀ ਵੱਲ ਲੈ ਤੁਰਿਆ। ਪਾਣੀ ਪਿਆ ਕੇ ਉਹਨੇ ਮੂਕੇ ਦੇ ਲੜੋਂ ਗੁੜ ਖੋਲ੍ਹ ਕੇ ਉਸ ਦੇ ਮੂੰਹ ਵਿਚ ਦੇ ਦਿੱਤਾ। ਤੇ ਉਸ ਨੂੰ ਗੱਡੀ ਵਿਚ ਲਿਟਾ ਕੇ ਗੱਡੀ ਹੱਕ ਲਈ।

ਦੋ ਕੁ ਫਰਲਾਂਗ ਗਿਆ ਹੋਵੇਗਾ ਕਿ ਉਹਨੂੰ ਦੋ ਲਾਸ਼ਾਂ ਦਿਸੀਆਂ। ਫੇਰ ਕੁਝ ਹੋਰ। ਉਹਨੇ ਸਾਹਮਣੇ ਨਜ਼ਰ ਮਾਰੀ ਤਾਂ ਸੜਕ ਲਾਸ਼ਾਂ ਨਾਲ ਭਰੀ ਪਈ ਸੀ। ਉਸ ਨੂੰ ਮਾਂ ਦੀ ਕਹੀ ਗੱਲ ਯਾਦ ਆ ਗਈ, 'ਮਦਨ ਤੇਰੇ ਗੱਡੀ ਚਲਾਉਣ ਵਾਲੇ ਚਾਲੇ ਨਹੀਂ - ਭੇਡ ਵਾਂਗੂੰ ਨੀਵੀਂ ਪਾਈ ਰਖਦੈਂ। ਨੀਵਾਂ ਵੇਖੇ ਤੋਂ ਅੱਧੀ ਦੁਨੀਆ ਦਿਸਦੀ ਐ...' ਤੇ ਅੱਜ ਉਹਨੂੰ ਪਹਿਲੀ ਵਾਰ ਆਪਣਾ ਨੀਵਾਂ ਦੇਖਣ ਦੀ ਆਦਤ 'ਤੇ ਗੁੱਸਾ ਆਇਆ। ਜੇ ਉਹ ਕੱਸੀ ਤੋਂ ਹੀ ਸਾਮ੍ਹਣੇ ਵੇਖ ਲੈਂਦਾ ਤਾਂ ਉਹ ਪਿਛੇ ਹੀ ਮੁੜ ਜਾਂਦਾ। ਪਰ ਜਾਂਦਾ ਕਿੱਥੇ? ਕਿਸ ਨੇ ਉਹਨੂੰ ਆਪਣੇ ਘਰ ਰਾਤ ਕੱਟਣ ਦੇਣੀ ਸੀ? ਹੰਸ ਰਾਜ ਨੇ ਤਾਂ ਉਹਨੂੰ ਇਹ ਆਖ ਕੇ ਆਪਣੀ ਦੁਕਾਨ ਵਿਚੋਂ ਉਠਾ ਦਿੱਤਾ ਸੀ ਕਿ ਕਾਫ਼ਲਾ ਲੰਘ ਗਿਆ ਹੈ, ਹੁਣ ਕੋਈ ਡਰ ਨਹੀਂ। ਲੋਕ ਡਰੇ ਹੋਏ ਸਨ। ਘਰਾਂ ਦੇ ਬੂਹੇ ਬੰਦ ਸਨ। ਸਾਰੇ ਬਾਜ਼ਾਰ ਵਿਚ ਉਹਨੂੰ ਇਕ ਵੀ ਬੰਦਾ ਨਜ਼ਰ ਨਹੀਂ ਸੀ ਪਿਆ। ਹੋਰ ਤਾਂ ਹੋਰ, ਅੱਜ ਤਾਂ ਚੁੰਗੀ 'ਤੇ ਰਾਮ ਲਾਲ ਵੀ ਨਹੀਂ ਸੀ। ਚੁੰਗੀ ਬੰਦ ਸੀ। ਨਹੀਂ ਤਾਂ ਉਹ ਉਸ ਦਾ ਕੋਈ ਬੰਨ੍ਹ-ਸੁੱਬ ਕਰ ਦਿੰਦਾ।

ਚੁਫ਼ੇਰੇ ਲਾਸ਼ਾਂ ਹੀ ਲਾਸ਼ਾਂ ਵੇਖ ਕੇ ਊਠ ਭਵੰਤਰ ਗਿਆ। ਮਦਨ ਵੀ ਡਰ ਗਿਆ।

"ਪਾਣੀ...!" ਇਕ ਆਵਾਜ਼ ਆਈ। ਸੜਕ ਦੇ ਕਿਨਾਰੇ ਇਕ ਲਾਸ਼ ਨੇ ਉਠਣ ਦਾ ਯਤਨ ਕੀਤਾ।

ਮਦਨ ਉਹਦੇ ਕੋਲ ਚਲਾ ਗਿਆ।

"ਪਾਣੀ.... ਅਸੀਂ ਮਰਦਾਨੇ ਕੇ ਹੁੰਨੇ ਆਂ ਪਰਭਾ... ਬਾਬਾ ਨਾਨਕ ਤੈਨੂੰ ਤਾਰੇ...।"

ਉਹਦੇ ਸਿਰ ਵਿਚ ਸੱਟ ਸੀ। ਪਿਛਲੇ ਪਾਸੇ ਲਹੂ ਦੀ ਛੱਪੜੀ ਲੱਗੀ ਹੋਈ ਸੀ। ਅੱਧਾ ਕੁ ਉਠ ਕੇ ਉਹ ਫੇਰ ਡਿੱਗ ਪਿਆ।

ਸੜਕ ਉਤੇ ਘਰ ਦਾ ਬਹੁਤ ਸਾਰਾ ਸਾਮਾਨ ਖਿੰਡਿਆ ਪਿਆ ਸੀ। ਆਟਾ ਗੁੰਨ੍ਹਣ ਵਾਲੀ ਕਨਾਲੀ ਦੇ ਠੀਕਰੇ। ਟੁੱਟੀ ਹੋਈ ਸੁਰਾਹੀ। ਇਕ ਚਰਖਾ, ਉੱਖੜਿਆ ਹੋਇਆ। ਕੁਝ ਸਿਲਵਰ ਦੇ ਭਾਂਡੇ, ਚਿੱਬੇ ਹੋਏ ਹੋਏ। ਪਿੱਤਲ ਜਾਂ ਕਾਂਸੀ ਦਾ ਕੋਈ ਬਰਤਨ ਨਹੀਂ ਸੀ। ਮਦਨ ਨੇ ਇਕ ਸਿਲਵਰ ਦਾ ਕੌਲਾ ਸਿੱਧਾ ਕੀਤਾ ਤੇ ਛਪੜੀ ਤੋਂ ਪਾਣੀ ਲੈਣ ਚਲਾ ਗਿਆ।



ਕੁਝ ਲਾਸ਼ਾਂ ਅੱਧੀਆਂ ਛਪੜੀ ਦੇ ਪਾਣੀ ਵਿਚ ਸਨ, ਕੁਝ ਸਾਰੀਆਂ। ਮਦਨ ਨੇ ਗਿਣੀਆਂ, ਕੁਲ ਤੀਹ ਸਨ। ਪਾਣੀ ਵਿਚ ਲਹੂ ਘੁਲਿਆ ਹੋਇਆ ਸੀ। ਮਦਨ ਨੇ ਕੋਈ ਸਾਫ਼ ਜਿਹੀ ਥਾਂ ਵੇਖ ਕੇ ਪਾਣੀ ਲੈਣ ਲਈ ਛਪੜੀ ਦਾ ਗੇੜਾ ਕੱਢਿਆ। ਪਰ ਕਿਧਰੇ ਵੀ ਸਾਫ਼ ਪਾਣੀ ਨਹੀਂ ਸੀ। ਉਸ ਨੇ ਨਿਉਂ ਕੇ ਪਾਣੀ ਕਾ ਕਟੋਰਾ ਭਰ ਲਿਆ। ਕਟੋਰੇ ਵਿਚਲੇ ਪਾਣੀ ਨੂੰ ਵੇਖਿਆ, ਉਹਦੇ ਵਿਚ ਲਹੂ ਸੀ। ਫੇਰ ਪਤਾ ਨਹੀਂ ਉਹਦੇ ਦਿਲ ਵਿਚ ਕੀ ਆਈ, ਉਹ ਕਾਹਲੀ-ਕਾਹਲੀ ਤੁਰ ਪਿਆ।

"ਲੈ ਬਈ ਜੇ ਤੇਰੀ ਵਧੀ ਹੋਈ ਤਾਂ ਕਿਸੇ ਤਣ-ਪੱਤਣ ਲੱਗ ਜਾਏਂਗਾ... ਏਸ ਪਾਣੀ 'ਚ ਤੇਰੇ ਵਰਗਿਆਂ ਦਾ ਲਹੂ ਰਲ਼ਿਆ ਹੋਇਆ ਐ...।" ਮਦਨ ਨੇ ਉਹਦਾ ਸਿਰ ਪਰ੍ਹੇ ਪਈ ਪਗੜੀ ਨਾਲ ਕੱਸ ਕੇ ਬੰਨ੍ਹ ਦਿੱਤਾ। ਆਖ਼ਰੀ ਗੰਢ ਦੇਣ ਤੋਂ ਪਹਿਲਾਂ ਹੀ ਉਹ ਉਹਦੇ ਹੱਥਾਂ ਵਿਚ ਲੁੜ੍ਹਕ ਗਿਆ। ਮਦਨ ਦੇ ਅੰਦਰੋਂ ਇਕ ਕੰਬਣੀ ਜਿਹੀ ਛਿੜ ਪਈ ਤੇ ਉਹ ਤੁਰ ਪਿਆ।

"ਪਾਣੀ...।" ਉਸ ਨੇ ਮੁੜ ਕੇ ਵੇਖਿਆ। ਸੜਕ ਦੇ ਦੂਜੇ ਕਿਨਾਰੇ ਇਕ ਲਾਸ਼ ਹੋਰ ਹਿੱਲ ਰਹੀ ਸੀ। ਮਦਨ ਨੇ ਸੜਕ ਉਤੋਂ ਪਾਣੀ ਵਾਲਾ ਕਟੋਰਾ ਚੁੱਕਿਆ। ਥੋੜ੍ਹਾ ਕੋ ਪਾਣੀ ਹੈ ਸੀ। ਉਹ ਸਿੱਧਾ-ਸਪਾਲ ਪਿਆ ਸੀ। ਉਹਦੀ ਵੱਖੀ ਕੋਲੋਂ ਲਹੂ ਵਹਿ-ਵਹਿ ਕੇ ਧਰਤੀ ਉਤੇ ਜੰਮ ਚੁੱਕਿਆ ਸੀ। ਮਦਨ ਨੇ ਉਹਨੂੰ ਬੈਠਾ ਕਰ ਕੇ ਗੋਡੇ ਦਾ ਆਸਰਾ ਦੇ ਦਿੱਤਾ। ਜਿੰਨਾ ਪਾਣੀ ਉਹਨੇ ਪੀਤਾ, ਸਾਰਾ ਵੱਖੀ ਵਿਚੋਂ ਦੀ ਬਾਹਰ ਨਿਕਲ ਗਿਆ। ਉਹਨੇ ਵੱਖੀ ਨੂੰ ਬੰਨ੍ਹ ਦੇਣ ਲਈ ਇਸ਼ਾਰਾ ਕੀਤਾ।

"ਹੁਣ ਤੂੰ ਮੈਨੂੰ ਓਸ ਕਿੱਕਰ ਦੇ ਮੁੱਢ ਨਾਲ ਬੈਠਾ ਕਰ ਦੇਹ।" ਉਸ ਨੇ ਕਿਹਾ, "ਮਿਲਟਰੀ ਵਾਲੇ ਕਿਧਰੇ ਮੈਨੂੰ ਜਿਉਂਦੇ ਨੂੰ ਹੀ ਨਾ ਦੱਬ ਜਾਣ।"

ਮਦਨ ਛੇਤੀ-ਛੇਤੀ ਸਾਰਾ ਕੰਮ ਮੁਕਾ ਕੇ ਤੁਰਦਾ ਹੋਇਆ। ਦਿਨ ਬਹੁਤ ਛੋਟਾ ਰਹਿੰਦਾ ਜਾਂਦਾ ਸੀ। ਉਹ ਦਿਨ ਖੜ੍ਹੇ-ਖੜ੍ਹੇ ਘਰ ਪਹੁੰਚਣਾ ਚਾਹੁੰਦਾ ਸੀ। ਹਾਲੇ ਵੀ ਥੋੜ੍ਹਾ ਕੁ ਡਰ ਉਹਦੇ ਅੰਦਰ ਕਿਧਰੇ ਲੁਕਿਆ ਹੋਇਆ ਸੀ।

ਉਹਨੇ ਗੱਡੀ ਤੋਰ ਲਈ। 15-20 ਕਦਮ ਹੀ ਗਿਆ ਹੋਵੇਗਾ ਕਿ ਗੱਡੀ ਦਾ ਇਕ ਪਹੀਆ ਇਕ ਲਾਸ਼ ਦੇ ਉਤੋਂ ਦੀ ਲੰਘ ਗਿਆ। ਮਦਨ ਨੂੰ ਕ੍ਰੋਧ ਚੜ੍ਹ ਗਿਆ। ਉਹਨੇ ਗੱਡੀ ਵਿਚੋਂ ਡਾਂਗ ਚੁੱਕੀ ਤੇ ਧਲੀਰ ਕੇ ਊਠ ਦੇ ਦੋ ਜੜ ਦਿੱਤੀਆਂ। ਊਠ ਕੁਦਾੜੇ ਮਾਰਦਾ ਭੱਜ ਤੁਰਿਆ ਤੇ ਗੱਡੀ ਤਿੰਨ-ਚਾਰ ਲਾਸ਼ਾਂ ਦੇ ਉਤੋਂ ਦੀ ਲੰਘ ਗਈ। ਮਦਨ ਨੇ ਉਤਰ ਕੇ ਊਠ ਦੀ ਮੁਹਾਰ ਅੱਗੇ ਫੜ ਲਈ ਤੇ ਲਾਸ਼ਾਂ ਤੋਂ ਬਚਾ-ਬਚਾ ਕੇ ਗੱਡੀ ਤੋਰਨ ਲੱਗਿਆ।

ਬੱਚੀ ਨੇ ਰੋਣਾ ਸ਼ੁਰੂ ਕਰ ਦਿੱਤਾ। ਮਦਨ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ - "ਮੈਨੂੰ ਪਾਣੀ ਨਾਲ ਲੈ ਕੇ ਤੁਰਨਾ ਚਾਹੀਦਾ ਸੀ ਜੁਆਕੜੀ ਵਾਸਤੇ।" ਗੱਡੀ ਖੜੀ ਕਰ ਕੇ ਉਹਨੇ ਬੱਚੀ ਨੂੰ ਕੁੱਛੜ ਚੁੱਕ ਲਿਆ। ਉਹ ਚੁੱਪ ਕਰ ਗਈ। ਪਰ ਹਾਲੇ ਵੀ ਕਿਸੇ ਬੱਚੇ ਦੇ ਰੋਣ ਦੀ ਆਵਾਜ਼ ਆ ਰਹੀ ਸੀ। ਇਕ ਟਾਹਲੀ ਹੇਠ ਚਾਰ-ਪੰਜ ਬੱਚੇ ਬੈਠੇ ਸਨ। ਇਕ ਵੱਡਾ ਬੱਚਾ ਇਕ ਲਾਸ਼ ਨਾਲ ਜਾ ਚਿੰਬੜਿਆ।

"ਡਰੋ ਨਾ... ਮੈਂ ਮਾਰਨ ਵਾਲਾ ਨਹੀਂ।" ਉਸ ਨੇ ਕਿਹਾ। "ਇਹ ਤੇਰਾ ਅੱਬਾ ਐ?" ਉਹਨੇ ਵੱਡੇ ਬੱਚੇ ਨੂੰ ਪੁੱਛਿਆ।

ਬੱਚੇ ਨੇ ਹਾਂ ਵਿਚ ਸਿਰ ਹਿਲਾ ਦਿੱਤਾ। ਸਭ ਬੱਚੇ ਚੁੱਪ ਹੋ ਗਏ। ਮਦਨ ਖੜ੍ਹਾ ਸੋਚਦਾ ਰਿਹਾ, ਉਹ ਉਨ੍ਹਾਂ ਨੂੰ ਹੋਰ ਕੀ ਕਹੇ? ਕੁੱਝ ਬੱਚੇ ਸੜਕ ਦੇ ਦੂਜੇ ਪਾਸੇ ਵੀ ਕਿੱਕਰ ਦੇ ਹੇਠ ਬੈਠੇ ਸਨ। ਕੁੱਝ ਰੋ ਰਹੇ ਸਨ। ਕੋਈ ਆਪਣੀ ਮੋਈ ਮਾਂ ਦੀ ਛਾਤੀ ਉਤੇ ਸਿਰ ਰੱਖ ਕੇ ਡੁਸਕ ਰਿਹਾ ਸੀ। ਆਸੇ-ਪਾਸੇ ਫੱਟੜ ਪਾਣੀ ਮੰਗ ਰਹੇ ਸਨ। ਉਹ ਉਨ੍ਹਾਂ ਦਾ ਕੀ ਕਰੇ? ਕਿਸ-ਕਿਸ ਨੂੰ ਸੰਭਾਲੇ? ਕਿੱਥੋ ਪਾਣੀ ਲਿਆ ਕੇ ਪਿਆਵੇ, ਉਹ ਇਕੱਲਾ? ਪਿੱਛੇ ਉਹ ਲਾਸ਼ਾਂ ਦਾ ਕਾਫ਼ਲਾ ਛੱਡ ਆਇਆ ਸੀ। ਅੱਗੇ ਇਸ ਤੋਂ ਵੱਡਾ ਕਾਫ਼ਲਾ ਸੀ, ਜਿਸ ਵਿਚੋਂ ਦੀ ਰਾਹ ਬਣਾ ਕੇ ਉਹਨੇ ਘਰ ਪੁੱਜਣਾ ਸੀ - ਦਿਨ ਖੜੇ-ਖੜੇ। ਪਤਾ ਨਹੀਂ ਕਿੱਥੋਂ ਤਕ ਇਹ ਕਾਫ਼ਲਾ ਵਿਛਿਆ ਪਿਆ ਹੋਵੇਗਾ। ਜਿਉਂਦੇ ਬੰਦਿਆਂ ਦਾ ਤਾਂ ਵੀਹ ਮੀਲ ਲੰਮਾ ਕਾਫ਼ਲਾ ਸੁਣਿਆ ਸੀ।

ਕੁੱਝ ਚਿਰ ਉਹ ਚੁੱਪ-ਚਾਪ ਖੜ੍ਹਾ ਰਿਹਾ। ਫੇਰ ਉਸ ਨੇ ਬੱਚੀ ਨੂੰ ਉਨ੍ਹਾਂ ਕੋਲ ਲਿਟਾ ਦਿੱਤਾ ਤੇ ਛੇਤੀ-ਛੇਤੀ ਉਥੋਂ ਤੁਰਦਾ ਹੋਇਆ, ਮਤੇ ਫੇਰ ਉਹਦਾ ਦਿਲ ਬਦਲ ਜਾਵੇ।

ਉਹ ਉਸੇ ਤਰ੍ਹਾਂ ਮੁਹਾਰ ਫੜੀ ਗੱਡੀ ਨੂੰ ਲਾਸ਼ਾਂ ਤੋਂ ਬਚਾ-ਬਚਾ ਕੇ ਲੰਘਾਉਣ ਲੱਗਿਆ। ਫੇਰ ਵੀ ਕਦੇ ਕਿਸੇ ਦਾ ਪੈਰ ਹੇਠ ਆ ਜਾਂਦਾ ਤੇ ਕਦੇ ਕਿਸੇ ਦੀ ਲੱਤ ਉਤੋਂ ਦੀ ਪਹੀਆ ਲੰਘ ਜਾਂਦਾ। ਪਰ ਉਹਨੂੰ ਊਠ ਉਤੇ ਗੁੱਸਾ ਨਹੀਂ ਸੀ ਆ ਰਿਹਾ। ਉਹਦਾ ਕੀ ਕਸੂਰ ਸੀ, ਵਿਚਾਰੇ ਦਾ? ਸਗੋਂ ਉਹਦਾ ਤਾਂ ਜ਼ੋਰ ਲੱਗ ਰਿਹਾ ਸੀ, ਝਟੇ-ਝਟੇ ਪਹੀਏ ਅੱਗੇ ਓਟਾ ਲੱਗ ਜਾਂਦਾ ਸੀ।

ਅੱਧ ਵਾਲੀ ਕੱਸੀ 'ਤੇ ਪਹੁੰਚ ਕੇ ਉਹਨੂੰ ਮਹਿਸੂਸ ਹੋਇਆ, ਉਹ ਥੱਕ ਗਿਆ ਹੈ। ਜਿਸ ਬਾਂਹ ਨਾਲ ਊਠ ਦੀ ਮੁਹਾਰ ਕਦੀ ਏਧਰ, ਕਦੀ ਓਧਰ ਖਿੱਚਦਾ ਆਇਆ ਸੀ, ਉਹ ਹੰਬ ਗਈ ਹੈ ਤੇ ਹੁਣ ਉਸ ਤੋਂ ਉਹਦਾ ਭਾਰ ਨਹੀਂ ਚੁੱਕਿਆ ਜਾਂਦਾ। ਹੁਣ ਤਕ ਉਸ ਨੇ ਢਾਈ ਮੀਲ ਪੰਧ ਕੀਤਾ ਸੀ। ਸੜਕ ਦਾ ਏਨਾ ਹੀ ਸਫ਼ਰ ਬਾਕੀ ਸੀ ਤੇ ਇਕ ਮੀਲ ਅੱਗੇ ਕੱਚਾ, ਜਿਹੜਾ ਅੱਜ ਪੱਕੀ ਸੜਕ ਨਾਲੋਂ ਸਾਫ਼ ਰਸਤਾ ਹੋਵੇਗਾ। ਸੂਰਜ ਡੁੱਬ ਚੁੱਕਿਆ ਸੀ। ਪੁਲ ਉਤੇ ਪਹੁੰਚ ਕੇ ਉਹਨੇ ਵੇਖਿਆ, ਕੱਸੀ ਦਾ ਪਾਣੀ ਪਟੜੀਆਂ ਦੇ ਉਤੋਂ ਦੀ ਵਗ ਰਿਹਾ ਸੀ। ਕੱਸੀ ਲਾਸ਼ਾਂ ਨਾਲ ਅੱਟੀ ਪਈ ਸੀ। ਉਹਨੇ ਗੱਡੀ ਰੋਕ ਦਿੱਤੀ।

ਊਠ ਨੇ ਚੀੜ੍ਹ ਕਰ ਲਿਆ ਤਾਂ ਉਹ ਗੱਡੀ ਦੇ ਉਤੇ ਚੜ੍ਹ ਬੈਠਾ ਤੇ ਊਠ ਦੀਆਂ ਮੁਹਾਰਾਂ ਢਿੱਲੀਆਂ ਛੱਡ ਦਿੱਤੀਆਂ। ਕਦੀ ਕੋਈ ਲਾਸ਼ ਧਿਆਨ ਪੈ ਜਾਂਦੀ ਤਾਂ ਊਠ ਦੀ ਮੁਹਾਰ ਇਕ ਪਾਸੇ ਖਿੱਚ ਦਿੰਦਾ, ਨਹੀਂ ਤਾਂ ਗੱਡੀ ਉਤੋਂ ਦੀ ਹੀ ਲੰਘ ਜਾਂਦੀ।

ਹੌਲ਼ੀ-ਹੌਲ਼ੀ ਹਨੇਰਾ ਵੱਧਣ ਲੱਗਿਆ। ਲਾਸ਼ਾਂ ਨਜ਼ਰ ਆਉਣੋਂ ਹਟ ਗਈਆਂ। ਬੱਸ ਉਦੋਂ ਹੀ ਪਤਾ ਲੱਗਦਾ, ਜਦੋਂ ਗੱਡੀ ਉਪਰੋਂ ਦੀ ਲੰਘ ਕੇ ਧੜੱਕ ਕਰ ਕੇ ਵਜਦੀ। ਮੀਲ ਕੁ ਚੱਲਣ ਪਿਛੋਂ ਉਹਨੂੰ ਇਹ ਪਤਾ ਲੱਗਣ ਲੱਗ ਪਿਆ ਕਿ ਪਹੀਏ ਹੇਠ ਆਈ ਲਾਸ਼ ਕਿਸੇ ਵੱਡੇ ਬੰਦੇ ਦੀ ਹੈ ਜਾਂ ਬੱਚੇ ਦੀ? ਊਠ ਦੇ ਪੈਰਾਂ ਦੀ ਆਵਾਜ਼ ਤੋਂ ਜਾਣ ਜਾਂਦਾ ਕਿ ਸੜਕ ਸੁੱਕੀ ਹੈ ਜਾਂ ਲਹੂ ਲਿੱਬੜੀ?

ਹੁਣ ਉਹਦਾ ਡਰ ਬਿਲਕੁਲ ਲੱਥ ਗਿਆ ਸੀ ਤੇ ਉਸ ਨੇ ਉਹ ਗੀਤ ਹੌਲ਼ੀ-ਹੌਲ਼ੀ ਗਾਉਣਾ ਸ਼ੁਰੂ ਕੀਤਾ, ਜਿਹੜਾ ਰਾਤ ਨੂੰ ਸਫ਼ਰ ਕਰਨ ਸਮੇਂ ਹਮੇਸ਼ਾ ਗਾਇਆ ਕਰਦਾ ਸੀ :-

"ਨੀ ਤੂੰ ਮਾੜੀ ਕੀਤੀ ਸਾਹਿਬਾਂ,
ਨੀ ਤੂੰ ਯਾਰ ਦਿੱਤਾ ਮਰਵਾ ਨੀ।"

ਪਰ ਅੱਜ ਉਹਨੂੰ ਨਾ ਤਾਂ ਕਿਸੇ ਮਿਰਜ਼ੇ 'ਤੇ ਤਲਵਾਰਾਂ ਵੱਜਦੀਆਂ ਦਿਸੀਆਂ ਅਤੇ ਨਾ ਹੀ ਲਹੂ ਦੇ ਪਰਨਾਲੇ ਵਗਦੇ ਵਿਖਾਈ ਦਿੱਤੇ। ਉਹਨੂੰ ਆਪਣਾ ਗੀਤਾ ਰਸ-ਹੀਣ ਲੱਗਿਆ ਤੇ ਉਹਨੇ ਬੰਦ ਕਰ ਦਿੱਤਾ।

ਪੱਕੀ ਸੜਕ ਦਾ ਸਫ਼ਰ ਮੁੱਕਿਆ ਤਾਂ ਕੱਚੇ ਰਾਹ ਮੁੜ ਕੇ ਊਠ ਆਪ ਹੀ ਰੁਕ ਗਿਆ। ਕੁਝ ਮਿੰਟ ਰੁਕਿਆ ਰਿਹਾ ਤੇ ਫੇਰ ਆਪ ਹੀ ਤੁਰ ਪਿਆ।

ਆਪਣੇ ਬੂਹੇ ਅੱਗੇ ਪਹੁੰਚਿਆ, ਤਾਂ ਕਿੰਨੇ ਹੀ ਆਂਢੀ-ਗੁਆਂਢੀ ਬੋਲ ਪਏ - "ਆ ਗਿਆ, ਆ ਗਿਆ।"

ਉਨ੍ਹਾਂ ਦੇ ਘਰ ਵਿਚੋਂ ਰੋਣ ਦੀਆਂ ਆਵਾਜ਼ਾਂ ਹੋਰ ਉੱਚੀਆਂ ਹੋ ਗਈਆਂ। ਉਹ ਕੋਲ਼ ਗਿਆ ਤਾਂ ਜੁੜੇ ਹੋਏ ਮਰਦ ਚੁੱਪ ਹੋ ਗਏ। ਉਹਨੇ ਗੱਡੀ ਨਾਲੋਂ ਊਠ ਨੂੰ ਛੱਡਿਆ ਤੇ ਵਿਹੜੇ ਵਿਚ ਚਰਨੇ ਉਤੇ ਬੰਨ੍ਹ ਦਿੱਤਾ। ਇਕ ਪਾਸੇ ਬਹੁਤ ਸਾਰੀਆਂ ਔਰਤਾਂ ਵੈਣ ਪਾ ਰਹੀਆਂ ਸਨ। ਉਨ੍ਹਾਂ ਵਿਚੋਂ ਮਦਨ ਦੀ ਮਾਂ ਉਠੀ ਤੇ ਉਹਦੇ ਗਲ਼ ਲੱਗ ਕੇ ਧਾਹਾਂ ਮਾਰਨ ਲੱਗ ਪਈ।

"ਵੇ ਆਪਾਂ ਲੁੱਟੇ ਗਏ ਪੁੱਤਾ!"

"ਕੀ ਗੱਲ ਐ ਮਾਂ?" ਉਹਨੇ ਮਾਂ ਦੀਆਂ ਬਾਹਵਾਂ ਆਪਣੇ ਦੁਆਲਿਓਂ ਲਾਹ ਕੇ ਪੁੱਛਿਆ।

"ਬਿੱਲੂ ਕੋਠੇ ਤੋਂ ਡਿੱਗ ਕੇ ਪੂਰਾ ਹੋ ਗਿਆ।" ਉਹਨੂੰ ਦੱਸਿਆ ਗਿਆ। ਉਹ ਚੁੱਪ ਚਾਪ ਬਹਿ ਗਿਆ। ਕੁੱਝ ਦੇਰ ਸਾਰੇ ਚੁੱਪ ਰਹੇ। ਫੇਰ ਕਿਸੇ ਨੇ ਕਿਹਾ, "ਮਦਨ ਲਾਲ, ਚਲੋ ਸਸਕਾਰ ਕਰ ਆਈਏ। ਅਸੀਂ ਤੈਨੂੰ ਹੀ ਉਡੀਕਦੇ ਸੀ।"

"ਬਿੰਦ ਕੁ ਠਹਿਰੋ, ਇਹ ਕੰਮ ਵੀ ਕਰ ਲੈਨੇ ਆਂ।" ਮਦਨ ਨੇ ਕਿਹਾ, "ਬਿੰਦ ਕੁ ਸੁਸਤਾ ਲਈਏ, ਥੱਕੇ ਬਹੁਤ ਆਂ, ਭੁੱਖ ਵੀ ਬਹੁਤ ਲੱਗੀ ਐ।"

ਮਾਂ ਨੇ ਉਹਨੂੰ ਮੋਢਿਆਂ ਤੋਂ ਫੜ ਲਿਆ।

"ਹੈਂਸਿਆਰਿਆ! ਤੂੰ ਇਹਨੂੰ ਕੰਮ ਦੱਸਦੈਂ, ਤੈਨੂੰ ਭੁੱਖ ਲੱਗੀ ਐ... ਵੇ ਕੋਈ ਜਣਾ ਲਾਲਟੈਨ ਲਿਆਓ ਵੇ...।" ਉਹ ਦੁਹੱਥੜ ਪਿੱਟਣ ਲੱਗ ਪਈ।

ਕੋਈ ਜਣਾ ਲਾਲਟੈਨ ਲੈ ਆਇਆ।

"ਵੇ ਪਿੰਡਾ! ਅਸੀਂ ਲੁੱਟੇ ਗਏ.... ਮੈਂ ਛੋਟੇ ਨੂੰ ਰੋਂਦੀ ਸਾਂ... ਵੱਡੇ ਨੂੰ ਵੀ ਕੁੱਝ ਹੋ ਗਿਐ... ਪਤਾ ਨਹੀਂ ਕੀਹਦੀ 'ਵਾ ਲੱਗ ਗਈ ਐ... ਵੇਖੋ ਕਿਵੇਂ ਦੀਦੇ ਪਾੜ-ਪਾੜ ਵੇਖੀ ਜਾਂਦੈ...।"

ਸਭ ਤੀਵੀਆਂ ਉਠ ਕੇ ਉਹਦੇ ਦੁਆਲੇ ਹੋ ਗਈਆਂ।

"ਕੋਈ ਓਪਰੀ ਹਵਾ ਲੱਗਦੀ ਐ।"

ਬਿੱਲੂ ਦੀ ਲਾਸ਼ ਇਕੱਲੀ ਪਈ ਸੀ, ਕੱਪੜੇ ਨਾਲ ਢੱਕੀ ਹੋਈ। ਮਦਨ ਉਹਦੇ ਵੱਲ ਵੇਖ ਰਿਹਾ ਸੀ, ਵੇਖੀ ਹੀ ਜਾ ਰਿਹਾ ਸੀ। ਉਹਨੂੰ ਇਉਂ ਲੱਗ ਰਿਹਾ ਸੀ, ਜਿਵੇਂ ਇਕ ਲਾਸ਼ ਬਾਕੀ ਲਾਸ਼ਾਂ ਨਾਲੋਂ ਇਕ ਮੀਲ ਦੇ ਫ਼ਾਸਲੇ ਉਤੇ ਪਈ ਹੋਵੇ - ਬੱਸ।

ਕਹਾਣੀ

# ਧਰਤੀ ਹੇਠਲਾ ਬੌਲਦ



ਕੁਲਵੰਤ ਸਿੰਘ ਵਿਰਕ

ਠੱਠੀ ਖਾਰਾ ਪਿੰਡ ਅੰਮ੍ਰਿਤਸਰ ਤੋਂ ਨੇੜੇ ਹੀ ਸੀ, ਪੱਕੀ ਸੜਕ ਤੇ। ਤੇ ਜਿਸ ਮੌਜ ਵਿਚ ਮਾਨ ਸਿੰਘ ਜਾ ਰਿਹਾ ਸੀ ਉਸ ਵਿਚ ਤੇ ਦੂਰ ਦੇ ਪਿੰਡ ਵੀ ਨੇੜੇ ਹੀ ਲੱਗਦੇ ਨੇ। ਇਸ ਲਈ ਭਾਵੇਂ ਸ਼ਾਮ ਹੋ ਰਹੀ ਸੀ ਤੇ ਟਾਂਗੇ ਦੇ ਥੱਕੇ ਹੋਏ ਘੋੜੇ ਦੀ ਟਾਪ ਵੀ ਮੱਠੀ ਹੋ ਰਹੀ ਸੀ, ਉਸ ਨੂੰ ਕੋਈ ਚਿੰਤਾ ਨਹੀਂ ਸੀ।

ਮਾਨ ਸਿੰਘ ਛੁਟੀ 'ਤੇ ਆਇਆ ਹੋਇਆ ਇਕ ਫ਼ੌਜੀ ਸੀ। ਠੱਠੀ ਖਾਰਾ ਉਸ ਦੇ ਯਾਰ ਕਰਮ ਸਿੰਘ ਦਾ ਪਿੰਡ ਸੀ। ਜਿੰਨੀਆਂ ਗੂੜ੍ਹੀਆਂ ਯਾਰੀਆਂ ਫ਼ੌਜ ਵਿਚ ਲਗਦੀਆਂ ਨੇ ਹੋਰ ਕਿਤੇ ਨਹੀਂ ਲਗਦੀਆਂ। ਪਹਿਲਾਂ ਤਾਂ ਉਹ ਦੋਵੇਂ ਆਪਣੇ ਰੈਜੀਮੈਂਟਲ ਸੈਂਟਰ ਵਿਚ ਇਕੱਠੇ ਰਹੇ ਤੇ ਹੁਣ ਇਕ ਬਟਾਲੀਅਨ ਵਿਚ ਬਰਮਾ ਫਰੰਟ ਤੇ ਲੜ ਰਹੇ ਸਨ। ਕਰਮ ਸਿੰਘ ਪਹਿਲਾਂ ਦਾ ਭਰਤੀ ਸੀ ਤੇ ਹੁਣ ਹੌਲਦਾਰੀ ਕਰਦਾ ਸੀ ਪਰ ਮਾਨ ਸਿੰਘ ਅਜੇ ਮਸਾਂ ਨਾਇਕੀ ਤਕ ਹੀ ਅਪੜਿਆ ਸੀ।

ਕਰਮ ਸਿੰਘ ਬਾਰੇ ਇਕ ਖ਼ਾਸ ਗੱਲ ਇਹ ਸੀ ਕਿ ਉਸ ਦੀ ਜੀਭ ਵਿਚ ਬੜਾ ਰਸ ਸੀ। ਪਿੰਡ ਦੇ ਕਈ ਹੋਰ ਮੁੰਡੇ ਵੀ ਫ਼ੌਜ ਵਿਚ ਸਨ। ਜਦੋਂ ਉਹ ਛੁਟੀ ਆਉਂਦੇ ਤਾਂ ਪਿੰਡ ਦੇ ਬੰਦਿਆਂ ਨਾਲ ਉਨ੍ਹਾਂ ਦੀ ਗੱਲ ਵਾਹਿਗੁਰੂ ਜੀ ਕੀ ਫ਼ਤਹਿ ਤੋਂ ਅਗੇ ਨਾ ਟੁਰਦੀ, ਪਰ ਜਦੋਂ ਕਰਮ ਸਿੰਘ ਪਿੰਡ ਆਉਂਦਾ ਤਾਂ ਖੂਹ ਤੇ ਨ੍ਹਾਉਣ ਵਾਲਿਆਂ ਦੀਆਂ ਭੀੜਾਂ ਵਧ ਜਾਂਦੀਆਂ। ਸਿਆਲ ਦੀ ਅੱਧੀ ਅੱਧੀ ਰਾਤ ਲੋਕ ਠੰਢੀ ਹੋ ਰਹੀ ਦਾਣੇ ਭੁੰਨਣ ਵਾਲੀ ਭੱਠੀ ਦੇ ਸੇਕ ਆਸਰੇ ਬੈਠੇ ਕਰਮ ਸਿੰਘ ਦੀਆਂ ਗੱਲਾਂ ਸੁਣਦੇ ਰਹਿੰਦੇ। ਪਿਛੇ ਰਜਮੈਂਟ ਵਿਚ ਉਸ ਦੀ ਰਾਈਫਲ ਦਾ ਨਿਸ਼ਾਨਾ ਬੜਾ ਮਸ਼ਹੂਰ ਸੀ। ਨਿਸ਼ਾਨਾ ਮਾਰਨ ਦੇ ਮੁਕਾਬਲਿਆਂ ਵਿਚ ਉਸ ਦੀ ਗੋਲੀ ਨਿਸ਼ਾਨੇ ਇਸ ਤਰ੍ਹਾਂ ਠੀਕ ਵਿਚਕਾਰੋਂ ਲੰਘਦੀ ਜਿਵੇਂ ਆਪ ਹੱਥ ਨਾਲ ਫੜਕੇ ਲੰਘਾਈ ਗਈ ਹੋਵੇ। ਹੁਣ ਲੜਾਈ ਵਿਚ ਉਸ ਦੇ ਪੱਕੇ ਨਿਸ਼ਾਨੇ ਨੇ ਕਈ ਦੂਰ ਲੁਕੇ ਹੋਏ ਤੇ ਦਰਖ਼ਤਾਂ ਦੇ ਟਾਹਣ ਜਿਹੇ ਦਿਸਦੇ ਜਾਪਾਨੀ ਡੇਗੇ ਸਨ। ਇਸ ਤਰ੍ਹਾਂ ਉਹ ਜਾਪਾਨੀ ਨਿਸ਼ਾਨਚੀਆਂ ਦੀਆਂ ਗੋਲੀਆਂ ਨਾਲ ਮਰੇ ਆਪਣੇ ਆਦਮੀਆਂ ਦੇ ਬਦਲੇ ਚੁਕਾਂਦਾ ਤੇ ਆਪਣੀ ਪਲਟਨ ਦਾ ਦਿਲ ਠੰਢਾ ਕਰਦਾ। ਜਿਥੇ ਮਸ਼ੀਨ ਗੰਨਾਂ ਦੀਆਂ ਗੋਲੀਆਂ ਦੀਆਂ ਵਾਛੜਾਂ ਨਿਸਫਲ ਜਾਂਦੀਆਂ ਉਥੇ ਕਰਮ ਸਿੰਘ ਦੀ ਇਕ ਗੋਲੀ ਕੰਮ ਸੁਆਰ ਦਿੰਦੀ ਸੀ। ਭਾਵੇਂ ਹੁਣ ਕਰਮ ਸਿੰਘ ਦੇ ਹੱਡ ਕੁਝ ਪੁਰਾਣੇ ਹੁੰਦੇ ਜਾਂਦੇ ਸਨ, ਪਰ ਜਦੋਂ ਜਿਮਨਾਸਟਕ ਦੇ ਡੰਡਿਆਂ ਤੇ ਖੇਡਾਂ ਕਰਦਾ ਤਾਂ ਵੇਖਣ ਵਾਲਿਆਂ ਨੂੰ ਇਸ ਤਰ੍ਹਾਂ ਲੱਗਦਾ ਜਿਵੇਂ ਉਸ ਨੂੰ ਕੋਈ ਭੂਤ ਚੰਬੜ ਗਿਆ ਹੋਵੇ।

ਇਥੇ ਲੜਾਈ ਵਿਚ ਤੇ ਖ਼ੈਰ ਇਹ ਸਭ ਕੁਝ ਬੰਦ ਸੀ। ਹੋਰ ਵੀ ਬਹੁਤ ਕੁਝ ਬੰਦ ਸੀ, ਕਦੀ ਕੱਸੀਆਂ ਹੋਈਆਂ ਵਰਦੀਆਂ ਪਾ ਕੇ ਬੈਂਡ ਨਾਲ ਪਰੇਡ ਨਹੀਂ ਕੀਤੀ ਸੀ, ਕੋਈ ਬਾਜ਼ਾਰ ਨੇੜੇ ਨਹੀਂ ਸੀ ਜਿਥੇ ਮੁਫ਼ਤੀ ਪਾ ਕੇ ਕੋਈ ਜਾ ਸਕੇ। ਕਦੇ ਕੋਈ ਪਿੰਡ ਦਾ, ਇਲਾਕੇ ਦਾ ਬੰਦਾ ਨਹੀਂ ਮਿਲਿਆ ਸੀ। ਇਸ ਕਰ ਕੇ ਜਦੋਂ ਮਾਨ ਸਿੰਘ ਦੀ ਛੁੱਟੀ ਦੀ ਵਾਰੀ ਆਈ ਤਾਂ ਕਰਮ ਸਿੰਘ ਬੜਾ ਔਖਾ ਹੋਇਆ ਸੀ। ਜੇ ਉਹਨੂੰ ਵੀ ਛੁੱਟੀ ਮਿਲ ਜਾਂਦੀ ਤਾਂ ਦੋਵੇਂ ਇਕੱਠੇ ਹੀ ਛੁੱਟੀਆਂ ਗੁਜ਼ਾਰਦੇ ਤੇ ਫਿਰ ਇਕੱਠੇ ਹੀ ਮੁੜ ਆਉਂਦੇ। ਅੰਮ੍ਰਿਤਸਰੋਂ ਚੂਹੜਕਾਣਾ ਕਿਹੜਾ ਦੂਰ ਸੀ, ਪੰਜਾਹ ਕੋਹਾਂ ਦੀ ਵਿਥ ਨਹੀਂ ਸੀ, ਭਾਵੇਂ ਪਹਿਲੇ ਨੂੰ ਮਾਝਾ ਤੇ ਦੂਸਰੇ ਨੂੰ ਬਾਰ ਆਖਦੇ ਸਨ। ਭਾਵੇਂ ਪਹਿਲਾ ਮੁਢ ਕਦੀਮਾਂ ਤੋਂ ਵਸਿਆ ਹੋਇਆ ਸੀ ਤੇ ਦੂਸਰੇ ਨੂੰ ਚੰਗੀ ਤਰ੍ਹਾਂ ਜੰਮ ਕੇ ਵਸਿਆਂ ਅਜੇ ਥੋੜ੍ਹਾ ਚਿਰ ਹੀ ਹੋਇਆ ਸੀ। ਪਰ ਛੁੱਟੀ ਇਹਨਾਂ ਦਿਨਾਂ ਵਿਚ ਬੜੀ ਔਖੀ ਮਿਲਦੀ ਸੀ। ਕਦੀ ਕਦੀ ਕਿਸੇ ਨੂੰ। ਜਿਸ ਤਰ੍ਹਾਂ ਲੜਾਈ ਵਿਚ ਬਹਾਦਰੀ ਦੇ ਤਮਗ਼ੇ ਕਦੀ ਕਦੀ ਹੀ ਕਿਸੇ ਨੂੰ ਮਿਲਦੇ।

ਤੇ ਜਦੋਂ ਮਾਨ ਸਿੰਘ ਪਿਛਾਂਹ ਨੂੰ ਆਉਂਦੇ ਫ਼ੌਜੀ ਟਰੱਕ ਵਿਚ ਬੈਠਣ ਲਗਾ ਤਾਂ ਕਰਮ ਸਿੰਘ ਨੇ ਕਿਹਾ, "ਸਾਡੇ ਘਰ ਵੀ ਹੁੰਦਾ ਆਵੀਂ ਤੂੰ। ਮੇਰੇ ਕੋਲੋਂ ਆਏ ਨੂੰ ਤੈਨੂੰ ਵੇਖਣਗੇ ਤਾਂ ਅੱਧਾ ਮੇਲ ਤਾਂ ਉਹਨਾਂ ਦਾ ਹੋ ਜਾਏਗਾ। ਫਿਰ ਉਹਨਾਂ ਕੋਲੋਂ ਆਏ ਨੂੰ ਤੈਨੂੰ ਮੈਂ ਵੇਖਾਂਗਾ ਤੇ ਤੇਰੇ ਕੋਲੋਂ ਉਹਨਾਂ ਦੀਆਂ ਗੱਲਾਂਬਾਤਾਂ ਸੁਣਾਂਗਾ ਤਾਂ ਅੱਧਾ ਮੇਲ ਮੇਰਾ ਵੀ ਹੋ ਜਾਏਗਾ।"

ਫਿਰ ਆਪਣੇ ਇਲਾਕੇ ਵਿਚ ਉਸ ਦੀ ਦਿਲਚਸਪੀ ਵਧਾਣ ਲਈ ਉਸ ਪੁੱਛਿਆ "ਤੂੰ ਅਗੇ ਕਦੀ ਉਧਰ ਗਿਆ ਏ ਕਿ ਨਹੀਂ!"

"ਨਹੀਂ ਅੰਬਰਸਰ ਵਿਚੋਂ ਈ ਲੰਘਿਆ ਹਾਂ, ਪਰ੍ਹਾਂ ਤੇ ਕਦੀ ਨਹੀਂ ਗਿਆ!"

"ਓਧਰ ਬੜੇ ਗੁਰਦਵਾਰੇ ਨੇ – ਤਰਨ ਤਾਰਨ, ਖਡੂਰ ਸਾਹਿਬ, ਗੋਇੰਦਵਾਲ। ਸਾਰੀ ਥਾਈਂ ਮੱਥਾ ਟੇਕ ਆਵੀਂ ਨਾਲੇ ਸਾਡੇ ਘਰੋਂ ਹੋ ਆਵੀਂ। ਮੈਂ ਚਿੱਠੀ ਪਾ ਦਿਊਂ ਉਹਨਾਂ ਨੂੰ।"

ਤੇ ਇਸੇ ਕਰ ਕੇ ਆਪਣੀਆਂ ਛੁੱਟੀਆਂ ਮੁਕਣ ਦੇ ਨੇੜੇ ਅੱਜ ਉਹ ਟਾਂਗੇ ਤੇ ਚੜ੍ਹਿਆ ਕਰਮ ਸਿੰਘ ਦੇ ਪਿੰਡ ਜਾ ਰਿਹਾ ਸੀ।

"ਬਾਪੂ ਜੀ ਮੈਂ ਮਾਨ ਸਿੰਘ ਆਂ ਚੂਹੜਕਾਣਿਓਂ।" ਉਸ ਨੇ ਕਰਮ ਸਿੰਘ ਦੇ ਘਰ ਦੀ ਡਿ ਵਿਚ ਬੈਠੇ ਬਾਬੇ ਨੂੰ ਹੱਥ ਜੋੜ ਕੇ ਕਿਹਾ।

"ਆਓ ਜੀ, ਜੀਊ ਆਇਆਂ ਨੂੰ। ਆਓ ਬਹਿ ਜਾਓ।"

ਮਾਨ ਸਿੰਘ ਅੰਦਰ ਲੰਘ ਕੇ ਮੰਜੀ ਤੇ ਬਹਿ ਗਿਆ। ਉਸ ਦੇ ਆਉਣ ਕਰ ਕੇ ਬਾਬਾ ਕੁਝ ਔਖਾ ਔਖਾ ਲਗਦਾ ਸੀ। ਪਹਿਲਾਂ ਤਾਂ ਉਹ ਇਧਰ ਓਧਰ ਵੇਖ ਰਿਹਾ ਸੀ ਪਰ ਹੁਣ ਉਸ ਨੇ ਚੁੱਪ ਚਾਪ ਨੀਵੀਂ ਪਾ ਲਈ। ਮਾਨ ਸਿੰਘ ਕਾਹਲੇ ਸੁਭਾ ਦਾ ਨਹੀਂ ਸੀ ਪਰ ਆਪਣੀ ਇਸ ਆਓ-ਭਗਤ ਤੇ ਉਸ ਨੂੰ ਬੜੀ ਹੈਰਾਨੀ ਹੋਈ। ਹੋ ਸਕਦਾ ਸੀ ਇਹ ਕੋਈ ਓਪਰਾ ਆਦਮੀ ਹੋਵੇ।

"ਤੁਸੀਂ ਕਰਮ ਸਿੰਘ ਦੇ ਬਾਪ ਓ" ਉਸ ਨੇ ਚੰਗੇਰੀ ਮਿਲਣੀ ਦੀ ਮੰਗ ਕਰਦੇ ਹੋਏ ਕਿਹਾ।

"ਆਹੋ ਜੀ ਇਹ ਉਹਦਾ ਈ ਘਰ ਏ।"

"ਉਸ ਮੇਰੇ ਬਾਰੇ ਤੁਹਾਨੂੰ ਕੋਈ ਚਿੱਠੀ ਲਿਖੀ ਸੀ?"

"ਹਾਂ ਉਸ ਲਿਖਿਆ ਸੀ ਪਈ ਤੁਸੀਂ ਆਉਗੇ ਸਾਡੇ ਕੋਲ।" ਤੇ ਬੁੱਢਾ ਉਠ ਕੇ ਵਿਹੜੇ ਵਲ ਨੂੰ ਟੁਰ ਪਿਆ। ਇਕ ਕੱਟੀ ਨੂੰ ਉਸ ਖੋਲ੍ਹ ਕੇ ਕਿੱਲੇ ਤੋਂ ਦੂਸਰੇ ਕਿੱਲੇ ਤੇ ਬੱਧਾ ਫਿਰ ਉਸ ਦੇ ਪਿੰਡੇ ਤੇ ਹੱਥ ਫੇਰਿਆ ਤੇ ਫਿਰ ਉਸ ਨੂੰ ਆਪਣਾ ਹੱਥ ਚਟਣ ਲਈ ਦਿਤਾ। ਫਿਰ ਅੰਦਰ ਜਾ ਕੇ ਮਾਨ ਸਿੰਘ ਦੇ ਆਉਣ ਦਾ ਪਤਾ ਦਿਤਾ ਤੇ ਚਾਹ ਲਿਆਉਣ ਲਈ ਆਖਿਆ। ਤੇ ਜਿਸ ਤਰ੍ਹਾਂ ਮੁੜ ਕੇ ਡਿਓੜੀ ਵਿਚ ਆਉਣ ਤੋਂ ਡਰਦਾ ਹੋਵੇ, ਉਹ ਫਿਰ ਵਿਹੜੇ ਵਿਚ ਬੱਧੀ ਘੋੜੀ ਕੋਲ ਖਲੋ ਗਿਆ। ਉਸ ਦੇ ਅਗੇ ਪਈ ਤੂੜੀ ਨੂੰ ਹਿਲਾਇਆ, ਹੋਰ ਛੋਲੇ ਲਿਆ ਕੇ ਵਿਚ ਪਾਏ ਤੇ ਅਖ਼ੀਰ ਮੁੜ ਕੇ ਡਿਓੜੀ ਵਿਚ ਆ ਗਿਆ। ਬਾਬਾ ਹੁਣ ਕੁਝ ਵਧੇਰੇ ਆਪਣੇ ਆਪ ਵਿਚ ਸੀ। ਉਹ ਮਾਨ ਸਿੰਘ ਵਲ ਤੇ ਸਜੇ ਖਬੇ ਵੀ ਝਾਕ ਰਿਹਾ ਸੀ।

"ਜਸਵੰਤ ਸਿੰਘ ਕਿਥੇ ਵੇ?" ਮਾਨ ਸਿੰਘ ਨੂੰ ਪਤਾ ਸੀ ਕਿ ਕਰਮ ਸਿੰਘ ਦੇ ਨਿੱਕੇ ਭਰਾ ਨਾਂ ਜਸਵੰਤ ਸਿੰਘ ਏ।

"ਹੁਣੇ ਆ ਜਾਂਦਾ ਏ, ਚਰ੍ਹੀ ਦੀ ਗਡ ਲੈ ਕੇ।" ਏਨੇ ਨੂੰ ਕਰਮ ਸਿੰਘ ਦੀ ਬੇਬੇ ਚਾਹ ਲੈ ਕੇ ਆ ਗਈ। "ਬੇਬੇ ਜੀ ਸਤਿ ਸ੍ਰੀ ਅਕਾਲ" ਮਾਨ ਸਿੰਘ ਨੇ ਹਸਦੀਆਂ ਅੱਖਾਂ ਨਾਲ ਬੁੱਢੀ ਵਲ ਵੇਖਿਆ। ਬੁੱਢੀ ਦੇ ਹੋਂਠ ਕੁਝ ਕਹਿਣ ਲਈ ਫਰਕੇ ਪਰ ਕੋਈ ਅੱਖਰ ਨਾ ਬਣ ਸਕਿਆ। ਮਾਨ ਸਿੰਘ ਨੇ ਚਾਹ ਵਾਲੀ ਗੜਵੀ ਤੇ ਕੌਲੀ ਉਸ ਦੇ ਹੱਥੋਂ ਫੜ ਲਈ ਤੇ ਉਹ ਵਾਪਸ ਚਲੀ ਗਈ।

"ਇਹ ਮਝੈਲ ਕਿਸ ਤਰ੍ਹਾਂ ਦੇ ਆਦਮੀ ਨੇ।" ਮਾਨ ਸਿੰਘ ਹੈਰਾਨ ਹੋ ਰਿਹਾ ਸੀ। ਆਪਣੇ ਵਿਚ ਉਹ ਬੜਾ ਤੰਗ ਸੀ। ਪਰ ਹੁਣ ਇਹ ਘਰ ਆ ਕੇ ਵਾਪਸ ਥੋੜਾ ਜਾ ਸਕਦਾ ਸੀ, "ਚਲੋ ਇਕ ਰਾਤ ਰਹਿ ਕੇ ਮੁੜ ਚਲਾਂਗੇ।" ਉਸ ਫ਼ੈਸਲਾ ਕੀਤਾ। ਰਾਤ ਨੂੰ ਜਦੋਂ ਜਸਵੰਤ ਸਿੰਘ ਆਇਆ ਤਾਂ ਇਸ ਰੌਣਕ ਵਿਚ ਗੱਲਾਂ ਬਾਤਾਂ ਕੁਝ ਖੁਲ੍ਹੀਆਂ ਹੋਣ ਲਗੀਆਂ। "ਬੜੀ ਮਸ਼ਹੂਰ ਹੋਈ ਹੋਈ ਏ ਗੋਲੀ ਕਰਮ ਸਿੰਘ ਦੀ ਉਥੇ ਬ੍ਰਹਮਾ ਦੀ ਲੜਾਈ ਵਿਚ। ਬਸ ਉਹਦੇ ਘੋੜਾ ਦਬਣ ਦੀ ਡੇਰ ਹੁੰਦੀ ਏ, ਅੱਖ ਦੇ ਫੋਰ ਵਿਚ ਇਕ ਜਾਪਾਨੀ ਹੇਠਾਂ ਲੇਟ ਜਾਂਦਾ ਏ। ਸਾਨੂੰ ਨਾਲ ਟੁਰਦਿਆਂ ਪਤਾ ਵੀ ਨਹੀਂ ਲਗਦਾ ਉਸ ਸਭ ਕਿਥੋਂ ਲਿਆ।"

ਮਾਨ ਸਿੰਘ ਇਥੇ ਰੁਕ ਗਿਆ, ਇਸ ਉਮੀਦ ਤੋਂ ਕਿ ਉਹ ਸਾਰੇ ਬ੍ਰਹਮਾ ਦੀ ਲੜਾਈ ਦੀਆਂ ਬਹੁਤ ਸਾਰੀਆਂ ਗੱਲਾਂ ਪੁੱਛਣਗੇ ਉਸ ਦਾ ਅੰਦਰ ਗੱਲਾਂ ਨਾਲ ਭਰਿਆ ਪਇਆ ਸੀ, ਪਰ ਇਥੇ ਤਾਂ ਕੋਈ ਸੁਣਦਾ ਹੀ ਨਹੀਂ ਸੀ। ਕੁਝ ਚਿਰ ਇਸ ਤਰ੍ਹਾਂ ਹੀ ਸੁੰਨ ਰਹੀ ਤੇ ਫਿਰ ਬੁੱਢੇ ਨੇ ਜਸਵੰਤ ਸਿੰਘ ਨੂੰ ਕਿਹਾ।

"ਆਪਣੀ ਵਾਰੀ ਕਦੋਂ ਏ ਪਾਣੀ ਦੀ।"

"ਪਰਸੋਂ ਤਿੰਨ ਵਜੇ ਸਵੇਰੇ ਲਗਣੀ ਏਂ।"

ਤਿੰਨ ਵਜੇ ਸਵੇਰ ਦਾ ਨਾਂ ਸੁਣ ਕੇ ਮਾਨ ਸਿੰਘ ਨੇ ਫੇਰ ਗੱਲ ਛੇੜੀ। ਉਹ ਆਪਣੇ ਯਾਰ ਦੀਆਂ ਰਜ ਕੇ ਗੱਲਾਂ ਕਰਨੀਆਂ ਚਾਹੁੰਦਾ ਸੀ।

"ਹੋਰ ਗੱਲ ਤੇ ਗੱਲ, ਕਰਮ ਸਿੰਘ ਪਹਿਰ ਰਾਤ ਉਠਣ ਤੋਂ ਤਾਂ ਬਚ ਗਿਆ। ਫ਼ੌਜ ਵਿਚ ਸਵੇਰੇ ਉਠਣ ਦਾ ਬੜਾ ਆਲਸ ਏ ਉਹਨੂੰ, ਸਾਰਿਆਂ ਤੋਂ ਪਿਛੋਂ ਉਠਦਾ ਏ ਓਥੇ"

ਇਸ ਨਾਲ ਵੀ ਕਿਸੇ ਦਾ ਉਤਸ਼ਾਹ ਨਾ ਜਾਗਿਆ। ਫਿਰ ਰੋਟੀ ਆਈ। ਉਹਨਾਂ ਕਾਫ਼ੀ ਉਚੇਚ ਕੀਤਾ ਹੋਇਆ ਸੀ। ਨਾਲ ਨਾਲ ਜਸਵੰਤ ਉਹਨੂੰ ਰੋਟੀ ਖਾਂਦੇ ਨੂੰ ਪੱਖਾ ਝਲ ਰਿਹਾ ਸੀ। ਉਸ ਦਾ ਇਹ ਖ਼ਿਆਲ ਕਿ ਉਹ ਉਸ ਵਲ ਧਿਆਨ ਨਹੀਂ ਦੇ ਰਹੇ ਸਨ, ਦਿਲੋਂ ਨਿਕਲ ਗਿਆ। ਰੋਟੀ ਖਾਂਦਿਆਂ ਖਾਂਦਿਆਂ ਕਰਮ ਸਿੰਘ ਦਾ ਨਿੱਕਾ ਜਿਹਾ ਮੁੰਡਾ ਟੁਰਦਾ ਟੁਰਦਾ ਮਾਨ ਸਿੰਘ ਦੀ ਮੰਜੀ ਕੋਲ ਆ ਗਿਆ। ਜੇ ਉਹ ਹੋਰ ਕਿਸੇ ਨਾਲ ਕਰਮ ਸਿੰਘ ਦੀਆਂ ਗੱਲਾਂ ਨਹੀਂ ਕਰ ਸਕਦਾ ਸੀ ਤਾਂ ਉਹਦੇ ਮੁੰਡੇ ਨਾਲ ਤਾਂ ਕਰ ਸਕਦਾ ਸੀ ਨਾ। ਮਾਨ ਸਿੰਘ ਨੇ ਉਸ ਨੂੰ ਕੁਛੜ ਚੁਕ ਲਿਆ।

"ਓਏ ਆਪਣੇ ਬਾਪੂ ਕੋਲ ਚਲਣਾ ਈਂ? ਜਾਣਾ ਈ ਤਾਂ ਚਲ ਮੇਰੇ ਨਾਲ। ਬੜਾ ਮੀਂਹ ਪੈਂਦਾ ਏ ਉਥੇ, ਪਾਣੀ ਵਿਚ ਤੁਰਿਆ ਫਿਰੀਂ।"

ਮਾਨ ਸਿੰਘ ਦੀ ਇਹ ਗੱਲ ਬਾਪੂ ਨੂੰ ਸੂਲ ਵਾਂਗ ਚੁਭੀ, "ਆਹ ਫੜ ਲੈ ਮੁੰਡੇ ਨੂੰ ਓਧਰ ਰਖ, ਰੋਟੀ ਤਾਂ ਖਾ ਲੈਣ ਦਿਆ ਕਰੋ ਆਰਾਮ ਨਾਲ" ਬਾਪੂ ਨੇ ਜ਼ਰਾ ਤੇਜ਼ ਹੋ ਕੇ ਕਿਹਾ ਤੇ ਬੇਬੇ ਆ ਕੇ ਮੁੰਡਾ ਚੁਕ ਕੇ ਲੈ ਗਈ। ਹੁਣ ਤੇ ਘਰ ਦੀ ਹਵਾ ਵਿਚ ਮਾਨ ਸਿੰਘ ਨੂੰ ਸਾਹ ਲੈਣਾ ਔਖਾ ਹੋ ਰਿਹਾ ਸੀ। ਇਧਰ ਦਾ ਪੈਂਡਾ ਮੁਕਾ ਕੇ ਉਸ ਦਾ ਛੇਤੀ ਛੇਤੀ ਮੁੜਨ ਨੂੰ ਜੀ ਕਰਦਾ ਸੀ। ਉਸ ਆਪਣੇ ਅਗਲੇ ਦਿਨ ਦੇ ਚੱਕਰ ਬਾਰੇ ਪੁਛ ਗਿਛ ਅਰੰਭੀ। "ਇਥੋਂ ਤਰਨ ਤਾਰਨ ਕਿੰਨਾ ਏਂ?"

"ਚਾਰ ਕੋਹ ਪੈਂਡਾ ਏ।"

"ਟਾਂਗਾ ਮਿਲ ਜਾਂਦਾ ਹੋਵੇਗਾ ਸਵੇਰੇ ਸਵੇਰੇ ਹੀ।"

"ਟਾਂਗਿਆਂ ਟੂੰਗਿਆਂ ਦਾ ਕੋਈ ਫ਼ਿਕਰ ਨਾ ਕਰ ਤੂੰ, ਜਸਵੰਤ ਨੂੰ ਤੇਰੇ ਨਾਲ ਘਲਾਂਗੇ। ਦੋਵੇਂ ਭਰਾ ਕੱਠੇ ਹੀ ਮੱਥਾ ਟੇਕ ਆਇਓ ਸਾਰੇ।"

ਇਸ ਗੱਲ ਤੇ ਮਾਨ ਸਿੰਘ ਰਾਜ਼ੀ ਸੀ। ਜਸਵੰਤ ਏਡਾ ਘੁਟਿਆ ਹੋਇਆ ਬੰਦਾ ਨਹੀਂ ਸੀ। ਪਰ ਮਾਨ ਸਿੰਘ ਦੇ ਨਾਲ ਟੁਰਦਿਆਂ ਤੇ ਉਹ ਵੀ ਕੁਝ ਘੁਟਿਆ ਹੀ ਗਿਆ। ਜਿਹੜੇ ਜਾਣੂੰ ਬੰਦੇ ਉਹਨੂੰ ਰਾਹ ਵਿਚ ਮਿਲਦੇ ਉਹ ਉਹਨਾਂ ਨੂੰ ਦੂਰੋਂ ਹੀ ਫ਼ਤਹਿ ਬੁਲਾ ਕੇ ਅਗਾਂਹ ਟੁਰ ਪੈਂਦਾ। ਭਾਵੇਂ ਮਾਨ ਸਿੰਘ ਦਾ ਜੀ ਕਰਦਾ ਸੀ ਕਿ ਉਹ ਆਪ ਖਲੋ ਕੇ ਲੋਕਾਂ ਨਾਲ ਗੱਲਾਂਬਾਤਾਂ ਕਰੇ। ਉਸ ਨੇ ਕਿਹੜਾ ਰੋਜ਼ ਰੋਜ਼ ਇਸ ਪਾਸੇ ਆਉਣਾ ਸੀ?

"ਕਰਮ ਸਿੰਘ ਨੇ ਤਾਂ ਬੜਾ ਜਸ ਖਟਿਆ ਏ ਫ਼ੌਜ ਵਿਚ। ਤੂੰ ਕਿਉਂ ਨਾ ਫ਼ੌਜ ਵਿਚ ਗਿਆ" ਮਾਨ ਸਿੰਘ ਨੇ ਫੇਰ ਕਰਮ ਸਿੰਘ ਨੂੰ ਅਗੇ ਲੈ ਆਂਦਾ।

ਜਸਵੰਤ ਇਕ-ਦਮ ਕਠਾ ਹੋ ਗਿਆ ਜਿਵੇਂ ਕੋਈ ਚੋਰੀ ਕਰਦਾ ਫੜਿਆ ਜਾਂਦਾ ਹੈ। ਕੁਝ ਠਹਿਰ ਕੇ ਉਸ ਨੇ ਕਿਹਾ, "ਇਕ ਥੋੜਾ ਏ ਫ਼ੌਜ ਵਿਚ!"

"ਚਰ੍ਹੀਆਂ, ਕਮਾਦ ਕਿਡੇ ਕਿਡੇ ਹੋ ਗਏ ਨੇ ਆਪਣੇ ਵਲ?" ਇਕ ਚਰ੍ਹੀ ਦੀ ਪੈਲੀ ਕੋਲੋਂ ਲੰਘਦਿਆਂ ਜਸਵੰਤ ਨੇ ਗੱਲ ਚਲਾਈ।

"ਬੰਦੇ ਬੰਦੇ ਜਿਡੇ ਖੜੇ ਨੇ" ਪਰ ਉਸ ਦਾ ਦਿਲ ਇਸ ਗੱਲ ਵਿਚ ਨਹੀਂ ਸੀ। ਉਹ ਤੇ ਆਪਣੇ ਯਾਰ ਦੀਆਂ ਗੱਲਾਂ ਕਰਨੀਆਂ ਚਾਹੁੰਦਾ ਸੀ। ਪਿੰਡ ਮੁੜ ਕੇ ਮਾਨ ਸਿੰਘ ਪਿਛਾਂਹ ਜਾਣ ਦੀਆਂ ਸਲਾਹਾਂ ਵਿਚ ਸੀ। ਅੰਮ੍ਰਿਤਸਰੋਂ ਰਾਤ ਦੀ ਗੱਡੀ ਚੜ੍ਹ ਕੇ ਉਹ ਸਵੇਰ ਵੇਲੇ ਫਿਰ ਪਿੰਡ ਅਪੜ ਸਕਦਾ ਸੀ। ਭਾਵੇਂ ਆਪੋ ਆਪਣੀ ਥਾਈਂ ਸਾਰਿਆਂ ਨੇ ਉਸ ਲਈ ਕਾਫ਼ੀ ਉਚੇਚ ਕੀਤੀ ਸੀ ਪਰ ਉਸ ਨੂੰ ਇਸ ਫੇਰੇ ਦਾ ਉਮੇਦ ਤੋਂ ਬਹੁਤ ਘਟ ਸੁਆਦ ਆਇਆ ਸੀ। ਇਸ ਵੇਲੇ ਵੀ ਅੰਦਰ ਉਸ ਲਈ ਚਾਹ ਤਿਆਰ ਹੋ ਰਹੀ ਸੀ ਡਿਓੜੀ ਵਿਚ ਉਹ ਇਕੱਲਾ ਹੀ ਸੀ। ਸਾਹਮਣੇ ਗਲੀ ਵਿਚ ਝੋਲਾ ਗਲ ਵਿਚ ਲਮਕਾਈ ਡਾਕੀਆ ਟੁਰਿਆ ਆਉਂਦਾ ਸੀ। ਪਹਿਲੋਂ ਤਾਂ ਇਸ ਤਰ੍ਹਾਂ ਲਗਾ ਜਿਵੇਂ ਉਹ ਟੁਰਦਾ ਟੁਰਦਾ ਸਿੱਧਾ ਹੀ ਅਗੇ ਲੰਘ ਜਾਵੇਗਾ, ਪਰ ਫਿਰ ਉਹ ਡਿਓੜੀ ਵਿਚ ਆ ਕੇ ਮੰਜੀ ਤੇ ਬੈਠ ਗਿਆ।

"ਕੀ ਲਿਆਏ ਓ?"

"ਲਿਆਉਣਾ ਕੀ ਏ, ਆਹ ਪੈਨਸ਼ਨ ਆਈ ਏ ਵਿਚਾਰੇ ਕਰਮ ਸਿੰਘ ਦੀ।"

"ਕਰਮ ਸਿੰਘ ਦੀ ਪੈਨਸ਼ਨ:::? ਕਰਮ ਸਿੰਘ ਮਾਰਿਆ ਗਿਆ?"

"ਬਾਦਸ਼ਾਹੋ ਸਾਰਾ ਇਲਾਕਾ ਤਰਾਸ ਤਰਾਸ ਪਿਆ ਕਰਦਾ ਏ। ਤੇ ਤੁਸੀਂ ਉਹਦੇ ਘਰ ਬੈਠੇ ਪੁੱਛਦੇ ਓ ਕਰਮ ਸਿੰਘ ਮਾਰਿਆ ਗਿਆ ਏ। ਚਿੱਠੀ ਆਇਆਂ ਤੇ ਅੱਜ ਪੰਦਰਾਂ ਦਿਨ ਹੋ ਗਏ ਨੇ।"

ਦੋ ਕੁ ਵਾਰ ਮਾਨ ਸਿੰਘ ਦਾ ਸਾਹ ਕਾਹਲਾ ਜਿਹਾ ਆਇਆ। ਸਿਰ ਤੇ ਨੱਕ ਤੋਂ ਉਤਲੇ ਹਿੱਸੇ ਦੀ ਇਕ ਮੁਠ ਜਿਹੀ ਮੀਟੀ ਗਈ ਤੇ ਫਿਰ ਅੱਖਾਂ ਰਾਹੀਂ ਪਾਣੀ ਨੁਚੜਨ ਨਾਲ ਢਿੱਲੀ ਹੋਣ ਲਗੀ। ਕਰਮ ਸਿੰਘ ਦਾ ਘਰ ਅੰਦਰ ਗਿਆ ਹੋਇਆ ਉਹਦਾ ਪਿਤਾ, ਉਹਦਾ ਨਿੱਕਾ ਜਿਹਾ ਮੁੰਡਾ ਉਸ ਨੂੰ ਰੋਣ ਵਿਚ ਮਦਦ ਦੇ ਰਹੇ ਸਨ। ਬਾਪੂ ਨੇ ਬਾਹਰੋਂ ਹੀ ਡਾਕੀਆ ਬੈਠਾ ਵੇਖ ਕੇ ਸਮਝ ਲਿਆ ਕਿ ਗੱਲ ਨਿਕਲ ਗਈ ਹੈ। ਹੁਣ ਭਾਰ ਚੁਕੀ ਫਿਰਨ ਦੀ ਕੋਈ ਲੋੜ ਨਹੀਂ ਸੀ। ਅੱਠਾਂ ਪਹਿਰਾਂ ਦਾ ਦਬਾਅ ਢਿਲਾ ਹੋਇਆ ਤੇ ਅੱਥਰੂ ਵਗ ਤੁਰੇ। ਦੋਵੇਂ ਢੇਰ ਚਿਰ ਕੋਲ ਕੋਲ ਬੈਠੇ ਆਪਣੇ ਆਪ ਨੂੰ ਹੌਲਾ ਕਰਦੇ ਰਹੇ। ਫਿਰ ਮਾਨ ਸਿੰਘ ਬੋਲਿਆ, "ਤੁਸਾਂ ਮੈਨੂੰ ਆਉਂਦੇ ਹੀ ਕਿਉਂ ਨਾ ਦਸਿਆ?"

"ਐਵੇਂ, ਅਸਾਂ ਆਖਿਆ ਮੁੰਡਾ ਛੁੱਟੀ ਆਇਆ ਏ, ਇਹਦੀ ਛੁੱਟੀ ਖ਼ਰਾਬ ਨਾ ਹੋਵੇ। ਆਪੇ ਛੁੱਟੀ ਕਟ ਕੇ ਪਲਟਣ ਵਿਚ ਜਾਏਗਾ, ਸੁਣ ਲਏਗਾ। ਫ਼ੌਜੀ ਨੂੰ ਛੁੱਟੀ ਪਿਆਰੀ ਹੁੰਦੀ ਏ। ਜਿੰਨੀ ਕਰਮ ਸਿੰਘ ਨੂੰ ਪਿਆਰੀ ਸੀ ਉਨੀ ਹੀ ਤੈਨੂੰ ਹੋਊ ਨਾ, ਸਗੋਂ ਬਹੁਤੀ ਹੋਊ। ਬਾਰ ਦੇ ਪਿੰਡਾਂ ਦੇ ਲੋਕ ਤਾਂ ਸਾਉਣ ਦੇ ਜੰਮ ਪਲ ਨੇ, ਉਹਨਾਂ ਨੂੰ ਤੇ ਥੋੜਾ ਔਖ ਵੀ ਬਹੁਤਾ ਦਿਸਦਾ ਹੋਊ। ਪਰ ਅਸੀਂ ਗੱਲ ਲੁਕਾਣ ਵਿਚ ਰਤਾ ਕਾਮਯਾਬ ਨਹੀਂ ਹੋਏ। ਐਵੇਂ ਬੇਸੁਆਦੀ ਹੀ ਕੀਤੀ।"

ਮੁੜਦੇ ਹੋਏ ਮਾਨ ਸਿੰਘ ਨੇ ਮਾਝੇ ਦੇ ਪਿੰਡ ਵੇਖੇ ਜਿਨ੍ਹਾਂ ਦਾ ਬਾਬਾ ਜੰਮ ਪਲ ਸੀ। ਇਹਨਾਂ ਦੁਆਲੇ ਬਚਾਅ ਲਈ ਕਿਲੇ ਕੋਟ ਉਸਰੇ ਹੋਏ ਸਨ, ਥਾਂ ਥਾਂ ਮੜ੍ਹੀਆਂ ਤੇ ਸਮਾਧਾਂ ਸਨ ਜਿਹੜੀਆਂ ਪੀਹੜੀਆਂ ਵਿਚ ਇਹਨਾਂ ਲੋਕਾਂ ਦੀ ਭਾਰਤ ਤੇ ਧਾਵਾ ਕਰਨ ਵਾਲਿਆਂ ਨਾਲ ਲੜਨ ਮਰਨ ਦੀਆਂ ਕਹਾਣੀਆਂ ਦਸਦੀਆਂ ਸਨ। ਇਸੇ ਕਰ ਕੇ ਬਾਬੇ ਦੀ ਸਹਿਣ-ਸ਼ਕਤੀ ਇੰਨੀ ਵਧੀ ਹੋਈ ਸੀ। ਉਹ ਦੂਜਿਆਂ ਨੂੰ ਹੌਲਾ ਰਖਣ ਲਈ ਆਪ ਹੋਰ ਭਾਰ ਚੁਕਣਾ ਚਾਹੁੰਦਾ ਸੀ। ਮਾਨ ਸਿੰਘ ਨੇ ਸੁਣਿਆ ਹੋਇਆ ਸੀ ਕਿ ਇਕ ਧੌਲ ਹੈ ਜੋ ਆਪਣੇ ਸਿਰਾਂ ਤੇ ਸਾਰੀ ਧਰਤੀ ਦਾ ਭਾਰ ਚੁਕ ਕੇ ਖੜਾ ਰਹਿੰਦਾ ਹੇ। ਉਸ ਨੂੰ ਇਸ ਤਰ੍ਹਾਂ ਲਗਾ ਜਿਵੇਂ ਕਰਮ ਸਿੰਘ ਦਾ ਪਿਤਾ ਹੀ ਉਹ ਧੌਲ ਸੀ ਜਿਹੜਾ ਭਾਰ ਥੱਲੇ ਦਬਿਆ ਹੋਣ ਪਿਛੋਂ ਵੀ ਲੋਕਾਂ ਦਾ ਭਾਰ ਚੁਕਣਾ ਚਾਹੁੰਦਾ ਸੀ।

*'ਧਰਤੀ ਹੇਠਲਾ ਬੌਲਦ' ਵਰਗੀ ਇਕੋ ਹੀ ਕਹਾਣੀ ਜੇ ਕੋਈ ਲਿਖ ਲਵੇ ਤਾਂ ਸਦੀਆਂ ਤੱਕ ਅਮਰ ਹੋ ਸਕਦਾ ਹੈ। 'ਧਰਤੀ ਹੇਠਲਾ ਬੌਲਦ' ਵਰਗੀਆਂ ਕੁਝ ਕਹਾਣੀਆਂ ਸਦਕਾ ਹੀ ਅੱਜ ਪੰਜਾਬੀ ਸਾਹਿਤ ਹੋਨਾਂ ਬੋਲੀਆਂ ਦੇ ਬਰਾਬਰ, ਸੁੱਖੜ ਖੜੋਣ ਜੋਗਾ ਹੋ ਗਿਆ ਹੈ। ਜੇ ਕਦੇ ਮੈਂ ਕੋਈ ਇਕੋ ਜਿਹੀ ਕਾਣੀ ਲਿਖ ਸਕਦੀ ਤਾਂ ਉਸ ਤੋਂ ਮਗਰੋਂ ਮੈਂ ਬੇਸ਼ੱਕ ਮਰ ਜਾਂਦੀ, ਮੇਰੀ ਜ਼ਿੰਦਗੀ ਸਾਰਥਕ ਹੋ ਚੁੱਕੀ ਹੋਣੀ ਸੀ। ਇਹ ਕਹਾਣੀ ਪੜ੍ਹ ਕੇ ਜ਼ਿੰਦਗੀ ਤੇ ਮੌਤ, ਦੋਵੇਂ ਸੰਘ ਵਿਚ ਆ ਖੜੋਂਦੀਆਂ ਨੇ। ਦੋਵੇਂ! ਸ਼ੱਕੀਆਂ, ਜੌੜੀਆਂ ਭੈਣਾਂ! ਲਾਮ ਵਿਚ ਗਏ ਪੁੱਤਰ ਕਰਮ ਸਿੰਘ ਦੀ ਮੌਤ ਦੀ ਖ਼ਬਰ ਪਹੁੰਚਣ ਤੋਂ ਕੁਝ ਦਿਨ ਮਗਰੋਂ ਕਰਮ ਸਿੰਘ ਦਾ ਦੋਸਤ ਮਾਨ ਸਿੰਘ ਆਪਣੀ ਮਹੀਨੇ ਕੁ ਦੀ ਛੁੱਟੀ ਆਪਣੇ ਪਿੰਡ ਕੱਟ ਕੇ ਹੁਣ ਕਰਮ ਸਿੰਘ ਦੀ 'ਸੁੱਖ ਸਾਂਦ ਦੀ ਖ਼ਬਰ' ਉਹਦੇ ਮਾਪਿਆਂ ਨੂੰ ਪਹੁੰਚਾਉਣ, ਤੇ ਯਾਰ ਦੇ ਬਾਪੂ ਦੀ ਸੁੱਖ ਸਾਂਦ ਦਾ ਪਤਾ ਕਰ ਕੇ ਵਾਪਸ ਫ਼ੌਜੀ ਫਰੰਟ 'ਤੇ ਕਰਮ ਸਿੰਘ ਨੂੰ ਪਹੁੰਚਾਉਣ ਲਈ ਉਹਦੇ ਪਿੰਡ ਠੱਠੀ ਖਾਰਾ ਪਹੁੰਚਦਾ ਏ। ਵਿਚਾਰੇ ਮੁੰਡੇ ਦੀ ਛੁੱਟੀ ਨਾ ਖ਼ਰਾਬ ਹੋਵੇ, ਇਹ ਸੋਚ ਕੇ ਘਰ ਦੀ ਕੋਈ ਵੀ ਜੀਅ ਉਹਨੂੰ ਇਹ ਨਹੀਂ ਦੱਸਦਾ ਕਿ ਕਰਮ ਸਿੰਘ ਤਾਂ ਇਸ ਦੁਨੀਆ ਵਿਚ ਹੈ ਹੀ ਨਹੀਂ। ਜਦੋਂ ਡਾਕੀਏ ਤੋਂ ਪਤਾ ਲਗਦਾ ਹੈ ਤੇ ਮਾਨ ਸਿੰਘ ਪੁੱਛਦਾ ਹੈ, "ਤੁਸਾਂ ਮੈਨੂੰ ਆਉਂਦੇ ਹੀ ਕਿਉਂ ਨਾ ਦਸਿਆ?"*

*ਕਰਮ ਸਿੰਘ ਦੇ ਬਾਪੂ ਜੀ ਕਹਿੰਦੇ ਨੇ, "ਐਵੇਂ, ਅਸਾਂ ਆਖਿਆ ਮੁੰਡਾ ਛੁੱਟੀ ਆਇਆ ਏ, ਇਹਦੀ ਛੁੱਟੀ ਨਾ ਖ਼ਰਾਬ ਹੋਵੇ। ... ਫ਼ੌਜੀ ਨੂੰ ਛੁੱਟੀ ਬੜੀ ਪਿਆਰੀ ਹੁੰਦੀ ਏ।" ਮਾਨ ਸਿੰਘ ਨੂੰ ਲਗਦਾ ਹੈ ਕਿ ਕਰਮ ਸਿੰਘ ਦਾ ਪਿਤਾ ਹੀ ਉਹ ਧੌਲ ਸੀ, ਜਿਸ ਨੇ ਸਾਰੀ ਧਰਤੀ ਦਾ ਭਾਰ ਆਪਣੇ ਸਿੰਗਾਂ 'ਤੇ ਚੁੱਕਿਆ ਹੋਇਆ ਹੈ, ਜਿਹੜਾ ਭਾਰ ਥੱਲੇ ਦੱਬਿਆ ਹੋਣ ਪਿਛੋਂ ਵੀ ਲੋਕਾਂ ਦਾ ਭਾਰ ਚੁੱਕਣਾ ਚਾਹੁੰਦਾ ਹੈ। ਇਸ ਕਹਾਣੀ ਨੂੰ ਜਿੰਨੀ ਵਾਰ ਮਰਜ਼ੀ ਏ ਪੜ੍ਹ ਲਵੋ, ਹਰ ਵਾਰ ਇਹ ਤੁਹਾਡੀਆਂ ਅੱਖਾਂ ਨਮ ਕਰ ਦੇਂਦੀ ਹੈ ਤੇ ਦਿਲ ਵਿਚ ਸਦੀਆਂ ਦਾ ਜੰਮਿਆ ਗਰਦੋ-ਗ਼ੁਬਾਰ ਧੋ ਸੁੱਟਦੀ ਹੈ।*

*– ਅਜੀਤ ਕੌਰ*

# Matrimonial

## ਕੰਨਿਆ ਦੀ ਲੋੜ

ਇੰਗਲੈਂਡ ਦੀ ਯੂਨੀਵਰਸਿਟੀ ਤੋਂ ਪੋਸਟ ਗਰੈਜੂਏਸ਼ਨ ਇਨ ਮੈਨੇਜਮੈਂਟ, (ਐਮ.ਬੀ.ਏ.) ਅਤੇ ਐਮ.ਐਸ.ਸੀ. ਆਈ.ਟੀ. ਪਾਸ 30 ਸਾਲਾ 6'.2' ਜੱਟ ਸਿੱਖ ਭਾਰਤ ਰਹਿੰਦੇ ਲੜਕੇ ਲਈ ਕਨੇਡੀਅਨ/ ਅਮਰੀਕਨ ਲੜਕੀ ਦੀ ਜ਼ਰੂਰਤ ਹੈ। ਕੋਈ ਡਿਮਾਂਡ ਨਹੀਂ। ਬਾਇਓਡਾਟਾ jjssnice@yahoo.co.in 'ਤੇ ਭੇਜਿਆ ਜਾ ਸਕਦਾ ਹੈ। ਵਧੇਰੇ ਜਾਣਕਾਰੀ ਲਈ ਕਨੇਡਾ ਰਹਿੰਦੇ ਭਰਾ ਨਾਲ 587-708-2627 ਜਾਂ 780-200-5328 'ਤੇ ਸੰਪਰਕ ਕੀਤਾ ਜਾ ਸਕਦਾ ਹੈ।

---

Smart match for MBBS Handsome single boy, 6-11-1988, 5'-10", father-mother Govt. employees, sister married. Contact: hotincoolsingh@yahoo.com, 94171-88904.

## ਵਰ ਦੀ ਲੋੜ

Smart match for Beautiful girl of vaishno gursikh family, B.Sc Nurring,14 month experience of DMC Ludhiana, Parents Govt. Employees, DOB 22-06-1988. Contact: +91-84275-00644.

## ਕੰਨਿਆ ਦੀ ਲੋੜ

ਕਨੇਡਾ ਵਾਸੀ ਜੱਟ ਸਿੱਖ ਉਮਰ 39 ਸਾਲ 5'5" ਨਸ਼ਿਆਂ ਤੋਂ ਰਹਿਤ ਕਲੀਨ ਸ਼ੇਵ, ਸੁਹਣੇ-ਸੁਨੱਖੇ ਲੜਕੇ ਲਈ ਲੜਕੀ ਦੀ ਜਰੂਰਤ ਹੈ।ਤਲਾਕਸ਼ੁਦਾ (ਬੱਚੇ ਤੋਂ ਬਗੈਰ) ਜਾਂ ਸਟੂਡੈਂਟ ਵੀਜੇ 'ਤੇ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ +1-250-552-0867

## ਕੰਨਿਆ ਦੀ ਲੋੜ

ਜੱਟ ਸਿੱਖ ਮੌੜ 27 ਸਾਲ 6'-1' ਬੈਂਕ ਵਿਚ ਜੌਬ ਕਰਦੇ, ਹਾਕੀ ਪਲੇਅਰ, ਨਸ਼ਿਆਂ ਤੋਂ ਰਹਿਤ ਇੰਡੀਆ ਰਹਿੰਦੇ ਲੜਕੇ ਲਈ ਕਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੇ ਪਿਤਾ ਜੀ ਬੈਂਕ ਆਫ਼ਿਸਰ ਹਨ ਤੇ ਸ਼ਹਿਰੀ ਤੇ ਪੇਂਡੂ ਪ੍ਰਾਪਰਟੀ ਹੈ। ਕਨੇਡਾ 'ਚ ਸੈਟਲ ਕਰਨ ਲਈ ਪੂਰੀ ਮਦਦ ਕੀਤੀ ਜਾਵੇਗੀ। ਹੋਰ ਜਾਣਕਾਰੀ ਲਈ 780-669-0456 ਜਾਂ ਈ ਮੇਲ daman.passion@gmail.com 'ਤੇ ਸੰਪਰਕ ਕਰੋ।

# Classified Plus



ਸਿਟੀ ਐਸਟੇਟਸ

**City Estates**

All Types of Property, Plots & Kothis available for Sale & Purchase in Chandigarh/Mohali/ Panchkula.

ਮੋਹਾਲੀ, ਚੰਡੀਗੜ੍ਹ, ਪੰਚਕੂਲਾ 'ਚ ਜਾਇਦਾਦ
ਖਰੀਦਣ ਤੇ ਵੇਚਣ ਲਈ ਇਕ ਭਰੋਸੇਮੰਦ ਨਾਂ

For More Info Contact: SCO 123, Phase 7, Mohali (Punjab)

**011 91 98147 11263 or 011 91 98729 73304**

**ਮੋਹਾਲੀ ਵਿੱਚ ਪ੍ਰਾਪਰਟੀ ਵਿਕਾਊ**

ਇੰਡਸਟਰੀਅਲ ਏਰੀਆ ਫ਼ੇਸ 7 ਮੋਹਾਲੀ 'ਚ 2 ਕਨਾਲ ਅਤੇ 5 ਕਨਾਲ ਦੇ ਦੋ ਪਲਾਟ ਵਿਕਾਊ ਹਨ।

*6 ਲੇਨ ਏਅਰ ਪੋਰਟ ਰੋਡ ਦੇ ਉੱਤੇ *ਵਧੀਆ ਲੁਕੇਸ਼ਨ

**ਸੰਪਰਕ: ਜਸਮੇਰ ਸਿੰਘ 780-504-7254**

**Fort Road Drycleaners**

Dry cleaning Elegance...through pride of Craftsmanship




* Wedding Dresses * Leather
* Suede * Drapes * Sleeping Bags
* Quilts * Featuring Deluxe Shirts Service



Weekdays : 7.30 am to 7.00 pm Saturday: 9.00 am to 5.30 pm

Call: Baljit Minhas

5521A- 137 Ave Edmonton, AB T5A 3L4

780-478-1811

**Laddi Padda Realtor**

ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾਂ ਯਾਦ ਰੱਖੋ ਲਾਡੀ ਪੱਡਾ

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਰੀਐਲਟਰ ਲਾਡੀ ਪੱਡਾ ਨੂੰ ਮਿਲੋ ਜਾਂ ਫੋਨ ਕਰੋ।

PROFESSIONAL REALTY GROUP





**Cell: 780-909-5154**

**9222-51 Avenue, Edmonton, AB T6E 5L8**

**Phone: 780-439-9818, Fax: 780-439-1257**



ਡਾ. ਕ੍ਰਿਸ਼ਨ ਕੁਮਾਰ ਰੱਤੂ
+91-94103-93966

# ਸੰਗੀਤ ਤੇ ਸਾਦਗੀ ਦਾ ਸੁਮੇਲ ਸੀ ਮੰਨਾ ਡੇ

ਮੰਨਾ ਡੇ ਦੇ ਇਸ ਸੰਸਾਰ ਤੋਂ ਰੁਖ਼ਸਤ ਹੋ ਜਾਣ ਨਾਲ ਭਾਰਤੀ ਸੰਗੀਤ ਦੇ ਇੱਕ ਯੁੱਗ ਦਾ ਅੰਤ ਹੋ ਗਿਆ ਹੈ। ਕਲਾਸੀਕਲ ਅਤੇ ਭਾਰਤੀ ਸੰਗੀਤ ਦਾ ਜਿਸ ਤਰ੍ਹਾਂ ਦਾ ਸੁਮੇਲ ਮੰਨਾ ਡੇ ਦੀ ਗਾਇਕੀ ਵਿੱਚ ਵੇਖਣ ਨੂੰ ਮਿਲਦਾ ਸੀ, ਉਸ ਦੀ ਹੋਰ ਉਦਾਹਰਣ ਕਿਧਰੇ ਨਹੀਂ ਮਿਲਦੀ। ਜ਼ਿੰਦਗੀ ਦੀਆਂ ਆਸਾਂ ਭਰੀਆਂ ਲਹਿਰਾਂ ਨੂੰ ਆਪਣੇ ਅੰਦਾਜ਼ 'ਚ ਬਿਆਨ ਕਰਨ ਵਾਲਾ ਇਹ ਮਹਾਨ ਗਾਇਕ ਹੁਣ ਸਾਡੇ ਵਿਚਕਾਰ ਨਹੀਂ ਹੈ। ਮੰਨਾ ਡੇ ਭਾਵੇਂ ਚਲੇ ਗਏ ਹਨ ਪਰ ਇਹ ਉਹ ਘਾਟਾ ਹੈ, ਜੋ ਕਦੇ ਪੂਰਾ ਨਹੀਂ ਹੋ ਸਕਦਾ। ਮੰਨਾ ਡੇ ਦਾ ਕਹਿਣਾ ਸੀ ਕਿ ਸੰਗੀਤ ਆਦਮੀ ਨੂੰ ਜ਼ਿੰਦਾ ਰੱਖ ਸਕਦਾ, ਬਸ਼ਰਤੇ ਉਹ ਸੁਰ ਦੀ ਸਮਝ ਨਾਲ ਰੂਹ ਦੀ ਗਹਿਰਾਈ ਤੀਕ ਉਤਰਣ ਦੀ ਮੁਹਾਰਤ ਨਾਲ ਗਾਇਆ ਗਿਆ ਹੋਵੇ। ਮੰਨਾ ਡੇ ਭਾਰਤੀ ਫ਼ਿਲਮੀ ਗਾਇਕੀ ਦਾ ਇੱਕ ਇਤਿਹਾਸ ਸਨ। ਉਹ ਹਰ ਗੀਤ ਕਿਸੇ ਵੀ ਭਾਸ਼ਾ ਵਿੱਚ ਗਾ ਸਕਦੇ ਸਨ, ਬਸ਼ਰਤੇ ਕਿ ਉਹ ਉਨ੍ਹਾਂ ਨੂੰ ਖ਼ੁਦ ਚੰਗਾ ਲੱਗ ਜਾਵੇ। ਉਨ੍ਹਾਂ ਦੇ 'ਓ ਮੇਰੀ ਜ਼ੋਹਰਜਬੀ', 'ਲਾਗਾ ਚੁਨਰੀ ਮੇ ਦਾਗ਼' ਅਤੇ ਹਜ਼ਾਰਾਂ ਹੀ ਹੋਰ ਗੀਤ ਲੋਕਾਂ ਦੀ ਜ਼ੁਬਾਨ 'ਤੇ ਚੜ੍ਹੇ ਹੋਏ ਹਨ। 'ਐ ਮੇਰੇ ਪਿਆਰ ਵਤਨ' ਦੀ ਗਾਇਕੀ ਦਾ ਸਿਖ਼ਰ ਉਸ ਦੀ ਤਾਨ ਅਤੇ ਸੰਜੀਦਗੀ ਹੈ ਜੋ ਸੁਣਨ ਵਾਲੇ ਦੇ ਧੁਰ ਅੰਦਰ ਤਕ ਪਹੁੰਚਦੀ ਹੈ। ਮੰਨਾ ਡੇ 4-5 ਦਿਨਾਂ ਲਈ ਜੈਪੁਰ ਸੁਰ ਸੰਗੀਤ ਮੇਲੇ ਲਈ ਆਏ ਸਨ। ਉਨ੍ਹਾਂ ਉਪਰ ਇੱਕ ਫ਼ਿਲਮ ਬਣਾਈ ਜਾਣੀ ਸੀ। ਲੰਮੀ ਗੱਲਬਾਤ ਤੋਂ ਬਾਅਦ ਤੈਅ ਹੋਇਆ ਕਿ ਉਹ ਉਸ ਵਿੱਚ ਸਿਰਫ਼ ਆਪਣੀਆਂ ਯਾਦਾਂ ਤਾਜ਼ਾ ਕਰਨਗੇ ਪਰ ਮੰਨਾ ਡੇ ਨੇ ਕਿਹਾ ਕਿ ਜੇ ਮੈਂ ਉਸ ਵਿੱਚ ਗਾਵਾਂਗਾ ਨਹੀਂ ਤਾਂ ਮੇਰੇ 'ਤੇ ਫ਼ਿਲਮ ਕਿਹੋ ਜਿਹੀ ਹੋਵੇਗੀ! ਸ਼ੂਟਿੰਗ ਰਾਤ ਬਾਰ੍ਹਾਂ ਵਜੇ ਤੋਂ ਚੱਲਦੀ ਰਹੀ ਤੇ ਮੰਨਾ ਡੇ ਗੁਣਗਾਉਂਦੇ ਰਹੇ ਅਤੇ ਆਪਣੀਆਂ ਯਾਦਾਂ ਨਾਲ ਸਾਰਿਆਂ ਨੂੰ ਸਰਸ਼ਾਰ ਕਰਦੇ ਰਹੇ। ਉਹ ਹਰਮੋਨੀਅਮ ਲੈ ਕੇ ਬਿਰਲਾ ਆਡੀਟੋਰੀਅਮ ਵਿੱਚ ਖੜ੍ਹੇ ਹੀ ਸਨ ਕਿ ਲੋਕਾਂ ਦੀਆਂ ਤਾੜੀਆਂ ਬੰਦ ਨਹੀਂ ਸਨ ਹੋ ਰਹੀਆਂ। ਮੰਨਾ ਡੇ ਨੇ ਉੱਥੋਂ ਹੀ ਹਰਮੋਨੀਅਮ ਦੇ ਸੁਰਾਂ 'ਤੇ ਹੱਥ ਰੱਖਿਆ ਅਤੇ ਗਾਉਣਾ ਸ਼ੁਰੂ ਕਰ ਦਿੱਤਾ। ਲੋਕ ਬੈਠ ਗਏ ਪਰ ਉਹ ਸਾਢੇ ਤਿੰਨ ਘੰਟੇ ਲਗਾਤਾਰ ਗਾਉਂਦੇ ਰਹੇ। ਨੱਬੇ ਸਾਲ ਦੀ ਉਮਰ ਵਿੱਚ ਵੀ ਉਨ੍ਹਾਂ ਦੀ ਆਵਾਜ਼ ਵਿੱਚ ਬੇਮਿਸਾਲ ਕਸ਼ਿਸ਼ ਸੀ। ਇਹ ਇੱਕ ਅਜਿਹੀ ਕਸ਼ਿਸ਼ ਸੀ ਜੋ ਖ਼ੁਦਾ ਕਿਸੇ-ਕਿਸੇ ਨੂੰ ਦਿੰਦਾ ਹੈ। ਉਹ ਭਾਰਤੀ ਫ਼ਿਲਮਾਂ ਦੇ ਸ਼ੋਰ-ਸ਼ਰਾਬੇ ਵਾਲੇ ਸੰਗੀਤ ਤੋਂ ਹਮੇਸ਼ਾਂ ਪ੍ਰੇਸ਼ਾਨ ਤੇ ਹੈਰਾਨ ਹੁੰਦੇ ਸਨ। ਜ਼ਿੰਦਗੀ ਦੇ ਅਨੇਕਾਂ ਉਤਰਾਅ-ਚੜ੍ਹਾਅ ਮੰਨਾ ਡੇ ਜੀ ਨੇ ਵੇਖੇ। ਸਮੁੰਦਰ ਦੀ ਗਹਿਰਾਈ ਅਤੇ ਉਤਰਾਅ-ਚੜ੍ਹਾਅ ਤੇ ਲਹਿਰਾਂ ਦੀ ਖਲਬਲੀ ਵਾਲਾ ਉਨ੍ਹਾਂ ਦਾ ਸੰਗੀਤ ਆਪਣੀ ਮਿਸਾਲ ਰਿਹਾ ਹੈ ਤੇ ਭਾਰਤੀ ਸੰਗੀਤ ਦੀ ਵਿਰਾਸਤ ਦੇ ਖ਼ਜ਼ਾਨੇ ਵਾਂਗ ਜ਼ਿੰਦਾ ਰਹੇਗਾ। ਰੋਮਾਨੀ ਆਵਾਜ਼ ਦੀ ਕਸ਼ਿਸ਼ ਨਾਲ ਰੋਸ਼ਨ ਗੀਤਾਂ ਦੇ ਗਾਇਕ ਮੰਨਾ ਡੇ ਦੀ ਆਵਾਜ਼ 'ਚ ਉਹ ਖਣਕ ਸੀ ਕਿ ਉਸ ਦੇ ਕਰਾਰੇਪਣ ਦੀ ਕੋਈ ਨਕਲ ਵੀ ਨਹੀਂ ਸੀ ਕਰ ਸਕਿਆ। ਉਨ੍ਹਾਂ ਦਾ 'ਨਦੀਆ ਬਹੇ-ਬਹੇ ਰੇ ਧਾਰਾ' ਵਰਗਾ ਗੀਤ ਕਦੋਂ ਦਿਲ ਦੀ ਗਹਿਰਾਈ 'ਚ ਛਾ ਜਾਂਦਾ ਹੈ, ਤੁਹਾਨੂੰ ਪਤਾ ਹੀ ਨਹੀਂ ਚੱਲਦਾ। ਇੱਕ ਹੋਰ ਗੀਤ-'ਜ਼ਿੰਦਗੀ ਕੈਸੀ ਹੈ ਪਹੇਲੀ ਹਾਏ, ਕਭੀ ਯੇ ਰੁਲਾਏ, ਕਭੀ ਯੇ ਹੰਸਾਏ' ਵਰਗੀਆਂ ਪੰਕਤੀਆਂ ਨੂੰ ਜਦੋਂ ਮੰਨਾ ਡੇ ਦਾ ਸੁਰ ਮਿਲਿਆ ਤਾਂ ਸ਼ਬਦ ਅਮਰ ਹੋ ਗਏ। ਸੰਨ 1943 ਵਿੱਚ 'ਰਾਮਰਾਜ' ਫ਼ਿਲਮ ਨਾਲ ਸ਼ੁਰੂ ਹੋਇਆ ਇਹ ਸਫ਼ਰ 94 ਵਰ੍ਹਿਆਂ ਦੀ ਉਮਰ ਤਕ ਚੱਲਦਾ ਰਿਹਾ। ਇਸ ਵਿੱਚ ਇੱਕ ਸਮੂਹ ਗਾਨ ਵਿੱਚ ਮੰਨਾ ਡੇ ਦੀ ਆਵਾਜ਼ ਸਭ ਤੋਂ ਬੁਲੰਦ ਸੀ। ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਮਹਾਤਮਾ ਗਾਂਧੀ ਨੇ ਜਿਸ ਇੱਕ ਫ਼ਿਲਮ ਨੂੰ ਵੇਖਿਆ, ਉਹ ਇਹੀ 'ਰਾਮਰਾਜ' ਫ਼ਿਲਮ ਸੀ। ਫ਼ਿਲਮ 'ਤਮੰਨਾ' ਦੇ ਗੀਤਾਂ ਨਾਲ ਮੰਨਾ ਡੇ ਦੀ ਸ਼ੁਰੂਆਤ ਹੋਈ, 'ਜਾਗੋ, ਆਈ ਊਸ਼ਾ; ਪੰਛੀ ਬੋਲੇ, ਜਾਗੋ' ਨਾਲ ਫ਼ਿਲਮ ਸਨਅਤ ਵਿੱਚ ਆਪਣਾ ਬੋਲ ਉਦੈ ਕਰਨ ਵਾਲੇ ਮੰਨਾ ਡੇ ਨੇ ਫਿਰ ਕਦੇ ਪਿੱਛੇ ਮੁੜ ਕੇ ਨਹੀਂ ਵੇਖਿਆ। ਜ਼ਿੰਦਗੀ ਦੀਆਂ ਯਾਦਾਂ ਨੂੰ ਬਿਆਨ ਕਰਦਿਆਂ ਉਹ ਕਹਿੰਦੇ ਸਨ ਕਿ ਜ਼ਿੰਦਗੀ 'ਚ ਉਨ੍ਹਾਂ ਨੇ ਸੰਗੀਤ ਨਾਲ ਹੀ ਤਾਂ ਦੋਸਤੀ ਨਿਭਾਈ ਹੈ, ਸ਼ਾਦੀ ਵੀ ਸੰਗੀਤ ਨਾਲ ਕੀਤੀ ਹੈ। ਇਹ ਉਦੋਂ ਦੀ ਗੱਲ ਹੈ ਜਦੋਂ ਸੰਨ 1953 ਵਿੱਚ ਉਨ੍ਹਾਂ ਨੇ ਕੇਰਲਾ ਦੀ ਕਲਾਸੀਕਲ ਗਾਉਣ ਵਾਲੀ ਸੁਲੋਚਨਾ ਕੁਮਾਰਨ ਨਾਲ ਵਿਆਹ ਕਰ ਲਿਆ ਸੀ। ਸੰਗੀਤ ਦੀ ਪਹਿਲੀ ਸਿੱਖਿਆ ਆਪਣੇ ਚਾਚਾ ਤੋਂ ਹਾਸਲ ਕਰਨ ਵਾਲੇ ਮੰਨਾ ਡੇ ਨੇ ਚਾਰ ਹਜ਼ਾਰ ਤੋਂ ਜ਼ਿਆਦਾ ਗੀਤ ਗਾਏ ਸਨ। ਸੰਨ 1971 ਵਿੱਚ 'ਪਦਮਸ਼੍ਰੀ', ਸਾਲ 2005 ਵਿੱਚ 'ਪਦਮ ਵਿਭੂਸ਼ਣ' ਅਤੇ 2007 ਵਿੱਚ 'ਫ਼ਾਲਕੇ ਐਵਾਰਡ' ਨਾਲ ਇਹ ਸਫ਼ਰ ਹੋਰ ਵੀ ਬੁਲੰਦੀਆਂ 'ਤੇ ਪਹੁੰਚ ਗਿਆ। ਉਨ੍ਹਾਂ ਨੂੰ ਸਾਲ 2004 ਵਿੱਚ ਰਵਿੰਦਰ ਭਾਰਤੀ ਯੂਨੀਵਰਸਿਟੀ ਨੇ ਡੀ.ਲਿੱਟ ਦੀ ਆਨਰੇਰੀ ਡਿਗਰੀ ਵੀ ਦਿੱਤੀ ਸੀ। ਮੰਨਾ ਡੇ ਨੇ ਆਪਣੀਆਂ ਯਾਦਾਂ ਵਿੱਚ ਵਾਰ-ਵਾਰ ਰੱਬ ਦਾ ਸ਼ੁਕਰੀਆ ਅਦਾ ਕੀਤਾ ਹੈ ਅਤੇ ਨਿਮਰਤਾ ਨਾਲ ਉਸ ਵੱਲੋਂ ਦਿੱਤੀਆਂ ਦਾਤਾਂ 'ਤੇ ਸ਼ੁਕਰਾਨਾ ਅਦਾ ਕੀਤਾ ਹੈ। ਇਸੇ ਲਈ ਹੀ ਮੁਹੰਮਦ ਰਫ਼ੀ ਵਰਗੇ ਗਾਇਕ ਵੀ ਕਹਿੰਦੇ ਸਨ, ਤੁਸੀਂ ਮੈਨੂੰ ਸੁਣਦੇ ਹੋ ਮੈਂ ਖ਼ੁਦ ਮੰਨਾ ਡੇ ਨੂੰ ਸੁਣਦਾ ਹਾਂ। ਇੱਕ ਮਈ 1919 ਨੂੰ ਕੋਲਕਾਤਾ ਵਿੱਚ ਜੰਮੇ ਮੰਨਾ ਡੇ ਦੇ ਸੰਗੀਤ ਦੀ ਇਹ ਯਾਤਰਾ ਭਾਵੇਂ ਰੁਕ ਗਈ ਹੈ ਪਰ ਜਦੋਂ ਵੀ ਭਾਰਤੀ ਸੰਗੀਤ ਦੀਆਂ ਖ਼ੂਬੀਆਂ 'ਚ ਰਚਿਆ-ਵਸਿਆ ਸੰਗੀਤ ਯਾਦ ਆਵੇਗਾ ਤਾਂ ਮੰਨਾ ਡੇ ਯਾਦ ਆਉਣਗੇ। ਮੰਨਾ ਡੇ ਦਾ ਗਾਇਆ ਗੀਤ 'ਆਂਧੀ ਕਭੀ, ਤੂਫ਼ਾਨ ਕਭੀ, ਕਭੀ ਮੰਝਧਾਰ, ਜੀਤ ਹੈ ਉਸੀ ਕੀ, ਜਿਸ ਨੇ ਮਾਨੀ ਨਹੀਂ ਹੈ ਹਾਰ' ਵਰਗੀ ਗਾਇਕੀ ਨੂੰ ਸੁਰ-ਸੁਦੀਵੀ ਬਣਾਉਣ ਵਾਲਾ ਇਹ ਗੀਤ-ਸੰਗੀਤ ਦਾ ਬਾਦਸ਼ਾਹ ਭਾਵੇਂ ਜਿਸਮਾਨੀ ਤੌਰ 'ਤੇ ਸਾਡੇ ਤੋਂ ਵਿਛੜ ਗਿਆ ਹੈ ਪਰ ਉਨ੍ਹਾਂ ਦੀ ਗਾਇਕੀ ਸਾਡੀ ਵਿਰਾਸਤ ਵਿੱਚ ਸ਼ਾਮਲ ਹੋ ਗਈ ਹੈ। ਮੰਨਾ ਡੇ ਵਰਗੇ ਗਾਇਕ ਨੂੰ ਭਾਰਤੀ ਸੰਗੀਤ ਦੀ ਦੁਨੀਆਂ ਵਿੱਚ ਹਮੇਸ਼ਾਂ ਯਾਦ ਰੱਖਿਆ ਜਾਵੇਗਾ।




# ਤਿੜਕੇ ਪੰਜਾਬੀ ਸਮਾਜ ਦੀ ਗਾਥਾ ਹੈ ਫ਼ਿਲਮ ਐਂਪਟੀ ਇਨਸਾਈਡ

ਸੰਜੀਦਾ ਤੇ ਅਰਥਪੂਰਨ ਵਿਸ਼ੇ 'ਤੇ ਬਣੀ ਫ਼ਿਲਮ 'ਐਂਪਟੀ ਇਨਸਾਈਡ' ਦਰਸ਼ਕਾਂ ਦੇ ਰੂਬਰੂ ਹੋਣ ਜਾ ਰਹੀ ਹੈ। ਫ਼ਿਲਮ ਦਾ ਨਾਂ ਅੰਗਰੇਜ਼ੀ ਹੈ ਪਰ ਕਹਾਣੀ ਪੰਜਾਬੀ ਸਮਾਜ ਨਾਲ ਸਬੰਧਤ ਹੈ। ਇਸ ਫ਼ਿਲਮ ਰਾਹੀਂ ਡਾਇਰੈਕਟਰ ਸਤਦੀਪ ਸਿੰਘ ਨੇ ਪੰਜਾਬ ਵਿਚ ਨਸ਼ਿਆਂ ਦੀ ਦਲਦਲ ਵਿਚ ਫਸੇ ਨੌਜਵਾਨ ਵਰਗ ਅਤੇ ਤਿੜਕੇ ਸਮਾਜ ਦੀ ਤਲਖ਼ ਹਕੀਕਤ ਨੂੰ ਬਿਆਨ ਕੀਤਾ ਹੈ। ਅਰਥਵਾਨ ਸਿਨੇਮਾ ਨੂੰ ਉਤਸ਼ਾਹਤ ਕਰਨ ਲਈ ਮੰਚ ਪ੍ਰਦਾਨ ਕਰਨ ਵਾਲੀਆਂ ਸੰਸਥਾਵਾਂ ਪੰਜਾਬੀ ਕੌਮਾਂਤਰੀ ਫ਼ਿਲਮ ਫੈਸਟੀਵਲ (ਪਿੱਫ) ਅਤੇ (ਇਫਸਾ) ਵੱਲੋਂ ਇਸ ਫ਼ਿਲਮ ਦਾ ਟੋਰਾਂਟੋ ਵਿਚ ਪ੍ਰੀਮੀਅਰ ਸ਼ੋਅ ਕਰਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ।

ਮਿਸੀਸਾਗਾ ਦੇ ਅੰਪਾਇਰ ਥੀਏਟਰ ਵਿਚ 2 ਨਵੰਬਰ ਨੂੰ ਦਰਸ਼ਕਾਂ ਲਈ ਪ੍ਰੀਮੀਅਰ ਕੀਤਾ ਗਿਆ। 'ਕਿੱਕ ਡਰੱਗਜ਼ ਪ੍ਰੋਡਕਸ਼ਨ' ਦੇ ਬੈਨਰ ਹੇਠ ਤਿਆਰ ਇਸ ਫੀਚਰ ਫ਼ਿਲਮ ਵਿਚ ਸਮਾਜੀ ਕਦਰਾਂ ਕੀਮਤਾਂ ਵਿਸਾਰ ਕੇ ਪਦਾਰਥਵਾਦ ਪਿੱਛੇ ਭੱਜ ਰਹੇ ਪਰਿਵਾਰਾਂ ਦੇ ਕੁਰਾਹੇ ਪਏ ਬੱਚਿਆਂ ਦੇ ਜੀਵਨ ਨੂੰ ਦਿਖਾਇਆ ਗਿਆ ਹੈ। ਪਿੱਫ ਦੇ ਪ੍ਰਧਾਨ ਸੰਨੀ ਗਿੱਲ ਨੇ ਆਖਿਆ ਕਿ ਉਨ੍ਹਾਂ ਦਾ ਮਕਸਦ ਪੰਜਾਬੀਅਤ ਨੂੰ ਦੁਨੀਆ ਭਰ ਵਿਚ ਪ੍ਰਮੋਟ ਕਰਨਾ ਅਤੇ ਉੱਭਰਦੇ ਫ਼ਿਲਮਕਾਰਾਂ ਨੂੰ ਹੱਲਾਸ਼ੇਰੀ ਦੇਣਾ ਹੈ। ਦੱਸਣਯੋਗ ਹੈ ਕਿ ਪਿੱਫ ਦੋ ਸਾਲ ਤੋਂ ਇਹ ਫ਼ਿਲਮ ਮੇਲਾ ਕਰਾਉਂਦੀ ਆ ਰਹੀ ਹੈ, ਜਿਸ ਵਿਚ ਦਰਜਨਾਂ ਲਘੂ, ਦਸਤਾਵੇਜ਼ੀ ਫ਼ਿਲਮਾਂ ਤੋਂ ਇਲਾਵਾ ਕਈ ਫੀਚਰ ਫ਼ਿਲਮਾਂ ਦੇ ਵਰਲਡ ਪ੍ਰੀਮੀਅਰ ਹੋਏ ਹਨ। ***(ਪ੍ਰਤੀਕ ਸਿੰਘ ਟੋਰਾਂਟੋ)***

TAMARACK COMMON

LIFE made Easy




MY DREAM COMMUNITY:

Schools ✓ Playground ✓
Shopping ✓ Sports Fields ✓
Gas Stations ✓ Restaurants ✓

Now Pre-selling!

Introducing Tamarack Common… A new South Edmonton community that makes life easy with shopping, schools and sports facilities close to home. Choose from a variety of lots and housing styles, and build to suit your budget. Tamarack Common will fulfill your dream now and as your family grows.

Choose from Three Builders!

Pacesetter Homes
Sterling Homes
Parkwood Master Buider

Located in South Edmonton




www.tamarackcommon.com

QUALICO Communities

# ਪੰਜਾਬੀ ਹੈਰੀਟੇਜ ਸੁਸਾਇਟੀ ਆਫ਼ ਅਲਬਰਟਾ ਵਲੋਂ 'ਇਕੋ ਰਾਹ ਸਵੱਲੜਾ' ਨਾਟਕ ਦੀ ਪੇਸ਼ਕਾਰੀ



















ਐਡਮਿੰਟਨ (ਨਦਬ) : ਪੰਜਾਬੀ ਹੈਰੀਟੇਜ ਸੁਸਾਇਟੀ ਆਫ਼ ਅਲਬਰਟਾ ਵਲੋਂ ਭਾਅ ਜੀ ਗੁਰਸ਼ਰਨ ਸਿੰਘ ਨੂੰ ਸਮਰਪਤ ਡਾ. ਸਾਹਿਬ ਸਿੰਘ ਦਾ ਲਿਖਿਆ ਤੇ ਹਰਜੀਤ ਕੰਗ ਵਲੋਂ ਨਿਰਦੇਸ਼ਤ ਕੀਤਾ ਗਿਆ ਪੰਜਾਬੀ ਨਾਟਕ 'ਇਕੋ ਰਾਹ ਸਵੱਲੜਾ' ਐਡਮਿੰਟਨ ਵਿਖੇ ਖੇਡਿਆ ਗਿਆ। ਜਿਸ ਵਿਚ ਕਰਮ ਸਿੰਘ – ਗੁਰਜੀਤ ਸਿੰਘ ਕੰਗ, ਨਸੀਬ ਕੌਰ - ਸੁਰਜੀਤ ਕੌਰ, ਜਸਬੀਰ - ਨਿਰਮਲ ਗਿੱਲ, ਮੱਧੂ - ਜਸਪ੍ਰੀਤ ਗਿੱਲ, ਫ਼ੌਜੀ - ਪਰਮਜੀਤ ਗਿੱਲ, ਦੀਪ - ਨਿੱਧੀ ਅਰੋੜਾ, ਮਨਿੰਦਰ ਸਿੰਘ - ਖੋਸਾ, ਬੈਂਕ ਅਫ਼ਸਰ - ਸਿਮਰ ਸਿੰਘ, ਕਰਮਚਾਰੀ – ਗੁਰਬਖ਼ਸ਼ੀਸ਼ ਖਟੜਾ, ਕਾਮਰੇਡ - ਬਲਦੇਵ ਬੇਦੀ, ਬੱਚੀ - ਅਨੀਸ਼ਾ ਸੰਘੇੜਾ, ਥਾਣੇਦਾਰ - ਇੰਦਰਪਾਲ ਸੰਘੇੜਾ, ਸਿਪਾਹੀ - ਓਂਕਾਰ ਤੂਰ ਨੇ ਭੂਮਿਕਾ ਨਿਭਾਈ। ਜਦਕਿ ਲਾਈਟਸ - ਜਸਪਾਲ ਬੰਸਲ, ਮੇਕਅਪ – ਗੁਰਜੀਤ ਕੰਗ, ਡਰੈਸ - ਪਰਮਜੀਤ ਗਿੱਲ, ਸੈੱਟ - ਜਸਪ੍ਰੀਤ ਗਿੱਲ, ਅਸਿਸਟੈਂਟ ਡਾਇਰੈਕਟਰ - ਸਿਮਰਨਜੋਤ ਧਾਲੀਵਾਲ, ਪਿੱਠਵਰਤੀ ਗਾਇਕ - ਪੱਪੂ ਜੋਗਰ, ਮਿਊਜ਼ਿਕ - ਬਲਜੀਤ ਕਲਸੀ, ਕੰਪੇਅਰਿੰਗ – ਦਵਿੰਦਰ ਧਾਲੀਵਾਲ ਨੇ ਕੀਤੀ।


Royal
Royal
Executive Homes
Executive Homes
TOWN HOUSES IN WILDWOOD
HURRY ONLY 3 LEFT
Available from 1232 sq ft. to 1589 sq ft. with attached Single and Double Garage. Starting price: $ 309,900
PRICE REDUCED
Now only $289,900
Excellent Location
Close to all Amenities
Transit Access
Affordable Prices
Future Rec Center
Close to white Mud & Anthony Henday
5 Appliances & Fully Landscaped
10 Year Home Warranty
Granite Counter Top & Maple Kitchen
Whitemud
Anthony Henday
19th St.
Commercial Land
17th St.
34th Ave
FUTURE SHOPPING CENTER
23rd Ave
SHOW HOME OPEN
NOW
For Show Home Hours:
Contact 780-965-7390
Wild Wood
TOWN HOUSES
1820, 34th Ave
Edmonton.
780-965-7390
780-906-4497
royalexecutivehomes@hotmail.com
Jessy Parihar
Ranjit Deol
Call
Sales Contact :
Roohi@ 780-905-6970 OR
Kul Bhatia @ 780-266-5500

# SOHAIL QUADRI, MLA

## EDMONTON - MILL WOODS

### Sohail Quadri, MLA for Edmonton-Mill Woods, presented Bill 40 on (International Centre for Settlement of Investment Disputes) at The Alberta Legislature on Nov 4, 2013

**After introducing the MLA said:**

**"Ratification of the Convention is a positive step that will create certainty for investors both within Alberta and abroad, promote economic growth, and sustain success and prosperity for all Albertans."**

### Sohail Quadri, MLA for Edmonton-Mill Woods, made a Member's statement to support the Alberta Immigrant Nominee Program at The Alberta Legislature on Nov 5, 2013

**The MLA said:**

**"We need hard working people to help us build Alberta—that includes Albertans, Canadians, and skilled people from around the world. I encourage workers who are already living here and contributing to our province to avail this opportunity to become permanent residents.**

**Last date of submission is November 28, 2013**

**For more information at AlbertaCanada.com/AINP**

Committees and Councils the MLA is a member of:

- Deputy Chair for Select Special Chief Electoral Officer Search Committee
- Standing Committee on Alberta's Economic Future
- Standing Committee on Legislative Offices
- Standing Committee on Public Accounts
- Private Members Business Committee
- Montana – Alberta Bilateral Advisory Council
- Results Based Budgeting – Economic Development Challenge Panel

Sohail Quadri, MLA
Edmonton – Mill Woods Constituency Office
# 101, 9807 - 34 Ave Edmonton, AB, T6E 5X9
Ph: 780-414-1000 edmonton.millwoods@assembly.ab.ca



BRIDGEPORT HOMES LTD.

BEST PRICES IN TOWN
WE ASSURE BEATING MARKET PRICE

Now New Homes in wildwood crs (South Edmonton)
loaded with Upgrades & Ready to Move

Special Offer $350000.00 only

2 Car Detached Garage
Homes only in $350000.00



ਵਧੀਆ ਕੀਮਤਾਂ ਅਤੇ ਭਰੋਸੇਮੰਦ ਸੇਵਾਵਾਂ ਲਈ
ਅੱਜ ਹੀ ਡੌਲੀ ਚੌਹਾਨ ਨਾਲ
780-935-7718 'ਤੇ ਗੱਲਬਾਤ ਕਰੋ

Fully Upgraded 2300 Sq. Ft. Homes to be Built with your own choice of Interior only in $470000 .00

3000 Sq. Ft. Homes loaded with Upgrades & ready to move in only $569999.00 for limited time

For more information Call: DOLLY CHAUHAN @ 780-935-7718